Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System...
■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
For the Best advice for BUYING-SELLING-RENTING
Ben Singh Bashal (Realtor/Broker) Kamaljeet Kaur (Realtor/Broker)
Ph: 317-809-1818 Ph: 317-909-9295
midlandrealtygroup@yahoo.com kahlonkamaljeet@gmail.com
Midland Realty Group-Company You Trust

Kamaljeet Kaur
Mortgage rates available from 2.1% to 3%

Twenty-Second Year of Publication
ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com
ਪੰਜਾਬ ਟਾਈਮਜ਼
Punjab Times, Vol 23, Issue 04, January 22, 2022 20451 N. Plum Grove Rd., Palatine, IL 60074 Ph:847-359-0746, Fax:847-705-9388

# ਭਾਜਪਾ ਦੇ ਜੋਟੀਦਾਰਾਂ ਨੂੰ ਸਿਆਸੀ ਹਲੂਣਾ





**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਤਕਰੀਬਨ ਇਕ ਮਹੀਨਾ ਪਹਿਲਾਂ ਸੂਬੇ ਦੀ ਸਿਆਸਤ ਵਿਚ ਹਲਚਲ ਜਿਹੀ ਮੱਚੀ ਹੋਈ ਹੈ। ਚੋਣ ਮਾਹੌਲ ਵਿਚ ਜਿਥੇ ਦਲਬਦਲੀਆਂ ਦੀ ਕਵਾਇਦ ਅਤੇ ਕੇਂਦਰੀ ਏਜੰਸੀਆਂ ਖਾਸ ਕਰਕੇ ਈ.ਡੀ. ਦੇ ਛਾਪਿਆਂ ਨੇ ਰਵਾਇਤੀ ਧਿਰਾਂ ਕਾਂਗਰਸ ਅਤੇ ਅਕਾਲੀ ਦਲ ਬਾਦਲ ਨੂੰ ਕੰਬਣੀ ਛੇੜੀ ਹੋਈ ਹੈ, ਉਥੇ ਖੇਤੀ ਕਾਨੂੰਨਾਂ ਖਿਲਾਫ ਉਠੀ ਕਿਸਾਨੀ ਲਹਿਰ ਕਾਰਨ ਹੁਣ ਤੱਕ ਖੂੰਜੇ ਲੱਗੀ ਭਾਜਪਾ ਕੁਝ ਵੱਖਰੇ ਹੀ ਰੰਗ ਵਿਚ ਨਜ਼ਰ ਆ ਰਹੇ ਹਨ। ਦਲ-ਬਦਲੂਆਂ ਦਾ ਵੱਡਾ ਹਿੱਸਾ ਜਿਥੇ ਭਾਜਪਾ ਦੀ ਸ਼ਰਨ ਵਿਚ ਆ ਕੇ ਵਾਈ ਅਤੇ ਜੈਡ ਪਲੱਸ ਸੁਰੱਖਿਆ ਨਾਲ ਨਿਵਾਜਿਆ ਜਾ ਰਿਹਾ ਹੈ, ਉਥੇ ਭਗਵਾ ਧਿਰ ਦੇ ਜੋਟੀਦਾਰਾਂ (ਕੈਪਟਨ-ਢੀਂਡਸਾ) ਦੀ ਹਾਲਤ ਹਾਸੋਹੀਣੀ ਜਾਪ ਰਹੀ ਹੈ।

ਕੈਪਟਨ ਨੇ ਮੁੱਖ ਮੰਤਰੀ ਦੀ ਕੁਰਸੀ ਖੁੱਸਣ ਤੋਂ ਬਾਅਦ ਨਵੀਂ ਸਿਆਸੀ ਪਾਰਟੀ- ਪੰਜਾਬ ਲੋਕ ਕਾਂਗਰਸ, ਬਣਾ ਕੇ ਦਾਅਵਾ ਕੀਤਾ ਸੀ ਕਿ ਵੱਡੀ ਗਿਣਤੀ ਕਾਂਗਰਸੀ ਵਿਧਾਇਕ, ਮੰਤਰੀ ਤੇ ਸੀਨੀਅਰ ਆਗੂ ਉਨ੍ਹਾਂ ਨਾਲ ਰਲਣ ਲਈ ਤਿਆਰ ਬੈਠੇ ਹਨ, ਬੱਸ ਚੋਣ ਜ਼ਾਬਤੇ ਦਾ ਇੰਤਜ਼ਾਰ ਕਰੋ; ਹੁਣ ਚੋਣ ਜ਼ਾਬਤਾ ਵੀ ਲੱਗਾ ਹੋਇਆ ਹੈ ਤੇ ਕਾਂਗਰਸ ਵੱਲੋਂ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰਨ ਵਿਚ ਪਾਰਟੀ ਵਿਚ ਵੱਡੇ ਪੱਧਰ ਉਤੇ ਬਗਾਵਤ ਵੀ ਹੋਈ ਪਈ ਹੈ ਪਰ ਇਹ ਬਾਗੀ ਕੈਪਟਨ ਧੜੇ ਵੱਲ ਮੂੰਹ ਕਰਨ ਦੀ ਥਾਂ ਭਗਵਾ ਧਿਰ ਨੂੰ ਪਹਿਲ ਦੇ ਰਹੇ ਹਨ।

ਸਿਆਸਤ ਦੇ ਜਾਣਕਾਰ ਦੱਸਦੇ ਹਨ ਕਿ ਕੈਪਟਨ ਨੇ ਸ਼ਾਇਦ ਇਸ ਹੋਣੀ ਦੀ ਭੋਰਾ ਉਮੀਦ ਨਹੀਂ ਕੀਤੀ ਸੀ ਕਿਉਂਕਿ ਕੈਪਟਨ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਹੁਣ ਸਮੇਂ ਕੁਝ ਵਿਧਾਇਕਾਂ ਤੇ ਮੰਤਰੀਆਂ ਸਣੇ ਵੱਡੀ ਗਿਣਤੀ ਆਗੂਆਂ ਨੇ ਉਸ (ਕੈਪਟਨ) ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਸੀ। ਕੈਪਟਨ ਦੇ ਕਾਂਗਰਸ ਤੋਂ ਵੱਖ ਹੋਣ ਪਿੱਛੋਂ ਉਮੀਦ ਕੀਤੀ ਜਾ ਰਹੀ ਸੀ ਕਿ ਇਹ ਲੋਕ ਆਪਣੇ ਸਾਬਕਾ ਆਗੂ ਦੇ ਹੱਕ ਵਿਚ ਜਾ ਖੜ੍ਹਨਗੇ।

ਕੈਪਟਨ ਨੇ ਵੀ ਸ਼ਾਇਦ ਇਸੇ ਉਮੀਦ ਵਿਚ ਪਾਰਟੀ ਬਣਾਈ ਸੀ ਪਰ ਹੋਇਆ ਇਸ ਦੇ ਉਲਟ ਅਤੇ ਇਸ ਹੋਣੀ ਦੀ ਸ਼ੁਰੂਆਤ ਕੈਪਟਨ ਵੱਲੋਂ ਭਾਜਪਾ ਨਾਲ ਰਲ ਕੇ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਦੇ ਐਲਾਨ ਨਾਲ ਹੋਈ। ਕੈਪਟਨ ਲਈ ਨਮੋਸ਼ੀ ਵਾਲੀ ਗੱਲ ਇਹ ਹੈ ਕਾਂਗਰਸੀ ਮੰਤਰੀ ਜਾਂ ਵਿਧਾਇਕ ਤਾਂ ਦੂਰ ਦੀ ਗੱਲ ਅਜੇ ਤੱਕ ਇਕ ਸੀਨੀਅਰ ਆਗੂ ਨੇ ਵੀ ਪੰਜਾਬ ਲੋਕ ਕਾਂਗਰਸ ਵੱਲ ਮੂੰਹ ਨਹੀਂ ਕੀਤਾ।

ਭਾਜਪਾ ਦੇ ਦੂਜੇ ਭਾਈਵਾਲ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਅਕਾਲੀ ਦਲ ਸੰਯੁਕਤ ਦੀ ਹਾਲਤ ਵੀ ਕੁਝ ਅਜਿਹੀ ਹੀ ਹੈ। ਅਕਾਲੀ ਦਲ ਬਾਦਲ ਨਾਲੋਂ ਟੁੱਟੇ ਟਕਸਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ ਤੇ ਸੁਖਦੇਵ ਸਿੰਘ ਢੀਂਡਸਾ ਕੁਝ ਸਮਾਂ ਪਹਿਲਾਂ ਛੋਟੇ-ਮੋਟੇ ਧੜਿਆਂ ਨਾਲ ਗੱਠਜੋੜ ਕਰਕੇ ਆਪਣੇ ਆਪ ਨੂੰ ਪੰਜਾਬ ਵਿਚ ਤੀਜੇ ਬਦਲ ਦੇ ਦਾਅਵੇ ਵਜੋਂ ਪੇਸ਼ ਕਰ ਰਹੇ ਸਨ ਪਰ ਢੀਂਡਸਾ ਦੇ 'ਭਾਜਪਾ ਮੋਹ' ਨੇ ਸਾਰੀ ਖੇਡ ਹੀ ਉਲਟੀ ਪਾ ਦਿੱਤੀ। ਭਾਜਪਾ ਨਾਲ ਸਾਂਝ ਦਾ ਨਾਂ ਸੁਣਦੇ ਹੀ ਰਣਜੀਤ ਸਿੰਘ ਬ੍ਰਹਮਪੁਰਾ ਸਣੇ ਵੱਡੀ ਗਿਣਤੀ ਟਕਸਾਲੀ ਆਗੂ ਵਾਪਸ ਬਾਦਲਾਂ ਨਾਲ ਜਾ ਰਲੇ। ਇਸ ਪਿੱਛੋਂ ਅਕਾਲੀ ਦਲ ਸੰਯੁਕਤ ਨਾਲ ਸਾਂਝ ਪਾਉਣ ਵਾਲੀਆਂ ਖੱਬੇ ਪੱਖੀ ਧਿਰਾਂ ਨੇ ਵੀ ਕਿਨਾਰਾ ਕਰ ਲਿਆ। ਹੁਣ ਮਾਹੌਲ ਇਹ ਹੈ ਕਿ ਕਾਂਗਰਸ ਤੇ ਅਕਾਲੀ ਦਲ ਤੋਂ ਬਾਗੀ ਆਗੂ ਜੇਕਰ ਕੈਪਟਨ, ਢੀਂਡਸਾ ਜਾਂ ਭਾਜਪਾ ਵਿਚੋਂ ਇਕ ਨੂੰ ਚੁਣਨ ਬਾਰੇ ਸੋਚਦੇ ਹਨ ਤਾਂ ਉਹ ਭਗਵਾ ਧਿਰ ਨੂੰ ਪਹਿਲ ਦਿੰਦੇ ਹਨ।

ਅਸਲ ਵਿਚ, ਪੰਜਾਬ ਵਿਚ ਭਾਜਪਾ ਤੇ ਇਸ ਦੇ ਜੋਟੀਦਾਰਾਂ ਖਿਲਾਫ ਰੋਹ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ ਤੇ ਬਾਦਲਾਂ ਵੱਲੋਂ ਭਗਵਾ ਧਿਰ ਨਾਲੋਂ ਸਾਂਝ ਤੋੜਨ ਪਿੱਛੇ ਵੀ ਇਹੀ ਕਾਰਨ ਸੀ। ਹੁਣ ਹੋਰ ਕੋਈ ਚਾਰਾ ਨਾ ਵੇਖ ਭਾਜਪਾ ਨਾਲ ਜੁੜ ਰਹੇ ਆਗੂ, ਕੈਪਟਨ ਤੇ ਢੀਂਡਸਾ ਨਾਲ ਜਾਣ ਦੀ ਥਾਂ ਭਾਜਪਾ ਨਾਲ ਜੁੜ ਕੇ ਕੇਂਦਰੀ ਸਿਆਸਤ ਵਿਚ ਥਾਂ ਤੇ ਵੀ.ਵੀ.ਆਈ.ਪੀ. ਸਹੂਲਤ ਦੀ ਗੁੰਜਾਇਸ਼ ਵੇਖ ਰਹੇ ਹਨ।

ਸਿਆਸੀ ਮਾਹਰ ਇਸ਼ਾਰਾ ਕਰ ਰਹੇ ਹਨ ਕਿ ਭਾਜਪਾ ਨੂੰ ਪੰਜਾਬ ਵਿਚ ਆਪਣੀ ਹੋਣੀ ਤੇ ਲੋਕ ਰੋਹ ਬਾਰੇ ਕੋਈ ਭੁਲੇਖਾ ਨਹੀਂ ਹੈ ਪਰ ਉਹ ਸੂਬੇ ਵਿਚ ਕਥਿਤ 'ਸਿਆਸੀ ਖ਼ਲਾਅ' ਦੀ ਤਾਕ ਵਿਚ ਹੈ। ਹੁਣ ਤੱਕ ਸੂਬੇ ਵਿਚ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚਾਲੇ ਤਕੜੇ ਮੁਕਾਬਲੇ ਬਾਰੇ ਦਾਅਵੇ ਕੀਤੇ ਜਾ ਰਹੇ ਸਨ ਪਰ ਹੁਣ ਕਿਸਾਨ ਜਥੇਬੰਦੀਆਂ ਵੱਲੋਂ ਸੰਯੁਕਤ ਸਮਾਜ ਮੋਰਚਾ ਬਣਾ ਕੇ ਮੈਦਾਨ ਵਿਚ ਨਿੱਤਰਨ ਦੇ ਐਲਾਨ ਨੇ ਹਾਲਾਤ ਭੰਬਲਭੂਸੇ ਵਾਲੇ ਬਣਾ ਦਿੱਤੇ ਹਨ। ਅਜੇ ਕੁਝ ਦਿਨ ਪਹਿਲਾਂ ਹੀ ਸੰਯੁਕਤ ਸਮਾਜ ਮੋਰਚਾ ਤੇ ਆਪ ਵਿਚ ਗੱਠਜੋੜ ਸਿਰੇ ਲੱਗਣ ਬਾਰੇ ਚਰਚਾ ਚੱਲੀ ਸੀ ਪਰ ਹੁਣ ਇਸ ਦਾ ਪੂਰੀ ਤਰ੍ਹਾਂ ਭੋਗ ਪੈ ਗਿਆ ਹੈ। ਸੰਯੁਕਤ ਸਮਾਜ ਮੋਰਚੇ ਨੇ ਆਪਣੇ ਆਪ ਨੂੰ ਸਿਆਸੀ ਪਾਰਟੀ ਵਜੋਂ ਰਜਿਸਟਰ ਕਰਵਾਉਣ ਲਈ ਅਰਜ਼ੀ ਲਾ ਦਿੱਤੀ ਹੈ। ਕਾਇਦੇ ਮੁਤਾਬਕ ਨਵੀਂ ਪਾਰਟੀ ਰਜਿਸਟਰ ਕਰਵਾਉਣ ਲਈ ਘੱਟੋ ਘੱਟ ਇਕ ਤੋਂ ਡੇਢ ਮਹੀਨੇ ਦੀ ਕਵਾਇਦ ਹੁੰਦੀ ਹੈ ਪਰ ਚੋਣ ਕਮਿਸ਼ਨ ਨੇ 14 ਜਨਵਰੀ ਨੂੰ ਇਕ ਸਰਕੂਲਰ ਜਾਰੀ ਕਰਕੇ ਸਿਆਸੀ ਪਾਰਟੀ ਰਜਿਸਟਰ ਕਰਨ ਲਈ ਇਤਰਾਜ਼ ਦੀ ਮਿਆਦ 30 ਦਿਨਾਂ ਤੋਂ ਘਟਾ ਕੇ 7 ਦਿਨ ਕਰ ਦਿੱਤੀ ਹੈ।

ਆਮ ਆਦਮੀ ਪਾਰਟੀ (ਆਪ) ਦਾ ਦੋਸ਼ ਹੈ ਕਿ ਚੋਣਾਂ ਦਾ ਐਲਾਨ ਹੋਣ ਮਗਰੋਂ ਕੋਈ ਵੀ ਨਵੀਂ ਪਾਰਟੀ ਸਿਆਸੀ ਪਾਰਟੀ ਵਜੋਂ ਰਜਿਸਟਰਡ ਨਹੀਂ ਹੁੰਦੀ। ਭਾਜਪਾ ਤੇ ਕੈਪਟਨ ਅਮਰਿੰਦਰ ਨੇ ਪੰਜਾਬ ਵਿਚ 'ਆਪ' ਨੂੰ ਰੋਕਣ ਦੀ ਕੋਸ਼ਿਸ਼ ਕੀਤੀ,

*(ਬਾਕੀ ਸਫਾ 6 'ਤੇ)*

## ਭਗਵੰਤ ਮਾਨ 'ਆਪ' ਦਾ ਮੁੱਖ ਮੰਤਰੀ ਚਿਹਰਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ 20 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਲਈ ਆਮ ਆਦਮੀ ਪਾਰਟੀ (ਆਪ) ਵੱਲੋਂ ਭਗਵੰਤ ਮਾਨ ਮੁੱਖ ਮੰਤਰੀ ਦਾ ਚਿਹਰਾ ਹੋਵੇਗਾ। ਆਪ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਨੇ ਮੁੱਖ ਮੰਤਰੀ ਦੇ ਚਿਹਰੇ ਵਜੋਂ ਭਗਵੰਤ ਮਾਨ ਦੇ ਨਾਂ ਦਾ ਰਸਮੀ ਐਲਾਨ ਕੀਤਾ ਹੈ। ਪਿਛਲੇ ਦਿਨੀਂ ਵੀ ਕੇਜਰੀਵਾਲ ਨੇ ਇਸੇ ਥਾਂ ਪੱਤਰਕਾਰ ਸੰਮੇਲਨ ਦੌਰਾਨ ਕਿਹਾ ਸੀ ਕਿ ਉਹ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਣਾ ਚਾਹੁੰਦੇ ਹਨ ਪਰ ਭਗਵੰਤ ਮਾਨ ਨੇ ਖੁਦ ਜਵਾਬ ਦੇ ਦਿੱਤਾ ਅਤੇ ਕਿਹਾ ਲੋਕ ਜਿਸ ਨੂੰ ਚਾਹੁੰਣਗੇ, ਉਸ ਨੂੰ ਮੁੱਖ ਮੰਤਰੀ ਦਾ ਉਮੀਦਵਾਰ ਐਲਾਨਿਆਂ ਜਾਵੇ। ਇਸ ਮਗਰੋਂ ਪਾਰਟੀ ਨੇ ਮੋਬਾਈਲ ਨੰਬਰ (7074870748) ਜਾਰੀ ਕਰਕੇ ਪੰਜਾਬ ਦੇ ਲੋਕਾਂ ਤੋਂ ਮੁੱਖ ਮੰਤਰੀ ਦੇ ਚਿਹਰੇ ਬਾਰੇ ਰਾਇ ਮੰਗੀ ਗਈ। ਇਹ ਨੰਬਰ 17 ਜਨਵਰੀ ਸ਼ਾਮ 5 ਵਜੇ ਤੱਕ ਖੁੱਲ੍ਹਾ ਰਿਹਾ। ਪਾਰਟੀ ਨੇ ਦਾਅਵਾ ਕੀਤਾ ਕਿ ਕਰੀਬ 96 ਘੰਟਿਆਂ ਦੌਰਾਨ 22 ਲੱਖ ਵਾਲੰਟੀਅਰਾਂ ਅਤੇ ਆਮ ਲੋਕਾਂ ਨੇ ਮੁੱਖ ਮੰਤਰੀ ਦੇ ਚਿਹਰੇ ਲਈ ਭਗਵੰਤ ਮਾਨ ਦੇ ਨਾਮ ਦੇ ਸੁਝਾਅ ਦਿੱਤੇ।


M Vivek Malik
Law Office of M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ
ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤੱਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਉਮੀਦਵਾਰਾਂ ਦੀ ਪਹਿਲੀ ਸੂਚੀ ਨੇ ਹੀ ਲਿਆਂਦਾ ਪੰਜਾਬ ਕਾਂਗਰਸ 'ਚ ਭੂਚਾਲ

## ਟਿਕਟਾਂ ਨਾ ਮਿਲਣ ਪਿੱਛੋਂ ਦਾਅਵੇਦਾਰਾਂ ਨੇ ਵਜਾਇਆ ਬਗਾਵਤੀ ਬਿਗਲ

**ਚੰਡੀਗੜ੍ਹ:** ਪੰਜਾਬ 'ਚ ਵਿਧਾਨ ਸਭਾ ਚੋਣਾਂ ਲਈ ਕਾਂਗਰਸੀ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਹੋਣ ਦੇ ਨਾਲ ਹੀ ਪਾਰਟੀ ਅੰਦਰ ਬਗਾਵਤੀ ਸੁਰ ਤਿੱਖੇ ਹੋ ਗਏ ਹਨ। ਜਿਨ੍ਹਾਂ ਦਾਅਵੇਦਾਰਾਂ ਦੀ ਝੋਲੀ ਟਿਕਟਾਂ ਨਹੀਂ ਪਈਆਂ ਹਨ, ਉਨ੍ਹਾਂ ਪਾਰਟੀ ਖਿਲਾਫ਼ ਬਗਾਵਤ ਦਾ ਬਿਗਲ ਵਜਾ ਦਿੱਤਾ ਹੈ। ਬਗ਼ਾਵਤ ਦੀ ਪਹਿਲ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਘਰ ਤੋਂ ਹੋਈ ਹੈ ਜਿਨ੍ਹਾਂ ਦੇ ਭਰਾ ਡਾ. ਮਨੋਹਰ ਸਿੰਘ ਨੇ ਹਲਕਾ ਬੱਸੀ ਪਠਾਣਾ ਤੋਂ ਆਜ਼ਾਦ ਤੌਰ 'ਤੇ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਨੇ ਪਹਿਲੀ ਸੂਚੀ ਵਿਚ 86 ਉਮੀਦਵਾਰ ਐਲਾਨੇ ਹਨ।

ਕਾਂਗਰਸੀ ਵਿਧਾਇਕ ਡਾ. ਹਰਜੋਤ ਕਮਲ ਟਿਕਟ ਨਾ ਮਿਲਣ 'ਤੇ ਭਾਜਪਾ ਵਿਚ ਸ਼ਾਮਲ ਹੋ ਗਿਆ ਹੈ। ਪਾਰਟੀ ਨੇ ਚਾਰ ਵਿਧਾਇਕਾਂ ਅਜੈਬ ਸਿੰਘ ਭੱਟੀ, ਬਲਵਿੰਦਰ ਸਿੰਘ ਲਾਡੀ, ਹਰਜੋਤ ਕਮਲ ਅਤੇ ਨੱਥੂ ਰਾਮ ਨੂੰ ਟਿਕਟ ਨਹੀਂ ਦਿੱਤੀ। ਇਨ੍ਹਾਂ ਵਿਚੋਂ ਬਲਵਿੰਦਰ ਸਿੰਘ ਲਾਡੀ ਕੁਝ ਦਿਨਾਂ ਲਈ ਭਾਜਪਾ ਵਿਚ ਸ਼ਾਮਲ ਹੋਇਆ ਸੀ ਪਰ ਫਿਰ ਕਾਂਗਰਸ ਵਿਚ ਪਰਤ ਆਇਆ।

ਹਲਕਾ ਆਦਮਪੁਰ ਅਤੇ ਜਲੰਧਰ ਕੇਂਦਰੀ ਤੋਂ ਟਿਕਟ ਦੇ ਦਾਅਵੇਦਾਰ ਮਹਿੰਦਰ ਸਿੰਘ ਕੇਪੀ ਨੂੰ ਵੀ ਪਾਰਟੀ ਨੇ ਟਿਕਟ ਨਹੀਂ ਦਿੱਤੀ ਹੈ। ਮੁੱਖ ਮੰਤਰੀ ਚੰਨੀ ਦੇ ਰਿਸ਼ਤੇਦਾਰ ਕੇਪੀ ਨੇ ਵੀ ਸਾਫ ਕਰ ਦਿੱਤਾ ਹੈ ਕਿ ਉਹ ਆਗਾਮੀ ਚੋਣਾਂ ਜਰੂਰ ਲੜਨਗੇ ਪਰ ਪਹਿਲਾਂ ਸਮਰਥਕਾਂ ਨਾਲ ਮੀਟਿੰਗ ਕਰਨਗੇ। ਮੋਗਾ ਤੋਂ ਟਿਕਟ ਨਾ ਮਿਲਣ ਮਗਰੋਂ ਵਿਧਾਇਕ ਹਰਜੋਤ ਕਮਲ ਨੇ ਪਹਿਲਾਂ ਹੀ ਭਾਜਪਾ ਦਾ ਪੱਲਾ ਫੜ ਲਿਆ ਹੈ।

ਇਸੇ ਤਰ੍ਹਾਂ ਸਾਬਕਾ ਵਿਧਾਇਕ ਅਜੀਤ ਸਿੰਘ ਸ਼ਾਂਤ ਵੀ ਭਾਜਪਾ ਵਿਚ ਚਲੇ ਗਏ ਹਨ। ਮਾਨਸਾ ਤੋਂ ਗਾਇਕ ਸਿੱਧੂ ਮੂਸੇਵਾਲਾ ਨੂੰ ਟਿਕਟ ਦਿੱਤੇ ਜਾਣ ਮਗਰੋਂ ਟਕਸਾਲੀ ਕਾਂਗਰਸੀ ਗਾਗੋਵਾਲ ਪਰਿਵਾਰ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਜਾਣਕਾਰੀ ਮੁਤਾਬਕ ਕੈਪਟਨ ਅਮਰਿੰਦਰ ਸਿੰਘ ਨੇ ਇਸ ਪਰਿਵਾਰ ਤੱਕ ਪਹੁੰਚ ਬਣਾਈ ਹੈ।

ਗਾਗੋਵਾਲ ਪਰਿਵਾਰ ਵੀ ਚੋਣ ਮੈਦਾਨ ਵਿਚ ਡਟ ਸਕਦਾ ਹੈ। ਤਲਵੰਡੀ ਸਾਬੋ ਤੋਂ ਟਿਕਟ ਦੇ ਦਾਅਵੇਦਾਰ ਤੇ ਤਿੰਨ ਵਾਰ ਵਿਧਾਇਕ ਰਹੇ ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ ਨੇ ਟਿਕਟ ਨਾ ਮਿਲਣ ਮਗਰੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਮਨ ਬਣਾ ਲਿਆ ਹੈ। ਕਾਂਗਰਸੀ ਉਮੀਦਵਾਰ ਖੁਸ਼ਬਾਜ ਸਿੰਘ ਜਟਾਣਾ ਦੇ ਵਿਰੋਧ ਵਿਚ ਖੜ੍ਹੇ ਆਗੂ ਜੱਸੀ ਨਾਲ ਤੁਰਨ ਲੱਗ ਪਏ ਹਨ। ਹਰਮਿੰਦਰ ਸਿੰਘ ਜੱਸੀ ਡੇਰਾ ਸਿਰਸਾ ਮੁਖੀ ਦੇ ਰਿਸ਼ਤੇਦਾਰ ਹਨ ਅਤੇ ਮਾਲਵਾ ਖਿੱਤੇ ਵਿਚ ਡੇਰਾ ਪੈਰੋਕਾਰਾਂ ਦਾ ਕਾਫੀ ਵੋਟ ਬੈਂਕ ਹੈ। ਡੇਰੇ ਦਾ ਵੋਟ ਬੈਂਕ ਭਾਜਪਾ ਪ੍ਰਤੀ ਨਰਮੀ ਰੱਖ ਰਿਹਾ ਹੈ। ਹਲਕਾ ਬੱਲੂਆਣਾ ਤੋਂ ਵਿਧਾਇਕ ਨੱਥੂ ਰਾਮ ਦੀ ਟਿਕਟ ਕੱਟੀ ਗਈ ਹੈ। ਹੁਣ ਉਹ ਆਖ ਰਹੇ ਹਨ ਕਿ ਉਨ੍ਹਾਂ ਨਾਲ ਬੇਇਨਸਾਫ਼ੀ ਹੋਈ ਹੈ ਅਤੇ ਉਹ ਆਪਣੇ ਵਰਕਰਾਂ ਨਾਲ ਸਲਾਹ ਕਰਨਗੇ। 'ਆਪ' ਵਿਚੋਂ ਕਾਂਗਰਸ ਵਿਚ ਸ਼ਾਮਲ ਹੋਏ ਵਿਧਾਇਕ ਜਗਤਾਰ ਜੱਗਾ ਨੂੰ ਵੀ ਰਾਏਕੋਟ ਤੋਂ ਟਿਕਟ ਨਹੀਂ ਮਿਲੀ ਹੈ ਜਦਕਿ ਪਾਰਟੀ ਨੇ ਸੰਸਦ ਮੈਂਬਰ ਡਾ. ਅਮਰ ਸਿੰਘ ਦੇ ਲੜਕੇ ਕਾਮਿਲ ਅਮਰ ਸਿੰਘ ਨੂੰ ਉਥੋਂ ਉਮੀਦਵਾਰ ਬਣਾਇਆ ਹੈ।

ਜਲੰਧਰ ਕੇਂਦਰੀ ਹਲਕੇ ਤੋਂ ਪਾਰਟੀ ਨੇ ਰਾਜਿੰਦਰ ਬੇਰੀ ਨੂੰ ਉਮੀਦਵਾਰ ਐਲਾਨਿਆ ਹੈ ਜਿੱਥੋਂ ਦੂਸਰੇ ਨੰਬਰ ਦੇ ਦਾਅਵੇਦਾਰ ਮੇਅਰ ਜਗਦੀਸ਼ ਰਾਜਾ ਨੇ ਵੀ ਆਪਣੇ ਹਮਾਇਤੀ ਕੌਂਸਲਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਇਸੇ ਤਰ੍ਹਾਂ ਹੋਰ ਹਲਕਿਆਂ ਵਿਚ ਵੀ ਬਾਗੀ ਸੁਰ ਖੜ੍ਹੇ ਹੋ ਗਏ ਹਨ ਜਿਨ੍ਹਾਂ ਨੂੰ ਠੱਲ੍ਹਣ ਲਈ ਹਾਲੇ ਕਾਂਗਰਸ ਨੇ ਕੋਈ ਕੋਸ਼ਿਸ਼ਾਂ ਸ਼ੁਰੂ ਨਹੀਂ ਕੀਤੀਆਂ ਹਨ। ਟਿਕਟਾਂ ਕੱਟੇ ਜਾਣ ਪਿੱਛੋਂ ਵਿਧਾਇਕ ਅਜੈਬ ਸਿੰਘ ਭੱਟੀ ਅਤੇ ਵਿਧਾਇਕ ਬਲਵਿੰਦਰ ਸਿੰਘ ਲਾਡੀ ਨੇ ਆਪਣੇ ਪੱਤੇ ਨਹੀਂ ਖੋਲ੍ਹੇ ਹਨ।



### ਕਾਂਗਰਸ 'ਚ ਕੇਪੀ ਨੇ ਚੁੱਕਿਆ ਬਗਾਵਤੀ ਝੰਡਾ

**ਜਲੰਧਰ:** ਕਾਂਗਰਸ ਦੀ ਟਿਕਟ ਨਾ ਮਿਲਣ ਤੋਂ ਨਾਰਾਜ਼ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਮਹਿੰਦਰ ਸਿੰਘ ਕੇਪੀ ਨੇ ਕਿਹਾ ਕਿ ਉਹ ਚੋਣ ਜਰੂਰ ਲੜਨਗੇ। ਮਹਿੰਦਰ ਸਿੰਘ ਕੇਪੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰਿਸ਼ਤੇਦਾਰ ਵੀ ਹਨ। ਕੁਝ ਮਹੀਨੇ ਪਹਿਲਾਂ ਮੁੱਖ ਮੰਤਰੀ ਚੰਨੀ ਨੇ ਆਦਮਪੁਰ ਹਲਕੇ ਦਾ ਚਾਰਜ ਕੇਪੀ ਨੂੰ ਲਾ ਦਿੱਤਾ ਸੀ ਤੇ ਮੋਟੀਆਂ ਗਰਾਂਟਾਂ ਵੀ ਦਿੱਤੀਆਂ ਸਨ। ਹਾਲਾਂਕਿ ਆਦਮਪੁਰ ਤੋਂ ਕਾਂਗਰਸ ਨੇ ਨਵੇਂ ਚਿਹਰੇ ਸੁਖਵਿੰਦਰ ਸਿੰਘ ਕੋਟਲੀ ਨੂੰ ਟਿਕਟ ਦਿੱਤੀ ਹੈ ਜੋ ਹਾਲ ਹੀ ਵਿਚ ਕਾਂਗਰਸ ਵਿਚ ਸ਼ਾਮਲ ਹੋਏ ਹਨ। ਕਾਂਗਰਸੀ ਸੂਤਰਾਂ ਅਨੁਸਾਰ ਉਨ੍ਹਾਂ ਨੂੰ ਟਿਕਟ ਨਾ ਦੇਣ ਦੀ ਸਭ ਤੋਂ ਵੱਡੀ ਦਲੀਲ ਇਹ ਸੀ ਕਿ ਉਹ ਪਿਛਲੀਆਂ ਤਿੰਨ ਚੋਣਾਂ ਹਾਰ ਗਏ ਸਨ।

### ਸਰਵਣ ਸਿੰਘ ਫਿਲੌਰ ਅਕਾਲੀ ਦਲ (ਸੰਯੁਕਤ) 'ਚ ਸ਼ਾਮਲ

**ਮੁਹਾਲੀ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਅਤੇ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵਿਚ ਸ਼ਾਮਲ ਹੋ ਗਏ। ਉਹ ਪਿਛਲੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਦੀ ਸਰਕਾਰ ਵਿਚ ਕੈਬਨਿਟ ਮੰਤਰੀ ਅਤੇ ਵਿਧਾਨ ਸਭਾ ਦੇ ਸਪੀਕਰ ਰਹਿ ਚੁੱਕੇ ਹਨ। ਨਸ਼ਿਆਂ ਦੇ ਮਾਮਲੇ ਵਿਚ ਨਾਂ ਆਉਣ ਤੋਂ ਬਾਅਦ ਕੁਝ ਸਮਾਂ ਪਹਿਲਾਂ ਸਰਵਣ ਸਿੰਘ ਫਿਲੌਰ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ। ਉਹ ਕਾਂਗਰਸ ਨੂੰ ਅਲਵਿਦਾ ਆਖ ਕੇ ਮੁੜ ਆਪਣੇ ਪੁਰਾਣੇ ਸਾਥੀ ਸੁਖਦੇਵ ਸਿੰਘ ਢੀਂਡਸਾ ਦੀ ਨਵੀਂ ਪਾਰਟੀ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵਿਚ ਸ਼ਾਮਲ ਹੋ ਗਏ ਹਨ।

### ਰਾਣਾ ਇੰਦਰਪ੍ਰਤਾਪ ਸਿੰਘ ਵੱਲੋਂ ਆਜ਼ਾਦ ਲੜਨ ਦਾ ਐਲਾਨ

**ਜਲੰਧਰ:** ਕਾਂਗਰਸ ਹਾਈਕਮਾਂਡ ਵੱਲੋਂ ਸੁਲਤਾਨਪੁਰ ਲੋਧੀ ਵਿਧਾਨ ਸਭਾ ਹਲਕੇ ਤੋਂ ਨਵਤੇਜ ਸਿੰਘ ਚੀਮਾ ਨੂੰ ਮੁੜ ਤੋਂ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਨੌਜਵਾਨ ਆਗੂ ਰਾਣਾ ਇੰਦਰਪ੍ਰਤਾਪ ਸਿੰਘ ਨੇ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਰਾਣਾ ਇੰਦਰਪ੍ਰਤਾਪ ਸਿੰਘ ਨੇ ਦਾਅਵਾ ਕੀਤਾ ਹੈ ਕਿ ਕਾਂਗਰਸ ਵੱਲੋਂ ਕਰਵਾਏ ਗਏ ਸਰਵੇਖਣ ਵਿਚ ਵੀ ਨਵਤੇਜ ਸਿੰਘ ਚੀਮਾ ਦੀ ਹਾਲਤ ਬਹੁਤ ਪਤਲੀ ਦੱਸੀ ਗਈ ਸੀ।


### ਚੰਦੂਮਾਜਰਾ ਦਾ ਭਾਣਜਾ ਸੰਯੁਕਤ ਸਮਾਜ ਮੋਰਚੇ 'ਚ ਸ਼ਾਮਲ

**ਪਟਿਆਲਾ:** ਹਲਕਾ ਘਨੌਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਭਾਣਜੇ ਹਰਵਿੰਦਰ ਸਿੰਘ ਹਰਪਾਲਪੁਰ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਅਲਵਿਦਾ ਆਖ ਦਿੱਤਾ ਹੈ ਅਤੇ ਉਹ ਸੰਯੁਕਤ ਸਮਾਜ ਮੋਰਚੇ ਦੇ ਹਰੇ ਝੰਡੇ ਹੇਠ ਆ ਗਏ ਹਨ। ਘਨੌਰ ਵਿਚ ਸੰਯੁਕਤ ਸਮਾਜ ਮੋਰਚੇ ਦੇ ਉਮੀਦਵਾਰ ਪ੍ਰੇਮ ਸਿੰਘ ਭੰਗੂ ਦੇ ਚੋਣ ਦਫਤਰ ਦੇ ਉਦਘਾਟਨ ਮੌਕੇ ਪਹੁੰਚੇ ਸੰਯੁਕਤ ਸਮਾਜ ਮੋਰਚੇ ਦੇ ਆਗੂ ਬਲਵੀਰ ਸਿੰਘ ਰਾਜੇਵਾਲ ਦੀ ਹਾਜਰੀ ਵਿਚ ਹਰਵਿੰਦਰ ਸਿੰਘ ਹਰਪਾਲਪੁਰ ਨੇ ਅਕਾਲੀ ਦਲ ਛੱਡ ਕੇ ਸੰਯੁਕਤ ਸਮਾਜ ਮੋਰਚੇ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਹਰਪਾਲਪੁਰ ਕਾਫੀ ਸਮੇਂ ਤੋਂ ਚੰਦੂਮਾਜਰਾ ਨਾਲ ਖਫ਼ਾ ਚੱਲ ਰਹੇ ਸਨ।


LAW OFFICES OF
VIVEK MALIK
Follow us on :



ACCOMPLISHED
IMMIGRATION Attorneys
help FAMILIES
REUNITE in the



UNITED STATES

Our Global & Nationwide Services
in the field of
U.S. Immigration & Nationality Law

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ

Naturalization & Citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵੇਰਸ

Come talk to an experienced immigration attorney
Toll Free No.
866-424-4000

OUR OFFICES
- 432 S Emerson Ave, Suite 220, Greenwood, IN 46143
  Phone: 317.560.4777
- 1067 N Mason Rd., Suite 4, St Louis, Missouri 63141
  Phone: 314.416.8000
- 2440 W Shaw Ave., Suite 205, Fresno, California 93711
  Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English



ਤੰਦੂਰੀਏ, ਕੁੱਕ, ਕਿਚਨ ਹੈਲਪਰ,
ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 608-886-2500


41-48



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ
ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com

# ਸੜਕ ਹਾਦਸੇ ਵਿਚ ਦੋ ਪੰਜਾਬੀ ਨੌਜਵਾਨਾਂ ਦੀ ਮੌਤ

**ਨਿਊ ਯਾਰਕ:** ਕੈਲੀਫੋਰਨੀਆ ਸੂਬੇ ਦੇ ਸ਼ਹਿਰ ਸੈਕਰਾਮੈਂਟੋ ਵਿਚ ਇੰਟਰਸਟੇਟ 80 'ਤੇ ਇਕ ਤੇਜ਼ ਰਫਤਾਰ ਕਾਰ ਦੇ ਦਰੱਖ਼ਤਾਂ ਨਾਲ ਟਕਰਾਉਣ ਕਾਰਨ ਦੋ ਪੰਜਾਬੀ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਕੈਲੀਫੋਰਨੀਆ ਹਾਈਵੇਅ ਪੈਟਰੋਲ ਦੇ ਅਨੁਸਾਰ, ਸੈਕਰਾਮੈਂਟੋ ਵਿਚ ਅੰਤਰਰਾਜੀ ਰੂਟ 80 'ਤੇ ਲੰਘੇ ਬੁੱਧਵਾਰ ਸਵੇਰੇ ਵਾਪਰੇ ਹਾਦਸੇ ਵਿਚ ਦੋ ਨੌਜਵਾਨਾਂ ਦੀ ਮੌਤ ਹੋ ਗਈ। ਇਹ ਨੌਜਵਾਨ ਆਪਣੀ ਟੋਇਟਾ ਪ੍ਰਿਅਸ ਕਾਰ ਰਾਹੀਂ ਪੂਰਬ ਵੱਲ ਜਾਣ ਵਾਲੇ ਰੂਟ -80 'ਤੇ ਜਾ ਰਹੇ ਸਨ। ਆਫ-ਰੈਂਪ 'ਤੇ ਉਨ੍ਹਾਂ ਦੀ ਕਾਰ ਇਕ ਦਰੱਖਤ ਨਾਲ ਟਕਰਾ ਗਈ।

ਹਾਈਟਸ ਖੇਤਰ ਵਿਚ ਰੈਲੀ ਬੁਲੇਵਾਰਡ ਵਿਖੇ, ਸੀਐਚਪੀ ਉੱਤਰੀ ਸੈਕਰਾਮੈਂਟੋ ਦੇ ਬੁਲਾਰੇ ਅਧਿਕਾਰੀ ਏ.ਜੇ. ਮੈਕਟੈਗਗਾਰਟ ਨੇ ਕਿਹਾ ਕਿ





ਮ੍ਰਿਤਕ ਸੁਖਜੀਤ ਸਿੰਘ ਤੇ ਬਲਜਿੰਦਰ ਸਿੰਘ

ਕਾਰ ਬਹੁਤ ਤੇਜ਼ ਰਫਤਾਰ 'ਚ ਸੀ ਅਤੇ ਉਹ ਸੜਕ ਤੋਂ ਹਟ ਕੇ ਅਤੇ ਫ੍ਰੀਵੇਅ ਦੇ ਬਾਹਰ ਨਿਕਲਣ ਵਾਲੇ ਕਈ ਦਰੱਖਤਾਂ ਦੇ ਨਾਲ ਟਕਰਾਅ ਗਈ। ਹਾਦਸੇ 'ਚ ਵਾਹਨ ਬੁਰੀ ਤਰ੍ਹਾਂ ਨੁਕਸਾਨਿਆ ਗਿਆ, ਕਾਰ ਚਾਲਕ ਅਤੇ ਨਾਲ ਸਵਾਰ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਚਾਲਕ ਦੀ ਪਛਾਣ ਸੈਕਰਾਮੈਂਟੋ ਦੇ 35 ਸਾਲਾ ਸੁਖਜੀਤ ਸਿੰਘ ਅਤੇ ਦੂਸਰੇ ਯਾਤਰੀ ਦੀ ਪਛਾਣ ਬਲਜਿੰਦਰ ਸਿੰਘ (25) ਵਜੋਂ ਹੋਈ ਹੈ। ਦੋਵਾਂ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਕੈਲੀਫੋਰਨੀਆ ਹਾਈਵੇਅ ਪੈਟਰੋਲ (ਸੀਐਚਪੀ) ਦਾ ਮੰਨਣਾ ਹੈ ਕਿ ਵੱਧ ਸਪੀਡ ਨੇ ਕਰੈਸ਼ ਭੂਮਿਕਾ ਨਿਭਾਈ ਹੈ/ ਇੱਥੇ ਦੱਸਣਯੋਗ ਹੈ ਕਿ ਸੁਖਜੀਤ ਸਿੰਘ ਚੀਮਾ ਉਰਫ ਸੁੱਖਾ ਪੁੱਤਰ ਨਰਿੰਦਰ ਸਿੰਘ ਚੀਮਾ ਪਿੰਡ ਲਿੱਟਾਂ, ਨੇੜੇ ਭੁਲੱਥ ਅਤੇ ਬਲਜਿੰਦਰ ਸਿੰਘ (25) ਪੁੱਤਰ ਪਰਮਜੀਤ ਸਿੰਘ ਭੁਲੱਥ ਇਲਾਕੇ ਦੇ ਹੀ ਪਿੰਡ ਲੱਖਣ ਕੇ ਪੱਡੇ ਦਾ ਵਸਨੀਕ ਸੀ। ਇਨ੍ਹਾਂ ਨੌਜਵਾਨਾਂ ਦੀ ਮੌਤ ਨਾਲ ਕੈਲੀਫੋਰਨੀਆ ਦੇ ਪੰਜਾਬੀ ਭਾਈਚਾਰੇ 'ਚ ਸੋਗ ਦੀ ਲਹਿਰ ਹੈ।

## ਬਾਇਡਨ ਪ੍ਰਸ਼ਾਸਨ ਮੁਫਤ ਕੋਵਿਡ ਟੈਸਟ ਕਿੱਟਾਂ ਲਈ ਵੈੱਬਸਾਈਟ ਸ਼ੁਰੂ ਕਰੇਗਾ

**ਸੈਕਰਾਮੈਂਟੋ:** ਬਾਇਡਨ ਪ੍ਰਸ਼ਾਸਨ ਅਗਲੇ ਹਫਤੇ ਬੁੱਧਵਾਰ ਨੂੰ ਇਕ ਵੈੱਬਸਾਈਟ ਦੀ ਸ਼ੁਰੂਆਤ ਕਰਨ ਜਾ ਰਿਹਾ ਹੈ, ਜਿਸ 'ਤੇ ਹਰ ਅਮਰੀਕੀ ਪ੍ਰਤੀ ਵਿਅਕਤੀ 4 ਕੋਵਿਡ-19 ਟੈਸਟਿੰਗ ਕਿੱਟਾਂ ਮੁਫਤ ਲੈਣ ਲਈ ਬੇਨਤੀ ਕਰ ਸਕਦਾ ਹੈ। ਇਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਰਿਕਾਰਡ ਪੱਧਰ 'ਤੇ ਵਧ ਰਹੇ ਕੋਵਿਡ ਮਾਮਲਿਆਂ ਕਾਰਨ ਬਾਇਡਨ ਪ੍ਰਸ਼ਾਸਨ ਨੇ 50 ਕਰੋੜ ਟੈਸਟ ਕਿੱਟਾਂ ਖਰੀਦੀਆਂ ਹਨ ਤੇ ਆਰਡਰ ਦੇਣ ਉਪਰੰਤ 7 ਤੋਂ 12 ਦਿਨਾਂ ਦੇ ਵਿਚ ਇਹ ਕਿੱਟਾਂ ਡਾਕ ਸੇਵਾ ਰਾਹੀਂ ਘਰਾਂ ਵਿਚ ਭੇਜ ਦਿੱਤੀਆਂ ਜਾਣਗੀਆਂ। ਇਸ ਹਫਤੇ ਦੇ ਸ਼ੁਰੂ ਵਿਚ ਰਾਸ਼ਟਰਪਤੀ ਜੋ ਬਾਇਡਨ ਨੇ ਇਕ ਅਰਬ ਟੈਸਟ ਕਿੱਟਾਂ ਖਰੀਦਣ ਦਾ ਐਲਾਨ ਕੀਤਾ ਸੀ।

## ਰੈਪ ਸੰਗੀਤ ਸੰਮੇਲਨ ਦੌਰਾਨ ਚੱਲੀ ਗੋਲੀ, ਛੇ ਜ਼ਖਮੀ

**ਸੈਕਰਾਮੈਂਟੋ:** ਈਉਗੇਨ ਸ਼ਹਿਰ, (ਓਰਗੋਨ) ਵਿਚ ਲੰਘੀ ਰਾਤ ਇਕ ਰੈਪ ਸੰਗੀਤ ਸੰਮਲੇਨ ਦੌਰਾਨ ਗੋਲੀਆਂ ਚੱਲਣ ਦੀ ਵਾਪਰੀ ਘਟਨਾ ਵਿਚ 6 ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਮੁਖੀ ਕ੍ਰਿਸ ਸਕਿਨਰ ਨੇ ਦੱਸਿਆ ਕਿ ਜ਼ਖਮੀਆਂ ਵਿਚੋਂ ਇਕ ਦੀ ਹਾਲਤ ਨਾਜ਼ੁਕ ਹੈ, ਜਿਸ ਦੀ ਸਰਜਰੀ ਕੀਤੀ ਗਈ ਹੈ। ਪੁਲਿਸ ਅਨੁਸਾਰ ਗੋਲੀਬਾਰੀ ਦੀ ਇਹ ਘਟਨਾ ਲਿਲ ਬੀਨ ਤੇ ਜੈ ਬਾਂਗ ਦੇ ਸ਼ੋਅ ਦੌਰਾਨ ਵਾਪਰੀ ਹੈ।

## ਹੁੱਕਾ ਸਟੋਰ 'ਤੇ ਗੋਲੀਬਾਰੀ ਦੇ ਮਾਮਲੇ 'ਚ ਪੰਜਾਬੀ ਗ੍ਰਿਫਤਾਰ

**ਕਲੋਵਿਸ:** ਲੰਘੇ ਮੰਗਲ਼ਵਾਰ ਨੂੰ ਸ਼ਾਅ ਐਂਡ ਫਾਊਲਰ ਐਵੇਨਿਊ ਕਲੋਵਿਸ 'ਤੇ ਸਥਿਤ ਇਕ ਹੁੱਕਾ ਅਤੇ ਸਿਗਰੇਟ ਸਟੋਰ 'ਤੇ ਸ਼ਾਮ ਕਰੀਬ 6:30 ਵਜੇ ਜਦੋਂ ਇਕ ਪੰਜਾਬੀ ਮੂਲ ਦੀ ਕੁੜੀ ਰਜਿਸਟਰ 'ਤੇ ਕੰਮ ਕਰ ਰਹੀ ਸੀ ਤਾਂ ਇਕ ਨੌਜਵਾਨ ਸਟੋਰ ਅੰਦਰ ਦਾਖਲ ਹੋਇਆ ਅਤੇ ਆਪਣੇ ਰਿਵਾਲਵਰ ਨਾਲ ਲੜਕੀ 'ਤੇ ਗੋਲੀਆਂ ਦਾਗ ਦਿੱਤੀਆਂ। ਇਸ ਹਮਲੇ ਵਿਚ ਲੜਕੀ ਗੰਭੀਰ ਜ਼ਖ਼ਮੀ ਹੋ ਗਈ, ਜਿਸ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਲੜਕੀ ਜ਼ੇਰੇ ਇਲਾਜ ਹੈ। ਪੁਲਿਸ ਨੇ ਸਰਵੇਲੈਂਸ ਕੈਮਰੇ ਖੰਘਾਲ਼ੇ ਅਤੇ ਸ਼ੱਕੀ ਹਮਲਾਵਰ ਦੀ ਪਛਾਣ ਕਰਨ ਵਿਚ ਸਫਲਤਾ ਹਾਸਲ ਕੀਤੀ। ਸ਼ੱਕੀ ਦੀ ਪਛਾਣ 27 ਸਾਲਾ ਇਕ ਪੰਜਾਬੀ ਨੌਜਵਾਨ ਵਜੋਂ ਹੋਈ ਹੈ, ਜਿਸ ਨੂੰ ਪੁਲਿਸ ਨੇ ਫਰਿਜ਼ਨੋ ਵਿਚ ਉਸ ਦੇ ਘਰ ਤੋਂ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਉਸ ਕੋਲੋਂ ਇੱਕ ਹਥਿਆਰ ਵੀ ਬਰਾਮਦ ਕੀਤਾ ਹੈ, ਜਿਸ ਦੀ ਵਰਤੋਂ ਗੋਲੀਬਾਰੀ ਵਿਚ ਕੀਤੀ ਗਈ ਸੀ। ਕਲੋਵਿਸ ਪੁਲਿਸ ਵਿਭਾਗ ਦੇ ਸਾਰਜੈਂਟ ਜਿਮ ਕੋਚ ਨੇ ਦੱਸਿਆ ਕਿ ਮੁੱਢਲੀ ਜਾਂਚ ਵਿਚ ਪਤਾ ਲੱਗਿਆ ਕਿ ਇਹ ਹਮਲਾ ਕਿਸੇ ਲੁੱਟ-ਖੋਹ ਦੇ ਮੰਤਵ ਨਾਲ ਨਹੀਂ ਹੋਇਆ, ਸਗੋਂ ਹਮਲਾਵਰ ਅਤੇ ਪੀੜਤ ਦਰਮਿਆਨ ਵਿਗੜੇ ਪ੍ਰੇਮ ਸਬੰਧਾਂ ਕਾਰਨ ਹੋਇਆ ਜਾਪਦਾ ਹੈ। ਪੀੜਤ ਪਰਿਵਾਰ ਨੇ ਇਸ ਦਾਅਵੇ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਪੀੜਤ ਤੇ ਹਮਲਾਵਰ ਆਪਸ ਵਿਚ ਸਿਰਫ ਦੋਸਤ ਸਨ।

# Matrimonials

## ਲੜਕੇ ਦੀ ਲੋੜ ਹੈ

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contaact us at: 8583665909 and e-mail us at zor92126@yahoo.com

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

## ਲੜਕੀ ਦੀ ਲੋੜ ਹੈ

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

36 ਸਾਲਾ ਜੱਟ ਸਿੱਖ, 5'11", ਆਪਣਾ ਬਿਜ਼ਨਸ ਕਰਦੇ Green Card Holder ਅਣਵਿਆਹੇ ਲੜਕੇ ਲਈ ਘੱਟੋ-ਘੱਟ 5'5" ਸੋਹਣੀ, ਸੁਨੱਖੀ ਤੇ ਪਰਿਵਾਰਕ ਲੜਕੀ ਦੀ ਲੋੜ ਹੈ। ਗਰੀਨ ਕਾਰਡ ਹੋਲਡਰ, ਵਿਜ਼ਟਰ ਵੀਜ਼ੇ ਜਾਂ ਸਟੂਡੈਂਟ ਵੀਜ਼ੇ 'ਤੇ ਅਮਰੀਕਾ ਆਈ ਲੜਕੀ ਨੂੰ ਪਹਿਲ। ਚਾਹਵਾਨ singhjeet6084@yahoo.com 'ਤੇ ਆਪਣਾ ਬਾਇਓਡਾਟਾ ਤੇ ਤਸਵੀਰਾਂ ਭੇਜ ਸਕਦੇ ਹਨ। ਮੈਰਿਜ ਬਿਊਰੋ ਮੁਆਫ਼ ਕਰਨ। 1-4

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

Looking for educated Punjabi Sikh girl for Jatt boy 28, 6', US born and raised. Never married. RN-Nurse. Vegetarian/non-drinker preferred. Send bio and picture to dina.kaur@yahoo.com.

# ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

**ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।**



**ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ**

*ਸੰਪਰਕ ਕਰੋ:*

**ਫੋਨ: 651-353-9584**

# ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

# ਟਰੱਕ ਸਟਾਪ ਲਈ ਮੈਨੇਜਰ ਦੀ ਲੋੜ ਹੈ

**ਓਰੇਗਾਨ ਸਟੇਟ ਵਿਚ ਬਰੈਂਡਿਡ ਫਰੈਂਚਾਇਜ਼ੀ ਟਰੱਕ ਸਟਾਪ ਲਈ ਅਨੁਭਵੀ ਮੈਨੇਜਰ ਦੀ ਲੋੜ ਹੈ, ਜੋ 20-25 ਵਰਕਰਾਂ ਦੀ ਜ਼ਿੰਮੇਵਾਰੀ ਸੰਭਾਲ ਸਕਦਾ ਹੋਵੇ। ਜੇ ਪਰਿਵਾਰ ਨਾਲ ਓਰੇਗਾਨ ਵਿਚ ਮੂਵ ਹੋਣਾ ਚਾਹੇ ਤਾਂ ਪਰਿਵਾਰਕ ਮੈਂਬਰਾਂ ਨੂੰ ਵੀ ਯੋਗਤਾ ਅਨੁਸਾਰ ਨੌਕਰੀ ਮੁਹੱਈਆ ਕਰਵਾਈ ਜਾਵੇਗੀ।**

**ਸ਼ੁਰੂ ਵਿਚ ਤਨਖਾਹ ਡਾਲਰ 90,000+ ਹੋਵੇਗੀ**

**ਚਾਹਵਾਨ ਸੰਪਰਕ ਕਰਨ:** virkoil@hotmail.com

## TRUCK STOP MANAGER REQUIRED

Branded Franchise Truck Stop in Oregon looking well experienced person for Manager Position, who can manage 20-25 employees with all responsibilities. If willing to move with family, then we'll offer job based on experience to family members.

Starting salary be $90,000/- plus.

Please contact with resume: virkoil@hotmail.com

## 'ਪ੍ਰੋ. ਭੁੱਲਰ ਦੀ ਰਿਹਾਈ 'ਤੇ ਰੋਕ ਲਗਾ ਕੇ ਕੇਜਰੀਵਾਲ ਨੇ ਸਿੱਖ ਕੌਮ ਨਾਲ ਧ੍ਰੋਹ ਕਮਾਇਆ'

ਵਰਲਡ ਸਿੱਖ ਪਾਰਲੀਮੈਂਟ ਨੇ 25 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਜੇਲ੍ਹ ਵਿਚ ਨਜ਼ਰਬੰਦ ਅਤੇ ਆਪਣੀ ਸਜ਼ਾ ਪੂਰੀ ਕਰ ਚੁੱਕੇ ਪ੍ਰੋ: ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਉੱਤੇ ਰੋਕ ਲਾਉਣ 'ਤੇ ਅਰਵਿੰਦ ਕੇਜਰੀਵਾਲ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਨਾਲ ਕੇਜਰੀਵਾਲ ਦਾ ਸਿੱਖ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਵਰਲਡ ਸਿੱਖ ਪਾਰਲੀਮੈਂਟ ਨੇ ਪੰਜਾਬ ਵਾਸੀ ਸਿੱਖਾਂ ਨੂੰ ਕੇਜਰੀਵਾਲ ਦੇ ਇਸ ਸਿੱਖ ਵਿਰੋਧੀ ਕਾਰੇ ਦਾ ਡਟ ਕੇ ਵਿਰੋਧ ਕਰਨ ਦੀ ਬੇਨਤੀ ਕੀਤੀ ਹੈ।

ਵਰਲਡ ਸਿੱਖ ਪਾਰਲੀਮੈਂਟ ਅਨੁਸਾਰ ਭਾਰਤ ਸਰਕਾਰ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਨੂੰ ਰਿਹਾਅ ਕਰਨ ਦਾ ਐਲਾਨ ਕੀਤਾ ਸੀ ਪਰ ਆਪਣੇ ਸਿੱਖ ਵਿਰੋਧੀ ਖਾਸੇ ਕਰਕੇ ਸਰਕਾਰ ਆਪਣੇ ਵਾਅਦੇ ਤੋਂ ਮੁਨਕਰ ਹੋ ਗਈ ਸੀ। ਪ੍ਰੋ. ਭੁੱਲਰ ਦੇ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਕੇਸ ਦਾ ਫੈਸਲਾ ਹੱਕ ਵਿਚ ਹੋਣ ਤੋਂ ਬਾਅਦ ਸਿਰਫ਼ ਦਿੱਲੀ ਸਰਕਾਰ ਦੀ ਮਨਜ਼ੂਰੀ ਦੀ ਲੋੜ ਸੀ, ਜਿਸ ਵਿਚ ਕੇਜਰੀਵਾਲ ਨੇ ਪ੍ਰੋ. ਭੁੱਲਰ ਦੇ ਵਿਰੋਧ ਵਿਚ ਫੈਸਲਾ ਕੀਤਾ ਹੈ।

ਵਰਲਡ ਸਿੱਖ ਪਾਰਲੀਮੈਂਟ ਨੇ ਪੰਜਾਬ ਵਾਸੀਆਂ ਨੂੰ ਕੇਜਰੀਵਾਲ ਦੀ ਸਿੱਖ ਵਿਰੋਧੀ ਤੇ ਮਨੁੱਖੀ ਹੱਕਾਂ ਵਿਰੋਧੀ ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣ ਦੀ ਅਪੀਲ ਕੀਤੀ ਹੈ। ਵਿਸ਼ਵ ਸਿੱਖ ਸੰਸਦ ਅਨੁਸਾਰ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਸਿੱਖ ਕੌਮ ਲਈ ਬਹੁਤ ਵੱਡਾ ਮੁੱਦਾ ਹੈ ਤੇ ਜਦ ਤਕ ਬੰਦੀ ਸਿੰਘ ਰਿਹਾਅ ਨਹੀਂ ਕੀਤੇ ਜਾਂਦੇ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਹਰ ਪਲੇਟਫਾਰਮ ਤੋਂ ਭਾਰਤ ਸਰਕਾਰ ਖ਼ਿਲਾਫ਼ ਆਵਾਜ਼ ਉਠਾਈ ਜਾਂਦੀ ਰਹੇਗੀ। ਉਨ੍ਹਾਂ ਪੰਜਾਬ ਵਾਸੀਆਂ ਨੂੰ ਸਾਥ ਦੇਣ ਦੀ ਅਪੀਲ ਕੀਤੀ ਹੈ।

**ਤੰਦੂਰੀਏ ਅਤੇ ਕੁੱਕ ਦੀ ਲੋੜ ਹੈ**

ਸੇਨ ਅੰਤੋਨੀਓ (ਟੈਕਸਾਸ) ਸਥਿਤ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਕੁੱਕ ਦੀ ਲੋੜ ਹੈ

ਮੁਫਤ ਖਾਣਾ ਤੇ ਹੋਰ ਸਹੂਲਤਾਂ

ਰਜਿੰਦਰ ਸਿੰਘ ਸੰਘੇੜਾ

ਕਾਲ ਕਰੋ ਜਾਂ ਟੈਕਸਟ ਕਰੋ:

ਫੋਨ: 210-834-2469

**ਇੰਡੀਅਨ ਰੈਸਟੋਰੈਂਟ ਵਿਕਾਊ ਹੈ**

ਮਿਲਵਾਕੀ (ਵਿਸਕਾਨਸਿਨ) ਨੇੜੇ ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਸੇਲ: 60,000 ਪ੍ਰਤੀ ਮਹੀਨਾ

ਸੰਪਰਕ ਕਰੋ: 317-874-8086

**Indian Restaurent For Sale**

Indian Restaurent For Sale
Near Milwaukee (WI)
Per Month Sale: 60,000

Contact: 317-874-8086

**ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500

41-48

**ਤੰਦੂਰੀਏ ਦੀ ਲੋੜ ਹੈ**

ਜਾਰਜੀਆ, ਕੋਲੰਬਸ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਤੰਦੂਰੀਏ ਦੀ ਲੋੜ ਹੈ

ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ

ਸੰਪਰਕ ਕਰੋ: ਸੂਰਤ ਸਿੰਘ ਖਾਰਾ

ਫੋਨ: 205-799-2350

Punjab Times Ph: 847-359-0746
Fax:847-705-9388, e-mail:punjabtimes1@sbcglobal.net
Visit us on the web:wwwpunjabtimesusa.com

**ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ**




ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।

**ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:**

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

**ਲੋੜੀਂਦੇ ਦਸਤਾਵੇਜ਼:**

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

**ਸਿਖਲਾਈ ਦੀਆਂ ਸੱਤ ਸਟੇਜਾਂ:**

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

**ਤਿੰਨ ਸਿਖਲਾਈ ਪ੍ਰੋਗਰਾਮ:**

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਵਿਚ ਹੁਣ 20 ਫਰਵਰੀ ਨੂੰ ਪੈਣਗੀਆਂ ਵੋਟਾਂ

**ਨਵੀਂ ਦਿੱਲੀ:** ਸੂਬਾ ਸਰਕਾਰ ਤੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਕੀਤੀ ਬੇਨਤੀ ਨੂੰ ਸਵੀਕਾਰ ਕਰਦਿਆਂ ਚੋਣ ਕਮਿਸ਼ਨ ਨੇ ਪੰਜਾਬ ਅਸੈਂਬਲੀ ਲਈ 14 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਨੂੰ ਗੁਰੂ ਰਵਿਦਾਸ ਜੈਅੰਤੀ ਦੇ ਹਵਾਲੇ ਨਾਲ ਹੁਣ 20 ਫਰਵਰੀ ਨੂੰ ਕਰਵਾਉਣ ਦਾ ਫੈਸਲਾ ਕੀਤਾ ਹੈ।



ਚੋਣ ਕਮਿਸ਼ਨ ਨੇ ਐਲਾਨ ਕੀਤਾ ਕਿ ਪੰਜਾਬ ਅਸੈਂਬਲੀ ਲਈ ਇਕਹਿਰੇ ਗੇੜ ਤਹਿਤ ਹੁਣ 20 ਫਰਵਰੀ ਨੂੰ ਵੋਟਾਂ ਪੈਣਗੀਆਂ। ਕਾਬਲੇਗੌਰ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਭਾਜਪਾ ਤੇ ਇਸ ਦੀਆਂ ਭਾਈਵਾਲ ਪਾਰਟੀਆਂ, ਬਸਪਾ ਤੇ ਹੋਰਨਾਂ ਜਥੇਬੰਦੀਆਂ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਸੀ ਕਿ 16 ਫਰਵਰੀ ਨੂੰ ਗੁਰੂ ਰਵਿਦਾਸ ਜੈਅੰਤੀ ਕਰਕੇ ਉਨ੍ਹਾਂ ਦੇ ਲੱਖਾਂ ਸ਼ਰਧਾਲੂਆਂ ਨੇ ਉੱਤਰ ਪ੍ਰਦੇਸ਼ ਦੇ ਵਾਰਾਨਸੀ ਦੀ ਯਾਤਰਾ ਕਰਨੀ ਹੈ, ਲਿਹਾਜ਼ਾ 14 ਫਰਵਰੀ ਲਈ ਤਜਵੀਜਤ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੂੰ ਮੁਲਤਵੀ ਕਰਕੇ ਕੋਈ ਹੋਰ ਤਰੀਕ ਨਿਰਧਾਰਿਤ ਕੀਤੀ ਜਾਵੇ।

ਚੋਣ ਕਮਿਸ਼ਨ ਨੇ ਕਿਹਾ ਕਿ ਪਿਛਲੇ ਹਫਤੇ ਚੋਣ ਪ੍ਰੋਗਰਾਮ ਦਾ ਐਲਾਨ ਕਰਨ ਤੋਂ ਬਾਅਦ ਉਸ ਨੂੰ ਰਾਜ ਸਰਕਾਰ, ਰਾਜਨੀਤਕ ਪਾਰਟੀਆਂ ਅਤੇ ਹੋਰ ਸੰਗਠਨਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੈਅੰਤੀ, ਜੋ ਕਿ 16 ਫਰਵਰੀ ਨੂੰ ਮਨਾਈ ਜਾ ਰਹੀ ਹੈ, ਸਬੰਧੀ ਕਈ ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਅਪੀਲਕਰਤਾਵਾਂ ਦਾ ਦਾਅਵਾ ਸੀ ਕਿ ਵੱਡੀ ਗਿਣਤੀ ਸ਼ਰਧਾਲੂ ਜੈਅੰਤੀ ਤੋਂ ਲਗਭਗ ਹਫ਼ਤਾ ਪਹਿਲਾਂ ਵਾਰਾਣਸੀ ਜਾਣਾ ਸ਼ੁਰੂ ਕਰ ਦਿੰਦੇ ਹਨ ਤੇ 14 ਫਰਵਰੀ ਨੂੰ ਮਤਦਾਨ ਦਾ ਦਿਨ ਰੱਖਣ ਨਾਲ ਵੱਡੀ ਗਿਣਤੀ ਵੋਟਰ ਆਪਣੇ ਜਮਹੂਰੀ ਹੱਕ ਤੋਂ ਖੁੰਝ ਸਕਦੇ ਹਨ। ਉਨ੍ਹਾਂ ਨੇ 16 ਫਰਵਰੀ ਤੋਂ ਕੁਝ ਦਿਨ ਬਾਅਦ ਵੋਟਾਂ ਦੀ ਮਿਤੀ ਬਦਲਣ ਦੀ ਬੇਨਤੀ ਕੀਤੀ। ਕਮਿਸ਼ਨ ਨੇ ਇਸ ਸਬੰਧੀ ਰਾਜ ਸਰਕਾਰ ਅਤੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਤੋਂ ਵੀ ਜਾਣਕਾਰੀ ਲਈ। ਰਾਜ ਸਰਕਾਰ ਅਤੇ ਮੁੱਖ ਚੋਣ ਅਧਿਕਾਰੀ ਵੱਲੋਂ ਮਿਲੀ ਜਾਣਕਾਰੀ, ਇਸ ਮਾਮਲੇ ਵਿਚ ਸਾਰੇ ਤੱਥਾਂ ਅਤੇ ਹਾਲਾਤ ਨੂੰ ਵਿਚਾਰਨ ਤੋਂ ਬਾਅਦ ਚੋਣ ਕਮਿਸ਼ਨ ਨੇ ਰਾਜ ਵਿੱਚ ਵਿਧਾਨ ਸਭਾ ਚੋਣਾਂ ਨੂੰ ਮੁੜ ਤੈਅ ਕਰਨ ਦਾ ਫੈਸਲਾ ਕੀਤਾ। ਨਵੀਂ ਚੋਣ ਤਰੀਕੇ ਦੇ ਐਲਾਨ ਨਾਲ ਪੰਜਾਬ ਚੋਣਾਂ ਵਿੱਚ ਹਿੱਸਾ ਲੈਣ ਵਾਲੀਆਂ ਸਿਆਸੀ ਪਾਰਟੀਆਂ ਨੂੰ ਪ੍ਰਚਾਰ ਕਰਨ ਤੇ ਤਿਆਰੀਆਂ ਲਈ ਹੋਰ ਵੱਧ ਸਮਾਂ ਮਿਲੇਗਾ। ਮੁੱਖ ਮੰਤਰੀ ਚੰਨੀ ਨੇ 13 ਜਨਵਰੀ ਨੂੰ ਚੋਣ ਕਮਿਸ਼ਨ ਨੂੰ ਪੰਜਾਬ ਵਿਧਾਨ ਸਭਾ ਲਈ 20 ਲੱਖ ਅਨੁਸੂਚਿਤ ਜਾਤੀ ਦੇ ਸ਼ਰਧਾਲੂਆਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੇ ਯੋਗ ਬਣਾਉਣ ਲਈ ਵੋਟਾਂ ਪਾਉਣ ਦੀ ਤਰੀਕ ਛੇ ਦਿਨਾਂ ਲਈ ਮੁਲਤਵੀ ਕਰਨ ਦੀ ਅਪੀਲ ਕੀਤੀ ਸੀ।

## ਮਜੀਠੀਆ ਦੀ ਜ਼ਮਾਨਤ ਬਾਰੇ ਸੁਣਵਾਈ ਟਲੀ

**ਮੁਹਾਲੀ:** ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰੀ ਵਿਚ ਮਾਮਲੇ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਪੱਕੀ ਜ਼ਮਾਨਤ 'ਤੇ ਸੁਣਵਾਈ 24 ਜਨਵਰੀ ਤੱਕ ਅੱਗੇ ਪੈ ਗਈ ਹੈ। ਮਜੀਠੀਆ ਦੀ ਪੱਕੀ ਜ਼ਮਾਨਤ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜਸਟਿਸ ਲੀਜ਼ਾ ਗਿੱਲ ਦੀ ਅਦਾਲਤ ਵਿਚ ਸੁਣਵਾਈ ਹੋਈ। ਅਦਾਲਤ ਨੇ ਅਕਾਲੀ ਆਗੂ ਨੂੰ ਪਹਿਲਾਂ ਦਿੱਤੀ ਕੱਚੀ ਜ਼ਮਾਨਤ ਦੇ ਹੁਕਮਾਂ ਨੂੰ ਬਰਕਰਾਰ ਰੱਖਦਿਆਂ ਪੱਕੀ ਜ਼ਮਾਨਤ ਬਾਰੇ ਸੁਣਵਾਈ 24 ਜਨਵਰੀ ਤੱਕ ਮੁਲਤਵੀ ਕਰ ਦਿੱਤੀ। 10 ਜਨਵਰੀ ਨੂੰ ਹਾਈ ਕੋਰਟ ਨੇ ਮਜੀਠੀਆ ਨੂੰ ਵੱਡੀ ਰਾਹਤ ਦਿੰਦਿਆਂ ਨਸ਼ਾ ਤਸਕਰੀ ਮਾਮਲੇ ਵਿਚ ਆਰਜ਼ੀ ਅੰਤ੍ਰਿਮ ਜ਼ਮਾਨਤ ਮਨਜ਼ੂਰ ਕਰਦਿਆਂ ਅਕਾਲੀ ਆਗੂ ਜਾਂਚ ਵਿਚ ਸਹਿਯੋਗ ਦੇਣ ਲਈ ਸਿਟ ਅੱਗੇ ਪੇਸ਼ ਹੋਣ ਦੇ ਆਦੇਸ਼ ਦਿੱਤੇ ਸੀ।

## ਮਿਸ਼ਨ ਪੰਜਾਬ: ਚੋਣ ਮਨੋਰਥ ਪੱਤਰ ਨੇ ਉਲਝਾਈ ਕਾਂਗਰਸ ਦੀ ਤਾਣੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਵੱਲੋਂ ਵਿਧਾਨ ਸਭਾ ਚੋਣਾਂ ਲਈ ਜਾਰੀ ਕੀਤੇ ਜਾਣ ਵਾਲੇ ਚੋਣ ਮਨੋਰਥ ਪੱਤਰ ਸਬੰਧੀ ਭੰਬਲਭੂਸਾ ਜਾਰੀ ਹੈ। ਪਾਰਟੀ ਹਾਈਕਮਾਨ ਵੱਲੋਂ ਇਸ ਮੰਤਵ ਲਈ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੀ ਚੇਅਰਮੈਨਸ਼ਿਪ ਹੇਠ ਬਣਾਈ ਹਾਈ ਕਮੇਟੀ ਨੇ ਹਾਈਕਮਾਨ ਵੱਲੋਂ ਨਿਰਧਾਰਤ ਸਮੇਂ ਵਿਚ ਚੋਣ ਮਨੋਰਥ ਪੱਤਰ ਦਾ ਡਰਾਫਟ ਬਣਾ ਕੇ ਪੰਜਾਬ ਦੇ ਇੰਚਾਰਜ ਹਰੀਸ਼ ਚੌਧਰੀ ਨੂੰ ਭੇਜ ਦਿੱਤਾ ਸੀ, ਪਰ ਇਸ ਵਿਚ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਕੀਤੇ ਗਏ ਐਲਾਨਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਕਿਉਂਕਿ ਦੋਵਾਂ ਵੱਲੋਂ ਕਮੇਟੀ ਨੂੰ ਨਾ ਤਾਂ ਆਪਣੇ ਕੀਤੇ ਐਲਾਨਾਂ ਦਾ ਬਿਊਰਾ ਦਿੱਤਾ ਗਿਆ ਅਤੇ ਨਾ ਹੀ ਬਾਜਵਾ ਵੱਲੋਂ ਰਾਏ ਲੈਣ ਲਈ ਸੱਦੀਆਂ ਗਈਆਂ ਮੀਟਿੰਗਾਂ ਵਿਚ ਸ਼ਮੂਲੀਅਤ ਹੀ ਕੀਤੀ ਗਈ।

ਨਵਜੋਤ ਸਿੰਘ ਸਿੱਧੂ ਵੱਲੋਂ ਹਾਲਾਂਕਿ ਐਲਾਨ ਕੀਤਾ ਗਿਆ ਹੈ ਕਿ ਉਨ੍ਹਾਂ ਦਾ 'ਪੰਜਾਬ ਮਾਡਲ' ਚੋਣ ਮਨੋਰਥ ਪੱਤਰ ਦਾ ਹਿੱਸਾ ਹੋਵੇਗਾ ਅਤੇ ਉਨ੍ਹਾਂ ਇਸ ਦਾ ਐਲਾਨ ਪਾਰਟੀ ਹਾਈਕਮਾਨ ਦੀ ਮਰਜ਼ੀ ਨਾਲ ਹੀ ਕੀਤਾ ਹੈ। ਬਾਜਵਾ ਵਲੋਂ ਉਨ੍ਹਾਂ ਦੀ ਕਮੇਟੀ ਕੋਲ ਸੂਬੇ ਦੇ ਵਿੱਤੀ ਪ੍ਰਬੰਧਾਂ ਸਬੰਧੀ ਲੋੜੀਂਦੀ ਜਾਣਕਾਰੀ ਨਾ ਹੋਣ ਸਬੰਧੀ ਜੋ ਇਤਰਾਜ਼ ਉਠਾਏ ਗਏ ਸਨ, ਉਸ ਕਾਰਨ ਹੁਣ ਪਾਰਟੀ ਹਾਈਕਮਾਨ ਵੱਲੋਂ ਉਨ੍ਹਾਂ ਨਾਲ ਰਾਜ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਕਮੇਟੀ ਦਾ ਕਨਵੀਨਰ ਨਿਯੁਕਤ ਕਰ ਦਿੱਤਾ ਹੈ ਤਾਂ ਜੋ ਕਮੇਟੀ ਨੂੰ ਸੂਬੇ ਦੀ ਵਿੱਤੀ ਸਥਿਤੀ ਸਬੰਧੀ ਲੋੜੀਂਦੀ ਜਾਣਕਾਰੀ ਮਿਲ ਸਕੇ ਤੇ ਕਮੇਟੀ ਵੱਖ-ਵੱਖ ਪੱਧਰ ਉਤੇ ਹੋਏ ਐਲਾਨਾਂ ਨੂੰ ਸ਼ਾਮਲ ਕਰਨ ਸਬੰਧੀ ਵਿੱਤ ਮੰਤਰੀ ਦੀ ਰਾਏ ਵੀ ਪ੍ਰਾਪਤ ਕਰ ਸਕੇ।

## ਭਾਰਤ 'ਚ ਦੋ ਸਾਲਾਂ ਵਿਚ ਜੰਗਲਾਤ ਹੇਠ ਰਕਬਾ ਵਧਿਆ

**ਨਵੀਂ ਦਿੱਲੀ:** ਇੰਡੀਆ ਸਟੇਟ ਆਫ ਫਾਰੈਸਟ ਰਿਪੋਰਟ (ਆਈ.ਐਸ.ਐਫ.ਆਰ.) 2021 ਮੁਤਾਬਕ ਭਾਰਤ ਵਿਚ ਪਿਛਲੇ ਦੋ ਸਾਲਾਂ 'ਚ ਜੰਗਲਾਤ ਅਤੇ ਰੁੱਖਾਂ ਹੇਠ ਰਕਬਾ 2,261 ਵਰਗ ਕਿਲੋਮੀਟਰ ਵਧਿਆ ਹੈ। ਰਿਪੋਰਟ ਮੁਤਾਬਕ ਜੰਗਲਾਤ ਹੇਠ ਸਭ ਤੋਂ ਜ਼ਿਆਦਾ ਰਕਬਾ 647 ਵਰਗ ਕਿਲੋਮੀਟਰ ਆਂਧਰਾ ਪ੍ਰਦੇਸ਼ ਵਿਚ ਵਧਿਆ ਹੈ। ਭਾਰਤੀ ਜੰਗਲਾਤ ਸਰਵੇਖਣ (ਐਫ.ਐਸ.ਆਈ.) ਵੱਲੋਂ ਦੋ ਸਾਲਾਂ ਦੀ ਜਾਰੀ ਇਸ ਰਿਪੋਰਟ ਵਿਚ ਦੇਸ਼ ਦੇ ਜੰਗਲਾਤ ਸਬੰਧੀ ਸਰੋਤਾਂ ਦਾ ਮੁਲਾਂਕਣ ਕੀਤਾ ਗਿਆ ਹੈ। ਇਹ ਰਿਪੋਰਟ ਕੇਂਦਰੀ ਵਾਤਾਵਰਨ ਮੰਤਰੀ ਭੁਪੇਂਦਰ ਯਾਦਵ ਨੇ ਜਾਰੀ ਕੀਤੀ।

ਉਨ੍ਹਾਂ ਦੱਸਿਆ ਕਿ 2019 ਦੀ ਰਿਪੋਰਟ ਦੇ ਮੁਕਾਬਲੇ ਰੁੱਖਾਂ ਅਤੇ ਜੰਗਲਾਤ ਹੇਠ ਦੇਸ਼ ਦੇ ਕੁੱਲ ਰਕਬੇ ਵਿਚੋਂ ਜੰਗਲਾਤ ਅਧੀਨ ਖੇਤਰ ਵਿਚ 1540 ਵਰਗ ਕਿਲੋਮੀਟਰ ਦਾ ਵਾਧਾ ਹੋਇਆ ਹੈ ਅਤੇ ਰੁੱਖਾਂ ਹੇਠ ਰਕਬੇ ਵਿਚ 721 ਵਰਗ ਕਿਲੋਮੀਟਰ ਦਾ ਵਾਧਾ ਹੋਇਆ ਹੈ। ਉਨ੍ਹਾਂ ਕਿਹਾ, ''ਇਹ ਜਾਣ ਕੇ ਬੜੀ ਸੰਤੁਸ਼ਟੀ ਹੋਈ ਕਿ ਭਾਰਤ ਵਿਚ ਰੁੱਖਾਂ ਅਤੇ ਜੰਗਲਾਤ ਹੇਠ ਰਕਬਾ ਵਧਿਆ ਹੈ।'' ਮੰਤਰੀ ਨੇ ਕਿਹਾ, ''ਅਸੀਂ ਹਰਿਆਵਲ ਮਿਸ਼ਨ ਦੇ ਦੂਜੇ ਗੇੜ ਵਿਚ ਦਾਖਲ ਹੋ ਰਹੇ ਹਨ। ਮੰਤਰਾਲੇ ਨੇ ਜੰਗਲਾਂ ਨੂੰ ਬਚਾਉਣ ਅਤੇ ਇਸ ਕੰਮ ਵਿਚ ਲੋਕਾਂ ਦੀ ਸ਼ਮੂਲੀਅਤ ਵਧਾਉਣ ਲਈ ਵੱਖ-ਵੱਖ ਫੈਸਲੇ ਲਏ ਹਨ।''

## ਭਾਜਪਾ ਦੇ ਜੋਟੀਦਾਰਾਂ ਦੀਆਂ ਜੜ੍ਹਾਂ ਹਿੱਲੀਆਂ

*(ਸਫਾ ਇਕ ਦੀ ਬਾਕੀ)*

ਅਸਮਰੱਥ ਰਹਿਣ 'ਤੇ ਸਾਰੇ ਮਿਲ ਕੇ ਸਾਜ਼ਿਸ਼ ਰਚ ਰਹੇ ਹਨ। ਆਪ ਨੇ ਸਵਾਲ ਕੀਤਾ ਹੈ ਕਿ ਚੋਣ ਕਮਿਸ਼ਨ ਅਤੇ ਭਾਜਪਾ ਸਿਆਸੀ ਪਾਰਟੀ ਨੂੰ ਰਜਿਸਟਰ ਕਰਵਾ ਕੇ ਕਿਸ ਦੀ ਵੋਟ ਕੱਟਣਾ ਚਾਹੁੰਦੇ ਹਨ?

ਦਰਅਸਲ, ਬਾਦਲ ਧੜੇ ਨਾਲ ਸਿਆਸੀ ਸਾਂਝ ਟੁੱਟਣ ਪਿੱਛੋਂ ਭਾਜਪਾ ਪਹਿਲੀ ਵਾਰ ਪੰਜਾਬ ਵਿਚ 'ਵੱਡੇ ਭਰਾ' ਵਜੋਂ ਸਿਆਸੀ ਰੋਲ ਨਿਭਾਉਣ ਜਾ ਰਹੀ ਹੈ। ਭਾਰਤੀ ਜਨਤਾ ਪਾਰਟੀ ਨੇ ਪੰਜਾਬ ਚੋਣਾਂ ਲਈ ਕੋਰ ਗਰੁੱਪ ਦੀ ਮੀਟਿੰਗ ਦੇ ਬਾਅਦ ਸਾਫ ਕਰ ਦਿੱਤਾ ਹੈ ਕਿ ਪੰਜਾਬ 'ਚ ਉਹ 60-65 ਸੀਟਾਂ 'ਤੇ ਚੋਣ ਲੜੇਗੀ; ਭਾਵ ਉਹ ਆਪਣੇ ਭਾਈਵਾਲਾਂ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਅਤੇ ਸੁਖਦੇਵ ਸਿੰਘ ਢੀਂਡਸਾ ਨੂੰ ਅੱਧ ਤੋਂ ਵੀ ਘੱਟ ਸੀਟਾਂ ਦੇਵੇਗੀ। ਹਾਲੇ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਨਾਲ ਵੀ ਭਾਜਪਾ ਦੀ ਗੱਲ ਚੱਲ ਰਹੇ ਹੈ ਤੇ ਆਉਂਦੇ ਦਿਨਾਂ ਵਿਚ ਗੱਠਜੋੜ ਬਾਰੇ ਐਲਾਨ ਹੋ ਸਕਦਾ ਹੈ। ਜਿਸ ਪਿੱਛੋਂ ਕੈਪਟਨ ਤੇ ਢੀਂਡਸਾ ਧੜੇ ਨੂੰ ਮਿਲੀਆਂ ਸੀਟਾਂ ਵਿਚ ਇਕ ਹੋਰ ਹਿੱਸੇਦਾਰ ਆ ਖਲੋਏਗਾ।

## ਕੱਥਕ ਡਾਂਸਰ ਬਿਰਜੂ ਮਹਾਰਾਜ ਦਾ ਦੇਹਾਂਤ

**ਨਵੀਂ ਦਿੱਲੀ:** ਭਾਰਤੀ ਕਲਾਸੀਕਲ ਨਾਚ ਸ਼ੈਲੀ ਕੱਥਕ ਨੂੰ ਦੁਨੀਆਂ ਭਰ 'ਚ ਪਛਾਣ ਦੇਣ ਵਾਲੇ ਨ੍ਰਿਤਕ ਬਿਰਜੂ ਮਹਾਰਾਜ ਦਾ ਇਥੇ ਦੇਹਾਂਤ ਹੋ ਗਿਆ। ਉਨ੍ਹਾਂ ਅਗਲੇ ਮਹੀਨੇ 84 ਵਰ੍ਹਿਆਂ ਦਾ ਹੋਣਾ ਸੀ। ਉਨ੍ਹਾਂ ਦੀ ਪੋਤੀ ਰਾਗਿਨੀ ਮਹਾਰਾਜ ਨੇ ਦੱਸਿਆ ਕਿ ਬਿਰਜੂ ਮਹਾਰਾਜ ਦੇ ਦੇਹਾਂਤ ਸਮੇਂ ਉਨ੍ਹਾਂ ਕੋਲ ਪਰਿਵਾਰ ਅਤੇ ਉਨ੍ਹਾਂ ਦੇ ਸ਼ਗਿਰਦ ਹਾਜਰ ਸਨ। ਉਹ ਰਾਤ ਸਮੇਂ ਭੋਜਨ ਤੋਂ ਬਾਅਦ ਅੰਤਾਕਸ਼ਰੀ ਖੇਡ ਰਹੇ ਸਨ ਤਾਂ ਮਹਾਰਾਜ ਨੂੰ ਅਚਾਨਕ ਪਰੇਸ਼ਾਨੀ ਹੋਣ ਲੱਗੀ। ਉਹ ਗੁਰਦੇ ਦੀ ਬਿਮਾਰੀ ਨਾਲ ਪੀੜਤ ਸਨ ਅਤੇ ਡਾਇਬਟੀਜ਼ ਹੋਣ ਕਾਰਨ ਉਹ ਪਿਛਲੇ ਮਹੀਨੇ ਤੋਂ ਡਾਇਲੇਸਿਸ 'ਤੇ ਸਨ। ਪੋਤੀ ਮੁਤਾਬਕ ਉਨ੍ਹਾਂ ਦਾ ਦੇਹਾਂਤ ਸ਼ਾਇਦ ਦਿਲ ਦਾ ਦੌਰਾ ਪੈਣ ਕਾਰਨ ਹੋਇਆ ਹੈ।

## ਦਾਨ ਨਾ ਦੇਣ 'ਤੇ ਸਿੱਖ ਸ਼ਰਧਾਲੂਆਂ ਦੀ ਕੁੱਟਮਾਰ

**ਆਰਾ:** ਬਿਹਾਰ ਦੇ ਭੋਜਪੁਰ ਜਿਲ੍ਹੇ 'ਚ ਸਿੱਖ ਸ਼ਰਧਾਲੂਆਂ ਦੇ ਵਾਹਨ 'ਤੇ ਭੀੜ ਨੇ ਪਥਰਾਅ ਕਰ ਦਿੱਤਾ ਜਿਸ 'ਚ ਛੇ ਵਿਅਕਤੀ ਜ਼ਖਮੀ ਹੋ ਗਏ। ਇਹ ਹਮਲਾ ਉਸ ਵੇਲੇ ਹੋਇਆ ਜਦੋਂ ਸਿੱਖ ਸ਼ਰਧਾਲੂ ਪਟਨਾ ਸਾਹਿਬ ਤੋਂ ਆਪਣੇ ਘਰ ਮੁਹਾਲੀ ਪਰਤ ਰਹੇ ਸਨ। ਭੋਜਪੁਰ ਦੇ ਚਾਰਪੋਖਰੀ 'ਚ ਧਾਰਮਿਕ ਪ੍ਰੋਗਰਾਮ ਅਤੇ ਅਸਥਾਨ ਦੀ ਉਸਾਰੀ ਲਈ ਦਾਨ ਨਾ ਦੇਣ 'ਤੇ ਭੀੜ ਨੇ ਉਨ੍ਹਾਂ ਦੇ ਵਾਹਨ 'ਤੇ ਹਮਲਾ ਕਰ ਦਿੱਤਾ। ਪਥਰਾਅ 'ਚ ਛੇ ਸਿੱਖ ਸ਼ਰਧਾਲੂ ਜ਼ਖਮੀ ਹੋਏ ਹਨ। ਸਿੱਖ ਸ਼ਰਧਾਲੂ ਪਟਨਾ 'ਚ ਤਖਤ ਸ੍ਰੀ ਹਰਿਮੰਦਰ ਸਾਹਿਬ 'ਚ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਆਏ ਹੋਏ ਸਨ।

ਪੁਲਿਸ ਅਧਿਕਾਰੀ ਨੇ ਕਿਹਾ ਕਿ ਲੋਕਾਂ ਨੇ ਧਾਰਮਿਕ ਅਸਥਾਨ ਦੀ ਉਸਾਰੀ ਲਈ ਪੈਸੇ ਮੰਗੇ ਸਨ ਅਤੇ ਸ਼ਰਧਾਲੂਆਂ ਵੱਲੋਂ ਇਨਕਾਰ ਕੀਤੇ ਜਾਣ 'ਤੇ ਉਨ੍ਹਾਂ ਟਰੱਕ ਦੇ ਡਰਾਈਵਰ ਨੂੰ ਬਾਹਰ ਧੂਹ ਕੇ ਕੁੱਟ ਦਿੱਤਾ। ਇਸ ਮਗਰੋਂ ਸ਼ਰਧਾਲੂ ਟਰੱਕ ਡਰਾਈਵਰ ਦੇ ਬਚਾਅ ਲਈ ਆਏ। ਜਦੋਂ ਤਲਖ਼ੀ ਵਧ ਗਈ ਤਾਂ ਭੀੜ ਨੇ ਸਿੱਖਾਂ 'ਤੇ ਪਥਰਾਅ ਕਰ ਦਿੱਤਾ ਜਿਸ 'ਚ ਕਈ ਲੋਕ ਜ਼ਖਮੀ ਹੋ ਗਏ। ਇਕ ਸ਼ਰਧਾਲੂ ਨੇ ਦੱਸਿਆ ਕਿ ਟਰੱਕ 'ਚ 58 ਵਿਅਕਤੀ ਸਵਾਰ ਸਨ। ਇਕ ਹੋਰ ਨੇ ਕਿਹਾ ਕਿ ਜਦੋਂ ਜਬਰੀ ਵਸੂਲੀ ਤੋਂ ਇਨਕਾਰ ਕੀਤਾ ਗਿਆ ਤਾਂ ਭੀੜ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਅਤੇ ਛੇ ਤੋਂ ਸੱਤ ਸ਼ਰਧਾਲੂ ਜ਼ਖਮੀ ਹੋਏ ਹਨ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਘਟਨਾ ਦੀ ਸਖਤ ਨਿੰਦਾ ਕੀਤੀ ਹੈ।

## ਸੰਯੁਕਤ ਸਮਾਜ ਮੋਰਚਾ ਤੇ ਚੜੂਨੀ ਧੜਾ ਇਕੱਠੇ ਹੋਏ

**ਪਟਿਆਲਾ:** ਸੰਯੁਕਤ ਕਿਸਾਨ ਮੋਰਚੇ ਵਿਚੋਂ ਬਾਹਰ ਆ ਕੇ ਚੋਣ ਪਿੜ 'ਚ ਆਏ ਸੰਯੁਕਤ ਸਮਾਜ ਮੋਰਚੇ ਅਤੇ ਗੁਰਨਾਮ ਸਿੰਘ ਚੜੂਨੀ ਦੀ ਅਗਵਾਈ ਹੇਠਲੀ ਸੰਯੁਕਤ ਸੰਘਰਸ਼ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ ਰਲ ਕੇ ਲੜੀਆਂ ਜਾਣਗੀਆਂ। ਸੰਯੁਕਤ ਕਿਸਾਨ ਮੋਰਚੇ ਦੇ ਮੁਖੀ ਬਲਬੀਰ ਸਿੰਘ ਰਾਜੇਵਾਲ ਨੇ ਐਲਾਨ ਕੀਤਾ ਕਿ ਚੜੂਨੀ ਦੀ ਪਾਰਟੀ ਲਈ ਦਸ ਸੀਟਾਂ ਛੱਡੀਆਂ ਜਾਣਗੀਆਂ। ਉਨ੍ਹਾਂ ਹਲਕਾ ਘਨੌਰ ਤੋਂ ਮੋਰਚੇ ਦੇ ਉਮੀਦਵਾਰ ਪ੍ਰੇਮ ਸਿੰਘ ਭੰਗੂ ਦੇ ਚੋਣ ਦਫਤਰ ਦਾ ਉਦਘਾਟਨ ਵੀ ਕੀਤਾ।

ਰਾਜੇਵਾਲ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਪੰਜਾਬ ਵਾਸੀਆਂ, ਖਾਸ ਕਰਕੇ ਨੌਜਵਾਨਾਂ ਦਾ ਕਈ ਪੱਖਾਂ ਤੋਂ ਨੁਕਸਾਨ ਕੀਤਾ ਹੈ ਜਿਸ ਕਰਕੇ ਹੀ ਕਿਸਾਨਾਂ ਨੂੰ ਚੋਣ ਪਿੜ 'ਚ ਉਤਰਨਾ ਪਿਆ ਹੈ। ਕਿਸਾਨ ਮੋਰਚੇ ਵੱਲੋਂ ਚੋਣਾਂ ਲੜਨ ਵਾਲੀਆਂ ਜਥੇਬੰਦੀਆਂ ਨਾਲੋਂ ਤੋੜ ਵਿਛੋੜਾ ਕੀਤੇ ਜਾਣ ਸਬੰਧੀ ਐਲਾਨ ਬਾਰੇ ਪੁੱਛੇ ਜਾਣ 'ਤੇ ਰਾਜੇਵਾਲ ਦਾ ਕਹਿਣਾ ਸੀ ਕਿ 22 ਜਥੇਬੰਦੀਆਂ ਨੂੰ 10 ਜਥੇਬੰਦੀਆਂ ਕਿਵੇਂ ਵੱਖ ਕਰ ਸਕਦੀਆਂ ਹਨ।

## ਮੁਲਤਾਨੀ 'ਤੇ ਰੱਖਿਆ 10 ਲੱਖ ਦਾ ਇਨਾਮ

**ਮੁਹਾਲੀ:** ਕੌਮੀ ਜਾਂਚ ਏਜੰਸੀ ਐਨ.ਆਈ.ਏ. ਵੱਲੋਂ ਵਿਦੇਸ਼ ਵਿਚ ਬੈਠੇ ਸਿੱਖਸ ਫਾਰ ਜਸਟਿਸ ਦੇ ਸੰਚਾਲਕ ਜਸਵਿੰਦਰ ਸਿੰਘ ਮੁਲਤਾਨੀ 'ਤੇ 10 ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਹੈ।. ਐਨ.ਆਈ.ਏ. ਮੁਤਾਬਕ ਜਸਵਿੰਦਰ ਸਿੰਘ ਮੁਲਤਾਨੀ ਬਾਰੇ ਜਾਣਕਾਰੀ ਦੇਣ ਵਾਲੇ ਨੂੰ ਨਕਦ 10 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ ਅਤੇ ਸੂਚਨਾ ਦੇਣ ਵਾਲੇ ਦਾ ਨਾਂ ਗੁਪਤ ਰੱਖਿਆ ਜਾਵੇਗਾ। ਐੱਨ.ਆਈ.ਏ. ਮੁਤਾਬਕ ਮੁਲਤਾਨੀ ਮੁੰਬਈ ਅਤੇ ਹੋਰਨਾਂ ਅਤਿਵਾਦੀ ਹਮਲਿਆਂ ਨੂੰ ਅੰਜਾਮ ਦੇਣ ਅਤੇ ਆਈ.ਐਸ.ਆਈ. ਦੇ ਨਾਲ ਮਿਲ ਕੇ ਸਾਜ਼ਿਸ਼ ਰਚਣ ਦੇ ਮਾਮਲੇ 'ਚ ਜਾਂਚ ਏਜੰਸੀਆਂ ਨੂੰ ਲੋੜੀਂਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਦੋ ਕੈਦੀਆਂ ਨੂੰ ਜ਼ਹਿਰੀਲਾ ਟੀਕਾ ਲਾ ਕੇ ਦਿੱਤੀ ਜਾਵੇਗੀ ਮੌਤ

ਸੈਕਰਾਮੈਂਟੋ: ਇਕ ਸੰਘੀ ਅਦਾਲਤ ਵੱਲੋਂ ਜ਼ਹਿਰੀਲਾ ਟੀਕਾ ਲਾ ਕੇ ਮੌਤ ਦੀ ਸਜ਼ਾ ਉਪਰ ਅਮਲ ਕਰਨ ਦੀ ਬਜਾਏ 'ਫਾਇਰਿੰਗ ਸਕੁਐਡ' ਦੁਆਰਾ ਗੋਲੀਆਂ ਮਾਰ ਕੇ ਮਾਰ ਦੇਣ ਦੀ ਅਪੀਲ ਰੱਦ ਕਰ ਦੇਣ ਉਪਰੰਤ ਵੱਖ ਵੱਖ ਦੋਸ਼ਾਂ ਤਹਿਤ ਦੋ ਕੈਦੀਆਂ ਨੂੰ ਦਿੱਤੀ ਗਈ ਮੌਤ ਦੀ ਸਜ਼ਾ ਉਪਰ ਅਮਲ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ। ਇਸ ਫੈਸਲੇ ਉਪਰੰਤ ਡੋਨਲਡ ਗਰਾਂਟ ਨੂੰ 26 ਜਨਵਰੀ ਤੇ ਗਿਲਬਰਟ ਪੋਸਟਲ ਨੂੰ 17 ਫਰਵਰੀ ਨੂੰ ਜ਼ਹਿਰੀਲਾ ਟੀਕਾ ਲਾ ਕੇ ਸਦਾ ਦੀ ਨੀਂਦ ਸਵਾ ਦਿੱਤਾ ਜਾਵੇਗਾ। ਜੱਜ ਸਟੀਫਨ ਫਰੀਆਟ ਨੇ ਕਿਹਾ ਹੈ ਕਿ ਦੋਸ਼ੀਆਂ ਦੇ ਵਕੀਲ ਇਹ ਸਾਬਤ ਕਰਨ ਵਿਚ ਨਾਕਾਮ ਰਹੇ ਹਨ ਕਿ ਜ਼ਹਿਰੀਲਾ ਟੀਕਾ ਲਾਉਣ ਨਾਲ ਵਿਅਕਤੀ ਦਾ ਅੰਤ ਬਹੁਤ ਦੁੱਖਾਂ ਭਰਿਆ ਹੁੰਦਾ ਹੈ ਹਾਲਾਂਕਿ ਓਕਲਾਹੋਮਾ ਵਿਚ ਬੀਤੇ ਵਿਚ ਵੀ ਜ਼ਹਿਰੀਲਾ ਟੀਕਾ ਲਾ ਕੇ ਮੌਤ ਦੀ ਸਜ਼ਾ ਉਪਰ ਅਮਲ ਹੁੰਦਾ ਰਿਹਾ ਹੈ। ਸੰਘੀ ਅਦਾਲਤ ਦੇ ਇਸ ਫੈਸਲੇ ਨੂੰ ਦੋਸ਼ੀਆਂ ਦੇ ਵਕੀਲਾਂ ਨੇ 'ਟੈਨਥ ਸਰਕਟ ਕੋਰਟ ਆਫ ਅਪੀਲ' ਵਿਚ ਚੁਣੌਤੀ ਦਿੱਤੀ ਹੈ। ਵਕੀਲ ਜੈਨੀਫਰ ਮੋਰੈਨੋ ਨੇ ਕਿਹਾ ਹੈ ਕਿ ਮੌਤ ਦੀ ਸਜ਼ਾ ਉਪਰ ਇਸ ਸਮੇਂ ਅਮਲ ਕਰਨ ਲਈ ਕੋਈ ਸਿਧਾਂਤਕ ਆਧਾਰ ਮੌਜੂਦ ਨਹੀਂ ਹੈ ਤੇ ਮੌਤ ਦੀ ਸਜ਼ਾ ਨੂੰ ਕੁਝ ਸਮੇਂ ਲਈ ਰੋਕ ਦੇਣਾ ਹੀ ਦੂਰਦਰਸ਼ੀ ਵਾਲਾ ਫੈਸਲਾ ਹੋਵੇਗਾ। ਦੂਸਰੇ ਪਾਸੇ ਜ਼ਹਿਰੀਲਾ ਟੀਕਾ ਲਾ ਕੇ ਮੌਤ ਦੀ ਸਜ਼ਾ ਉਪਰ ਅਮਲ ਕਰਨ 'ਤੇ ਜ਼ੋਰ ਦੇ ਰਹੇ ਵਕੀਲਾਂ ਦਾ ਕਹਿਣਾ ਹੈ ਕਿ 'ਫਾਇਰਿੰਗ ਸਕੁਐਡ' ਰਾਹੀਂ ਜਾਂ ਹੋਰ ਕਿਸੇ ਢੰਗ ਰਾਹੀਂ ਮੌਤ ਦੇਣ ਸਬੰਧੀ ਅਪੀਲ ਦਾ ਮਕਸਦ ਦੋਸ਼ੀਆਂ ਦੀ ਫਾਂਸੀ ਨੂੰ ਅੱਗੇ ਪਾਉਣ ਤੋਂ ਬਿਨਾਂ ਹੋਰ ਕੁਝ ਨਹੀਂ ਹੈ।



*ਡੋਨਲਡ ਗਰਾਂਟ ਤੇ ਗਿਲਬਰਟ ਪੋਸਟਲ ਦੀਆਂ ਫਾਈਲ ਤਸਵੀਰਾਂ*

# ਕੁਕ ਕਾਊਂਟੀ ਦੀ ਟਰੈਜ਼ਰਰ ਵਲੋਂ 'ਪੰਜਾਬ ਟਾਈਮਜ਼' ਦੀ 22ਵੀਂ ਵਰ੍ਹੇਗੰਢ 'ਤੇ ਪਾਠਕਾਂ ਨੂੰ ਵਧਾਈ

**ਸ਼ਿਕਾਗੋ:** ਕੁੱਕ ਕਾਊਂਟੀ ਦੀ ਟਰੈਜ਼ਰਰ (ਖਜ਼ਾਨਚੀ) ਮਾਰੀਆ ਪਪਾਸ ਨੇ 'ਪੰਜਾਬ ਟਾਈਮਜ਼' ਦੀ 22ਵੀਂ ਵਰੇਗੰਢ 'ਤੇ ਵਧਾਈ ਦਿੱਤੀ ਹੈ। 'ਪੰਜਾਬ ਟਾਈਮਜ਼' ਵੱਲੋਂ ਪੰਜਾਬੀ ਪੱਤਰਕਾਰੀ ਅਤੇ ਪੰਜਾਬੀ ਭਾਈਚਾਰੇ ਲਈ ਪਾਏ ਨਿੱਗਰ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਭੇਜੇ ਗਏ ਵਿਸ਼ੇਸ਼ ਪੱਤਰ ਵਿਚ ਮਾਰੀਆ ਪਪਾਸ ਨੇ ਲਿਖਿਆ ਹੈ ਕਿ 'ਪੰਜਾਬ ਟਾਈਮਜ਼' ਪਾਠਕਾਂ ਲਈ ਬੜਾ ਮਹੱਤਵਪੂਰਨ ਅਖਬਾਰ ਹੈ, ਜਿਸ ਨੇ ਭਾਈਚਾਰੇ ਨਾਲ ਸਬੰਧਤ ਜਾਣਕਾਰੀ ਇਕ-ਦੂਜੇ ਤੱਕ ਪਹੁੰਚਾਉਣ ਅਤੇ ਉਸ ਨੂੰ ਚੇਤਨ ਕਰਨ ਵਿਚ ਵੱਡਾ ਯੋਗਦਾਨ ਪਾਇਆ ਹੈ। ਸਮੁੱਚੇ ਸੰਸਾਰ ਵਿਚ ਵਿਚਰਦੇ ਲੋਕਾਂ ਨੂੰ ਵੱਖ-ਵੱਖ ਵਿਚਾਰਾਂ, ਸਵਾਲਾਂ ਅਤੇ ਜਵਾਬਾਂ ਦੀ ਬਹੁਤ ਤਲਬ ਹੁੰਦੀ ਹੈ ਅਤੇ 'ਪੰਜਾਬ ਟਾਈਮਜ਼' ਪੰਜਾਬੀ ਭਾਈਚਾਰੇ ਨਾਲ ਜੁੜੇ ਲੋਕਾਂ ਦੀ ਇਹ ਤਲਬ ਬਹੁਤ ਸ਼ਾਨ ਨਾਲ ਪੂਰੀ ਕਰ ਰਿਹਾ ਹੈ।

ਟਰੈਜ਼ਰਰ ਮਾਰੀਆ ਪਪਾਸ ਨੇ ਆਪਣੇ ਪੱਤਰ ਵਿਚ ਬਾਕਾਇਦਾ ਜ਼ਿਕਰ ਕੀਤਾ ਹੈ ਕਿ 'ਪੰਜਾਬ ਟਾਈਮਜ਼' ਨੂੰ ਪੰਜਾਬੀ ਭਾਈਚਾਰੇ ਤੱਕ ਪੁੱਜਦਾ ਕਰਨ ਦਾ ਮਿਸ਼ਨ ਬਹੁਤ ਵੱਡਾ ਹੈ ਅਤੇ ਅਦਾਰੇ ਦੀ ਸਮੁੱਚੀ ਟੀਮ ਨੇ ਇਸ ਮਿਸ਼ਨ ਨੂੰ ਨੌਕਰੀ ਨਾ ਸਮਝ ਕੇ ਸਗੋਂ ਲੋਕਾਂ ਦੀ ਸੇਵਾ ਦੇ ਲੇਖੇ ਲਾਇਆ ਹੈ।

ਯਾਦ ਰਹੇ ਕਿ ਮਰਹੂਮ ਸ. ਅਮੋਲਕ ਸਿੰਘ ਜੰਮੂ ਨੇ ਹਫਤਾਵਾਰੀ 'ਪੰਜਾਬ ਟਾਈਮਜ਼' ਦਾ ਪ੍ਰਕਾਸ਼ਨ ਸਾਲ 2000 ਵਿਚ ਸ਼ੁਰੂ ਕੀਤਾ ਸੀ। ਆਪਣੇ ਮਿਆਰ ਅਤੇ ਪਹੁੰਚ ਦੇ ਪੱਖ ਤੋਂ ਛੇਤੀ ਹੀ 'ਪੰਜਾਬ ਟਾਈਮਜ਼' ਨੇ ਅਮਰੀਕਾ ਅਤੇ ਉਤਰੀ ਅਮਰੀਕਾ ਵਿਚ ਵੱਸਦੇ ਪੰਜਾਬੀ ਭਾਈਚਾਰੇ ਵਿਚ ਆਪਣੀ ਵੱਖਰੀ ਅਤੇ ਨਿਆਰੀ ਪਛਾਣ ਬਣਾ ਲਈ। ਹੁਣ ਤਾਂ ਇਹ ਹਫਤਾਵਾਰੀ ਪੰਜਾਬ ਵਿਚ ਵੀ ਓਨੇ ਹੀ ਚਾਅ ਨਾਲ ਪੜ੍ਹਿਆ ਜਾਣ ਲੱਗ ਪਿਆ ਹੈ। ਇਹ ਸਫਰ ਭਾਵੇਂ ਸੁਖਾਲਾ ਨਹੀਂ ਸੀ ਪਰ ਸ. ਅਮੋਲਕ ਸਿੰਘ ਜੰਮੂ ਨੇ ਬਹੁਤ ਸਾਰੀਆਂ ਔਕੜਾਂ ਦੇ ਬਾਵਜੂਦ ਪੂਰੇ ਸਿਰੜ ਅਤੇ ਸਿਦਕ ਨਾਲ ਇਹ ਸਫਰ ਜਾਰੀ ਰੱਖਿਆ ਅਤੇ ਅਖਬਾਰ ਨੂੰ ਬੁਲੰਦੀਆਂ 'ਤੇ ਪਹੁੰਚਾਇਆ।



January 10, 2022

Mr. Amolak Singh Jammu
Editor-Publisher
Punjab Times
20451 N. Plum Grove Rd
Palatine, IL 60074-2018

Dear Amolak:

Congratulations for the 22nd anniversary of "Punjab Times," a vital newspaper for readers who want to know their community.

We all are hungry for news about the events, history, thoughts, dilemmas and answers that make up our world. The Punjab Times gives its readers all those and more – a sense of partnership with others. Your work is not a job but a mission.

The best to you as you take your readers with you on your mission.

Sincerely,

Maria

Maria Pappas
Cook County Treasurer

'ਪੰਜਾਬ ਟਾਈਮਜ਼' ਨੇ ਪਿਛਲੇ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਮਿਆਰੀ ਖਬਰਾਂ, ਵੰਨ-ਸਵੰਨੇ ਲੇਖਾਂ ਅਤੇ ਹੋਰ ਮਨੋਰੰਜਨ ਭਰਪੂਰ ਸਮੱਗਰੀ ਤੋਂ ਇਲਾਵਾ ਪੰਜਾਬ ਨਾਲ ਜੁੜੇ ਚਲੰਤ ਮਾਮਲਿਆਂ 'ਤੇ ਬਹਿਸ ਦਾ ਪਿੜ ਵੀ ਭਖਾਈ ਰੱਖਿਆ ਹੈ। ਗੁਰਬਾਣੀ ਦੀ ਸੇਧ 'ਕਿਛੁ ਸੁਣੀਐ ਕਿਛੁ ਕਹੀਐ' ਵਾਲੇ ਫਰਮਾਨ ਅਨੁਸਾਰ ਵੱਖ-ਵੱਖ ਧਾਰਾਵਾਂ ਨਾਲ ਜੁੜੇ ਵਿਦਵਾਨਾਂ ਅਤੇ ਪਾਠਕਾਂ ਨੂੰ ਆਪੋ-ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰਨ ਦਾ ਵੱਡਾ ਮੰਚ ਮੁਹੱਈਆ ਕਰਵਾਇਆ। ਇਸ ਤਰ੍ਹਾਂ ਦੀ ਮਿਸਾਲ ਕਿਧਰੇ ਘੱਟ ਹੀ ਮਿਲਦੀ ਹੈ। ਇਸੇ ਕਰਕੇ ਇਸ ਅਖਬਾਰ ਨੇ ਪੰਜਾਬੀ ਪਾਠਕਾਂ ਦੇ ਦਿਲਾਂ ਅੰਦਰ ਨਿਵੇਕਲੀ ਥਾਂ ਬਣਾਈ ਹੈ; ਇਹੀ ਕਾਰਨ ਹੈ ਕਿ ਇਹ ਅਖਬਾਰ ਅੱਜ ਹਰ ਉਮਰ ਅਤੇ ਹਰ ਵਰਗ ਦਾ ਪਸੰਦੀਦਾ ਅਖਬਾਰ ਹੈ। ਕਰੋਨਾ ਮਹਾਮਾਰੀ ਕਾਰਨ ਭਾਵੇਂ ਅਖਬਾਰ ਨੂੰ ਕਈ ਪ੍ਰਕਾਰ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਰ ਪਾਠਕਾਂ ਦੇ ਪਿਆਰ ਸਦਕਾ ਇਹ ਨਿਰਵਿਘਨ ਜਾਰੀ ਹੈ। 'ਪੰਜਾਬ ਟਾਈਮਜ਼ ਦੀ 22ਵੀਂ ਵਰ੍ਹੇਗੰਢ 'ਤੇ ਪਾਠਕਾਂ ਨੂੰ ਬਹੁਤ ਬਹੁਤ ਵਧਾਈ ਤੇ ਅਸੀਂ ਆਸ ਕਰਦੇ ਹਾਂ ਕਿ ਬੀਤੇ ਵਰ੍ਹਿਆਂ ਵਾਂਗ ਅਗਾਂਹ ਵੀ 'ਪੰਜਾਬ ਟਾਈਮਜ਼' ਨੂੰ ਭਰਪੂਰ ਸਹਿਯੋਗ ਮਿਲਦਾ ਰਹੇਗਾ ਅਤੇ 'ਪੰਜਾਬ ਟਾਈਮਜ਼' ਉਨ੍ਹਾਂ ਦੀ ਆਵਾਜ਼ ਬੁਲੰਦ ਕਰਦਾ ਰਹੇਗਾ।


Singh Tax & Accounting Services LLC.

Individual & Business Taxes, Accounting, Payroll & Financial Consulting Services.

Services: Individual & Small Businesses Tax Filing, Tax Planning, Set up of new Businesses, IRS Audit representation & Amended Tax Returns

ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

Ph: 248-982-2036



Mohan Singh
Master in Taxation.
IRS Enrolled agent,
Notary Public

Office Locations
Michigan:
36167 Ford Rd.Westland, MI 48185
Minnesota:
6043 Hudson Rd, Suite#399A
Woodbury, Minnesota 55125

Email : jhand_mohan@yahoo.com; www.SinghTaxServices.com

SERVING WISCONSIN & ILLINOIS STATE

BUYING SELLING RENTING OR INVESTING

SELLING: Best Marketing Tools, Affordable Listing Commission

BUYING: Buy A Home Through Us & Get $1000-$10000 Closing Cost Credit (Some Condition Apply)

Also Get Free Home Inspection & Attorney Service



JESSE SINGH
Ph: 847-606-3664

E-Mail: J.SINGH@REMAX.COM,
WEBSITE: JSINGH.REMAX.COM
REMAX SHOWCASE, LONG GROVE, IL 60060

RE/MAX

ਖੁੱਲ੍ਹ ਗਿਆ ਹੈ! ਖੁੱਲ੍ਹ ਗਿਆ ਹੈ!! ਖੁੱਲ੍ਹ ਗਿਆ ਹੈ!!!

Brownsburg
Primary Care & Wellness

640 Patrick place, Suite B, Brownsburg, IN 46112
Contact: (317)456-0411



Rosie Sandhu, MSN, NP-C
Co-Founder & Owner
Website: harmonyprimarycare.com

ਤੁਹਾਡੀ ਸਿਹਤ ਤੇ ਸੁੰਦਰਤਾ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇੱਥੇ ਉਪਲੱਬਧ ਹਨ

SERVICES:

ਪ੍ਰਾਇਮਰੀ ਕੇਅਰ /ਸਾਲਾਨਾ ਮੈਡੀਕਲ ਚੈਕਅੱਪ
ਡੀ.ਓ.ਟੀ.
ਪਰੀ ਇੰਪਲਾਈਮੈਂਟ ਫਿਜ਼ੀਕਲ
ਹਾਈ ਸਕੂਲ ਸਪੋਰਟ ਫਿਜ਼ੀਕਲ
ਮੈਡੀਕਲ ਸਪਾ ਸੇਵਾਵਾਂ

BOTOX
Dermal filler
Micro-Needling
Kybella
Lip Blushing
Immune Boost Injections

Derma Plane
Skin Medica Chemical Peels
PRP Micro Needling
B12 Injections
Vitamin D Injections
Lipi-Mino Injections



Kamna Agarwal, OTC & Certified Yoga Instructor
Co-Founder & Owner

We also offer a variety of Yoga classes including Bikram Style Yoga.

Serving Indian American community in Hendricks County and all surrounding counties in Indiana. Our aim is to bring a unique concept of primary care, aesthetics, yoga, and wellness under one roof.

We will soon be launching laser treatments, acupuncture, and Ayurvedic supplements!

Hours: Open Tuesday-Friday 8 am to 4pm
Saturday 11:30 am to 3:30 pm

# ਬੰਦੀ ਸਿੰਘਾਂ ਦੀ ਰਿਹਾਈ ਲਈ ਕੇਂਦਰ ਤੱਕ ਪਹੁੰਚ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਪਾਰਟੀ ਆਗੂਆਂ ਦੇ ਇਕ ਵਫਦ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰ ਕੇ ਪੰਥਕ ਤੇ ਪੰਜਾਬ ਦੀਆਂ ਚਿਰੋਕਣੀਆਂ ਮੰਗਾਂ ਬਾਰੇ ਚਰਚਾ ਕੀਤੀ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵੱਲੋਂ ਸੌਂਪੇ ਗਏ ਮੰਗ ਪੱਤਰ 'ਤੇ ਅਮਿਤ ਸ਼ਾਹ ਨੇ ਵਫਦ ਨੂੰ ਮੰਗਾਂ ਮੰਨਣ ਦਾ ਭਰੋਸਾ ਦਿੱਤਾ। ਮੀਟਿੰਗ ਵਿਚ ਭਾਜਪਾ ਦੇ ਆਗੂ ਤੇ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਵੀ ਮੌਜੂਦ ਸਨ।

ਮੀਟਿੰਗ ਬਾਰੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਦੱਸਿਆ ਕਿ ਪਾਰਟੀ ਆਗੂਆਂ ਨੇ ਮੁਲਾਕਾਤ ਦੌਰਾਨ ਗ੍ਰਹਿ ਮੰਤਰੀ ਕੋਲ ਜੇਲ੍ਹਾਂ ਵਿਚ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਚੁੱਕਿਆ। ਉਨ੍ਹਾਂ ਦੱਸਿਆ ਕਿ ਅਮਿਤ ਸ਼ਾਹ ਨੂੰ ਕੁੱਲ 20 ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਸੂਚੀ ਸੌਂਪੀ ਗਈ ਹੈ, ਜਿਸ 'ਤੇ ਕੇਂਦਰੀ ਗ੍ਰਹਿ ਮੰਤਰੀ ਨੇ ਕਾਨੂੰਨ ਦੇ ਦਾਇਰੇ ਵਿਚ ਰਹਿੰਦਿਆਂ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਇਲਾਵਾ ਪਾਰਟੀ ਨੇ ਪੰਜਾਬ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਕਰਜ਼ਾ ਮੁਆਫੀ, ਆਰਥਕ ਪੈਕੇਜ ਦੇਣ ਦੀ ਮੰਗ ਵੀ ਕੀਤੀ।

ਸ੍ਰੀ ਸੁਖਦੇਵ ਸਿੰਘ ਢੀਂਡਸਾ ਨੇ ਦੱਸਿਆ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਜੰਮੂ ਕਸ਼ਮੀਰ ਦੀ ਤਰਜ਼ 'ਤੇ ਪੈਕੇਜ ਦੇਣ ਦੀ ਮੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਗ੍ਰਹਿ ਮੰਤਰੀ ਨੇ ਉਪਰੋਕਤ ਮੰਗਾਂ ਨੂੰ ਵਿਚਾਰਨ ਉਪਰੰਤ ਹੱਲ ਕੱਢਣ ਦਾ ਭਰੋਸਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਥਕ ਮਸਲਿਆਂ ਦਾ ਹੱਲ ਕੱਢੇ ਜਿਸ ਲਈ ਸ਼੍ਰੋਮਣੀ ਅਕਾਲੀ ਦਲ ਲੰਬੇ ਸਮੇਂ ਤੋਂ ਸੰਘਰਸ਼ ਕਰ ਰਿਹਾ ਹੈ। ਇਨ੍ਹਾਂ ਮਸਲਿਆਂ ਵਿਚ ਵਿਸ਼ੇਸ਼ ਤੌਰ 'ਤੇ ਬੰਦੀ ਸਿੰਘਾਂ ਦੀ ਰਿਹਾਈ ਸਭ ਤੋਂ ਵੱਡੀ ਮੰਗ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਕੇਂਦਰ ਤੇ ਪੰਜਾਬ ਵਿਚ ਸਿੱਖਾਂ ਅਤੇ ਸੂਬੇ ਦਾ ਜੋ ਨੁਕਸਾਨ ਕੀਤਾ ਹੈ, ਉਹ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਹੈ।

## ਪੰਥਕ ਮਸਲਿਆਂ ਦੇ ਹੱਲ ਲਈ ਭਾਜਪਾ ਨਾਲ ਸਾਂਝ ਬਣੀ: ਢੀਂਡਸਾ

**ਚੰਡੀਗੜ੍ਹ:** ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਅਕਾਲੀ ਦਲ (ਸੰਯੁਕਤ) ਪੰਥਕ ਪਾਰਟੀ ਹੈ ਜੋ ਪੰਥ ਦੇ ਮਸਲਿਆਂ ਦੀ ਪੈਰਵਾਈ ਕਰਦੀ ਰਹੇਗੀ। ਪੰਜਾਬ ਕਰਜ਼ੇ ਦੇ ਭਾਰ ਕਾਰਨ ਇਸ ਵੇਲੇ ਡੂੰਘੇ ਸੰਕਟ ਵਿਚੋਂ ਲੰਘ ਰਿਹਾ ਹੈ। ਸ੍ਰੀ ਢੀਂਡਸਾ ਕਿਹਾ ਕਿ ਜੇ ਇਹ ਵੇਲਾ ਨਾ ਸੰਭਾਲਿਆ ਤਾਂ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਨੂੰ ਕਦੇ ਮੁਆਫ ਨਹੀਂ ਕਰਨਗੀਆਂ। ਉਨ੍ਹਾਂ ਕਿਹਾ ਕਿ ਪੰਥ ਤੇ ਪੰਜਾਬ ਦੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਬਣੀ ਹੈ।

## 'ਭੁੱਲਰ ਦੇ ਰਿਹਾਈ ਮਤੇ ਨੂੰ ਦਿੱਲੀ ਸਰਕਾਰ ਨੇ ਠੁਕਰਾਇਆ'

**ਨਵੀਂ ਦਿੱਲੀ:** ਸਿਆਸੀ ਸਿੱਖ ਕੈਦੀ ਰਿਹਾਈ ਮੋਰਚਾ (ਦਿੱਲੀ) ਦੇ ਆਗੂਆਂ ਨੇ ਦੱਸਿਆ ਕਿ ਦਿੱਲੀ ਸਰਕਾਰ ਨੇ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਨੂੰ ਸਜ਼ਾ ਸਮੀਖਿਆ ਬੋਰਡ ਦੀ ਮੀਟਿੰਗ ਦੌਰਾਨ 11 ਦਸੰਬਰ 2020 ਨੂੰ ਖਾਰਜ ਕਰ ਦਿੱਤਾ ਸੀ। ਰਿਹਾਈ ਮੋਰਚੇ ਨੇ ਦੱਸਿਆ ਕਿ ਦਿੱਲੀ ਸਕੱਤਰੇਤ ਵਿਚ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਉਕਤ ਫੈਸਲਾ 11 ਦਸੰਬਰ 2020 ਨੂੰ ਹੋਇਆ ਸੀ। ਰਿਹਾਈ ਮੋਰਚੇ ਆਗੂਆਂ ਨੇ ਕਿਹਾ ਕਿ ਇਕ ਪਾਸੇ ਕੇਂਦਰ ਸਰਕਾਰ ਭਾਈ ਭੁੱਲਰ ਦੀ ਰਿਹਾਈ ਲਈ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਅਕਤੂਬਰ 2019 'ਚ ਨੋਟੀਫਿਕੇਸ਼ਨ ਜਾਰੀ ਕਰਦੀ ਹੈ, ਪਰ ਦਸੰਬਰ 2019 'ਚ ਦਿੱਲੀ ਸਰਕਾਰ ਇਸ ਰਿਹਾਈ ਮਤੇ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ ਭਾਈ ਭੁੱਲਰ ਨੂੰ ਰਾਸ਼ਟਰ ਵਿਰੋਧੀ ਅਤਿਵਾਦੀ ਗਰਦਾਨਦੇ ਹੋਏ ਸਮੇਂ ਤੋਂ ਪਹਿਲਾਂ ਉਨ੍ਹਾਂ ਦੀ ਰਿਹਾਈ ਦੇ ਮਤੇ ਨੂੰ ਰੱਦ ਕਰ ਦਿੰਦੀ ਹੈ।

## ਗੁਰਬਾਣੀ ਨਾਲ ਛੇੜਛਾੜ ਮਾਮਲੇ 'ਚ ਪੁਲਿਸ ਕੋਲ ਸ਼ਿਕਾਇਤ

**ਅੰਮ੍ਰਿਤਸਰ:** ਰਾਜਸਥਾਨ ਨਾਲ ਸਬੰਧਤ ਇਕ ਵਿਅਕਤੀ ਵੱਲੋਂ ਸੋਸ਼ਲ ਮੀਡੀਆ 'ਤੇ ਗੁਰਬਾਣੀ ਦੀਆਂ ਪਾਵਨ ਤੁਕਾਂ ਨਾਲ ਛੇੜ-ਛਾੜ ਕਰਦਿਆਂ ਕੁਝ ਸ਼ਬਦ ਬਦਲਣ ਅਤੇ ਗੁਰੂ ਸਾਹਿਬ ਦੀ ਥਾਂ ਆਪਣਾ ਨਾਂ ਵਰਤਣ ਦੀ ਸਖਤ ਨਿੰਦਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਥਾਨਕ ਪੁਲਿਸ ਕਮਿਸ਼ਨਰ ਕੋਲ ਉਕਤ ਵਿਅਕਤੀ ਖਿਲਾਫ ਸ਼ਿਕਾਇਤ ਦਿੱਤੀ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਮੁਲਜ਼ਮ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਇਹ ਕਾਰਵਾਈ 'ਸਵਾਮੀ ਬ੍ਰਹਮਦੇਵ ਜੀ ਮਹਾਰਾਜ ਗੰਗਾਨਗਰ ਵਾਲੇ' ਨਾਂ ਦੇ ਫੇਸਬੁੱਕ ਖਾਤੇ 'ਤੇ ਸਾਹਮਣੇ ਆਈ ਹੈ, ਜਿਸ ਨਾਲ ਸਿੱਖ ਜਗਤ ਅੰਦਰ ਰੋਸ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਦਾ ਨਿਰਾਦਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਤੇ ਕਿਸੇ ਨੂੰ ਗੁਰਬਾਣੀ ਨਾਲ ਛੇੜ-ਛਾੜ ਕਰਨ ਦਾ ਹੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਦੇ ਸ੍ਰੀ ਗੰਗਾਨਗਰ ਨਾਲ ਸਬੰਧ ਰੱਖਦੇ ਇਕ ਵਿਅਕਤੀ ਨੇ ਫੇਸਬੁੱਕ 'ਤੇ ਪੋਸਟ ਪਾ ਕੇ ਗੁਰਬਾਣੀ ਨੂੰ ਆਪਣੇ ਢੰਗ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਭੇਜ ਕੇ ਸਬੰਧਤ ਵਿਅਕਤੀ ਖਿਲਾਫ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਰਜ ਕਰਕੇ ਕਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਸਿੱਖ ਸਿਧਾਂਤਾਂ ਨਾਲ ਛੇੜ-ਛਾੜ ਕਰਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ।

# ਸਾਹਿਬਜ਼ਾਦਿਆਂ ਦਾ ਕਿਰਦਾਰ ਨਿਭਾਉਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਵੀਰ ਬਾਲ ਦਿਵਸ ਦੇ ਐਲਾਨ ਨੂੰ ਅਮਲੀ ਜਾਮਾ ਪਹਿਨਾਉਣ ਤੋਂ ਪਹਿਲਾਂ ਹੀ ਗੁਜਰਾਤ ਦੇ ਸ਼ਹਿਰ ਅਹਿਮਦਾਬਾਦ ਦੇ ਇਕ ਸਕੂਲ ਵੱਲੋਂ ਕਰਵਾਏ ਗਏ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਤੋਂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦਾ ਰੋਲ ਕਰਵਾਉਣ ਦਾ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਹੈ। ਜਿਸ ਦਾ ਪਤਾ ਲੱਗਣ ਮਗਰੋਂ ਸ਼੍ਰੋਮਣੀ ਕਮੇਟੀ ਨੇ ਇਸ ਦਾ ਸਖਤ ਨੋਟਿਸ ਲਿਆ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਧਰਮ ਪ੍ਰਚਾਰ ਕਮੇਟੀ ਨੂੰ ਇਸ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਸਨ, ਜਿਸ ਦੇ ਆਧਾਰ 'ਤੇ ਕਮੇਟੀ ਨੇ ਆਪਣੇ ਅਧੀਨ ਚੱਲਦੇ ਸਿੱਖ ਮਿਸ਼ਨ ਗੁਜਰਾਤ ਦੇ ਪ੍ਰਚਾਰਕਾਂ ਰਾਹੀਂ ਸਬੰਧਤ ਸਕੂਲ ਕੋਲੋਂ ਜਵਾਬ-ਤਲਬੀ ਕੀਤੀ। ਇਸ ਮਗਰੋਂ ਸਕੂਲ ਦੇ ਪ੍ਰਬੰਧਕਾਂ ਨੇ ਲਿਖਤੀ ਤੌਰ 'ਤੇ ਮੁਆਫੀ ਮੰਗ ਲਈ ਹੈ। ਸਕੂਲ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਇਹ ਵੀਡੀਓ 2019 ਦੀ ਹੈ, ਪਰ ਹੁਣ ਇਸ ਨੂੰ ਕਿਸੇ ਨੇ ਸੋਸ਼ਲ ਮੀਡੀਆ 'ਤੇ ਪਾ ਦਿੱਤਾ ਹੈ। ਸਕੂਲ ਪ੍ਰਬੰਧਕਾਂ ਨੇ ਮੰਨਿਆ ਕਿ ਉਨ੍ਹਾਂ ਨੂੰ ਸਿੱਖ ਧਰਮ ਦੇ ਨਿਯਮਾਂ ਬਾਰੇ ਪਤਾ ਨਾ ਹੋਣ ਕਾਰਨ ਅਜਿਹਾ ਹੋਇਆ ਹੈ ਤੇ ਉਹ ਇਸ ਗਲਤੀ ਲਈ ਸਿੱਖ ਭਾਈਚਾਰੇ ਤੋਂ ਮੁਆਫੀ ਮੰਗਦੇ ਹਨ। ਐਡਵੋਕੇਟ ਧਾਮੀ ਨੇ ਆਖਿਆ ਕਿ ਭਾਵੇਂ ਸਕੂਲ ਪ੍ਰਬੰਧਕਾਂ ਨੇ ਮੁਆਫੀ ਮੰਗ ਲਈ ਹੈ ਤੇ ਵੀਡੀਓ ਪੁਰਾਣੀ ਹੋਣ ਦਾ ਦਾਅਵਾ ਕੀਤਾ ਹੈ, ਪਰ ਅਜਿਹੀਆਂ ਹਰਕਤਾਂ ਕਰਨ ਵਾਲਿਆਂ ਨੂੰ ਬਾਜ਼ ਆਉਣਾ ਚਾਹੀਦਾ ਹੈ। ਇਥੇ ਦੱਸਣਯੋਗ ਹੈ ਕਿ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਕੇਂਦਰ ਸਰਕਾਰ ਵੱਲੋਂ ਹਰ ਵਰ੍ਹੇ ਵੀਰ ਬਾਲ ਦਿਵਸ ਮਨਾਉਣ ਦਾ ਐਲਾਨ ਕੀਤਾ ਗਿਆ, ਜਿਸ ਦੇ ਐਲਾਨ ਮਗਰੋਂ ਸਿੱਖ ਵਿਦਵਾਨਾਂ ਵੱਲੋਂ ਖਦਸ਼ਾ ਵੀ ਪ੍ਰਗਟਾਇਆ ਗਿਆ ਸੀ ਕਿ ਇਸ ਵੀਰ ਬਾਲ ਦਿਵਸ ਸਬੰਧੀ ਬਿਨਾ ਕਿਸੇ ਰੂਪ ਰੇਖਾ ਦੇ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ।



ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਇਸ ਸਬੰਧੀ ਸੁਝਾਵ ਦਿੱਤਾ ਸੀ ਕਿ ਇਸ ਐਲਾਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਅਕਾਲ ਤਖਤ ਦੀ ਅਗਵਾਈ ਹੇਠ ਸਿੱਖ ਜਥੇਬੰਦੀਆਂ ਤੇ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਅਹਿਮ ਮੀਟਿੰਗ ਸੱਦ ਕੇ ਇਸ ਦਿਵਸ ਸਬੰਧੀ ਰੂਪ-ਰੇਖਾ ਤਿਆਰ ਕੀਤੀ ਜਾਵੇ ਤੇ ਇਸ ਦੇ ਨਾਂ ਨੂੰ ਬਦਲਣ ਬਾਰੇ ਆਪਣੇ ਵਿਚਾਰ ਕੇਂਦਰ ਸਰਕਾਰ ਨੂੰ ਭੇਜੇ ਜਾਣ।

# ਭਾਰਤੀ ਮੂਲ ਦੇ ਸਿੱਖ ਟੈਕਸੀ ਚਾਲਕ 'ਤੇ ਹਮਲਾ ਕਰਨ ਵਾਲਾ ਗ੍ਰਿਫਤਾਰ

**ਨਿਊ ਯਾਰਕ:** ਇਥੋਂ ਦੇ ਜੇ.ਕੇ.ਐਫ. ਕੌਮਾਂਤਰੀ ਹਵਾਈ ਅੱਡੇ 'ਤੇ ਭਾਰਤੀ ਮੂਲ ਦੇ ਸਿੱਖ ਟੈਕਸੀ ਚਾਲਕ 'ਤੇ ਹਮਲਾ ਕਰਨ, ਉਸ ਦੀ ਪੱਗ ਲਾਹੁਣ ਅਤੇ 'ਪੱਗ ਵਾਲੇ ਵਿਅਕਤੀ ਆਪਣੇ ਮੁਲਕ ਵਾਪਸ ਜਾਓ' ਵਰਗੀਆਂ ਟਿੱਪਣੀਆਂ ਕਰਨ ਵਾਲੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ



ਹੈ ਅਤੇ ਉਸ ਖਿਲਾਫ ਨਸਲੀ ਨਫਰਤੀ ਅਪਰਾਧ ਤਹਿਤ ਕੇਸ ਦਰਜ ਕੀਤਾ ਗਿਆ ਹੈ। ਸਿੱਖ ਟੈਕਸੀ ਚਾਲਕ 'ਤੇ 3 ਜਨਵਰੀ ਨੂੰ ਹਮਲਾ ਕਰਨ ਦੇ ਦੋਸ਼ ਹੇਠ ਮੁਹੰਮਦ ਹਸਨੈਨ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੀੜਤ ਵੱਲੋਂ ਪਛਾਣ ਗੁਪਤ ਰੱਖਣ ਦੀ ਅਪੀਲ ਕੀਤੇ ਜਾਣ 'ਤੇ ਉਸ ਦੀ ਪਛਾਣ ਸਿਰਫ 'ਮਿਸਟਰ ਸਿੰਘ' ਦੱਸੀ ਗਈ ਹੈ। ਸਿੱਖ ਭਾਈਚਾਰੇ 'ਤੇ ਆਧਾਰਤ ਨਾਗਰਿਕ ਤੇ ਮਨੁੱਖੀ ਅਧਿਕਾਰ ਸੰਸਥਾ 'ਦਿ ਸਿੱਖ ਕੁਲੀਸ਼ਨ' ਨੇ ਦੱਸਿਆ ਕਿ ਨਿਊ ਯਾਰਕ ਦੇ ਪੋਰਟ ਅਥਾਰਿਟੀ ਆਫ ਨਿਊ ਯਾਰਕ ਅਤੇ ਨਿਊ ਜਰਸੀ ਪੁਲਿਸ ਵਿਭਾਗ (ਪੀ.ਏ.ਪੀ.ਡੀ) ਨੇ ਪੁਸ਼ਟੀ ਕੀਤੀ ਕਿ ਹਸਨੈਨ ਨੂੰ ਸਿੰਘ 'ਤੇ ਹਮਲਾ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਸਿੰਘ ਨੇ 'ਦਿ ਸਿੱਖ ਕੁਲੀਸ਼ਨ' ਨੂੰ ਭੇਜੇ ਬਿਆਨ ਵਿਚ ਕਿਹਾ, "ਮੈਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਦਿ ਸਿੱਖ ਕੁਲੀਸ਼ਨ ਅਤੇ ਸਿੱਖ ਭਾਈਚਾਰੇ ਦੇ ਉਨ੍ਹਾਂ ਲੋਕਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਮੁਸ਼ਕਲ ਸਮੇਂ ਵਿਚ ਤਾਕਤ ਦਿੱਤੀ।" ਉਸ ਨੇ ਕਿਹਾ, "ਕਿਸੇ ਨਾਲ ਅਜਿਹਾ ਨਾ ਹੋਵੇ ਜੋ ਮੇਰੇ ਨਾਲ ਹੋਇਆ ਪਰ ਜੇਕਰ ਹੁੰਦਾ ਹੈ ਤਾਂ ਮੈਂ ਆਸ ਕਰਦਾ ਹਾਂ ਉਸ ਨੂੰ ਵੀ ਇਸੇ ਤਰ੍ਹਾਂ ਦਾ ਸਹਿਯੋਗ ਮਿਲੇਗਾ।"

# 74 ਸਾਲਾਂ ਤੋਂ ਵਿਛੜੇ ਭਰਾਵਾਂ ਦਾ ਕਰਤਾਰਪੁਰ ਲਾਂਘੇ ਰਾਹੀਂ ਹੋਇਆ ਮਿਲਾਪ

**ਅੰਮ੍ਰਿਤਸਰ:** ਦੇਸ਼ ਦੀ ਵੰਡ ਤੋਂ 74 ਸਾਲ ਬਾਅਦ ਕਰਤਾਰਪੁਰ ਲਾਂਘੇ ਰਾਹੀਂ ਦੋ ਸਕੇ ਭਰਾਵਾਂ ਦਾ ਮਿਲਾਪ ਹੋਇਆ। ਭਾਰਤ 'ਚ ਰਹਿੰਦੇ ਸਿੱਕਾ ਖਾਨ ਉਰਫ ਹਬੀਬ (77) ਅਤੇ ਪਾਕਿਸਤਾਨ ਵਿਚ ਰਹਿੰਦੇ ਮੁਹੰਮਦ ਸਦੀਕ (82) ਦੀ ਮੁਲਾਕਾਤ ਸੋਸ਼ਲ ਮੀਡੀਆ ਰਾਹੀਂ ਹੋਈ ਸੀ। ਹੁਣ ਵਿਛੜੇ ਭਰਾਵਾਂ ਦਾ ਕਰਤਾਰਪੁਰ ਲਾਂਘੇ ਰਾਹੀਂ ਮਿਲਣਾ ਸੰਭਵ ਹੋਇਆ ਹੈ।

ਮੁਹੰਮਦ ਸਦੀਕ ਮੌਜੂਦਾ ਸਮੇਂ ਆਪਣੇ ਪਰਿਵਾਰ ਸਮੇਤ ਫੈਸਲਾਬਾਦ ਦੇ ਚੱਕ 255 ਬੋਗਣਾ 'ਚ ਰਹਿ ਰਹੇ ਹਨ, ਜਦਕਿ ਹਬੀਬ ਪਿੰਡ ਫੁਲੇਵਾਲਾ ਤਹਿਸੀਲ ਰਾਮਪੁਰਾ ਫੂਲ 'ਚ ਰਹਿ ਰਹੇ ਹਨ।



ਮੁਹੰਮਦ ਸਦੀਕ ਦੇ ਚਾਰ ਪੁੱਤਰ ਤੇ ਦੋ ਧੀਆਂ ਹਨ, ਜਦਕਿ ਹਬੀਬ ਨੇ ਨਿਕਾਹ ਨਹੀਂ ਕੀਤਾ। ਹਬੀਬ ਖਾਨ ਦਾ ਕਹਿਣਾ ਹੈ ਕਿ ਉਨ੍ਹਾਂ ਆਪਣੇ ਵਿਛੜੇ ਭਰਾ ਦੀ ਬਹੁਤ ਭਾਲ ਕੀਤੀ। ਇਥੋਂ ਤੱਕ ਕਿ ਗੁਰਪੁਰਬ ਤੇ ਹੋਰਨਾਂ ਧਾਰਮਿਕ ਦਿਹਾੜਿਆਂ ਮੌਕੇ ਪਾਕਿ ਜਾਣ ਵਾਲੇ ਪਿੰਡ ਦੇ ਲੋਕਾਂ ਨੂੰ ਪੈਸੇ ਦੇ ਕੇ ਵਿਛੜੇ ਭਰਾ ਦਾ ਪਤਾ ਲਾਉਣ ਦੀ ਅਪੀਲ ਕੀਤੀ ਪਰ ਕੋਈ ਸਫਲਤਾ ਨਹੀਂ ਮਿਲ ਸਕੀ। ਦਰਅਸਲ, ਭਾਰਤ-ਪਾਕਿ ਨੂੰ ਜੋੜਨ ਵਾਲੇ ਇਤਿਹਾਸਕ ਕਰਤਾਰਪੁਰ ਲਾਂਘੇ ਦੀ ਤਰ੍ਹਾਂ ਪਾਕਿਸਤਾਨ ਦੇ ਯੂ-ਟਿਊਬ ਚੈਨਲ 'ਪੰਜਾਬੀ ਲਹਿਰ' ਨੇ ਸਰਹੱਦ ਦੇ ਦੋਵੇਂ ਪਾਸੇ ਰਹਿੰਦੇ 200 ਦੋਸਤਾਂ ਅਤੇ ਪਰਿਵਾਰਾਂ ਨੂੰ ਦੁਬਾਰਾ ਮਿਲਾਇਆ ਹੈ। ਇਹ ਨਜ਼ਾਰਾ ਦੇਖ ਕੇ ਲੋਕਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ। ਇਹ ਵੀਡੀਓ ਵਾਇਰਲ ਹੋ ਗਿਆ। ਯੂ-ਟਿਊਬ ਚੈਨਲ ਚਲਾਉਣ ਵਾਲੇ ਨਾਸਿਰ ਢਿੱਲੋਂ ਨੇ ਕਿਹਾ ਕਿ ਚੈਨਲ ਦਾ ਉਦੇਸ਼ ਪੂਰਬੀ ਅਤੇ ਪੱਛਮੀ ਪੰਜਾਬ ਵਿਚ ਵੰਡ ਕਾਰਨ ਪੈਦਾ ਹੋਏ ਪਾੜੇ ਨੂੰ ਪੂਰਾ ਕਰਨਾ ਹੈ।

# ਮੇਲਾ ਮਾਘੀ: ਸ਼ਰਧਾਲੂਆਂ ਨੇ ਚਾਲੀ ਮੁਕਤਿਆਂ ਦੀ ਸ਼ਹਾਦਤ ਨੂੰ ਕੀਤਾ ਸਿਜਦਾ

**ਸ੍ਰੀ ਮੁਕਤਸਰ ਸਾਹਿਬ:** ਮੇਲਾ ਮਾਘੀ ਮੌਕੇ ਕਰੋਨਾ ਅਤੇ ਕੜਾਕੇ ਦੀ ਠੰਢ ਦੇ ਬਾਵਜੂਦ ਹਜ਼ਾਰਾਂ ਸ਼ਰਧਾਲੂ ਚਾਲੀ ਮੁਕਤਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਨ ਵਾਸਤੇ ਇਥੇ ਪੁੱਜੇ। ਸ੍ਰੀ ਦਰਬਾਰ ਸਾਹਿਬ ਵੱਲੋਂ ਪੰਜ ਪਿਆਰਿਆਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਸਜਾਏ ਗਏ ਨਗਰ ਕੀਰਤਨ ਅਤੇ ਨਿਹੰਗ ਸਿੰਘਾਂ ਵੱਲੋਂ ਕੱਢੇ ਮਹੱਲੇ ਮਗਰੋਂ ਧਾਰਮਿਕ ਮੇਲਾ ਮਾਘੀ ਸਮਾਪਤ ਹੋ ਗਿਆ। ਨਗਰ ਕੀਰਤਨ ਸਵੇਰੇ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਟਿੱਬੀ ਸਾਹਿਬ ਪਹੁੰਚ ਕੇ ਸਮਾਪਤ ਹੋਇਆ।

ਇਸ ਮੌਕੇ ਬੈਂਡ-ਵਾਜੇ, ਨਰਸਿੰਘੇ ਅਤੇ



ਗਤਕਾ ਪਾਰਟੀਆਂ ਨੇ ਆਪਣੀ ਕਲਾ ਦੇ ਜੌਹਰ ਵਿਖਾਏ। ਸੰਗਤ ਨੇ ਫੁੱਲਾਂ ਦੀ ਵਰਖਾ ਕੀਤੀ ਤੇ ਥਾਂ-ਥਾਂ ਲੰਗਰ ਲਾਏ ਗਏ। ਮੇਲਾ ਮਾਘੀ ਸਬੰਧੀ ਲੱਖਾਂ ਲੋਕ ਸ੍ਰੀ ਦਰਬਾਰ ਸਾਹਿਬ ਪੁੱਜੇ ਹਨ ਤੇ ਹਾਲੇ ਵੀ ਦਰਸ਼ਨ ਇਸ਼ਨਾਨ ਦਾ ਸਿਲਸਲਾ ਜਾਰੀ ਹੈ।

ਸਜਾਏ ਨਗਰ ਕੀਰਤਨ ਵਿਚ ਵੀ ਵੱਡੀ ਗਿਣਤੀ ਸੰਗਤ ਨੇ ਹਿੱਸਾ ਲਿਆ। ਜਥੇਦਾਰ ਬਾਬਾ ਬਲਵੀਰ ਸਿੰਘ 96 ਕਰੋੜੀ ਮੁਖੀ ਬੁੱਢਾ ਦਲ ਦੀ ਅਗਵਾਈ ਹੇਠ ਛਾਉਣੀ ਬੁੱਢਾ ਦਲ ਨੇੜੇ ਗੁਰਦੁਆਰਾ ਤੰਬੂ ਸਾਹਿਬ ਤੋਂ ਗੁਰਦੁਆਰਾ ਟਿੱਬੀ ਸਾਹਿਬ ਤੱਕ ਮਹੱਲਾ ਕੱਢਿਆ ਗਿਆ, ਜਿਸ ਵਿਚ ਸੈਂਕੜੇ ਘੋੜੇ, ਹਾਥੀ ਤੇ ਊਠ ਸ਼ਾਮਲ ਸਨ। ਇਸ ਮੌਕੇ ਗਤਕੇ ਦੇ ਮੁਕਾਬਲੇ ਵੀ ਕਰਵਾਏ ਗਏ, ਜਿਸ ਵਿਚ ਦੋ ਦਰਜਨ ਦੇ ਕਰੀਬ ਗਤਕਾ ਪਾਰਟੀਆਂ ਨੇ ਹਿੱਸਾ ਲਿਆ।

ਜ਼ਿਕਰਯੋਗ ਹੈ ਕਿ 1704 ਵਿਚ ਸ੍ਰੀ ਆਨੰਦਪੁਰ ਸਾਹਿਬ ਦੀ ਜੰਗ ਵਿਚ ਭੁੱਖ ਤੇ ਪਰਿਵਾਰ ਦੇ ਉਦਰੇਵੇਂ ਤੋਂ ਸਤੇ 40 ਸਿੰਘ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਗੁਰੂ ਗੋਬਿੰਦ ਸਿੰਘ ਨੂੰ 'ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ" ਦਾ ਬੇਦਾਵਾ ਦੇ ਗਏ ਸਨ, ਪਰ ਮਾਈ ਭਾਗੋ ਦੀ ਪ੍ਰੇਰਨਾ ਤੇ ਤਾੜਨਾ ਮਗਰੋਂ ਇਹੀ ਸਿੰਘ 'ਖਿਦਰਾਣੇ ਦੀ ਢਾਬ' ਉਤੇ ਮਈ 1705 ਵਿਚ ਮੁਗਲਾਂ ਨਾਲ ਲੜੀ ਜੰਗ ਵਿਚ ਸ਼ਹੀਦੀਆਂ ਪਾ ਗਏ। ਮਰਨ ਤੋਂ ਪਹਿਲਾਂ ਇਹ ਸਿੰਘ ਆਪਣਾ ਬੇਦਾਵਾ ਪੜਵਾ ਕੇ ਮੁਕਤੇ ਬਣ ਗਏ ਸਨ। ਇਨ੍ਹਾਂ 40 ਸਿੰਘਾਂ ਦਾ ਗੁਰੂ ਗੋਬਿੰਦ ਸਿੰਘ ਨੇ ਇਥੇ ਹੀ ਸਸਕਾਰ ਕਰਵਾਇਆ ਸੀ। ਹੁਣ ਇਸ ਜਗ੍ਹਾ 'ਤੇ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ, ਗੁਰਦੁਆਰਾ ਸ਼ਹੀਦ ਗੰਜ ਸਾਹਿਬ ਤੇ ਗੁਰਦੁਆਰਾ ਤੰਬੂ ਸਾਹਿਬ ਸਥਿਤ ਹੈ, ਜਿਥੇ ਮਾਘੀ ਦਾ ਮੇਲਾ ਲੱਗਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਚਾਲੀ ਮੁਕਤਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿਚ ਬਹੁਤੇ ਲੋਕ ਸੁੱਖ ਸਹੂਲਤਾਂ ਤੇ ਅਖੌਤੀ ਗੁਰੂਆਂ ਤੇ ਡੇਰਾਵਾਦ ਦੇ ਭਰਮਾਂ 'ਚ ਪੈ ਕੇ ਬੇਦਾਵੇ ਲਿਖ ਰਹੇ ਹਨ। ਇਸ ਵਾਰ ਚੋਣ ਕਮਿਸ਼ਨ ਵੱਲੋਂ ਕਾਨਫਰੰਸਾਂ ਉਪਰ ਲਾਈਆਂ ਪਾਬੰਦੀਆਂ ਕਾਰਨ ਮੇਲੇ ਦੀ ਫਿਜ਼ਾ ਸ਼ਾਂਤਮਈ ਰਹੀ। ਕੋਈ ਵੱਡਾ ਸਿਆਸੀ ਆਗੂ ਇਥੇ ਨਤਮਸਤਕ ਹੋਣ ਲਈ ਨਹੀਂ ਪੁੱਜਿਆ।

# ਕਿਸਾਨ ਮੋਰਚੇ ਨੇ ਚੋਣਾਂ ਲੜਨ ਵਾਲੀਆਂ ਜਥੇਬੰਦੀਆਂ ਨਾਲੋਂ ਨਾਤਾ ਤੋੜਿਆ

**ਨਵੀਂ ਦਿੱਲੀ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸ਼ਾਮਲ ਹੋਣ ਲਈ ਸੰਯੁਕਤ ਸਮਾਜ ਮੋਰਚਾ ਬਣਾਉਣ ਵਾਲੀਆਂ ਕਿਸਾਨ ਜਥੇਬੰਦੀਆਂ ਨਾਲੋਂ ਸੰਯੁਕਤ ਕਿਸਾਨ ਮੋਰਚੇ ਨੇ ਨਾਤਾ ਤੋੜਨ ਦਾ ਐਲਾਨ ਕੀਤਾ ਹੈ। ਮੋਰਚੇ ਵੱਲੋਂ ਇਸ ਮੁੱਦੇ 'ਤੇ ਚਾਰ ਮਹੀਨਿਆਂ ਮਗਰੋਂ ਮੁੜ ਸਮੀਖਿਆ ਕੀਤੀ ਜਾਵੇਗੀ। ਆਗੂਆਂ ਨੇ ਮੁੜ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਪਹਿਲਾਂ ਵਾਂਗ ਗੈਰ ਸਿਆਸੀ ਹੀ ਰਹੇਗਾ।

ਦਸੰਬਰ 2021 ਵਿਚ ਸੰਘਰਸ਼ ਨੂੰ ਮੁਅੱਤਲ ਕਰਨ ਮਗਰੋਂ ਹੋਈ ਮੀਟਿੰਗ 'ਚ ਕੇਂਦਰ ਸਰਕਾਰ ਵੱਲੋਂ ਲਖੀਮਪੁਰ ਖੀਰੀ ਮੁੱਦੇ ਦੇ ਸਬੰਧੀ ਕੋਈ ਕਾਰਵਾਈ ਨਾ ਕਰਨ ਅਤੇ ਬਾਕੀ ਰਹਿੰਦੀਆਂ ਮੰਗਾਂ ਮਨਵਾਉਣ ਲਈ ਪਹਿਲੀ ਫਰਵਰੀ ਤੱਕ ਦਾ ਮੋਦੀ ਸਰਕਾਰ ਨੂੰ ਅਲਟੀਮੇਟਮ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨਾ ਜਾਗੀ ਤਾਂ ਉੱਤਰ ਪ੍ਰਦੇਸ਼/ਉੱਤਰਾਖੰਡ ਮਿਸ਼ਨ ਮੁੜ ਸ਼ੁਰੂ ਕਰ ਦਿੱਤਾ ਜਾਵੇਗਾ।

ਕਿਸਾਨ ਆਗੂ ਯੁਧਵੀਰ ਸਿੰਘ ਨੇ ਪ੍ਰੈੱਸ ਕਾਨਫਰੰਸ ਮੌਕੇ ਕਿਹਾ ਕਿ 13 ਮਹੀਨੇ ਦੇ ਅੰਦੋਲਨ ਦੌਰਾਨ ਮੋਰਚੇ ਨੂੰ ਗ਼ੈਰ-ਸਿਆਸੀ ਰੱਖਦਿਆਂ ਕਿਸੇ ਵੀ ਮੰਚ 'ਤੇ ਸਿਆਸੀ ਆਗੂ ਨੂੰ ਚੜ੍ਹਨ ਨਹੀਂ ਦਿੱਤਾ ਗਿਆ ਤੇ ਨਾ ਹੀ ਕਿਸੇ ਰਾਜਸੀ ਧਿਰ ਦੀ ਮੀਟਿੰਗ ਵਿਚ ਆਗੂਆਂ ਨੇ ਹਿੱਸਾ ਲਿਆ।



ਉਨ੍ਹਾਂ ਕਿਹਾ ਕਿ ਜਲਦਬਾਜ਼ੀ ਵਿਚ ਜੋ ਜਥੇਬੰਦੀਆਂ ਚੋਣਾਂ ਵਿਚ ਗਈਆਂ ਹਨ, ਉਹ ਮੋਰਚੇ ਦਾ ਹਿੱਸਾ ਨਹੀਂ ਰਹਿਣਗੀਆਂ ਤੇ ਚਾਰ ਮਹੀਨੇ ਮਗਰੋਂ ਉਨ੍ਹਾਂ ਜਥੇਬੰਦੀਆਂ ਨਾਲ ਅੱਗੋਂ ਕੀ ਰਿਸ਼ਤਾ ਹੋਵੇਗਾ, ਇਸ ਬਾਰੇ ਸਮੀਖਿਆ ਕੀਤੀ ਜਾਵੇਗੀ।

ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਸਾਫ ਕੀਤਾ ਕਿ ਇਹ ਅਸੂਲ ਰਿਹਾ ਹੈ ਕਿ ਕੋਈ ਵੀ ਸਿਆਸੀ ਧਿਰ ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਨਹੀਂ ਬਣ ਸਕਦੀ ਤੇ ਸੰਯੁਕਤ ਸਮਾਜ ਮੋਰਚਾ ਸਿਆਸੀ ਧਿਰ ਦਾ ਰੂਪ ਧਾਰਨ ਕਰ ਗਿਆ ਹੈ, ਇਸ ਲਈ ਉਸ ਦਾ ਬਾਈਕਾਟ ਹੈ। ਉਨ੍ਹਾਂ ਕਿਹਾ ਜਦੋਂ ਤੱਕ ਉਸ ਧਿਰ ਨਾਲ ਆਗੂ ਜੁੜੇ ਰਹਿਣਗੇ, ਉਹ ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਨਹੀਂ ਹੋਣਗੇ। ਸ੍ਰੀ ਉਗਰਾਹਾਂ ਨੇ ਕਿਹਾ,'ਸੰਯੁਕਤ ਕਿਸਾਨ ਮੋਰਚੇ ਨੂੰ ਉਨ੍ਹਾਂ ਨਾਲ ਕੁਝ ਲੈਣਾ-ਦੇਣਾ ਨਹੀਂ ਹੈ।'

ਫੈਸਲੇ ਨਾਲ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਜਮਹੂਰੀ ਕਿਸਾਨ ਸਭਾ ਸਮੇਤ ਤੇ ਦੁਆਬੇ ਦੀਆਂ ਜਥੇਬੰਦੀਆਂ ਸਮੇਤ 22 ਜਥੇਬੰਦੀਆਂ ਲਈ ਔਖ ਹੋ ਸਕਦੀ ਹੈ। ਇਸ ਤੋਂ ਪਹਿਲਾਂ ਮੋਰਚੇ ਦੀ ਮੀਟਿੰਗ ਵਿਚ ਚੋਣਾਂ 'ਚ ਹਿੱਸਾ ਲੈਣ ਵਾਲੀਆਂ ਵਾਲੀਆਂ ਧਿਰਾਂ ਨੇ ਖੱਬੇ ਪੱਖੀ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਪਿਛਲੇ ਸਮੇਂ ਵਿਚ ਚੋਣਾਂ ਲੜਨ ਦੀ ਦਲੀਲ ਦਿੱਤੀ ਗਈ। ਇਸ ਦੀ ਉਦਾਹਰਣ ਉਨ੍ਹਾਂ ਹਨਨ ਮੌਲਾ ਸਮੇਤ ਯੋਗਿੰਦਰ ਯਾਦਵ (ਸਵਰਾਜ ਅਭਿਆਨ), ਰਾਕੇਸ਼ ਟਿਕੈਤ (ਬੀ.ਕੇ.ਯੂ. ਟਿਕੈਤ) ਆਦਿ ਦੀ ਦਿੱਤੀ। ਦੂਜੇ ਪਾਸੇ ਮੋਰਚੇ ਦੇ ਆਗੂਆਂ ਨੇ ਉਕਤ ਦਲੀਲ ਦੀ ਕਾਟ ਕੀਤੀ ਕਿ ਭਾਜਪਾ ਵੱਲੋਂ ਪਹਿਲਾਂ ਹੀ ਦੋਸ਼ ਲਾਏ ਜਾ ਰਹੇ ਸਨ ਕਿ ਕਿਸਾਨ ਜਥੇਬੰਦੀਆਂ ਦਾ ਸਰੋਕਾਰ ਸਿਆਸੀ ਲਾਲਸਾਵਾਂ ਪੂਰੀਆਂ ਕਰਨਾ ਮਾਤਰ ਹੀ ਹੈ।

ਮੋਰਚੇ ਦੇ ਆਗੂਆਂ ਨੇ ਕਿਹਾ ਕਿ ਚੋਣਾਂ ਵਿਚ ਕੁੱਦਣ ਵਾਲੇ ਕਿਸਾਨ ਆਗੂਆਂ ਨੇ ਭਾਜਪਾ ਦੇ ਉਪਰੋਕਤ ਦੋਸ਼ ਨੂੰ ਸਹੀ ਸਾਬਤ ਕੀਤਾ। ਇਸ ਮੁੱਦੇ 'ਤੇ ਮੀਟਿੰਗ ਵਿਚ ਕਾਫੀ ਤਕਰਾਰ ਵੀ ਹੋਈ। ਹਰਿਆਣਾ ਸਰਕਾਰ ਵੱਲੋਂ ਕੇਸ ਵਾਪਸ ਲੈਣ ਦੇ ਮਾਮਲੇ 'ਚ ਘੱਟ ਕਾਰਵਾਈ, ਬਿਜਲੀ ਬਿੱਲ, ਦੂਜੇ ਰਾਜਾਂ ਵਿਚ ਰੇਲ ਰੋਕਣ ਤੇ ਹੋਰ ਕੇਸ ਵਾਪਸ ਨਾ ਲੈਣ, ਮੁਆਵਜ਼ੇ ਦੇਣ, ਐਮ.ਐਸ.ਪੀ. ਕਮੇਟੀ ਨਾ ਬਣਨ ਬਾਰੇ ਚਰਚਾ ਕੀਤੀ ਗਈ।

## ਮੋਦੀ ਸਰਕਾਰ ਦੀ ਮੁੜ ਘੇਰਾਬੰਦੀ ਦੀ ਤਿਆਰੀ

**ਨਵੀਂ ਦਿੱਲੀ:** ਮੋਰਚੇ ਨੇ ਐਲਾਨ ਕੀਤਾ ਕਿ 31 ਜਨਵਰੀ ਨੂੰ ਦੇਸ਼ ਭਰ ਵਿਚ ਹੈੱਡਕੁਆਰਟਰਾਂ/ਤਹਿਸੀਲਾਂ 'ਤੇ ਕੇਂਦਰ ਖਿਲਾਫ 'ਵਾਅਦਾ ਖ਼ਿਲਾਫ਼ੀ ਦਿਵਸ' ਮਨਾਇਆ ਜਾਵੇਗਾ। ਆਗੂਆਂ ਨੇ ਐਲਾਨ ਕੀਤਾ ਕਿ 1 ਫਰਵਰੀ ਮਗਰੋਂ ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਮਿਸ਼ਨ ਸ਼ੁਰੂ ਕੀਤਾ ਜਾਵੇਗਾ, ਟਰੇਡ ਯੂਨੀਅਨਾਂ ਦੇ 23 ਫਰਵਰੀ ਦੇ 'ਭਾਰਤ ਬੰਦ' ਦੇ ਸੱਦੇ ਦਾ ਸਮਰਥਨ ਕੀਤਾ ਜਾਵੇਗਾ। ਕਿਸਾਨ ਆਗੂ ਰਾਕੇਸ਼ ਟਿਕੈਤ 21 ਜਨਵਰੀ ਤੋਂ ਲਖੀਮਪੁਰ ਖੀਰੀ ਦੇ ਦੌਰੇ ਦੌਰਾਨ ਪੀੜਤ ਕਿਸਾਨਾਂ ਦੇ ਪਰਿਵਾਰਾਂ ਨੂੰ ਮਿਲਣਗੇ। ਮੋਰਚੇ ਨੇ ਕਿਸਾਨਾਂ ਖ਼ਿਲਾਫ਼ ਧਾਰਾ 302 ਤਹਿਤ ਕੇਸ ਦਰਜ ਕਰਨ ਦੀ ਨਿੰਦਾ ਕੀਤੀ ਤੇ ਮੰਗ ਕੀਤੀ ਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਸਰਕਾਰ ਵਿਚੋਂ ਬਰਖ਼ਾਸਤ ਹੋਵੇ। ਰਾਕੇਸ਼ ਟਿਕੈਤ ਨੇ ਕਿਹਾ ਕਿ ਲਖੀਮਪੁਰ ਖੀਰੀ ਵਿਚ 3-4 ਦਿਨ ਜਾ ਕੇ ਉਥੋਂ ਹੀ ਅਗਲਾ ਪ੍ਰੋਗਰਾਮ ਤੈਅ ਕੀਤਾ ਜਾਵੇਗਾ ਜਦਕਿ ਹੋਰ ਸੂਬਿਆਂ ਦੇ ਵੀ ਦੌਰੇ ਕੀਤੇ ਜਾਣਗੇ।

# ਕਿਸਾਨ ਅੰਦੋਲਨ ਦੇ ਸ਼ਹੀਦਾਂ ਨੂੰ ਸਮਰਪਿਤ 'ਕਿਸਾਨ ਚੌਕ' ਲੋਕ ਅਰਪਣ



**ਸੰਗਤ ਮੰਡੀ:** ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੀ ਯਾਦ ਵਿਚ ਇਥੋਂ ਬਠਿੰਡਾ-ਮੁਲਤਾਨੀਆਂ ਰੋਡ 'ਤੇ ਪੈਂਦੇ ਚੌਕ ਨੂੰ 'ਕਿਸਾਨ ਚੌਕ' ਦਾ ਨਾਂ ਦਿੱਤਾ ਗਿਆ ਹੈ। ਕਿਸਾਨੀ ਸੰਘਰਸ਼ ਨੂੰ ਸਮਰਪਿਤ ਇਸ ਚੌਕ ਵਿਚ ਮੁਲਤਾਨੀਆਂ ਰੋਡ ਦੇ ਵਸਨੀਕਾਂ, ਭੁੱਚਿਆਂ ਪੱਤੀ ਅਤੇ ਵਿਰਾਟ ਗਰੀਨ ਕਲੋਨੀ ਨਿਵਾਸੀਆਂ ਦੇ ਸਹਿਯੋਗ ਨਾਲ ਬਲਦਾਂ ਨਾਲ ਹਲ ਵਾਹੁੰਦੇ ਕਿਸਾਨ ਦਾ ਮਾਡਲ ਸਥਾਪਤ ਕਰਕੇ ਲੋਕ ਅਰਪਣ ਕੀਤਾ ਗਿਆ ਹੈ। ਕਿਸਾਨ ਚੌਕ ਉਪਰ ਲੱਗੇ ਬਲਦਾਂ ਨਾਲ ਹਲ ਵਾਹੁੰਦੇ ਕਿਸਾਨ ਦਾ ਮਾਡਲ ਰਾਹਗੀਰਾਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ ਅਤੇ ਲੋਕ ਖੜ੍ਹ-ਖੜ੍ਹ ਕੇ ਇਸ ਚੌਕ ਉੱਪਰ ਤਸਵੀਰਾਂ ਖਿਚਵਾ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਚੌਕ ਵਿਚ ਲੱਗੇ 'ਕਿਸਾਨ ਮਾਡਲ' ਉੱਪਰ ਤਕਰੀਬਨ ਦੋ ਲੱਖ ਰੁਪਏ ਦਾ ਖਰਚਾ ਆਇਆ ਹੈ, ਜੋ ਕਿ ਆਮ ਲੋਕਾਂ ਨੇ ਆਪਣੀ ਜੇਬ ਵਿਚੋਂ ਖਰਚ ਕੀਤਾ ਹੈ।

ਜਾਣਕਾਰੀ ਦਿੰਦਿਆਂ ਸੁਖਰਾਜ ਸਿੰਘ ਔਲਖ, ਗੁਰਸੇਵਕ ਸਿੰਘ ਰਿਟਾਇਰਡ ਕਾਨੂੰਗੋ ਅਤੇ ਸੁਖਵਿੰਦਰ ਸਿੰਘ ਪ੍ਰਧਾਨ ਵਿਰਾਟ ਗਰੀਨ ਸੁਸਾਇਟੀ ਨੇ ਦੱਸਿਆ ਕਿ 'ਕਿਸਾਨ ਚੌਕ' ਆਪਣੇ-ਆਪ ਵਿਚ ਪੰਜਾਬ ਅੰਦਰ ਪਹਿਲਾ ਚੌਕ ਹੈ, ਜੋ ਕਿ ਦੇਸ ਦੇ ਅੰਨਦਾਤੇ ਕਿਸਾਨ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਇਹ ਚੌਕ ਕਿਸਾਨੀ ਸੰਘਰਸ਼ ਦੌਰਾਨ ਸ਼ਹੀਦ ਹੋਣ ਵਾਲੇ ਸੈਂਕੜੇ ਕਿਸਾਨਾਂ ਨੂੰ ਸਮਰਪਿਤ ਹੈ।


## ਚੋਣ ਮਨੋਰਥ ਪੱਤਰਾਂ 'ਚ ਵਾਤਾਵਰਨ ਸੰਭਾਲ ਦਾ ਮੁੱਦਾ ਸ਼ਾਮਲ ਕਰਾਉਣ ਲਈ ਡਟੀਆਂ ਜਥੇਬੰਦੀਆਂ

**ਅੰਮ੍ਰਿਤਸਰ:** ਈਕੋ ਸਿੱਖ ਜਥੇਬੰਦੀ ਨਾਲ ਜੁੜੀਆਂ ਵੱਖ-ਵੱਖ ਜਥੇਬੰਦੀਆਂ ਨੇ ਆਗਾਮੀ ਚੋਣਾਂ ਦੇ ਮੱਦੇਨਜ਼ਰ ਸਿਆਸੀ ਪਾਰਟੀਆਂ ਨੂੰ ਹਲੂਣਾ ਦੇਣਾ ਸ਼ੁਰੂ ਕੀਤਾ ਹੈ ਕਿ ਉਹ ਆਪਣੇ ਚੋਣ ਮਨੋਰਥ ਪੱਤਰ ਵਿਚ ਵਾਤਾਵਰਨ ਦੀ ਸਾਂਭ-ਸੰਭਾਲ ਦੇ ਮੁੱਦੇ ਨੂੰ ਵੀ ਸ਼ਾਮਲ ਕਰਨ।

ਲਗਭਗ 50 ਤੋਂ ਵੱਧ ਸਿਟੀਜ਼ਨ ਗਰੁੱਪਾਂ ਦੇ ਮੈਂਬਰਾਂ ਨੇ ਇਸ ਸਬੰਧੀ ਆਵਾਜ਼ ਬੁਲੰਦ ਕੀਤੀ ਹੈ। ਯੂਨਾਈਟਿਡ ਸਿੱਖਜ਼ ਅਤੇ ਪੰਜਾਬ ਡਿਵੈੱਲਪਮੈਂਟ ਫੋਰਮ ਦੇ ਨੁਮਾਇੰਦੇ ਗੁਰਪ੍ਰੀਤ ਸਿੰਘ ਤੇ ਹੋਰਨਾਂ ਨੇ ਵਾਤਾਵਰਨ ਸੁਧਾਰ ਲਈ ਲੋੜੀਂਦੀਆਂ ਸਿਫਾਰਸ਼ਾਂ ਸਬੰਧੀ ਤਿਆਰ ਕੀਤਾ ਇਕ ਕਿਤਾਬਚਾ ਸ਼੍ਰੋਮਣੀ ਅਕਾਲੀ ਦਲ ਦੇ ਡਾ. ਦਲਜੀਤ ਸਿੰਘ ਚੀਮਾ, 'ਆਪ' ਦੇ ਵਿਧਾਇਕ ਅਮਨ ਅਰੋੜਾ, ਕਾਂਗਰਸ ਦੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਸੌਂਪਿਆ ਹੈ। ਆਗੂਆਂ ਨੇ ਦੱਸਿਆ ਕਿ ਹਵਾ ਪ੍ਰਦੂਸ਼ਣ ਕਾਰਨ ਸਾਹ ਦੀਆਂ ਬਿਮਾਰੀਆਂ ਵਧ ਰਹੀਆਂ ਹਨ ਜੋ ਮੌਤ ਦਾ ਕਾਰਨ ਬਣ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਅਜਿਹੇ ਆਗੂਆਂ ਦੀ ਲੋੜ ਹੈ, ਜੋ ਵਾਤਾਵਰਨ ਦੀ ਸਾਂਭ-ਸੰਭਾਲ ਅਤੇ ਹਵਾ ਪ੍ਰਦੂਸ਼ਣ ਨੂੰ ਖ਼ਤਮ ਕਰਨ ਲਈ ਕੰਮ ਕਰੇ, ਇਸ ਲਈ ਇਹ ਮੁੱਦੇ ਨੂੰ ਸਿਆਸੀ ਪਾਰਟੀਆਂ ਆਪਣੇ ਚੋਣ ਮਨੋਰਥ ਪੱਤਰ ਵਿਚ ਸ਼ਾਮਲ ਕਰਨ।

# ਅਮਿਤ ਸ਼ਾਹ ਵੱਲੋਂ ਕਿਸਾਨਾਂ ਨੂੰ ਕੁਦਰਤੀ ਖੇਤੀ ਦਾ ਸੱਦਾ

**ਅਹਿਮਦਾਬਾਦ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਸਾਨਾਂ ਨੂੰ ਕੁਦਰਤੀ ਖੇਤੀ ਅਪਣਾਉਂਦਿਆਂ ਭਾਰਤ ਵਿਚ 'ਨਵੀਂ ਹਰੀ ਕ੍ਰਾਂਤੀ' ਲਿਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਰਸਾਇਣਕ ਖਾਦਾਂ ਦੀ ਵੱਧ ਵਰਤੋਂ ਕਾਰਨ ਜ਼ਮੀਨ, ਪਾਣੀ ਤੇ ਮਨੁੱਖੀ ਸਿਹਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ।



ਉਨ੍ਹਾਂ ਕਿਹਾ ਕਿ ਰਸਾਇਣਕ ਖਾਦਾਂ ਦੀ ਵੱਧ ਵਰਤੋਂ ਕਾਰਨ ਉਪਜਾਊ ਜ਼ਮੀਨ ਬੰਜਰ ਹੋ ਰਹੀ ਹੈ ਤੇ ਇਸ ਲਈ ਜ਼ਮੀਨ ਦੀ ਗੁਣਵੱਤਾ ਵਧਾਉਣ, ਖੇਤੀਬਾੜੀ ਦੀ ਉਪਜ ਵਧਾਉਣ ਤੇ ਕਿਸਾਨਾਂ ਨੂੰ ਖ਼ੁਸ਼ਹਾਲ ਬਣਾਉਣ ਲਈ ਕੁਦਰਤੀ ਖੇਤੀ ਢੰਗ ਅਪਣਾਉਣਾ ਜ਼ਰੂਰੀ ਹੈ। ਉਹ ਇਥੇ ਕੁਦਰਤੀ ਖੇਤੀ ਢੰਗਾਂ ਦੀ ਵਰਤੋਂ ਨਾਲ ਪੈਦਾ ਫਸਲ ਦੀ 'ਫਾਰਮਰ ਪ੍ਰੋਡਿਊਸਰ ਆਰਗੇਨਾਈਜ਼ੇਸ਼ਨ (ਐਫ.ਪੀ.ਓਜ਼.) ਦੀ ਲੜੀ ਰਾਹੀਂ ਮਾਰਕੀਟਿੰਗ ਵਾਸਤੇ ਗੁਜਰਾਤ ਸਰਕਾਰ ਦੇ ਕੁਦਰਤੀ ਖੇਤੀ ਨੂੰ ਹੱਲਾਸ਼ੇਰੀ ਦੇਣ ਵਾਲੇ ਲੋਗੋ, ਮੋਬਾਈਲ ਐਪਲੀਕੇਸ਼ਨ ਅਤੇ ਈ-ਵੈਨਾਂ ਦਾ ਉਦਘਾਟਨ ਕਰਨ ਮਗਰੋਂ ਵਰਚੁਅਲ ਮਾਧਿਅਮ ਰਾਹੀਂ ਕਿਸਾਨਾਂ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਸਾਇਣਕ ਖਾਦਾਂ ਨੂੰ ਵੱਡਾ ਸੰਕਟ ਮੰਨਿਆ ਹੈ ਤੇ ਉਨ੍ਹਾਂ ਇਸ ਦੀ ਵਰਤੋਂ ਘਟਾਉਣ ਤੋਂ ਇਲਾਵਾ ਖੇਤੀ ਉਪਜ ਵਧਾਉਣ, ਪਾਣੀ ਦੀ ਖਪਤ ਘੱਟ ਕਰਨ ਤੇ ਕਿਸਾਨਾਂ ਨੂੰ ਖ਼ੁਸ਼ਹਾਲ ਬਣਾਉਣ ਦਾ ਟੀਚਾ ਮਿਥਿਆ ਹੈ। ਉਨ੍ਹਾਂ ਆਪਣੇ ਲੋਕ ਸਭਾ ਹਲਕੇ ਗਾਂਧੀਨਗਰ ਦੇ ਕਿਸਾਨਾਂ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਗੱਲ ਕਰਦਿਆਂ ਕਿਹਾ,'ਆਓ, ਅਸੀਂ ਕੁਦਰਤੀ ਖੇਤੀ ਰਾਹੀਂ ਨਵੀਂ ਹਰੀ ਕ੍ਰਾਂਤੀ ਲਿਆਈਏ ਜੋ ਜ਼ਮੀਨ ਨੂੰ ਨੁਕਸਾਨ ਪਹੁੰਚਾਉਣ ਦੀ ਬਜਾਇ ਇਸ ਦੀ ਰੱਖਿਆ ਤੇ ਇਸ ਦੀ ਸੰਭਾਲ ਕਰਦੀ ਹੈ। ਇਸ ਨੂੰ ਲਿਆਉਣ ਦਾ ਇੱਕੋ-ਇੱਕ ਹੱਲ ਕੁਦਰਤੀ ਖੇਤੀ ਹੈ।' ਉਨ੍ਹਾਂ ਕਿਹਾ ਕਿ ਮੁਲਕ ਦੇ ਭਵਿੱਖ ਲਈ ਕੁਦਰਤੀ ਖੇਤੀ ਦਾ ਬਹੁਤ ਜ਼ਿਆਦਾ ਮਹੱਤਵ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਵਿਚ ਐਫ.ਪੀ.ਓਜ਼. ਉਪਭੋਗਤਾਵਾਂ ਤੇ ਕਿਸਾਨਾਂ ਵਿਚਾਲੇ ਪੁਲ ਦਾ ਕੰਮ ਕਰਨਗੇ। ਪ੍ਰਧਾਨ ਮੰਤਰੀ ਮੋਦੀ ਵੱਲੋਂ ਇਸ ਦਾ ਬਰਾਂਡ ਅੰਬੈਸਡਰ ਬਣਨਾ ਵੱਡੀ ਖ਼ੁਸ਼ੀ ਵਾਲੀ ਗੱਲ ਹੈ।

# ਕਰੋਨਾ ਪਾਬੰਦੀਆਂ: ਵਰਚੂਅਲ ਪ੍ਰਚਾਰ ਵੱਲ ਤੁਰੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਕੋਵਿਡ-19 ਦੇ ਵਧ ਰਹੇ ਕੇਸਾਂ ਦਰਮਿਆਨ ਚੋਣ ਕਮਿਸ਼ਨ ਨੇ ਪੰਜ ਸੂਬਿਆਂ 'ਚ ਹੋ ਰਹੀਆਂ ਵਿਧਾਨ ਸਭਾ ਚੋਣਾਂ 'ਚ ਰੈਲੀਆਂ ਅਤੇ ਰੋਡ ਸ਼ੋਅਜ਼ 'ਤੇ 22 ਜਨਵਰੀ ਤੱਕ ਪਾਬੰਦੀ ਵਧਾ ਦਿੱਤੀ ਹੈ। ਕਮਿਸ਼ਨ ਨੇ ਕਿਹਾ ਕਿ ਹੈ ਕਿ ਉਹ ਹਾਲਾਤ 'ਤੇ ਨਜ਼ਰ ਰੱਖਣਗੇ ਅਤੇ ਫਿਰ ਨਵੇਂ ਨਿਰਦੇਸ਼ ਜਾਰੀ ਕੀਤੇ ਜਾਣਗੇ।

ਉਂਜ ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਨੂੰ ਥੋੜ੍ਹੀ ਰਾਹਤ ਦਿੰਦਿਆਂ ਹਾਲ ਅੰਦਰ 50 ਫੀਸਦੀ ਸਮਰੱਥਾ ਜਾਂ ਵਧ ਤੋਂ ਵੱਧ 300 ਲੋਕਾਂ ਦੇ ਇਕੱਠ ਦੀ ਇਜਾਜ਼ਤ ਦਿੱਤੀ ਹੈ। ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਕੋਵਿਡ ਉਚਿਤ ਵਿਹਾਰ ਦੇ ਨੇਮਾਂ ਨੂੰ ਯਕੀਨੀ ਬਣਾਉਣ ਅਤੇ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਨਾ ਕੀਤੀ ਜਾਵੇ। ਚੋਣ ਕਮਿਸ਼ਨ ਨੇ ਸੂਬਿਆਂ ਅਤੇ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਚੋਣ ਕੋਡ ਅਤੇ ਮਹਾਮਾਰੀ ਨਾਲ ਸਬੰਧਤ ਸਾਰੇ ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਦੇ ਵੀ ਨਿਰਦੇਸ਼ ਦਿੱਤੇ ਹਨ।

ਸਖ਼ਤ ਹਦਾਇਤਾਂ ਮਗਰੋਂ ਹੁਣ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਵਰਚੂਅਲ ਪ੍ਰਚਾਰ ਲਈ ਜੁਟਣ ਲੱਗੇ ਹਨ। ਸਿਆਸੀ ਪਾਰਟੀਆਂ ਵੱਲੋਂ ਇਸ ਕੰਮ ਲਈ ਜਿਥੇ ਆਪਣੇ ਵਰਕਰਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ, ਉਥੇ ਕਈਆਂ ਵੱਲੋਂ ਇਸ ਕੰਮ 'ਚ ਮਾਹਿਰ ਨਿੱਜੀ ਕੰਪਨੀਆਂ ਦੇ ਅਮਲੇ ਵੀ ਕੰਮ ਉਤੇ ਲਾ ਦਿੱਤੇ ਗਏ ਹਨ। ਇਹ ਅਮਲਾ ਜਿਥੇ ਸਬੰਧਤ ਸਿਆਸੀ ਪਾਰਟੀ



ਦੇ ਹਰ ਤਰ੍ਹਾਂ ਦੇ ਆਨਲਾਈਨ ਪ੍ਰਚਾਰ ਨੂੰ ਯਕੀਨੀ ਬਣਾਉਂਦਾ ਹੈ, ਉਥੇ ਦੂਸਰੀਆਂ ਸਿਆਸੀ ਪਾਰਟੀਆਂ ਵੱਲੋਂ ਕੀਤੇ ਪ੍ਰਚਾਰ ਉਤੇ ਵੀ ਪੂਰੀ ਨਜ਼ਰ ਰੱਖੀ ਜਾਂਦੀ ਹ।

ਇਸ ਵਰਚੂਅਲ ਚੋਣ ਪ੍ਰਚਾਰ ਦੌਰਾਨ ਇਕ ਦਿਲਚਸਪ ਗੱਲ ਵੀ ਦੇਖਣ ਨੂੰ ਮਿਲ ਰਹੀ ਹੈ ਕਿ ਸਿਆਸੀ ਪਾਰਟੀਆਂ ਦੇ ਵੱਡੇ ਆਗੂ ਆਪਣੇ ਲਈ ਨਿੱਜੀ ਨਾਅਰਿਆਂ ਦਾ ਆਗਾਜ਼ ਕਰ ਕੇ ਪ੍ਰਚਾਰ ਕਰਨ 'ਚ ਲੱਗੇ ਹਨ ਤਾਂ ਜੋ ਉਨ੍ਹਾਂ ਦੀ ਵੱਖਰੀ ਦਿੱਖ ਲੋਕਾਂ ਸਾਹਮਣੇ ਬਣ ਸਕੇ ਅਤੇ ਉਸ ਦਾ ਹੋਰ ਉਮੀਦਵਾਰਾਂ ਨਾਲੋਂ ਵੱਖਰਾ ਪ੍ਰਭਾਵ ਪਵੇ। ਜਿਸ ਤਰ੍ਹਾਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ ਲਈ 'ਚਾਹੁੰਦਾ ਹੈ ਪੰਜਾਬ ਕੈਪਟਨ ਦੀ ਸਰਕਾਰ' ਨਾਅਰਾ ਈਜਾਦ ਕੀਤਾ ਗਿਆ ਸੀ, ਉਸ ਦੇ ਤੋੜ ਵਜੋਂ ਅਕਾਲੀ ਦਲ ਵਲੋਂ ਇਨ੍ਹਾਂ ਚੋਣਾਂ 'ਚ 'ਚਾਹੁੰਦਾ ਹੈ ਪੰਜਾਬ ਕਾਂਗਰਸ ਤੋਂ ਜਵਾਬ' ਨਾਅਰਾ ਲਾਇਆ ਜਾ ਰਿਹਾ ਹੈ।

ਇਸ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਈ ਵੱਖਰਾ ਨਾਅਰਾ 'ਵੀਰ ਸੁਖਬੀਰ, ਸਾਡਾ ਵੀਰ ਸੁਖਬੀਰ' ਅਤੇ ਪਾਰਟੀ ਲਈ ਨਵਾਂ ਨਾਅਰਾ 'ਆ ਰਿਹਾ ਅਕਾਲੀ ਦਲ, ਆ ਰਿਹਾ ਅਕਾਲੀ ਦਲ' ਰਾਹੀਂ ਚੋਣ ਪ੍ਰਚਾਰ ਸ਼ੁਰੂ ਕੀਤਾ ਜਾ ਚੁੱਕਾ ਹੈ। ਉਧਰ, ਆਮ ਆਦਮੀ ਪਾਰਟੀ ਵੱਲੋਂ 'ਇਕ ਮੌਕਾ ਕੇਜਰੀਵਾਲ ਨੂੰ' ਨਾਅਰੇ ਹੇਠ ਪ੍ਰਚਾਰ ਕੀਤਾ ਜਾ ਰਿਹਾ ਹੈ ਜਦ ਕਿ ਸਿੱਧੂ 'ਪੰਜਾਬ ਮਾਡਲ' ਅਤੇ 'ਜਿੱਤੇਗਾ ਪੰਜਾਬ' ਵਰਗੇ ਨਾਅਰਿਆਂ ਹੇਠ ਆਪਣਾ ਪ੍ਰਚਾਰ ਕਰਵਾ ਰਹੇ ਹਨ। ਉੱਧਰ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਮਿਲਣ ਮਗਰੋਂ ਪਾਰਟੀ ਵਿਚਲੇ ਅਤੇ ਬਾਹਰੀ ਸਮਰਥਕਾਂ ਵੱਲੋਂ ਉਨ੍ਹਾਂ ਲਈ 'ਮਜੀਠੀਆ ਰਿਟਰਨਜ਼' ਦਾ ਨਾਅਰਾ ਲਾ ਕੇ ਵਰਚੁਅਲ ਪ੍ਰਚਾਰ ਸ਼ੁਰੂ ਕੀਤਾ ਗਿਆ ਹੈ।

## ਕੈਲੀਫੋਰਨੀਆ ਦੇ ਸ਼ਹਿਰ ਕਰਮਨ ਵਿਖੇ ਲੋਹੜੀ ਦੌਰਾਨ ਹੋਏ ਧਾਰਮਿਕ ਸਮਾਗਮ

**ਫਰਿਜ਼ਨੋ:** ਕੈਲੀਫੋਰਨੀਆ ਦੇ ਕਰਮਨ ਸ਼ਹਿਰ ਦੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਵਿਖੇ ਲੋਹੜੀ ਦੇ ਸਮਾਗਮ ਕਰਵਾਏ ਗਏ। ਸਮਾਗਮਾਂ ਦੀ ਸ਼ੁਰੂਆਤ ਗੁਰਬਾਣੀ-ਕੀਰਤਨ ਨਾਲ ਹੋਈ, ਜਿੱਥੇ ਹਜ਼ੂਰੀ ਰਾਗੀ ਭਾਈ ਸੋਢੀ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ। ਉਪਰੰਤ ਲੱਗੇ ਵੱਡੇ ਅੱਗ ਦੇ ਧੂਣਿਆਂ 'ਤੇ ਸੰਗਤ ਨੇ ਤਿਲ ਸੁੱਟ ਕੇ ਜਿੱਥੇ ਨਿੱਘ ਮਾਣਿਆ, ਉੱਥੇ ਆਉਣ ਵਾਲੇ ਸਾਲ ਵਿਚ ਪਾਪ-ਦਲਿੱਦਰ ਖਤਮ ਕਰਨ ਦੀ ਵਚਨਬੱਧਤਾ ਵੀ ਪ੍ਰਗਟਾਈ।

ਇਸੇ ਤਰ੍ਹਾਂ ਕੈਲੀਫੋਰਨੀਆ ਦੇ ਵੱਖ-ਵੱਖ ਗੁਰੂਘਰਾਂ ਵਿਚ ਸਮੁੱਚੇ ਭਾਈਚਾਰੇ ਵੱਲੋਂ ਸਾਂਝੇ ਤੌਰ 'ਤੇ ਵਿਸ਼ੇਸ਼ ਸਮਾਗਮ ਕੀਤੇ ਗਏ। ਇਸ ਦਿਨ ਪਰੰਪਰਾਗਤ ਤਰੀਕੇ ਨਾਲ ਸਰੋਂ ਦਾ ਸਾਗ ਅਤੇ ਮੱਕੀ ਦੀ ਰੋਟੀ, ਤਾਜ਼ੇ ਗੰਨੇ ਆਦਿਕ ਦੇ ਭਾਂਤ-ਭਾਂਤ ਦੇ ਸੁਆਦੀ ਲੰਗਰ ਵੀ ਚੱਲੇ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਗਮ ਯਾਦਗਾਰੀ ਹੋ ਨਿਬੜੇ।

# ਸਿੱਖ ਜਥੇਬੰਦੀਆਂ ਵੱਲੋਂ ਮੋਦੀ ਦਾ ਵੀਰ ਬਾਲ ਦਿਵਸ ਬਾਰੇ ਫੈਸਲਾ ਰੱਦ

**ਅੰਮ੍ਰਿਤਸਰ:** ਦਲ ਖਾਲਸਾ ਨਾਲ ਸਬੰਧਤ ਸਿੱਖ ਨੌਜਵਾਨਾਂ ਦੀ ਜਥੇਬੰਦੀ ਸਿੱਖ ਯੂਥ ਆਫ ਪੰਜਾਬ ਵੱਲੋਂ ਇਥੇ ਨੌਜਵਾਨਾਂ ਦੀ ਇਕੱਤਰਤਾ ਦੌਰਾਨ ਮਤਾ ਪਾਸ ਕਰਕੇ ਪ੍ਰਧਾਨ ਮੰਤਰੀ ਵੱਲੋਂ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਵੀਰ ਬਾਲ ਦਿਵਸ ਮਨਾਉਣ ਦੇ ਫੈਸਲੇ ਨੂੰ ਰੱਦ ਕੀਤਾ ਹੈ।

ਉਨ੍ਹਾਂ ਕਿਹਾ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਬਾਰੇ ਫੈਸਲੇ ਲੈਣ ਦਾ ਹੱਕ ਸ੍ਰੀ ਅਕਾਲ ਤਖਤ ਕੋਲ ਹੀ ਰਾਖਵਾਂ ਹੈ। ਇਸ ਮੌਕੇ ਜਥੇਬੰਦੀ ਦੇ ਢਾਂਚੇ ਦਾ ਪੁਨਰ ਗਠਨ ਕੀਤਾ ਗਿਆ ਤੇ ਗੁਰਨਾਮ ਸਿੰਘ ਮੂਨਕਾ ਨੂੰ ਅਗਲੇ ਦੋ ਸਾਲਾਂ ਲਈ ਜਥੇਬੰਦੀ ਦਾ ਪ੍ਰਧਾਨ ਚੁਣਿਆ ਗਿਆ।

ਇਸ ਇਕੱਤਰਤਾ ਵਿਚ ਸਿੱਖ ਯੂਥ ਆਫ ਪੰਜਾਬ ਸਮੇਤ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਦਲ ਖਾਲਸਾ ਦੇ ਕਾਰਕੁਨਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਸਮਾਗਮ ਦੌਰਾਨ ਸਰਕਾਰਾਂ ਦੇ ਸਿੱਖ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਦੇਸ਼ ਨੂੰ ਹਿੰਦੁਤਵ ਦੇ ਰੰਗ ਵਿਚ ਰੰਗਣ ਬਾਰੇ, ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਤੇ ਕੇਂਦਰ ਵੱਲੋਂ ਬਣਾਏ ਯੂ.ਏ.ਪੀ.ਏ. ਵਰਗੇ ਕਾਨੂੰਨਾਂ ਦੀ ਦੁਰਵਰਤੋਂ ਆਦਿ ਮੁੱਦਿਆਂ 'ਤੇ ਚਰਚਾ ਕੀਤੀ ਗਈ।



ਸਮਾਗਮ ਦੌਰਾਨ ਜਥੇਬੰਦੀ ਵੱਲੋਂ ਚਾਰ ਮਤੇ ਪਾਸ ਕੀਤੇ ਗਏ। ਇਕ ਮਤੇ ਰਾਹੀਂ ਪ੍ਰਧਾਨ ਮੰਤਰੀ ਵੱਲੋਂ 26 ਦਸੰਬਰ ਨੂੰ ਹਰ ਵਰ੍ਹੇ ਵੀਰ ਬਾਲ ਦਿਵਸ ਵਜੋਂ ਮਨਾਉਣ ਦੇ ਫੈਸਲੇ ਨੂੰ ਰੱਦ ਕਰਦਿਆਂ ਕਿਹਾ ਕਿ ਜਥੇਬੰਦੀ ਅਕਾਲ ਤਖਤ ਕੋਲੋਂ ਮੰਗ ਕਰੇਗੀ ਕਿ ਸਿੱਖ ਧਾਰਮਿਕ ਮਾਮਲਿਆਂ ਵਿਚ ਸਰਕਾਰਾਂ ਦੀ ਦਖਲਅੰਦਾਜ਼ੀ ਨੂੰ ਰੋਕਣ ਲਈ ਸਖਤ ਸੰਦੇਸ਼ ਜਾਰੀ ਕਰਨ। ਸ੍ਰੀ ਹਰਿਮੰਦਰ ਸਾਹਿਬ ਵਿਚ ਬੇਅਦਬੀ ਦੀ ਘਟਨਾ ਨੂੰ ਸਿੱਖ ਕੌਮ ਦੇ ਸਵੈਮਾਨ 'ਤੇ ਹਮਲਾ ਦੱਸਦਿਆਂ ਅਜਿਹੇ ਹਮਲਿਆਂ ਨੂੰ ਰੋਕਣ ਲਈ ਇਕਜੁੱਟ, ਚੌਕਸ ਤੇ ਲਾਮਬੰਦ ਹੋਣ ਦਾ ਸੱਦਾ ਦਿੱਤਾ ਗਿਆ। ਜਥੇਬੰਦੀ ਨੇ ਕਿਹਾ ਕਿ ਪੰਜਾਬ ਹਿੰਦੂ ਰਾਸ਼ਟਰ ਦਾ ਨਾ ਹਿੱਸਾ ਰਿਹਾ ਹੈ ਤੇ ਨਾ ਹੀ ਕਦੇ ਬਣੇਗਾ।

# ਪ੍ਰੋ. ਭੁੱਲਰ ਦੀ ਰਿਹਾਈ 'ਚ ਅੜਿੱਕਾ ਪਾਉਣ 'ਤੇ ਕੇਜਰੀਵਾਲ ਦੇ ਵਿਰੋਧ ਦਾ ਐਲਾਨ

**ਅੰਮ੍ਰਿਤਸਰ:** ਸਿੱਖ ਨੌਜਵਾਨ ਜਥੇਬੰਦੀਆਂ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਅਤੇ ਸਿੱਖ ਯੂਥ ਪਾਵਰ ਆਫ ਪੰਜਾਬ ਨੇ ਐਲਾਨ ਕੀਤਾ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਵਿਰੋਧ ਕਰਨ ਦੇ ਮਾਮਲੇ ਵਿਚ ਸਿੱਖ ਜਥੇਬੰਦੀਆਂ ਵੱਲੋਂ ਆਮ ਆਦਮੀ ਪਾਰਟੀ ਦਾ ਪੰਜਾਬ ਵਿਚ ਵਿਰੋਧ ਕੀਤਾ ਜਾਵੇਗਾ।

ਫੈਡਰੇਸ਼ਨ ਭਿੰਡਰਾਂਵਾਲਾ ਦੇ ਆਗੂ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਨੇ ਸਿੱਖ ਬੰਦੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਸਬੰਧੀ ਸਹਿਮਤੀ ਨਹੀਂ ਦਿੱਤੀ ਹੈ ਅਤੇ ਇਸ ਸਬੰਧੀ ਫਾਈਲ 'ਤੇ ਮੁੱਖ ਮੰਤਰੀ ਵੱਲੋਂ ਦਸਤਖਤ ਨਹੀਂ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਦਸੰਬਰ 2020 ਵਿਚ ਦਿੱਲੀ ਦੀ ਕੇਜਰੀਵਾਲ ਸਰਕਾਰ ਇਸ ਮਾਮਲੇ ਨੂੰ ਇਤਰਾਜ਼ਯੋਗ ਦੱਸ ਕੇ ਫਾਈਲ ਨੂੰ ਰੱਦ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਿੱਖ ਬੰਦੀਆਂ ਦੀ ਰਿਹਾਈ ਦਾ ਐਲਾਨ ਕੀਤਾ ਸੀ ਜਿਸ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦਾ ਨਾਂ ਵੀ ਸ਼ਾਮਲ ਸੀ। ਉਨ੍ਹਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਇਕ ਪਾਸੇ ਪੰਜਾਬ ਵਿਚ



ਵੱਡੇ ਵੱਡੇ ਐਲਾਨ ਕਰ ਰਿਹਾ ਹੈ ਪਰ ਦੂਜੇ ਪਾਸੇ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਦਾ ਵਿਰੋਧ ਕਰ ਰਿਹਾ ਹੈ।

ਇਸ ਦੌਰਾਨ ਸਿੱਖ ਯੂਥ ਪਾਵਰ ਆਫ ਪੰਜਾਬ ਦੀ ਪੰਜ ਮੈਂਬਰੀ ਕਮੇਟੀ ਦੇ ਮੁਖੀ ਪਰਮਜੀਤ ਸਿੰਘ ਅਕਾਲੀ ਨੇ ਕਿਹਾ ਕਿ ਕੇਜਰੀਵਾਲ ਸਰਕਾਰ ਵੱਲੋਂ ਪ੍ਰੋ. ਭੁੱਲਰ ਦੀ ਰਿਹਾਈ ਦੇ ਮਤੇ ਨੂੰ ਰੱਦ ਕਰਨ ਦੇ ਵਿਰੋਧ ਵਿੱਚ ਜਥੇਬੰਦੀ ਵੱਲੋਂ 'ਆਪ' ਦਾ ਪੰਜਾਬ ਭਰ ਵਿਚ ਵਿਰੋਧ ਕੀਤਾ ਜਾਵੇਗਾ।

### ਰਿਹਾਈ ਵਿਚ ਰੁਕਾਵਟ ਨਾ ਬਣੇ ਕੇਜਰੀਵਾਲ: ਦਾਦੂਵਾਲ

**ਏਲਨਾਬਾਦ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਆਖਿਆ ਕਿ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਿਚ ਰੁਕਾਵਟ ਨਾ ਪਾਵੇ। ਪ੍ਰੋ. ਭੁੱਲਰ ਨੇ ਲੰਮਾ ਸਮਾਂ ਭਾਰਤ ਦੀਆਂ ਜੇਲ੍ਹਾਂ ਵਿਚ ਸਜ਼ਾ ਕੱਟੀ ਹੈ। ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਦੁਨੀਆ ਭਰ ਵਿਚ ਵਸਦੇ ਸਿੱਖਾਂ ਤੇ ਅਮਨ ਪਸੰਦ ਲੋਕਾਂ ਵੱਲੋਂ ਲੰਮੇ ਸਮੇਂ ਤੋਂ ਕੋਸ਼ਿਸ਼ਾਂ ਜਾਰੀ ਹਨ। ਹੁਣ ਅਜਿਹੀ ਆਸ ਕੀਤੀ ਜਾ ਰਹੀ ਹੈ ਕਿ ਭਾਰਤ ਸਰਕਾਰ ਵੀ ਛੇਤੀ ਉਨ੍ਹਾਂ ਸਿੰਘਾਂ ਦੀ ਰਿਹਾਈ ਦਾ ਫੈਸਲਾ ਲੈ ਸਕਦੀ ਹੈ।

# ਪੰਜਾਬ ਯੂ.ਪੀ. ਵਿਚ ਦਹਿਸ਼ਤੀ ਗੁੱਟਾਂ ਦੀਆਂ ਸਰਗਰਮੀਆਂ ਬਾਰੇ ਚਿਤਾਵਨੀ

**ਨਵੀਂ ਦਿੱਲੀ:** ਖੁਫੀਆ ਏਜੰਸੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਪੰਜਾਬ ਵਿਚ ਚੋਣ ਪ੍ਰਕਿਰਿਆ ਵਿਚ ਰੁਕਾਵਟ ਪਾਉਣ ਤੇ ਖਾਲਿਸਤਾਨੀ ਸਰਗਰਮੀਆਂ ਵਧਾਉਣ ਲਈ ਪਾਕਿਸਤਾਨ ਦੀ ਇੰਟਰ-ਸਰਵਿਸਿਜ ਇੰਟੈਲੀਜੈਂਸ (ਆਈ.ਐਸ.ਆਈ.) ਨੇ ਪੰਜਾਬ ਤੇ ਉਤਰ ਪ੍ਰਦੇਸ਼ ਦੇ ਕੁਝ ਹਿੱਸਿਆਂ ਵਿਚ ਹੋਰ ਦਹਿਸ਼ਤੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਆਪਣੇ ਦਹਿਸ਼ਤੀ ਗੁੱਟਾਂ ਨੂੰ ਸਰਗਰਮ ਕਰ ਦਿੱਤਾ ਹੈ।

ਸੁਰੱਖਿਆ ਏਜੰਸੀਆਂ ਦੇ ਸੂਤਰਾਂ ਨੇ ਦੱਸਿਆ ਕਿ ਖੁਫੀਆ ਜਾਣਕਾਰੀ ਅਨੁਸਾਰ ਆਈ.ਐਸ.ਆਈ. ਦਾ ਸਮਰਥਨ ਹਾਸਲ ਦਹਿਸ਼ਤੀ ਜਥੇਬੰਦੀਆਂ ਚੋਣ ਰੈਲੀਆਂ ਨੂੰ ਨਿਸ਼ਾਨਾ ਬਣਾ ਸਕਦੀਆਂ ਹਨ ਤੇ ਪੰਜਾਬ, ਯੂਪੀ ਤੇ ਉੱਤਰਾਖੰਡ ਦੇ ਕੁਝ ਹਿੱਸਿਆਂ ਵਿਚ ਚੋਣ ਪ੍ਰਚਾਰ ਦੀ ਪ੍ਰਕਿਰਿਆ ਦੌਰਾਨ ਕਈ ਵੀ.ਵੀ.ਆਈ.ਪੀ. ਆਗੂਆਂ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਕਰ ਸਕਦੀਆਂ ਹਨ। ਪੰਜਾਬ ਅਤੇ ਚੋਣਾਂ ਵਾਲੇ ਹੋਰ ਸੂਬਿਆਂ, ਜਿੱਥੇ ਸਿੱਖ ਵੋਟਰ ਵੱਡੀ ਗਿਣਤੀ ਵਿਚ ਹਨ, ਵਿਚ ਖਾਲਿਸਤਾਨੀ ਲਹਿਰ ਨੂੰ ਮੁੜ ਸਰਗਰਮ ਕਰਨ ਲਈ ਪੰਜਾਬ ਚੋਣਾਂ ਨੂੰ ਉਚਿਤ ਮੌਕਾ ਮੰਨਦਿਆਂ ਆਈ.ਐਸ.ਆਈ. ਨੇ ਸਾਰੇ ਛੋਟੇ-ਵੱਡੇ ਦਹਿਸ਼ਤੀ ਜਥੇਬੰਦੀਆਂ ਨੂੰ ਸਰਗਰਮ ਕਰ ਦਿੱਤਾ ਹੈ, ਜਿਨ੍ਹਾਂ ਨੂੰ ਸੂਬੇ ਵਿਚ ਚੋਣ ਪ੍ਰਕਿਰਿਆ ਵਿਚ ਰੁਕਾਵਟ ਪਾਉਣ ਲਈ ਆਖਿਆ ਗਿਆ ਹੈ।

ਇਹ ਜਾਣਕਾਰੀ ਪੰਜਾਬ, ਯੂਪੀ ਤੇ ਉੱਤਰਾਖੰਡ ਪ੍ਰਸ਼ਾਸਨਾਂ ਵੱਲੋਂ ਸਾਂਝੀ ਕੀਤੀ ਗਈ ਹੈ, ਜਿਨ੍ਹਾਂ ਦੱਸਿਆ ਹੈ ਕਿ ਇਹ ਦਹਿਸ਼ਤੀ ਜਥੇਬੰਦੀਆਂ ਦੂਜੇ ਸੂਬਿਆਂ ਵਿਚ ਵੀ ਸਿੱਖ ਵਸੋਂ ਨੂੰ ਆਪਣੇ ਉਦੇਸ਼ ਦੇ ਪੱਖ 'ਚ ਕਰਨ ਲਈ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ। ਆਈ.ਐਸ.ਆਈ. ਨੇ ਇਨ੍ਹਾਂ ਸਿੱਖ ਅਤਿਵਾਦੀ ਸੰਸਥਾਵਾਂ ਨੂੰ ਇਹ ਸੁਨੇਹਾ ਵੀ ਭੇਜਿਆ ਹੈ ਕਿ ਖਾਲਿਸਤਾਨ ਲਈ ਇਹੀ 'ਹੁਣ ਜਾਂ ਕਦੇ ਨਹੀਂ' ਵਾਲਾ ਸਮਾਂ ਹੈ। ਇਸ ਜਾਣਕਾਰੀ ਮੁਤਾਬਕ ਹੀ ਯੂਪੀ ਤੇ ਉੱਤਰਾਖੰਡ ਸਰਕਾਰਾਂ ਨੂੰ ਇਨ੍ਹਾਂ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖਣ ਤੇ ਇਨ੍ਹਾਂ ਸੂਬਿਆਂ ਦੇ ਸਿੱਖ ਆਗੂਆਂ ਤੇ ਅਹਿਮ ਸ਼ਖਸੀਅਤਾਂ ਨਾਲ ਸੰਪਰਕ 'ਚ ਰਹਿਣ ਲਈ ਕਿਹਾ ਗਿਆ ਹੈ।

# ਫੂਲਕਾ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਭੇਜਿਆ ਪੱਤਰ

**ਅੰਮ੍ਰਿਤਸਰ:** ਉੱਘੇ ਸਿੱਖ ਵਕੀਲ ਤੇ ਸਾਬਕਾ 'ਆਪ' ਵਿਧਾਇਕ ਐਚ.ਐਸ. ਫੂਲਕਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਕ ਪੱਤਰ ਭੇਜ ਕੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਕਮੇਟੀ ਵਰਗੀ ਸਿੱਖ ਸੰਸਥਾ ਨੂੰ ਮਹਿਜ ਇਕ ਪਰਿਵਾਰ ਤੇ ਸਿਆਸੀ ਪਾਰਟੀ ਲਈ ਵਰਤਿਆ ਜਾ ਰਿਹਾ ਹੈ, ਜੋ ਅਫਸੋਸ ਦੀ ਗੱਲ ਹੈ।

ਉਨ੍ਹਾਂ ਇਹ ਪ੍ਰਤੀਕਿਰਿਆ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਇਕ ਬਿਆਨ ਦੇ ਜਵਾਬ ਵਿਚ ਦਿੱਤੀ ਹੈ, ਜਿਸ ਵਿਚ ਸ੍ਰੀ ਧਾਮੀ ਨੇ ਕਿਹਾ ਸੀ ਕਿ ਫੂਲਕਾ ਨੂੰ 'ਆਪ' ਨੇ ਬਾਹਰ ਕੱਢਿਆ ਸੀ। ਸ੍ਰੀ ਫੂਲਕਾ ਨੇ ਕਿਹਾ ਕਿ ਉਸ ਨੇ ਖੁਦ ਪਾਰਟੀ ਛੱਡੀ ਸੀ ਤੇ ਅਸਤੀਫੇ ਪਿਛਲਾ ਵੱਡਾ ਕਾਰਨ 1984 ਸਿੱਖ



ਕਤਲੇਆਮ ਨਾਲ ਜੁੜੇ ਕੇਸ ਸਨ। ਸ੍ਰੀ ਫੂਲਕਾ ਨੇ ਕਿਹਾ ਕਿ ਇਸ ਮਾਮਲੇ ਵਿਚ 34 ਸਾਲਾਂ ਬਾਅਦ ਹਾਈਕੋਰਟ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਦੇ ਕੇਸ ਦੀ ਸੁਣਵਾਈ ਸੀ ਤੇ ਅਹੁਦਾ ਹੋਣ ਕਾਰਨ ਬਾਰ ਕੌਂਸਲ ਨੇ ਉਸ ਨੂੰ ਇਹ ਕੇਸ ਲੜਨ ਤੋਂ ਮਨਾ ਕਰ ਦਿੱਤਾ ਸੀ। ਉਸ ਵੇਲੇ ਆਪਣਾ ਫਰਜ਼ ਸਮਝਦਿਆਂ ਫੂਲਕਾ ਨੇ ਸਿਆਸਤ ਛੱਡ ਕੇ ਕੇਸ ਲੜਨ ਨੂੰ ਤਰਜੀਹ ਦਿੱਤੀ ਸੀ। ਜਿਸ ਮਗਰੋਂ ਕੇਸ ਜਿੱਤਿਆ ਵੀ ਗਿਆ ਤੇ ਸੱਜਣ ਕੁਮਾਰ ਨੂੰ ਸਜ਼ਾ ਵੀ ਹੋਈ।

ਉਨ੍ਹਾਂ ਇਹ ਵੀ ਲਿਖਿਆ ਕਿ ਪੰਜਾਬ ਦਾ ਮੁੱਖ ਮੰਤਰੀ ਕਿਸੇ ਵੀ ਧਰਮ ਦਾ ਹੋਣ ਬਾਰੇ ਅਕਾਲ ਤਖਤ ਦੇ ਜਥੇਦਾਰ ਦਾ ਬਿਆਨ ਉਚਿਤ ਨਹੀਂ ਹੈ। ਜਦੋਂ ਪੰਜਾਬ ਸੂਬਾ ਬਣਿਆ ਸੀ ਤਾਂ ਅਕਾਲੀ ਦਲ ਵੱਲੋਂ ਆਖਿਆ ਗਿਆ ਸੀ ਕਿ ਪੰਜਾਬੀ ਸੂਬਾ ਬਣਾਉਣ ਦਾ ਲਾਭ ਹੋਵੇਗਾ ਕਿ ਇਸ ਦਾ ਮੁੱਖ ਮੰਤਰੀ ਹਮੇਸ਼ਾ ਸਿੱਖ ਵਿਅਕਤੀ ਹੀ ਹੋਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਇਸ ਧਾਰਮਿਕ ਸੰਸਥਾ ਨੂੰ ਆਪਣੇ ਸਿਆਸੀ ਲਾਹੇ ਲਈ ਵਰਤ ਰਿਹਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਆਖਿਆ ਕਿ ਉਹ ਅਕਾਲ ਤਖਤ ਦੇ ਜਥੇਦਾਰ ਤੋਂ ਇਹ ਬਿਆਨ ਵਾਪਸ ਕਰਵਾਉਣ।

# 10ਵੀਂ ਤੇ 12ਵੀਂ ਦੀਆਂ ਪ੍ਰੀਖਿਆਵਾਂ ਹੋਣਗੀਆਂ ਆਫਲਾਈਨ

**ਚੰਡੀਗੜ੍ਹ:** ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਵੱਲੋਂ 10ਵੀਂ ਤੇ 12ਵੀਂ ਜਮਾਤ ਦੀਆਂ ਟਰਮ-2 ਦੀਆਂ ਪ੍ਰੀਖਿਆਵਾਂ ਆਫਲਾਈਨ ਕਰਵਾਉਣ ਦੀ ਯੋਜਨਾ ਹੈ। ਇਸ ਲਈ ਬੋਰਡ ਨੇ ਸਕੂਲਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।

ਇਸ ਤੋਂ ਇਲਾਵਾ ਜੇ ਕਰੋਨਾ ਕਾਰਨ ਹਾਲਾਤ ਹੋਰ ਖਰਾਬ ਹੁੰਦੇ ਹਨ ਤਾਂ ਟਰਮ-1 ਪ੍ਰੀਖਿਆਵਾਂ ਦੇ ਆਧਾਰ 'ਤੇ ਹੀ ਵਿਦਿਆਰਥੀਆਂ ਦਾ ਨਤੀਜਾ ਐਲਾਨ ਦਿੱਤਾ ਜਾਵੇਗਾ। ਬੋਰਡ ਨੇ ਸਕੂਲਾਂ ਨੂੰ ਪੱਤਰ ਲਿਖ ਕੇ ਸਪਸ਼ਟ ਕੀਤਾ ਹੈ ਕਿ ਟਰਮ-2 ਦੀਆਂ ਮਾਰਚ-ਅਪਰੈਲ ਵਿਚ ਹੋਣ ਵਾਲੀਆਂ ਪ੍ਰੀਖਿਆਵਾਂ ਆਫਲਾਈਨ ਕਰਵਾਈਆਂ ਜਾਣਗੀਆਂ ਜਿਸ ਲਈ ਸੈਂਪਲ ਪੇਪਰ ਜਾਰੀ ਕਰ ਦਿੱਤੇ ਹਨ ਤੇ ਬੋਰਡ ਨੇ ਇਨ੍ਹਾਂ ਸੈਂਪਲ ਪੇਪਰਾਂ ਤੋਂ ਇਲਾਵਾ ਅੰਕਾਂ ਦਾ ਵੇਰਵਾ ਵੀ ਆਪਣੀ ਵੈਬਸਾਈਟ 'ਤੇ ਸਾਂਝਾ ਕਰ ਦਿੱਤਾ ਹੈ। ਪੱਤਰ ਵਿਚ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਸਿਹਤ ਮਾਹਰਾਂ ਨੇ ਦੱਸਿਆ ਹੈ ਕਿ ਕਰੋਨਾ ਲਾਗ ਦੀ ਤੀਜੀ ਲਹਿਰ ਨੁਕਸਾਨਦਾਇਕ ਨਹੀਂ ਹੋਵੇਗੀ, ਇਸ ਲਈ ਇਹ ਪ੍ਰੀਖਿਆਵਾਂ ਤੈਅ ਸਮੇਂ 'ਤੇ ਹੀ ਹੋਣਗੀਆਂ। ਬੋਰਡ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਜਿਹੜੇ ਵਿਦਿਆਰਥੀ ਟਰਮ-2 ਦੀ ਪ੍ਰੀਖਿਆ ਨਹੀਂ ਦੇਣਗੇ, ਉਨ੍ਹਾਂ ਦੇ ਨਤੀਜੇ ਟਰਮ-1 ਦੇ ਆਧਾਰ 'ਤੇ ਐਲਾਨ ਦਿੱਤੇ ਜਾਣਗੇ।

ਪੱਤਰ ਵਿਚ ਕਿਹਾ ਗਿਆ ਹੈ ਕਿ ਟਰਮ-2 ਦੀ ਪ੍ਰੀਖਿਆ ਵਿਸਥਾਰਤ ਸਵਾਲਾਂ ਦੇ ਜਵਾਬਾਂ ਆਧਾਰਿਤ ਹੋਵੇਗੀ ਜਿਸ ਦਾ ਸਮਾਂ ਦੋ ਘੰਟੇ ਹੋਵੇਗਾ ਜਦਕਿ ਟਰਮ-1 ਦੀ ਪ੍ਰੀਖਿਆ ਦਾ ਸਮਾਂ 90 ਮਿੰਟ ਸੀ। ਸੀ.ਬੀ.ਐਸ.ਈ. ਮੁਹਾਲੀ ਦੇ ਖੇਤਰੀ ਅਧਿਕਾਰੀ ਸ਼ਿਆਮ ਕਪੂਰ ਨੇ ਦੱਸਿਆ ਕਿ ਟਰਮ-2 ਦੀਆਂ ਆਫਲਾਈਨ ਪ੍ਰੀਖਿਆਵਾਂ ਕਰਵਾਉਣ ਲਈ ਹਦਾਇਤਾਂ ਆ ਗਈਆਂ ਹਨ। ਇਕ ਹੋਰ ਅਧਿਕਾਰੀ ਨੇ ਦੱਸਿਆ ਕਿ ਕੇਂਦਰੀ ਸਿੱਖਿਆ ਮੰਤਰਾਲੇ ਨੇ ਵੀ ਬੋਰਡ ਪ੍ਰੀਖਿਆਵਾਂ ਆਫਲਾਈਨ ਕਰਵਾਉਣ ਲਈ ਹਰੀ ਝੰਡੀ ਦੇ ਦਿੱਤੀ ਹੈ।

## ਕਾਂਗਰਸ ਦੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ 'ਆਪ' ਵਿਚ ਸ਼ਾਮਲ

**ਨਵੀਂ ਦਿੱਲੀ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਕਾਂਗਰਸ ਨਾਲ ਆਪਣੇ 50 ਸਾਲ ਪੁਰਾਣੇ ਰਿਸ਼ਤੇ ਨੂੰ ਤੋੜਨ ਤੋਂ ਇਕ ਦਿਨ ਬਾਅਦ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। 'ਆਪ' ਆਗੂ ਤੇ ਪੰਜਾਬ ਦੇ ਸਹਿ-ਇੰਚਾਰਜ ਰਾਘਵ ਚੱਢਾ ਨੇ ਇਕ ਟਵੀਟ ਵਿੱਚ ਕਿਹਾ ਕਿ ਉਨ੍ਹਾਂ ਦੇ ਸ਼ਾਮਲ ਹੋਣ ਨਾਲ ਪੰਜਾਬ ਵਿਚ ਪਾਰਟੀ ਦੀ ਇਕਾਈ ਨੂੰ ਵੱਡਾ ਹੁਲਾਰਾ ਮਿਲੇਗਾ। ਇਸ ਦੌਰਾਨ ਉਨ੍ਹਾਂ ਇਕ ਫੋਟੋ ਵੀ ਸਾਂਝੀ ਕੀਤੀ ਜਿਸ ਵਿਚ ਜੋਗਿੰਦਰ ਸਿੰਘ ਮਾਨ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਮੌਜੂਦਗੀ ਵਿਚ 'ਆਪ' ਵਿਚ ਸ਼ਾਮਲ ਹੋ ਰਹੇ ਹਨ।

# ਐਮ.ਐਸ.ਪੀ. ਕਾਨੂੰਨ ਦੇ ਮੁੱਦੇ 'ਤੇ ਕਾਂਗਰਸ ਨੇ ਚੁੱਕੇ ਸਵਾਲ

**ਨਵੀਂ ਦਿੱਲੀ:** ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੇ ਮੁੱਦੇ 'ਤੇ ਕਿਸਾਨ ਯੂਨੀਅਨਾਂ ਵੱਲੋਂ ਸਰਕਾਰ ਨੂੰ ਅਲਟੀਮੇਟਮ ਦਿੱਤੇ ਜਾਣ ਤੋਂ ਬਾਅਦ ਕਾਂਗਰਸ ਨੇ ਵੀ ਇਸ ਮੁੱਦੇ 'ਤੇ ਸਵਾਲ ਕੀਤਾ ਹੈ। ਕਾਂਗਰਸ ਦੇ ਬੁਲਾਰੇ ਜੈਵੀਰ ਸ਼ੇਰਗਿੱਲ ਨੇ ਸਵਾਲ ਕੀਤਾ ਕਿ ਐਮ.ਐਸ.ਪੀ. ਕਾਨੂੰਨ ਪਾਸ ਕਿਉਂ ਨਹੀਂ ਕੀਤਾ ਗਿਆ ਹੈ? ਲਖੀਮਪੁਰ ਖੀਰੀ ਮਾਮਲੇ ਵਿਚ ਮੰਤਰੀ ਨੂੰ ਬਰਖਾਸਤ ਕਿਉਂ ਨਹੀਂ ਕੀਤਾ ਗਿਆ? ਕਿਸਾਨ ਯੂਨੀਅਨਾਂ ਨੂੰ ਮੀਟਿੰਗ ਲਈ ਕਿਉਂ ਨਹੀਂ ਸੱਦਿਆ ਗਿਆ? ਕੀ ਕਾਲੇ ਖੇਤੀ ਕਾਨੂੰਨਾਂ ਦੀ ਵਾਪਸੀ ਮਹਿਜ ਇਕ ਚੋਣ ਸਟੰਟ ਵਿਚ ਤਬਦੀਲ ਹੋ ਰਹੀ ਹੈ? ਕੀ 19 ਨਵੰਬਰ 2021 ਦਾ ਦਿਨ ਜਦੋਂ ਖੇਤੀ ਕਾਨੂੰਨ ਵਾਪਸ ਲਏ ਗਏ ਸਨ, 'ਧੋਖਾ ਦਿਵਸ' ਵਿਚ ਤਬਦੀਲ ਹੋ ਜਾਵੇਗਾ?''

ਜ਼ਿਕਰਯੋਗ ਹੈ ਕਿ ਸੰਯੁਕਤ ਕਿਸਾਨ ਮੋਰਚੇ




ਨੇ ਦੋਸ਼ ਲਗਾਇਆ ਹੈ ਕਿ ਐਮ.ਐਸ.ਪੀ. ਦੇ ਮੁੱਦੇ 'ਤੇ ਅੱਗੇ ਕੋਈ ਕਾਰਵਾਈ ਨਹੀਂ ਹੋ ਰਹੀ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਯੁਧਵੀਰ ਸਿੰਘ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਸੀ, "ਐਮ.ਐਸ.ਪੀ. ਦੇ ਮੁੱਦੇ 'ਤੇ ਕੋਈ ਪ੍ਰਗਤੀ ਨਹੀਂ ਹੋਈ ਹੈ। ਐਮ.ਐਸ.ਪੀ. ਸਬੰਧੀ ਕੋਈ ਕਮੇਟੀ ਨਹੀਂ ਬਣਾਈ ਗਈ ਹੈ। ਸਿਰਫ ਹਰਿਆਣਾ ਵਿਚ ਕਿਸਾਨਾਂ 'ਤੇ ਦਰਜ ਕੇਸ ਵਾਪਸ ਲੈਣ ਲਈ ਕੁਝ ਕਾਰਵਾਈ ਹੋਈ ਹੈ, ਪਰ ਦਿੱਲੀ ਸਣੇ ਹੋਰ ਸੂਬਿਆਂ ਵਿਚ ਇਸ ਸਬੰਧੀ ਜ਼ਿਆਦਾ ਪ੍ਰਗਤੀ ਨਹੀਂ ਹੋਈ ਹੈ। ਬਿਜਲੀ ਬਿੱਲਾਂ ਸਬੰਧੀ ਸਾਡੀ ਮੰਗ 'ਤੇ ਵੀ ਕੋਈ ਚਰਚਾ ਨਹੀਂ ਕੀਤੀ ਗਈ।'' ਸੰਯੁਕਤ ਕਿਸਾਨ ਮੋਰਚਾ ਜੋ ਕਿ 40 ਕਿਸਾਨ ਜਥੇਬੰਦੀਆਂ ਦਾ ਇਕ ਪਲੇਟਫਾਰਮ ਹੈ, ਨੇ 9 ਦਸੰਬਰ 2021 ਨੂੰ ਕੇਂਦਰ ਦੇ ਕਾਲੇ ਖੇਤੀ ਕਾਨੂੰਨਾਂ ਖਿਲਾਫ ਆਰੰਭਿਆ ਆਪਣਾ 15 ਮਹੀਨੇ ਲੰਬਾ ਸੰਘਰਸ਼ ਖਤਮ ਕਰਨ ਦਾ ਐਲਾਨ ਕੀਤਾ ਸੀ। ਲਖੀਮਪੁਰ ਖੀਰੀ ਉਹ ਜਗ੍ਹਾ ਹੈ ਜਿੱਥੇ ਲੰਘੀ 4 ਅਕਤੂਬਰ ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੇ ਪੁੱਤਰ ਦੇ ਇਕ ਤੇਜ਼ ਰਫਤਾਰ ਵਾਹਨ ਨੇ ਕਿਸਾਨਾਂ ਅਤੇ ਇਕ ਪੱਤਰਕਾਰ ਸਣੇ ਛੇ ਜਣਿਆਂ ਨੂੰ ਦਰੜ ਦਿੱਤਾ ਸੀ। ਕਿਸਾਨਾਂ ਨੇ ਟੈਨੀ ਅਤੇ ਉਸ ਦੇ ਪੁੱਤਰ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ, ਪਰ ਅਜੇ ਤੱਕ ਇਸ ਸਬੰਧੀ ਕੋਈ ਕਦਮ ਨਹੀਂ ਉਠਾਇਆ ਗਿਆ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ 23 ਤੇ 24 ਫਰਵਰੀ ਨੂੰ ਮਜ਼ਦੂਰ ਜਥੇਬੰਦੀਆਂ ਵੱਲੋਂ ਕੀਤੀ ਜਾ ਰਹੀ ਦੇਸ਼ਵਿਆਪੀ ਹੜਤਾਲ ਨੂੰ ਸਮਰਥਨ ਦੇਣ ਦਾ ਐਲਾਨ ਵੀ ਕੀਤਾ ਗਿਆ ਕਿਉਂ ਕਿ ਉਨ੍ਹਾਂ ਦੀਆਂ ਮੰਗਾਂ ਵਿਚ ਐਮ.ਐਸ.ਪੀ. ਦਾ ਮੁੱਦਾ ਸ਼ਾਮਲ ਹੈ ਅਤੇ ਇਸ ਤੋਂ ਇਲਾਵਾ ਮਜ਼ਦੂਰ ਜਥੇਬੰਦੀਆਂ ਨੇ ਵੀ ਕਿਸਾਨ ਅੰਦੋਲਨ ਨੂੰ ਸਮਰਥਨ ਦਿੱਤਾ ਸੀ।

## ਨਵਜੋਤ ਵੱਲੋਂ ਅਮਰੀਕੀ ਉਦਯੋਗਪਤੀ ਨੂੰ ਨਿਵੇਸ਼ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਟੇਸਲਾ ਮੋਟਰਜ਼ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਅਮਰੀਕੀ ਉਦਯੋਗਪਤੀ ਐਲਨ ਮਸਕ ਨੂੰ ਪੰਜਾਬ 'ਚ ਇਲੈਕਟ੍ਰਿਕ ਕਾਰਾਂ ਦਾ ਉਦਯੋਗ ਲਾਉਣ ਦਾ ਸੱਦਾ ਦਿੱਤਾ ਹੈ। ਨਵਜੋਤ ਨੇ ਟਵੀਟ ਕਰਕੇ ਐਲਨ ਮਸਕ ਨੂੰ ਪੰਜਾਬ ਵਿਚ ਉਦਯੋਗ ਲਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ 'ਪੰਜਾਬ ਮਾਡਲ' ਲੁਧਿਆਣਾ ਨੂੰ ਇਲੈਕਟ੍ਰਿਕ ਵਾਹਨਾਂ ਅਤੇ ਬੈਟਰੀ ਸਨਅਤ ਦੀ ਹੱਬ ਬਣਾਏਗਾ। ਪੰਜਾਬ ਮਾਡਲ ਨਿਵੇਸ਼ ਲਈ ਸਮਾਂਬੱਧ ਸਿੰਗਲ ਵਿੰਡੋ ਕਲੀਅਰੈਂਸ ਦੇ ਕੇ ਪੰਜਾਬ ਵਿਚ ਨਵੀਂ ਤਕਨਾਲੋਜੀ ਅਤੇ ਵਾਤਾਵਰਨ ਸੁਰੱਖਿਆ ਦੇ ਨਾਲ ਟਿਕਾਊ ਵਿਕਾਸ ਲਈ ਰਾਹ ਮੋਕਲਾ ਕਰੇਗਾ।

# ਮਿਸ਼ਨ ਪੰਜਾਬ: ਵਾਅਦਾਖਿਲਾਫੀ ਬਣੀ ਕਾਂਗਰਸ ਲਈ ਵੱਡੀ ਚੁਣੌਤੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸਸਤੀ ਰੇਤ, ਕੇਬਲ, ਨਸ਼ਾ ਤੇ ਭ੍ਰਿਸ਼ਟਾਚਾਰ ਦਾ ਮੁੱਦੇ ਕਾਂਗਰਸ ਲਈ ਚੁਣੌਤੀ ਬਣ ਸਕਦਾ ਹੈ। ਇਹ ਉਹ ਵਾਅਦੇ ਸਨ ਜਿਨ੍ਹਾਂ ਦੀ ਬਦੌਲਤ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਸਰਕਾਰ ਸੱਤਾ ਵਿਚ ਆਈ ਸੀ।

ਸਾਢੇ ਚਾਰ ਸਾਲ ਇਨ੍ਹਾਂ ਮੁੱਦਿਆਂ ਉਤੇ ਸਰਕਾਰ ਗੱਲ ਕਰਨ ਤੋਂ ਕੰਨੀ ਕਤਰਾਉਂਦੀ ਰਹੀ, ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਂਭੇ ਕਰਨ ਪਿੱਛੋਂ ਨਵੇਂ ਬਣੇ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਇਨ੍ਹਾਂ ਮਸਲਿਆਂ ਦੇ ਹੱਲ ਲਈ ਵੱਡੇ ਦਾਅਵੇ ਤੇ ਐਲਾਨ ਕੀਤੇ ਪਰ 'ਪਰਨਾਲਾ ਉਥੇ ਦਾ ਉਥੇ' ਹੀ ਰਿਹਾ। ਨਸ਼ਿਆਂ ਦੇ ਮਾਮਲੇ ਵਿਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਜੇਲ੍ਹ ਡੱਕਣ ਦਾ ਕਾਂਗਰਸ ਸਰਕਾਰ ਦਾ 'ਸੁਪਨਾ' ਵੀ ਅਧੂਰਾ ਹੀ ਰਹੇ ਗਿਆ ਹੈ।

ਦੱਸ ਦਈਏ ਕਿ ਕੈਪਟਨ ਅਮਰਿੰਦਰ ਸਿੰਘ ਦੀ ਥਾਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਲਾਉਣ ਪਿੱਛੋਂ ਉਨ੍ਹਾਂ (ਚੰਨੀ) ਨੇ ਲੋਕਾਂ ਦੇ ਦਿਲ ਜਿੱਤਣ ਲਈ ਵਪਾਰੀਆਂ, ਆਮ ਲੋਕਾਂ ਤੇ ਕਿਸਾਨਾਂ ਆਦਿ ਨੂੰ ਸਹੂਲਤਾਂ ਦੇਣ ਦੇ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ। ਇਨ੍ਹਾਂ ਵਾਅਦਿਆਂ ਵਿਚ ਨਸ਼ਾ ਤਸਕਰਾਂ ਖਿਲਾਫ ਕਾਰਵਾਈ, ਮਾਫੀਆ ਰਾਜ ਦਾ ਖਾਤਮਾ, ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਤੇ ਕਿਸਾਨਾਂ ਦੀ ਕਰਜ਼ ਮੁਆਫੀ ਵੀ ਸਨ। ਪਰ ਸਰਕਾਰ ਦੇ ਇਹ ਵਾਅਦੇ ਲਾਰਿਆਂ ਤੱਕ ਹੀ ਸੀਮਤ ਰਹੇ ਹਨ।



ਦੱਸਣਯੋਗ ਹੈ ਕਿ ਚਰਨਜੀਤ ਸਿੰਘ ਚੰਨੀ ਨੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਦੇ ਹੀ ਸਭ ਤੋਂ ਪਹਿਲਾਂ ਮਾਈਨਿੰਗ ਅਤੇ ਰੇਤ ਦੀ ਹੋ ਰਹੀ ਕਾਲਾਬਜ਼ਾਰੀ 'ਤੇ ਨੱਥ ਪਾਉਣ ਲਈ ਸਸਤੀ ਰੇਤ ਦੇਣ ਦੇ ਵੱਡੇ-ਵੱਡੇ ਦਾਅਵੇ ਕੀਤੇ ਸਨ, ਜਿਸ ਦੀ ਅਸਲੀਅਤ ਇਹ ਹੈ ਕਿ ਅੱਜ ਵੀ ਇਹ ਰੇਤ ਆਮ ਲੋਕਾਂ ਨੂੰ ਪਹਿਲਾਂ ਵਾਲੇ ਭਾਅ 'ਤੇ ਹੀ ਬਾਜ਼ਾਰਾਂ ਵਿਚ ਮਿਲ ਰਹੀ ਹੈ। ਮੁੱਖ ਮੰਤਰੀ ਚੰਨੀ ਵੱਲੋਂ ਭਾਵੇਂ ਦਾਅਵਾ ਕੀਤਾ ਗਿਆ ਹੈ ਕਿ ਖੱਡਾਂ 'ਚ ਰੇਤ ਦਾ ਭਾਅ ਘਟਾ ਕੇ ਗੁੰਡਾ ਟੈਕਸ ਵੀ ਖਤਮ ਕਰ ਦਿੱਤਾ ਗਿਆ ਹੈ ਪਰ ਸੱਚਾਈ ਇਹ ਹੈ ਕਿ ਹਰੇਕ ਵਿਅਕਤੀ ਖੱਡਾ ਤੋਂ ਰੇਤ ਨਹੀਂ ਲਿਆ ਸਕਦਾ ਹੈ ਤੇ ਜੇਕਰ ਉਸ ਨੂੰ ਸ਼ਹਿਰੀ ਜਾਂ ਪੇਂਡੂ ਖੇਤਰ ਤੋਂ ਇਕ ਜਾ ਦੋ ਸੈਂਕੜਾ ਟਰਾਲੀ ਰੇਤਾ ਲੈਣੀ ਹੁੰਦੀ ਹੈ ਤਾਂ ਉਸ ਨੂੰ ਮਹਿੰਗੇ ਭਾਅ 'ਚ ਹੀ ਮਿਲਦੀ ਹੈ।

ਇਸੇ ਤਰ੍ਹਾਂ ਹੀ 100 ਰੁਪਏ 'ਚ ਕੇਬਲ ਦੇਣ ਦਾ ਵਾਅਦਾ ਵੀ ਹਵਾਈ ਫਾਇਰ ਹੀ ਸਾਬਤ ਹੋ ਰਿਹਾ ਹੈ ਤੇ ਲੋਕ ਅੱਜ ਵੀ 350 ਰੁਪਏ ਤੋਂ ਵੱਧ ਕੇਬਲ ਦੇ ਪੈਸੇ ਦੇ ਕੇ ਕੇਬਲ ਦੇਖਣ ਨੂੰ ਮਜਬੂਰ ਹੋ ਰਹੇ ਹਨ। ਦੱਸਣਯੋਗ ਹੈ ਕਿ ਮੁੱਖ ਮੰਤਰੀ ਚੰਨੀ ਵੱਲੋਂ ਲਾਲ ਲਕੀਰ ਅਧੀਨ ਆਉਂਦੇ ਖੇਤਰਾਂ 'ਚ ਰਹਿਣ ਵਾਲੇ ਲੋਕਾਂ ਨੂੰ ਜ਼ਮੀਨਾਂ ਦਾ ਮਾਲਕਾਨਾ ਹੱਕ ਦੇਣ ਦਾ ਵਾਅਦਾ ਕਰਦੇ ਹੋਏ ਉਕਤ ਜ਼ਮੀਨਾਂ ਦੀਆਂ ਰਜਿਸਟਰੀਆਂ ਕਬਜ਼ਾਧਾਰਕਾਂ ਦੇ ਨਾਂ ਕਰਨ ਅਤੇ ਬੇਜ਼ਮੀਨੇ ਲੋਕਾਂ ਨੂੰ 5-5 ਮਰਲੇ ਦੇ ਪਲਾਟ ਆਦਿ ਦੇਣ ਦਾ ਵਾਅਦਾ ਕੀਤਾ ਗਿਆ ਸੀ, ਜੋ ਕਿ ਮੁੱਖ ਮੰਤਰੀ ਚੰਨੀ ਦੇ 111 ਦਿਨਾਂ ਦੇ ਕਾਰਜਕਾਲ 'ਚ ਪੂਰਾ ਨਾ ਹੋਣ ਕਾਰਨ ਲੋਕਾਂ 'ਚ ਰੋਸ ਪਾਇਆ ਜਾ ਰਿਹਾ ਹੈ ਜਿਸ ਦਾ ਖਮਿਆਜ਼ਾ ਕਾਂਗਰਸ ਪਾਰਟੀ ਨੂੰ ਵਿਧਾਨ ਸਭਾ ਚੋਣਾਂ ਵਿਚ ਭੁਗਤਣਾ ਪੈ ਸਕਦਾ ਹੈ।

ਚੰਨੀ ਸਰਕਾਰ ਵੱਲੋਂ 36 ਹਜ਼ਾਰ ਮੁਲਾਜ਼ਮਾਂ ਨੂੰ ਪੱਕੇ ਕਰਨ ਸਬੰਧੀ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਵੱਡੀ ਗਿਣਤੀ 'ਚ ਬੋਰਡ ਲਾ ਕੇ ਵਾਹ-ਵਾਹ ਲੁੱਟਣ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਕੱਚੇ ਮੁਲਾਜ਼ਮਾਂ ਵੱਲੋਂ ਸੱਚਾਈ ਸਾਹਮਣੇ ਲਿਆਉਣ 'ਤੇ ਚੰਨੀ ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ।

## ਵਜ਼ੀਫਾ ਘੁਟਾਲੇ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਕਾਂਗਰਸ ਸਰਕਾਰ ਵੱਲੋਂ ਚੋਣ ਜ਼ਾਬਤੇ ਤੋਂ ਪਹਿਲਾਂ ਵਜ਼ੀਫਾ ਸਕੀਮ ਵਿਚ ਕਥਿਤ ਗੜਬੜੀ ਕਰਨ ਵਾਲੇ ਵਿੱਦਿਅਕ ਅਦਾਰਿਆਂ ਨੂੰ ਦਿੱਤੀ ਮੁਆਫੀ ਦਾ ਮੁੱਦਾ ਗਰਮਾਉਣ ਲੱਗਾ ਹੈ। ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਨੇ ਵੱਡੇ ਵਿੱਦਿਅਕ ਅਦਾਰਿਆਂ ਨੂੰ ਪੁਲਿਸ ਕੇਸ ਤੋਂ ਬਖਸ਼ਣ ਦੇ ਮਾਮਲੇ ਉਤੇ ਕਿਹਾ ਕਿ ਪੰਜਾਬ ਸਰਕਾਰ ਨੇ ਵਜ਼ੀਫਾ ਘੁਟਾਲਾ ਕਰਨ ਵਾਲਿਆਂ ਨੂੰ ਸਜਾ ਤਾਂ ਕੀ ਦੇਣੀ ਸੀ, ਉਲਟਾ ਕੈਬਨਿਟ ਨੇ ਵਿੱਦਿਅਕ ਅਦਾਰਿਆਂ ਨੂੰ ਪੁਲਿਸ ਕੇਸ ਤੋਂ ਬਚਾ ਕੇ ਦਲਿਤ ਬੱਚਿਆਂ ਪ੍ਰਤੀ ਧਰੋਹ ਕਮਾਇਆ ਹੈ। ਉਨ੍ਹਾਂ ਕਿਹਾ ਕਿ ਵਜ਼ੀਫਾ ਘੁਟਾਲੇ 'ਚ ਸ਼ਾਮਲ ਵਿੱਦਿਅਕ ਅਦਾਰਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਵੱਲੋਂ ਦਲਿਤ ਬੱਚਿਆਂ ਦੇ ਵਜ਼ੀਫੇ ਵਿਚ ਹੇਰ-ਫੇਰ ਕੀਤੀ ਗਈ ਹੈ।

## ਨਸ਼ਾ ਸੌਦਾਗਰਾਂ ਨੂੰ ਹੱਥ ਪਾਉਣ ਦੀ ਹਿੰਮਤ ਦਿਖਾਈ: ਚੰਨੀ

**ਚਮਕੌਰ ਸਾਹਿਬ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਦੀ ਮੌਜੂਦਾ ਕਾਂਗਰਸ ਸਰਕਾਰ ਨੇ ਆਪਣੇ ਸਿਰਫ ਸਾਢੇ ਤਿੰਨ ਮਹੀਨਿਆਂ ਦੇ ਕਾਰਜਕਾਲ ਦੌਰਾਨ ਜਿਥੇ ਲੋਕਪੱਖੀ ਫੈਸਲੇ ਲਾਗੂ ਕੀਤੇ ਹਨ, ਉਥੇ ਹੀ ਨਸ਼ਿਆਂ ਦੇ ਸੌਦਾਗਰਾਂ ਨੂੰ ਹੱਥ ਪਾਉਣ ਦੀ ਹਿੰਮਤ ਅਤੇ ਪ੍ਰਤੀਬੱਧਤਾ ਦਿਖਾਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਸ਼ੇ ਦਾ ਕਾਰੋਬਾਰ ਕਰਨ ਵਾਲੀਆਂ ਵੱਡੀਆਂ ਮੱਛੀਆਂ ਖਿਲਾਫ ਕਾਨੂੰਨੀ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪਣੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਨਸ਼ੇ ਦੇ ਸੌਦਾਗਰਾਂ ਬਾਰੇ ਪੁੱਛ-ਪੜਤਾਲ ਨਹੀਂ ਕੀਤੀ, ਪਰ ਜਿਉਂ ਹੀ ਹਾਈ ਕਮਾਨ ਨੇ ਸੂਬੇ ਦੀ ਕਮਾਂਡ ਉਨ੍ਹਾਂ ਨੂੰ ਸੌਂਪੀ ਤਾਂ ਉਨ੍ਹਾਂ ਆਪਣੀ ਪੂਰੀ ਸਮਰੱਥਾ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਕਾਰਜ ਆਰੰਭੇ ਹਨ।

# ਪੰਜਾਬ ਸਰਕਾਰ ਨੇ ਕਰੋਨਾ ਪਾਬੰਦੀਆਂ ਵਧਾਈਆਂ

**ਚੰਡੀਗੜ੍ਹ:** ਕਰੋਨਾ ਨੂੰ ਲੈ ਕੇ ਸਰਕਾਰ ਵੱਲੋਂ ਨਵੀਂ ਹਦਾਇਤਾਂ ਜਾਰੀ ਕੀਤੀਆਂ ਹਨ। ਪੰਜਾਬ ਵਿਚ ਚੋਣ ਰੈਲੀਆਂ ਰਾਹੀਂ ਕਰੋਨਾ ਫੈਲਣ ਦੇ ਡਰ ਦੇ ਮੱਦੇਨਜ਼ਰ ਸਰਕਾਰ ਨੇ ਸਖਤੀ ਵਧਾ ਦਿੱਤੀ ਹੈ। ਗ੍ਰਹਿ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਤਹਿਤ ਪੰਜਾਬ ਸਰਕਾਰ ਨੇ ਕਈ ਥਾਵਾਂ ਉਤੇ ਵੈਕਸੀਨ ਲਾਜ਼ਮੀ ਕੀਤੀ ਹੈ।

ਸਰਕਾਰ ਵੱਲੋਂ ਜਾਰੀ ਨਵੀਂ ਹਦਾਇਤਾਂ 'ਚ ਸਬਜ਼ੀ ਮੰਡੀ, ਪਬਲਿਕ ਟਰਾਂਸਪੋਰਟ, ਪਾਰਕ ਅਤੇ ਧਾਰਮਿਕ ਸਥਾਨਾਂ, ਮਾਲ, ਸਿਨੇਮਾ ਹਾਲ, ਜਿੰਮ ਅਤੇ ਹੋਟਲ, ਪ੍ਰਾਈਵੇਟ ਅਦਾਰਿਆਂ ਵਿਚ ਵੈਕਸੀਨ ਲਗਾਉਣੀ ਲਾਜ਼ਮੀ ਕੀਤੀ ਗਈ ਹੈ। ਜਾਰੀ ਹੁਕਮਾਂ 'ਚ ਇਨਡੋਰ ਵਿਚ 50 ਤੋਂ ਵੱਧ ਅਤੇ ਆਊਟਡੋਰ 'ਚ 100 ਤੋਂ ਵੱਧ ਲੋਕਾਂ ਦੇ ਇਕੱਠੇ ਹੋਣ ਉਤੇ ਪਾਬੰਦੀ ਲਗਾਈ ਗਈ ਹੈ। ਬਾਹਰੀ ਗਿਣਤੀ ਦੀ ਵੱਧ ਤੋਂ ਵੱਧ ਗਿਣਤੀ 100 ਹੋਵੇਗੀ ਅਤੇ ਭੀੜ ਸਬੰਧਤ ਥਾਂ ਦੀ ਸਮਰੱਥਾ ਦੇ 50 ਫੀਸਦੀ ਤੋਂ ਵੱਧ ਇਕੱਠੀ ਨਹੀਂ ਕਰ ਸਕੇਗੀ।

ਗ੍ਰਹਿ ਸਕੱਤਰ ਅਨੁਰਾਗ ਵਰਮਾ ਨੇ ਸਾਰੇ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇਸ ਨੂੰ ਸਖਤੀ ਨਾਲ ਲਾਗੂ ਕਰਨ ਲਈ ਕਿਹਾ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਸਵੇਰੇ 5 ਵਜੇ ਤੋਂ ਰਾਤ 10 ਵਜੇ ਤੱਕ ਦਾ ਨਾਈਟ ਕਰਫਿਊ ਵਧਾ ਕੇ 25 ਜਨਵਰੀ ਤੱਕ ਕਰ ਦਿੱਤਾ ਗਿਆ ਹੈ। ਪੰਜਾਬ



ਵਿਚ ਕੋਵਿਡ-19 ਦੇ ਨਵੇਂ ਦਿਸ਼ਾ ਨਿਰਦੇਸ਼ਾਂ ਮੁਤਾਬਕ, ਜਿਨ੍ਹਾਂ ਵਿਅਕਤੀਆਂ ਦਾ ਪੂਰੀ ਤਰ੍ਹਾਂ ਟੀਕਾਕਰਨ ਨਹੀਂ ਹੋਇਆ ਹੈ, ਉਨ੍ਹਾਂ ਨੂੰ ਵਧੇਰੇ ਸਾਵਧਾਨੀਆਂ ਵਰਤਣ ਦੀ ਲੋੜ ਹੈ। ਨਵੇਂ ਦਿਸ਼ਾ-ਨਿਰਦੇਸ਼ਾਂ ਮੁਤਾਬਕ, ਜਿਨ੍ਹਾਂ ਵਿਅਕਤੀ ਨੇ ਅਜੇ ਤੱਕ ਕੋਵਿਡ ਟੀਕਾਕਰਨ ਦੀਆਂ ਦੋਵੇਂ ਖੁਰਾਕਾਂ ਨਹੀਂ ਲਈਆਂ ਹਨ, ਉਨ੍ਹਾਂ ਨੂੰ ਆਪਣੇ ਨਿਵਾਸ ਸਥਾਨਾਂ 'ਤੇ ਹੀ ਰਹਿਣ ਦੀ ਸਲਾਹ ਦਿੱਤੀ ਗਈ ਹੈ ਅਤੇ ਕਿਹਾ ਗਿਆ ਹੈ ਕਿ ਅਜਿਹੇ ਵਿਅਕਤੀਆਂ ਨੂੰ ਕਿਸੇ ਵੀ ਜਨਤਕ ਸਥਾਨ/ਬਾਜ਼ਾਰ/ਫਕਸ਼ਨ/ਜਨਤਕ ਆਵਾਜਾਈ/ਧਾਰਮਿਕ ਸਥਾਨਾਂ ਆਦਿ 'ਤੇ ਨਹੀਂ ਜਾਣਾ ਚਾਹੀਦਾ। ਇਸ ਦੇ ਇਲਾਵਾ ਸਰਕਾਰ ਵੱਲੋਂ ਲੋਕਾਂ ਨੂੰ ਮਾਸਕ ਪਾ ਕੇ ਰੱਖਣ ਅਤੇ ਹੋਰ ਪਾਬੰਦੀਆਂ ਦੀ ਪਾਲਣਾ ਕਰਨ ਲਈ ਕਿਹਾ ਗਿਆ ਹੈ।

# ਨਵੀਂ ਪਾਰਟੀ ਰਜਿਸਟਰ ਕਰਨ ਦਾ ਨੇਮ ਬਦਲਣ 'ਤੇ ਸਵਾਲ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਰਾਘਵ ਚੱਢਾ ਨੇ ਕਿਹਾ ਕਿ ਪੰਜਾਬ ਚੋਣਾਂ ਵਿਚ ਆਮ ਆਦਮੀ ਪਾਰਟੀ ਦੀਆਂ ਵੋਟਾਂ ਕੱਟਣ ਲਈ ਨਿਯਮਾਂ ਵਿਚ ਸੋਧ ਕਰਕੇ ਨਵੀਂ ਸਿਆਸੀ ਪਾਰਟੀ ਰਜਿਸਟਰਡ ਕੀਤੀ ਜਾ ਰਹੀ ਹੈ। ਚੋਣ ਕਮਿਸ਼ਨ ਨੇ 14 ਜਨਵਰੀ ਨੂੰ ਇਕ ਸਰਕੁਲਰ ਜਾਰੀ ਕਰਕੇ ਸਿਆਸੀ ਪਾਰਟੀ ਰਜਿਸਟਰ ਕਰਨ ਲਈ ਇਤਰਾਜ਼ ਦੀ ਮਿਆਦ 30 ਦਿਨਾਂ ਤੋਂ ਘਟਾ ਕੇ 7 ਦਿਨ ਕਰ ਦਿੱਤੀ ਸੀ।

ਉਨ੍ਹਾਂ ਕਿਹਾ ਕਿ ਚੋਣਾਂ ਦਾ ਐਲਾਨ ਹੋਣ ਮਗਰੋਂ ਕੋਈ ਵੀ ਨਵੀਂ ਪਾਰਟੀ ਸਿਆਸੀ ਪਾਰਟੀ ਵਜੋਂ ਰਜਿਸਟਰਡ ਨਹੀਂ ਹੁੰਦੀ। ਅਕਾਲੀ ਦਲ, ਕਾਂਗਰਸ, ਭਾਜਪਾ ਤੇ ਕੈਪਟਨ ਅਮਰਿੰਦਰ ਨੇ ਪੰਜਾਬ ਵਿਚ 'ਆਪ' ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਅਸਮਰੱਥ ਰਹਿਣ 'ਤੇ ਸਾਰੇ ਮਿਲ ਕੇ ਸਾਜ਼ਿਸ਼ ਰਚ ਰਹੇ ਹਨ। ਉਨ੍ਹਾਂ ਕਿਹਾ ਇਹ ਲੋਕ ਕਦੇ ਨਹੀਂ ਚਾਹੁਣਗੇ ਕਿ ਪੰਜਾਬ ਸਮੇਤ ਦੇਸ ਦੇ ਕਿਸੇ ਵੀ ਸੂਬੇ ਵਿਚ 'ਆਪ' ਦੀ ਸਰਕਾਰ ਬਣੇ। ਚੋਣ ਕਮਿਸ਼ਨ ਅਤੇ ਭਾਜਪਾ ਸਿਆਸੀ ਪਾਰਟੀ ਨੂੰ ਰਜਿਸਟਰ ਕਰਵਾ ਕੇ ਕਿਸ ਦੀ ਵੋਟ ਕੱਟਣਾ




ਚਾਹੁੰਦੇ ਹਨ।

ਆਪ ਪੰਜਾਬ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਾਸੀ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਸਮਝ ਚੁੱਕੇ ਹਨ। 'ਆਪ' ਨੂੰ ਰੋਕਣ ਲਈ ਕਾਂਗਰਸ, ਕੈਪਟਨ, ਬਾਦਲ, ਢੀਂਡਸਾ ਅਤੇ ਭਾਜਪਾ ਦੇ ਸਾਰੇ ਆਗੂ ਇਕੱਠੇ ਹੋ ਗਏ ਹਨ।

ਉਨ੍ਹਾਂ ਕਿਹਾ ਕਿ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਤੇ ਕੈਪਟਨ ਅਮਰਿੰਦਰ ਸਿੰਘ ਨੂੰ ਰਾਜ ਸੱਤਾ ਸੌਂਪਣ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ ਕਾਂਗਰਸ ਨੂੰ ਵੋਟਾਂ ਪਾਈਆਂ ਸਨ ਤਾਂ ਜੋ ਆਮ ਆਦਮੀ ਪਾਰਟੀ ਨੂੰ ਸਰਕਾਰ ਬਣਾਉਣ ਤੋਂ ਰੋਕਿਆ ਜਾ ਸਕੇ। ਸ੍ਰੀ ਮਾਨ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਭਾਜਪਾ ਨਾਲ ਦੋਸਤੀ ਜੱਗ ਜ਼ਾਹਿਰ ਹੈ ਅਤੇ ਬਾਦਲ ਹਮੇਸ਼ਾ ਹੀ ਭਾਜਪਾ ਦੀ 'ਏ' ਟੀਮ ਵਜੋਂ ਪ੍ਰਸਿੱਧ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸਾ ਭਾਜਪਾ ਲਈ 'ਬੀ' ਟੀਮ ਵਜੋਂ ਜਾਣੇ ਗਏ ਹਨ, ਜਦੋਂ ਕਿ ਚੋਣਾਂ ਨਾ ਜਿੱਤਣ ਵਾਲੇ ਲੋਕ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਭਾਜਪਾ ਦੀ 'ਸੀ' ਟੀਮ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿੱਥੇ ਇਖ਼ਲਾਕ ਤੋਂ ਗਿਰੇ ਲੋਕ ਕਿਸਾਨਾਂ ਦੀਆਂ ਕੁਰਬਾਨੀਆਂ ਤੋਂ ਲੰਘ ਕੇ ਭਾਜਪਾ 'ਚ ਸ਼ਾਮਲ ਹੋ ਰਹੇ ਹਨ, ਉਥੇ ਹੀ ਭ੍ਰਿਸ਼ਟਾਚਾਰੀ ਆਗੂਆਂ ਨੂੰ ਈਡੀ ਅਤੇ ਇਨਕਮ ਟੈਕਸ ਦਾ ਡਰਾ ਦਿਖਾ ਕੇ ਭਾਜਪਾ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ। ਸੂਬਾ ਪ੍ਰਧਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ 'ਆਪ' ਦੇਸ਼ ਦੀ ਰਾਜਨੀਤੀ 'ਚ ਪਰਿਵਰਤਨ ਦੀ ਮੁਦਈ ਹੈ।

# ਅਦਾਲਤ ਧਮਾਕਾ: ਐਨ.ਆਈ.ਏ. ਨੇ ਆਪਣੇ ਹੱਥ ਲਈ ਜਾਂਚ

**ਲੁਧਿਆਣਾ:** ਸਨਅਤੀ ਸ਼ਹਿਰ ਲੁਧਿਆਣਾ ਦੀ ਅਦਾਲਤ ਵਿਚ 23 ਦਸੰਬਰ ਨੂੰ ਹੋਏ ਬੰਬ ਧਮਾਕੇ ਦੇ ਮਾਮਲੇ ਵਿਚ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਸਾਰੀ ਜਾਂਚ ਆਪਣੇ ਹੱਥ ਵਿਚ ਲੈ ਲਈ ਹੈ।

ਇਸ ਦੇ ਨਾਲ ਹੀ ਏਜੰਸੀ ਨੇ ਮਾਮਲੇ 'ਚ ਇਕ ਨਵੀਂ ਐੱਫ.ਆਈ.ਆਰ. ਵੀ ਦਰਜ ਕੀਤੀ ਹੈ। ਜ਼ਿਕਰਯੋਗ ਹੈ ਕਿ ਅਦਾਲਤ 'ਚ ਬੰਬ ਲਾਉਣ ਵਾਲੇ ਬਰਖ਼ਾਸਤ ਪੁਲਿਸ ਮੁਲਾਜ਼ਮ ਗਗਨਦੀਪ ਸਿੰਘ ਦੀ ਮੌਤ ਅਤੇ 6 ਵਿਅਕਤੀ ਜ਼ਖਮੀ ਹੋ ਗਏ ਸਨ। ਸੂਤਰਾਂ ਦੀ ਮੰਨੀਏ ਤਾਂ ਏਜੰਸੀ ਨੇ ਕੇਂਦਰੀ ਗ੍ਰਹਿ ਮੰਤਰੀ ਦੇ ਹੁਕਮਾਂ ਮਗਰੋਂ ਜਾਂਚ ਆਪਣੇ ਹੱਥ 'ਚ ਲਈ ਹੈ। ਸ਼ੁਰੂਆਤੀ ਜਾਂਚ 'ਚ ਗਗਨਦੀਪ ਦਾ ਸਬੰਧ ਖਾਲਿਸਤਾਨ ਪੱਖੀ ਜਥੇਬੰਦੀਆਂ ਨਾਲ ਪਾਇਆ ਗਿਆ ਸੀ। ਉਹ ਜੇਲ੍ਹ 'ਚ ਇਨ੍ਹਾਂ ਦੇ ਸੰਪਰਕ 'ਚ ਆਇਆ ਸੀ। ਉਸ ਨੂੰ 2019 ਵਿਚ ਨਸ਼ਿਆਂ ਦੇ ਇਕ ਕੇਸ 'ਚ ਗ੍ਰਿਫਤਾਰ ਕਰਨ ਉਪਰੰਤ ਬਰਖ਼ਾਸਤ ਕੀਤਾ ਗਿਆ ਸੀ। ਦੋ ਸਾਲ ਜੇਲ੍ਹ 'ਚ ਰਹਿਣ ਤੋਂ ਬਾਅਦ ਉਹ ਪਿਛਲੇ ਸਾਲ ਸਤੰਬਰ 'ਚ ਹੀ ਜ਼ਮਾਨਤ 'ਤੇ ਬਾਹਰ ਆਇਆ ਸੀ।




ਇਸ ਤੋਂ ਪਹਿਲਾਂ ਐਨ.ਆਈ.ਏ. ਨੇ ਬੀਤੀ 31 ਦਸੰਬਰ ਨੂੰ ਕੁਝ ਖਾਲਿਸਤਾਨੀ ਸਮਰਥਕਾਂ ਅਤੇ ਜਰਮਨੀ 'ਚ ਬੈਠੇ ਸਿੱਖਸ ਫਾਰ ਜਸਟਿਸ ਦੇ ਜਸਵਿੰਦਰ ਸਿੰਘ ਮੁਲਤਾਨੀ 'ਤੇ ਕੇਸ ਦਰਜ ਕੀਤਾ ਸੀ। ਮੁਲਤਾਨੀ 'ਤੇ ਦੋਸ਼ ਹੈ ਕਿ ਉਹ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦੀ ਸ਼ੈਅ 'ਤੇ ਦਿੱਲੀ ਤੇ ਮੁੰਬਈ 'ਚ ਅਤਿਵਾਦੀ ਹਮਲੇ ਕਰਵਾਉਣ ਦੀ ਤਿਆਰੀ ਕਰ ਰਿਹਾ ਹੈ। ਲੁਧਿਆਣਾ ਧਮਾਕੇ ਵਿਚ ਵੀ ਉਸ ਦਾ ਲਿੰਕ ਸਾਹਮਣੇ ਆਇਆ ਸੀ। ਮੁਲਤਾਨੀ ਨੂੰ ਪਿਛਲੇ ਮਹੀਨੇ ਜਰਮਨੀ ਤੋਂ ਹਿਰਾਸਤ 'ਚ ਲਿਆ ਗਿਆ ਸੀ, ਪਰ ਪੁੱਛ-ਪੜਤਾਲ ਮਗਰੋਂ ਉਸ ਨੂੰ ਛੱਡ ਦਿੱਤਾ ਸੀ।

## ਸ਼ਾਹੀ ਇਮਾਮ ਦੇ ਸੱਦੇ 'ਤੇ ਮੁਸਲਿਮ ਆਗੂਆਂ ਦੀ ਇਕੱਤਰਤਾ

**ਲੁਧਿਆਣਾ:** ਪੰਜਾਬ ਭਰ ਤੋਂ ਵੱਖ-ਵੱਖ ਸਿਆਸੀ ਪਾਰਟੀਆਂ ਨਾਲ ਸਬੰਧਤ ਮੁਸਲਿਮ ਆਗੂਆਂ ਦੀ ਮੀਟਿੰਗ ਜਾਮਾ ਮਸਜਿਦ ਵਿਚ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਦੇ ਸੱਦੇ 'ਤੇ ਹੋਈ। ਮੀਟਿੰਗ ਵਿਚ ਮੁਸਲਿਮ ਭਾਈਚਾਰੇ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਖੁੱਲ੍ਹ ਕੇ ਵਿਚਾਰ ਕੀਤੀ ਗਈ। ਇਸ ਮੌਕੇ ਸਰਬਸੰਮਤੀ ਨਾਲ ਇਕ 20 ਨੁਕਾਤੀ ਮਤਾ ਪਾਸ ਕੀਤਾ, ਜਿਸ ਵਿਚ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਨੇ ਘੱਟ ਗਿਣਤੀਆਂ ਦੀਆਂ ਮੁਸ਼ਕਲਾਂ ਨੂੰ ਨਜ਼ਰ-ਅੰਦਾਜ਼ ਕੀਤਾ ਤਾਂ ਮੁਸਲਿਮ ਭਾਈਚਾਰਾ ਉਨ੍ਹਾਂ ਨੂੰ ਸੱਤਾ ਤੋਂ ਨਜ਼ਰ ਅੰਦਾਜ਼ ਕਰ ਦੇਵੇਗਾ। ਚਾਰ ਘੰਟੇ ਤੋਂ ਵੱਧ ਸਮਾਂ ਚੱਲੀ ਮੁਸਲਿਮ ਪੰਚਾਇਤ ਵਿਚ ਮੰਗ ਰੱਖੀ ਗਈ ਕਿ ਪੰਜਾਬ ਵਕਫ ਬੋਰਡ ਦੇ ਮੈਂਬਰਾਂ ਦੀ ਚੋਣ ਪਾਰਦਰਸ਼ੀ ਤਰੀਕੇ ਨਾਲ ਕੀਤੀ ਜਾਵੇ ਅਤੇ ਪੰਜਾਬ ਦੇ ਇਕ ਜ਼ਿਲ੍ਹੇ ਤੋਂ ਇਕ ਹੀ ਮੈਂਬਰ ਲਿਆ ਜਾਵੇ।

# ਕੇਜਰੀਵਾਲ ਵੱਲੋਂ ਚੰਨੀ ਦੇ ਹਲਕੇ 'ਚ ਕਿਸਾਨਾਂ ਨਾਲ ਮੁਲਾਕਾਤ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪਾਰਟੀ ਦੀ ਪੰਜਾਬ ਇਕਾਈ ਦੇ ਮੁਖੀ ਭਗਵੰਤ ਮਾਨ ਨੇ ਸੂਬੇ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹਲਕੇ ਚਮਕੌਰ ਸਾਹਿਬ ਦੇ ਕੁਝ ਕਿਸਾਨਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਮੁਸ਼ਕਲਾਂ ਸੁਣੀਆਂ।

ਪਾਰਟੀ ਵੱਲੋਂ ਜਾਰੀ ਵੀਡੀਓ 'ਚ ਕੇਜਰੀਵਾਲ ਅਤੇ ਭਗਵੰਤ ਮਾਨ ਸਰ੍ਹੋਂ ਦੇ ਖੇਤਾਂ 'ਚ ਮੰਜੀ ਉੱਤੇ ਬੈਠ ਕੇ ਕੁਝ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਦਿਖਾਈ ਦੇ ਰਹੇ ਹਨ। ਵੀਡੀਓ 'ਚ ਭਗਵੰਤ ਮਾਨ ਕਿਸਾਨਾਂ ਨੂੰ ਪੁੱਛ ਰਿਹਾ ਹੈ ਕਿ ਉਨ੍ਹਾਂ ਨੂੰ ਗੰਨੇ ਦੀ ਫਸਲ ਦੀ ਅਦਾਇਗੀ ਹੋ ਗਈ ਹੈ ਤਾਂ ਕਿਸਾਨ ਆਖ ਰਿਹਾ ਹੈ ਕਿ ਰਕਮ ਅਜੇ ਤੱਕ ਨਹੀਂ ਮਿਲੀ ਹੈ। ਇਸ 'ਤੇ ਕੇਜਰੀਵਾਲ ਕਿਸਾਨਾਂ ਨੂੰ ਪੁੱਛ ਰਿਹਾ ਹੈ,"ਕੀ ਤੁਹਾਨੂੰ ਫਸਲ ਦੀ ਕੀਮਤ ਦੋ ਸਾਲਾਂ ਤੋਂ ਨਹੀਂ ਮਿਲੀ ਹੈ?'' ਇਕ ਹੋਰ ਕਿਸਾਨ ਨੇ 'ਆਪ' ਆਗੂਆਂ ਨੂੰ ਦੱਸਿਆ ਕਿ ਇਲਾਕੇ ਦੇ ਬਹੁਤੇ ਨੌਜਵਾਨ ਬੇਰੁਜ਼ਗਾਰ ਹਨ। ਕੇਜਰੀਵਾਲ ਨੇ ਕਿਹਾ ਕਿ ਇਸ ਵਾਰ ਤੁਸੀਂ 'ਆਪ' ਨੂੰ ਸੱਤਾ 'ਚ ਲਿਆ ਕੇ ਪੰਜਾਬ ਦੀ ਸਿਆਸਤ ਬਦਲ ਦੇਵੋ। ਇਕ ਬਜ਼ੁਰਗ ਕਿਸਾਨ ਨੇ ਕਿਹਾ ਕਿ ਉਹ 'ਆਪ' ਨਾਲ ਹੈ। ਚਮਕੌਰ ਸਾਹਿਬ ਦੇ ਇਕ ਪਿੰਡ 'ਚ ਇਕ ਕਿਸਾਨ ਕੇਜਰੀਵਾਲ ਨੂੰ ਇਹ ਆਖ



ਰਿਹਾ ਹੈ ਕਿ ਜਦੋਂ ਕਿਸਾਨ ਦਿੱਲੀ ਦੀਆਂ ਬਰੂੰਹਾਂ 'ਤੇ ਅੰਦੋਲਨ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਦਿੱਲੀ ਦੀ 'ਆਪ' ਸਰਕਾਰ ਤੋਂ ਪੂਰੀ ਹਮਾਇਤ ਮਿਲੀ ਸੀ। ਕੇਜਰੀਵਾਲ ਨੇ ਕਿਹਾ,"ਕੀ ਤੁਸੀਂ ਜਾਣਦੇ ਹੋ ਕਿ ਦਿੱਲੀ ਦੇ ਸਕੂਲ ਅਤੇ ਹਸਪਤਾਲ ਕਿਹੋ ਜਿਹੇ ਹਨ?'' ਕਿਸਾਨ ਜਵਾਬ ਦਿੰਦੇ ਹਨ ਕਿ ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਹੈ। ਇਲਾਕੇ 'ਚ ਸਰਕਾਰੀ ਸਕੂਲ ਬਾਰੇ ਪੁੱਛੇ ਜਾਣ 'ਤੇ ਕਿਸਾਨਾਂ ਨੇ ਦੱਸਿਆ ਕਿ ਉਥੇ ਸਿਰਫ ਪੰਜ ਅਧਿਆਪਕ ਹਨ ਜਦਕਿ ਲੋੜ 12 ਦੀ ਹੈ। ਕੇਜਰੀਵਾਲ ਨੇ ਕਿਹਾ ਕਿ ਜੇ 'ਆਪ' ਦੀ ਪੰਜਾਬ 'ਚ ਸਰਕਾਰ ਬਣੀ ਤਾਂ ਸਰਕਾਰੀ ਸਕੂਲਾਂ 'ਚ ਸੁਧਾਰ ਤੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇਗਾ। ਕੇਜਰੀਵਾਲ ਨੇ ਕਿਹਾ ਕਿ 'ਆਪ' ਨੇ ਜਿਵੇਂ ਦਿੱਲੀ 'ਚ ਬਦਲਾਅ ਲਿਆਂਦਾ ਹੈ, ਉਸੇ ਤਰ੍ਹਾਂ ਪੰਜਾਬ 'ਚ ਪਰਿਵਰਤਨ ਲਿਆਂਦਾ ਜਾਵੇਗਾ।

ਪੰਜਾਬ ਟਾਈਮਜ਼

ਸਨਿਚਰਵਾਰ, 22 ਜਨਵਰੀ 2022

# ਅਹੁਦੇਦਾਰੀ ਦੀ ਸਿਆਸਤ

ਆਮ ਆਦਮੀ ਪਾਰਟੀ ਨੇ ਆਖਰਕਾਰ ਪੰਜਾਬ ਚੋਣਾਂ ਲਈ ਮੁੱਖ ਮੰਤਰੀ ਦੇ ਅਹੁਦੇ ਲਈ ਆਪਣੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੁਹਾਲੀ ਵਿਚ ਬਾਕਾਇਦਾ ਪ੍ਰੈੱਸ ਕਾਨਫਰੰਸ ਕਰਕੇ ਪਾਰਟੀ ਦੇ ਸੰਸਦ ਮੈਂਬਰ ਅਤੇ ਪੰਜਾਬ ਇਕਾਈ ਦੇ ਮੁਖੀ ਭਗਵੰਤ ਮਾਨ ਨੂੰ ਪਾਰਟੀ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਐਲਾਨਿਆ ਹੈ। ਪਿਛਲੇ ਕਾਫੀ ਸਮੇਂ ਤੋਂ ਪਾਰਟੀ ਉਤੇ ਇਸ ਐਲਾਨ ਬਾਰੇ ਦਬਾਅ ਸੀ ਅਤੇ ਖੁਦ ਅਰਵਿੰਦ ਕੇਜਰੀਵਾਲ ਵਾਰ-ਵਾਰ ਐਲਾਨ ਕਰਦੇ ਰਹੇ ਹਨ ਕਿ ਪਾਰਟੀ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਲਈ ਅਜਿਹੇ ਨਾਂ ਦਾ ਐਲਾਨ ਕੀਤਾ ਜਾਵੇਗਾ ਜੋ ਸੂਬੇ ਦੇ ਹਰ ਸੰਕਟ ਨੂੰ ਹੱਲ ਕਰ ਦੇਵੇਗਾ। ਹੁਣ ਇਸ ਐਲਾਨ ਨਾਲ ਸੂਬੇ ਦੀ ਚੋਣ ਸਿਆਸਤ ਵਿਚ ਨਵੇਂ ਸਿਰਿਓਂ ਹਲਚਲ ਹੋਈ ਹੈ। ਇਸ ਨਾਲ ਕਾਂਗਰਸ ਉਤੇ ਵੀ ਅਜਿਹਾ ਕਰਨ ਲਈ ਦਬਾਅ ਵਧੇਗਾ ਜੋ ਧੜੇਬੰਦੀ ਕਾਰਨ ਬਹੁਤ ਮਾੜੇ ਦੌਰ ਵਿਚੋਂ ਲੰਘ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਦੀ ਬਹੁਤ ਮਾੜੀ ਕਾਰਗੁਜ਼ਾਰੀ ਅਤੇ ਉਨ੍ਹਾਂ ਖਿਲਾਫ ਉਠੀ ਬਗਾਵਤ ਕਾਰਨ ਕਾਂਗਰਸ ਹਾਈ ਕਮਾਨ ਨੇ ਅਮਰਿੰਦਰ ਸਿੰਘ ਨੂੰ ਲਾਂਭੇ ਕਰਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਸੀ ਹਾਲਾਂਕਿ ਇਸ ਅਹੁਦੇ ਲਈ ਨਵਜੋਤ ਸਿੰਘ ਸਿੱਧੂ ਵੀ ਘਾਤ ਲਾਈ ਬੈਠੇ ਸਨ ਪਰ ਨਵਜੋਤ ਸਿੱਧੂ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਬਣਾ ਕੇ ਮਾਮਲੇ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਗਿਆ। ਉਂਝ, ਇਸ ਸਾਰੀ ਕਵਾਇਦ ਦੇ ਬਾਵਜੂਦ ਕਾਂਗਰਸ ਦਾ ਅੰਦਰੂਨੀ ਮਸਲਾ ਅਜੇ ਤੱਕ ਵੀ ਸੁਲਝਿਆ ਨਹੀਂ ਹੈ। ਇਸ ਦਾ ਵੱਡਾ ਕਾਰਨ ਸ਼ਾਇਦ ਵੱਖ-ਵੱਖ ਲੀਡਰਾਂ ਦੀ ਆਪੋ-ਧਾਪੀ ਹੀ ਹੈ ਅਤੇ ਕਮਜ਼ੋਰ ਹਾਈ ਕਮਾਨ ਹੋਣ ਕਾਰਨ ਇਹ ਮਸਲਾ ਲਟਕ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਬਾਰੇ ਤਾਂ ਸਪਸ਼ਟ ਹੀ ਹੈ ਕਿ ਮੁੱਖ ਮੰਤਰੀ ਦੇ ਅਹੁਦੇ ਲਈ ਫਿਲਹਾਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਕੋਈ ਹੋਰ ਲੀਡਰ ਹੈ ਹੀ ਨਹੀਂ। ਪਹਿਲਾਂ ਸੁਖਦੇਵ ਸਿੰਘ ਢੀਂਡਸਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਦੇ ਰੂਪ ਵਿਚ ਅਕਾਲੀ ਦਲ ਵਿਚ ਜਿਹੜੀਆਂ ਬਗਾਵਤਾਂ ਹੋਈਆਂ, ਉਸ ਦਾ ਅਸਲ ਕਾਰਨ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਚੁਣੌਤੀ ਹੀ ਸੀ ਪਰ ਹੁਣ ਹਾਲ ਇਹ ਹੈ ਕਿ ਸੁਖਦੇਵ ਸਿੰਘ ਢੀਂਡਸਾ ਵੱਲੋਂ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਬਣਾਉਣ ਕਰਕੇ ਉਨ੍ਹਾਂ ਨੂੰ ਲੋਕ ਮੂੰਹ ਨਹੀਂ ਲਾ ਰਹੇ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਆਪਣੇ ਸਾਥੀਆਂ ਨਾਲ ਦੁਬਾਰਾ ਅਕਾਲੀ ਦਲ ਵਿਚ ਸ਼ਮਿਲ ਹੋ ਗਏ ਹਨ। ਉਨ੍ਹਾਂ ਦੀ ਇਸ ਘਰ ਵਾਪਸੀ ਦਾ ਕਾਰਨ ਵੀ ਸੁਖਦੇਵ ਸਿੰਘ ਢੀਂਡਸਾ ਦੀ ਭਾਰਤੀ ਜਨਤਾ ਪਾਰਟੀ ਨਾਲ ਚੋਣ-ਸਾਂਝ ਹੀ ਬਣੀ ਹੈ। ਲੋਕ ਭਾਵੇਂ ਅਜੇ ਵੀ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਪਾਰਟੀ ਨੂੰ ਬਹੁਤਾ ਮੂੰਹ ਨਹੀਂ ਲਾ ਰਹੇ ਪਰ ਇਕ ਤੱਥ ਇਹ ਵੀ ਹੈ ਕਿ ਸਿਆਸੀ ਪਿੜ ਵਿਚ ਪਛਾੜਾਂ ਦੇ ਬਾਵਜੂਦ, ਅਕਾਲੀ ਦਲ ਦਾ ਜਥੇਬੰਦਕ ਢਾਂਚਾ ਜਿਉਂ ਦਾ ਤਿਉਂ ਕਾਇਮ ਰਿਹਾ ਹੈ ਅਤੇ ਵੋਟ ਫੀਸਦ ਹਾਸਲ ਕਰਨ ਵਿਚ ਵੀ ਇਸ ਪਾਰਟੀ ਨੂੰ ਬਹੁਤੀ ਮਾਰ ਨਹੀਂ ਪਈ ਹੈ।

ਦਰਅਸਲ, ਪੰਜਾਬ ਦੇ ਲੋਕ ਚਿਰਾਂ ਤੋਂ ਸਿਆਸੀ ਬਦਲ ਦੀ ਤਲਾਸ਼ ਵਿਚ ਹਨ। 2014 ਦੀਆਂ ਚੋਣਾਂ ਵੇਲੇ ਜਦੋਂ ਆਮ ਆਦਮੀ ਪਾਰਟੀ ਨੇ ਪਹਿਲੀ ਸੱਟੇ ਹੀ ਕੁੱਲ 13 ਵਿਚੋਂ 4 ਲੋਕ ਸਭਾ ਸੀਟਾਂ ਜਿੱਤ ਲਈਆਂ ਤਾਂ ਕਿਸੇ ਦੇ ਚਿਤ-ਚੇਤੇ ਵੀ ਨਹੀਂ ਸੀ ਕਿ ਇਹ ਨਵੀਂ ਬਣੀ ਪਾਰਟੀ ਪੰਜਾਬ ਦੇ ਚੋਣ ਪਿੜ ਵਿਚ ਇੰਨੀ ਵੱਡੀ ਮੱਲ ਮਾਰ ਲਵੇਗੀ। ਉਸ ਵਕਤ ਸਿਰਫ ਭਗਵੰਤ ਮਾਨ ਦੀ ਜਿੱਤ ਬਾਰੇ ਹੀ ਕਿਆਸ-ਆਰਾਈਆਂ ਸਨ। ਉਦੋਂ ਉਸ ਨੇ ਮਨਪ੍ਰੀਤ ਸਿੰਘ ਬਾਦਲ ਦੀ ਪੀ.ਪੀ.ਪੀ. ਨਾਲੋਂ ਤੋੜ-ਵਿਛੋੜਾ ਕਰਕੇ ਆਮ ਆਦਮੀ ਪਾਰਟੀ ਵਿਚ ਥੋੜ੍ਹੇ ਸਮੇਂ ਵਿਚ ਹੀ ਆਪਣੀ ਥਾਂ ਬਣਾ ਲਈ ਸੀ। ਪਹਿਲਾਂ-ਪਹਿਲ ਉਹ ਆਪਣੀ ਕਲਾਕਾਰੀ ਦੇ ਸਿਰ ਉਤੇ ਚਮਕਿਆ ਪਰ ਮਗਰੋਂ ਕੁਝ ਖਾਸ ਸਿਆਸੀ ਮਸਲੇ ਉਠਾਉਣ ਕਾਰਨ ਚਰਚਾ ਦਾ ਵਿਸ਼ਾ ਬਣਿਆ। ਉਂਝ, ਇਹ ਵੀ ਕੌੜਾ ਸੱਚ ਹੈ ਕਿ ਹੁਣ ਵਾਲੇ ਮੁਕਾਮ ਤੱਕ ਪੁੱਜਣ ਲਈ ਉਸ ਨੇ ਆਪਣੇ ਸਾਥੀਆਂ ਨਾਲ ਸ਼ਰੀਕੇਬਾਜ਼ੀ ਵੀ ਪੂਰੀ ਨਿਭਾਈ। ਉਸ ਦੀ ਇਹ ਪਹੁੰਚ ਆਮ ਆਦਮੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੂੰ ਬਹੁਤ ਸੂਤ ਬੈਠਦੀ ਸੀ। ਅਸਲ ਵਿਚ ਆਮ ਆਦਮੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਚਾਹੁੰਦੀ ਹੀ ਨਹੀਂ ਸੀ ਕਿ ਪੰਜਾਬ ਦੇ ਲੀਡਰਾਂ ਨੂੰ ਸਿਰ ਕੱਢਣ ਦਿੱਤਾ ਜਾਵੇ। ਇਉਂ ਭਗਵੰਤ ਮਾਨ ਉਤੇ ਲਗਾਤਾਰ ਦੋਸ਼ ਲਗਦੇ ਰਹੇ ਕਿ ਉਹ ਆਪਣੀ ਸਿਆਸਤ ਚੱਲਦੀ ਰੱਖਣ ਲਈ ਹੋਰ ਲੀਡਰਾਂ ਖਿਲਾਫ ਕੇਂਦਰੀ ਲੀਡਰਸ਼ਿਪ ਨਾਲ ਮਿਲਿਆ ਹੋਇਆ ਹੈ। ਪਾਰਟੀ ਨਾਲ ਜੁੜੇ ਵੱਖ-ਵੱਖ ਲੀਡਰ ਪੰਜਾਬ ਦੀ ਵੁੱਕਤ ਲਈ ਅਹੁਲਦੇ ਰਹੇ ਪਰ ਕੇਂਦਰੀ ਲੀਡਰਸ਼ਿਪ ਉਨ੍ਹਾਂ ਨੂੰ ਦਰਨਿਕਾਰ ਕਰਦੀ ਰਹੀ।

ਹੁਣ ਆਮ ਆਦਮੀ ਪਾਰਟੀ ਨੇ ਭਾਵੇਂ ਭਗਵੰਤ ਮਾਨ ਨੂੰ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਐਲਾਨ ਦਿੱਤਾ ਹੈ ਪਰ ਅਜੇ ਵੀ ਪੰਜਾਬ ਬਾਰੇ ਸਾਰੇ ਦੇ ਸਾਰੇ ਫੈਸਲੇ ਕੇਂਦਰੀ ਲੀਡਰਸ਼ਿਪ ਹੀ ਕਰ ਰਹੀ ਹੈ। ਸਿੱਟੇ ਵਜੋਂ ਪਰਨਾਲਾ ਅਜੇ ਵੀ ਉਥੇ ਦਾ ਉਥੇ ਹੀ ਹੈ। ਇਸੇ ਨੁਕਤਾ-ਨਿਗ੍ਹਾ ਤੋਂ ਕੁਝ ਚੋਣ ਵਿਸ਼ਲੇਸ਼ਕ ਹੁਣ ਆਮ ਆਦਮੀ ਪਾਰਟੀ ਨੂੰ ਭਾਰਤੀ ਜਨਤਾ ਪਾਰਟੀ ਦੀ ਬੀ. ਟੀਮ ਵੀ ਆਖਣ ਲੱਗ ਪਏ ਹਨ। ਇਸ ਸਬੰਧ ਵਿਚ ਪਾਰਟੀ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੇ ਫੈਸਲਿਆਂ ਦੀਆਂ ਮਿਸਾਲਾਂ ਵੀ ਦਿੱਤੀਆਂ ਜਾਂਦੀਆਂ ਹਨ। ਉਂਝ ਵੀ, ਜੇ ਇਸ ਪਾਰਟੀ ਦੀ ਹੁਣ ਤੱਕ ਦੀ ਪੰਜਾਬ ਚੋਣ ਮੁਹਿੰਮ ਦੀ ਪੁਣਛਾਣ ਕੀਤੀ ਜਾਵੇ ਤਾਂ ਇਹੀ ਤੱਥ ਸਾਹਮਣੇ ਆਉਂਦਾ ਹੈ ਕਿ ਇਸ ਦੀ ਕਮਾਨ ਸਿਰਫ ਅਰਵਿੰਦ ਕੇਜਰੀਵਾਲ ਅਤੇ ਰਾਘਵ ਚੱਢਾ ਦੇ ਹੱਥ ਹੀ ਰਹੀ ਹੈ। ਅਜਿਹੀ ਸੂਰਤ ਵਿਚ ਭਗਵੰਤ ਮਾਨ ਪੰਜਾਬ ਦੀ ਸਿਆਸਤ ਵਿਚ ਕਿੰਨਾ ਕੁ ਯੋਗਦਾਨ ਪਾ ਸਕਦਾ ਹੈ, ਸਪਸ਼ਟ ਹੀ ਹੈ। ਉਂਝ, ਵਿਸ਼ਲੇਸ਼ਕ ਇਹ ਜ਼ਰੂਰ ਮੰਨਦੇ ਹਨ ਕਿ ਆਮ ਆਦਮੀ ਪਾਰਟੀ ਦੇ ਸੱਤਾ ਵਿਚ ਆਉਣ ਨਾਲ ਲੋਕਾਂ ਦਾ ਕਾਂਗਰਸ ਅਤੇ ਅਕਾਲੀ ਦਲ ਦੀ ਰਵਾਇਤੀ ਸਿਆਸਤ ਤੋਂ ਇਕ ਵਾਰ ਖਹਿੜਾ ਜ਼ਰੂਰ ਛੁੱਟ ਜਾਵੇਗਾ ਅਤੇ ਸੂਬੇ ਵਿਚ ਨਵੀਂ ਸਿਆਸਤ ਦੀ ਆਮਦ ਲਈ ਰਾਹ ਖੁੱਲ੍ਹ ਜਾਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਐਲਾਨ ਟਿਕਟੂਆਂ ਦਾ!

ਨਾ ਕੋਈ ਦੀਨ ਤੇ ਨਾ ਈਮਾਨ ਜਾਣੋ, ਮਾਇਆ ਬਾਪ ਤੇ ਇਹੋ ਹੀ ਮਾਂ ਭਾਈ।
ਵੋਟਾਂ ਪੈਣ ਤਕ ਪੈਰਾਂ 'ਚ ਡਿੱਗਾਂਗੇ ਜੀ, ਬਣ ਕੇ ਬੈਠਣਾ ਫਿਰ ਨਾਢੂ ਖਾਂ ਭਾਈ।
ਆਇਆ ਰਾਮ ਜਾਂ ਗਇਆ ਰਾਮ ਕੋਲੋਂ, ਵਫਾਦਾਰੀਆਂ ਲੱਭਿਓ ਨਾਂਹ ਭਾਈ।
ਗਲ਼ੀ ਗਲ਼ੀ ਵਿਚ ਪਾਗਲਾਂ ਵਾਂਗ ਜਾਣਾ, ਨਹੀਂ ਦੇਖਣੀ ਧੁੱਪ ਤੇ ਛਾਂ ਭਾਈ।
ਜਿਹਨੇ ਵਾੜੇ ਵਿਚ ਆਪਣੇ ਵਾੜ ਲਿਤਾ, ਝੰਡਾ ਚੁੱਕਣਾ ਉਹਦਾ ਹੀ ਤਾਂਹ ਭਾਈ।
ਸਾਨੂੰ ਸਮਝਿਓ ਉਸੇ ਹੀ ਪਾਰਟੀ ਦੇ, ਜਿਹੜੀ ਟਿਕਟ ਲਈ ਕਰੇਗੀ ਹਾਂ ਭਾਈ!

# ਲਖੀਮਪੁਰ ਖੀਰੀ ਘਟਨਾ ਅਤੇ ਫਿਰਕੂ ਪਾਲਾਬੰਦੀ



ਨਵਸ਼ਰਨ ਕੌਰ

"ਡੈਡੀ ਜੀ ਸ਼ਹੀਦ ਹੋ ਗਏ।" ਕੰਧ 'ਤੇ ਲੱਗੀ ਕਿਸਾਨ ਨਛੱਤਰ ਸਿੰਘ ਦੀ ਤਸਵੀਰ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਦੇ ਚਾਰ ਕੁ ਸਾਲਾਂ ਦੇ ਪੋਤੇ ਨੇ ਦੱਸਿਆ। ਮੈਂ ਪਰਿਵਾਰ ਨੂੰ ਮਿਲਣ ਕੁਲ ਹਿੰਦ ਜਮਹੂਰੀ ਅਧਿਕਾਰ ਜਥੇਬੰਦੀਆਂ ਦੀ ਤੱਥ ਖੋਜ ਟੀਮ ਉਨ੍ਹਾਂ ਦੇ ਪਿੰਡ ਨੰਬਰਦਾਰ ਪੁਰਵਾ ਪਹੁੰਚੀ ਸੀ। ਨੰਬਰਦਾਰ ਪੁਰਵਾ ਤਿਕੁਨੀਆ ਤੋਂ ਤਕਰੀਬਨ 70 ਕਿਲੋਮੀਟਰ ਦੂਰ ਹੈ ਜਿੱਥੇ ਤਿੰਨ ਅਕਤੂਬਰ 2021 ਨੂੰ ਕਿਸਾਨਾਂ ਨੂੰ ਗੱਡੀਆਂ ਥੱਲੇ ਦਰੜ ਦਿੱਤਾ ਗਿਆ ਸੀ। ਜਦੋਂ ਅਸੀਂ ਉੱਥੇ ਪਹੁੰਚੇ ਤਾਂ ਘਰ ਵਿਚ ਕੇਵਲ ਉਨ੍ਹਾਂ ਦੀ ਧੀ ਅਤੇ ਨੂੰਹ ਆਪਣੇ ਦੋ ਛੋਟੇ ਬੱਚਿਆਂ ਨਾਲ ਸਨ। ਕੁਝ ਹੀ ਦੇਰ ਵਿਚ ਉਨ੍ਹਾਂ ਦਾ ਪੁੱਤਰ ਅਤੇ ਉਸ ਦੀ ਮਾਂ ਵੀ ਆ ਗਏ। ਪਿੰਡ ਵਿਚ ਮਰਗ ਹੋ ਗਈ ਸੀ, ਉਹ ਪਰਿਵਾਰ ਦਾ ਦੁੱਖ ਵੰਡਾਉਣ ਗਏ ਹੋਏ ਸਨ। ਨਛੱਤਰ ਸਿੰਘ ਤਕਰੀਬਨ 50 ਸਾਲ ਪਹਿਲਾਂ ਇਸ ਪਿੰਡ ਵਿਚ ਆਣ ਵਸੇ ਸਨ। ਇਸ ਪਿੰਡ ਵਿਚ ਬਹੁਤੇ ਘਰ ਮੁਸਲਮਾਨ ਕਿਸਾਨਾਂ ਦੇ ਹਨ। ਪਿੰਡ ਵਿਚ ਭਾਈਚਾਰਕ ਸਾਂਝ ਹੈ ਤੇ ਉਹ ਇੱਕ ਦੂਜੇ ਦੇ ਦੁੱਖ ਸੁਖ ਵਿਚ ਸ਼ਾਮਲ ਹੁੰਦੇ ਹਨ।

ਤਿੰਨ ਅਕਤੂਬਰ ਨੂੰ ਨਛੱਤਰ ਸਿੰਘ ਆਪਣੇ ਮੋਟਰਸਾਈਕਲ 'ਤੇ ਹੀ ਪ੍ਰਦਰਸ਼ਨ ਵਾਲੀ ਥਾਂ ਪੁੱਜੇ। ਉਹ ਦਿੱਲੀ ਬਾਰਡਰਾਂ 'ਤੇ ਨਹੀਂ ਸਨ ਜਾ ਸਕੇ ਜਿਸ ਦਾ ਉਨ੍ਹਾਂ ਨੂੰ ਅਫਸੋਸ ਸੀ। ਪ੍ਰਦਰਸ਼ਨ ਵਾਲੀ ਥਾਂ ਸੱਤਰ ਕਿਲੋਮੀਟਰ ਦੂਰ ਸੀ, ਪਰ 'ਉੱਥੇ ਅਪੜਨਾ ਤਾਂ ਫਰਜ਼ ਹੈ', ਛੇ ਕੁ ਕਿੱਲਿਆਂ ਦੇ ਮਾਲਕ ਨਛੱਤਰ ਸਿੰਘ ਨੇ ਚੱਲਣ ਲੱਗਿਆਂ ਪਰਿਵਾਰ ਨੂੰ ਆਖਿਆ।

ਪੁੱਤਰ ਜਗਦੀਪ ਨੇ ਦੋਸ਼ ਲਾਇਆ ਕਿ ਸਰਕਾਰੀ-ਤੰਤਰ ਦੋਸ਼ੀਆਂ ਨੂੰ ਬਚਾਉਣ ਲਈ ਪੂਰੀ ਵਾਹ ਲਾ ਰਿਹਾ ਹੈ। "ਸਾਨੂੰ ਚੱਲ ਰਹੀ ਜਾਂਚ ਵਿਚ ਕੋਈ ਭਰੋਸਾ ਨਹੀਂ। ਜਦੋਂ ਤੱਕ (ਅਜੈ ਮਿਸ਼ਰਾ) ਟੈਨੀ ਨੂੰ ਉਸ ਦੇ ਅਹੁਦੇ ਤੋਂ ਹਟਾਇਆ ਨਹੀਂ ਜਾਂਦਾ, ਫਿਰ ਨਿਰਪੱਖ ਸੁਣਵਾਈ ਕਿਵੇਂ ਹੋ ਸਕਦੀ ਹੈ?" ਜਗਦੀਪ ਨੇ ਪੁੱਛਿਆ। "ਅਸੀਂ ਸਿਰਫ ਇਨਸਾਫ ਚਾਹੁੰਦੇ ਹਾਂ," ਬੇਟੀ ਅਮਨਦੀਪ ਨੇ ਕਿਹਾ, "ਅਸੀਂ ਇਸ ਅਪਰਾਧ ਵਿਚ ਸ਼ਾਮਲ ਸਾਰਿਆਂ ਨੂੰ ਮਿਸਾਲੀ ਸਜ਼ਾਵਾਂ ਭੁਗਤਦੇ ਹੋਏ ਦੇਖਣਾ ਚਾਹੁੰਦੇ ਹਾਂ।"

ਅਸੀਂ ਤਿਕੁਨੀਆ ਕਤਲੇਆਮ ਦੇ 19 ਸਾਲਾ ਪੀੜਤ ਲਵਪ੍ਰੀਤ ਦੇ ਪਰਿਵਾਰ ਕੋਲ ਪਲੀਆ ਤਹਿਸੀਲ ਦੇ ਚੌਖਰਾ ਫਾਰਮ ਗਏ। ਚੌਖਰਾ ਤਿਕੁਨੀਆ ਤੋਂ ਲਗਭਗ 50 ਕਿਲੋਮੀਟਰ ਦੂਰੀ 'ਤੇ ਹੈ। ਗੰਨੇ, ਝੋਨੇ ਅਤੇ ਕੇਲੇ ਦੇ ਖੇਤਾਂ ਨਾਲ ਘਿਰੇ ਲਵਪ੍ਰੀਤ ਦੇ ਨਿਮਾਣੇ ਘਰ ਦੀ ਛੱਤ 'ਤੇ ਕਿਸਾਨੀ ਝੰਡਾ ਝੂਲ ਰਿਹਾ ਸੀ। ਮਾਂ ਨੇ ਲਵਪ੍ਰੀਤ ਦੇ ਕਈ ਕਿੱਸੇ ਸੁਣਾਏ। ਢਾਈ ਏਕੜ ਜ਼ਮੀਨ ਵਾਲੇ ਲਵਪ੍ਰੀਤ ਦੇ ਪਿਤਾ ਨੇ ਛੋਟੀ ਕਿਸਾਨੀ ਦੀ ਵਿਥਿਆ ਵੀ ਕਹੀ। ਗੰਨੇ ਦੀ ਖੇਤੀ ਕਰਦੇ ਹਨ ਪਰ ਆਸਮਾਨ ਛੂੰਹਦੀਆਂ ਲਾਗਤਾਂ, ਤੇਲ ਕੀਮਤਾਂ, ਖੰਡ ਮਿੱਲਾਂ ਵੱਲੋਂ ਬਕਾਏ ਦਾ ਭੁਗਤਾਨ ਨਾ ਕੀਤੇ ਜਾਣ ਕਾਰਨ ਪਰਿਵਾਰ ਸਿਰ ਕਰਜ਼ੇ ਦੀ ਪੰਡ ਹੈ। ਉੱਤਰ ਪ੍ਰਦੇਸ਼ ਵਿਚ ਉਸ ਵਰਗੇ ਘੱਟ ਜ਼ਮੀਨ ਵਾਲੇ ਕਿਸਾਨਾਂ ਦਾ ਇਹੀ ਹਾਲ ਹੈ, ਕੋਲ ਬੈਠੇ ਲਵਪ੍ਰੀਤ ਦੇ ਨਾਨੇ ਨੇ ਹੁੰਗਾਰਾ ਭਰਿਆ। ਲਵਪ੍ਰੀਤ ਵਿਦੇਸ਼ ਜਾ ਕੇ ਕਮਾਈ ਕਰਨਾ ਚਾਹੁੰਦਾ ਸੀ ਤਾਂ ਕਿ ਪਰਿਵਾਰ ਨੂੰ ਆਰਥਿਕ ਤੰਗੀ ਵਿਚੋਂ ਕੱਢ ਸਕੇ। ਤਿੰਨ ਅਕਤੂਬਰ ਨੂੰ ਲਵਪ੍ਰੀਤ ਆਪਣਾ ਮੋਟਰਸਾਈਕਲ ਲੈ ਕੇ ਧਰਨੇ ਵਾਲੀ ਥਾਂ ਨੂੰ ਗਿਆ ਤੇ ਮੁੜ ਘਰ ਨਾ ਪਰਤਿਆ। ਪਰਿਵਾਰ ਨੇ ਕਿਹਾ, "ਸੰਸਦ ਮੈਂਬਰ ਅਜੈ ਮਿਸ਼ਰਾ ਨੂੰ ਅਹੁਦੇ ਤੋਂ ਹਟਾਏ ਜਾਣ ਬਿਨਾਂ ਇਨਸਾਫ ਦੀ ਕੀ ਆਸ ਹੋ ਸਕਦੀ ਹੈ?"

ਅਸੀਂ ਗੱਡੀਆਂ ਥੱਲੇ ਦਰੜੇ ਗਏ ਪੱਤਰਕਾਰ ਰਮਨ ਕਸ਼ਯਪ ਦੇ ਪਰਿਵਾਰ ਨੂੰ ਮਿਲਣ ਵੀ ਗਏ। ਛੋਟੀ ਕਿਸਾਨੀ ਦਾ ਪਰਿਵਾਰ। ਪਿਤਾ ਦੀ ਛੋਟੀ ਜੋਤ ਤੇ ਸਿਰ 'ਤੇ ਵੱਡਾ ਕਰਜ਼ਾ। ਪਰਿਵਾਰ ਦੀ ਆਮਦਨ ਵਧਾਉਣ ਲਈ ਰਮਨ ਇੱਕ ਚੈਨਲ ਦਾ ਰਿਪੋਰਟਰ ਹੋ ਗਿਆ ਸੀ। ਇਸ ਪਰਿਵਾਰ 'ਤੇ ਮੰਤਰੀ ਵੱਲੋਂ ਉਨ੍ਹਾਂ ਦੀ ਧਿਰ ਦਾ ਸਾਥ ਦੇਣ ਲਈ ਬਹੁਤ ਦਬਾਅ ਸੀ। ਉਨ੍ਹਾਂ ਨੂੰ ਕਿਹਾ ਗਿਆ, "ਤੁਸੀਂ ਹਿੰਦੂ ਹੋ। ਤੁਹਾਡਾ ਕਿਸਾਨ ਅੰਦੋਲਨ ਨਾਲ ਕੀ ਲੈਣਾ-ਦੇਣਾ ਹੈ?" ਅਜੈ ਮਿਸ਼ਰਾ ਤਾਂ ਪਹਿਲਾਂ ਹੀ ਅੰਦੋਲਨ ਨੂੰ ਅਤਿਵਾਦੀਆਂ ਦੀ ਅਗਵਾਈ ਵਾਲੀ ਵੱਖਵਾਦੀ ਲਹਿਰ ਕਹਿ ਰਿਹਾ ਸੀ।

ਸਾਡੀ ਟੀਮ ਬੰਜਾਰਨ ਟਾਂਡਾ, ਨਾਨਪਾੜਾ ਵਿਚ 35 ਸਾਲਾਂ ਦੇ ਦਲਜੀਤ ਸਿੰਘ ਦੇ ਘਰ ਅਤੇ ਨਵੀ ਨਗਰ ਮੋਹਰਨੀਆ, ਨਾਨਪਾੜਾ ਵਿਚ ਨੌਜਵਾਨ ਗੁਰਵਿੰਦਰ ਸਿੰਘ ਦੇ ਪਰਿਵਾਰ ਕੋਲ ਵੀ ਗਈ।



ਭਾਵੇਂ ਦੋ ਕਿੱਲਿਆਂ ਦੀ ਖੇਤੀ ਵਾਲਾ ਦਲਜੀਤ ਸਿੰਘ ਦਾ ਪਰਿਵਾਰ ਸੀ ਜਾਂ ਗੁਰਵਿੰਦਰ ਦਾ, ਕਿਸਾਨੀ ਸੰਕਟ ਦੀ ਗ੍ਰਿਫਤ, ਹਕੂਮਤੀ ਦਹਿਸ਼ਤ ਦੀਆਂ ਕਹਾਣੀਆਂ ਅਤੇ ਸਬੂਤਾਂ ਤੇ ਅਦਾਲਤਾਂ ਵਿਚ ਹੇਰਾਫੇਰੀ ਕੀਤੇ ਜਾਣ ਦਾ ਸ਼ੱਕ ਹਰ ਪਰਿਵਾਰ ਨੇ ਦੁਹਰਾਇਆ।

ਮੰਤਰੀ ਅਜੈ ਮਿਸ਼ਰਾ ਟੈਨੀ ਨੂੰ ਅਹੁਦੇ ਤੋਂ ਕਿਉਂ ਨਹੀਂ ਹਟਾਇਆ ਜਾ ਰਿਹਾ? ਬਹੁਤ ਸਾਰੇ ਵਿਸ਼ਲੇਸ਼ਕ ਇਕ ਵਿਸ਼ੇਸ਼ ਵਰਗ ਲਾਬੀ ਨੂੰ ਸੰਤੁਸ਼ਟ ਰੱਖਣ ਅਤੇ ਜਾਤੀ ਸਮੀਕਰਨ ਬਣਾਈ ਰੱਖਣ ਲਈ ਟੈਨੀ ਨੂੰ ਮੰਤਰੀ ਮੰਡਲ ਵਿਚ ਰੱਖਣ ਦੀ ਮਹੱਤਤਾ ਦੀ ਗੱਲ ਕਰਦੇ ਹਨ। ਪਰ ਗੱਲ ਸਿਰਫ ਏਨੀ ਹੀ ਨਹੀਂ। ਅਜੈ ਮਿਸ਼ਰਾ ਸ਼ਾਸਨ ਦੇ ਇੱਕ ਐਸੇ ਢੰਗ ਦੀ ਨੁਮਾਇੰਦਗੀ ਕਰਦਾ ਹੈ ਜੋ ਦਹਿਸ਼ਤ, ਧਰੁਵੀਕਰਨ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਪੁਲਿਸ ਅਫਸਰਾਂ ਦੇ ਸਜ਼ਾ ਤੋਂ ਬਚਾਅ ਲਈ ਸਟੇਟ/ਰਾਜ ਦੀ ਵਰਤੋਂ 'ਤੇ ਖੜ੍ਹਾ ਹੈ। ਯੂ.ਪੀ. ਸਰਕਾਰ ਨੇ ਦਹਿਸ਼ਤ ਦੇ ਨਵੇਂ ਰਿਕਾਰਡ ਕਾਇਮ ਕੀਤੇ ਹਨ। ਸਭ ਤੋਂ ਘਿਨਾਉਣੇ ਰਾਜ ਅਪਰਾਧਾਂ ਦੀ ਕਾਢ ਕੱਢਣ ਲਈ ਯੂ.ਪੀ. ਸਰਕਾਰ ਨੂੰ ਸਿਹਰਾ ਦਿੱਤਾ ਜਾ ਸਕਦਾ ਹੈ। ਇਨ੍ਹਾਂ ਵਿਚ ਝੂਠੇ ਪੁਲਿਸ ਮੁਕਾਬਲੇ ਵੀ ਸ਼ਾਮਲ ਹਨ।

ਯੋਗੀ ਨੇ 2020 ਵਿਚ ਸੀ.ਏ.ਏ.-ਵਿਰੋਧੀ ਪ੍ਰਦਰਸ਼ਨਕਾਰੀਆਂ ਵਿਰੁੱਧ ਵੀ ਇਸ ਦਹਿਸ਼ਤੀ ਰਣਨੀਤੀ ਦੀ ਖੁੱਲ੍ਹ ਕੇ ਵਰਤੋਂ ਕੀਤੀ। ਯੂ.ਪੀ. ਦੇ ਅਨੇਕਾਂ ਸ਼ਹਿਰਾਂ ਤੇ ਕਸਬਿਆਂ- ਫਿਰੋਜ਼ਾਬਾਦ, ਸੰਭਲ, ਬਿਜਨੌਰ, ਮੁਰਾਦਾਬਾਦ, ਮੁਜ਼ੱਫਰਨਗਰ, ਅਲੀਗੜ੍ਹ, ਕਾਨਪੁਰ ਆਦਿ ਵਿਚ ਪੁਲਿਸ ਵੱਲੋਂ ਮੁਸਲਮਾਨ ਪ੍ਰਦਰਸ਼ਨਕਾਰੀਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਹ ਸਾਰੀਆਂ ਘਟਨਾਵਾਂ ਜਮਹੂਰੀ ਜਥੇਬੰਦੀਆਂ ਦੀ ਅਗਵਾਈ ਥੱਲੇ ਹੋਈਆਂ ਤੱਥ ਖੋਜ ਰਿਪੋਰਟਾਂ ਵਿਚ ਦਰਜ ਹਨ ਪਰ ਇਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਹੋਈ। ਜਮਹੂਰੀ ਜਥੇਬੰਦੀਆਂ ਨੇ ਉਦੋਂ ਵੀ ਮੰਗ ਕੀਤੀ ਸੀ ਕਿ ਸੂਬਾ ਸਰਕਾਰ ਵਿਰੁੱਧ ਅਪਰਾਧਿਕ ਜਾਂਚ ਹੋਵੇ, ਮੁੱਖ ਮੰਤਰੀ ਅਸਤੀਫਾ ਦੇਵੇ ਤੇ ਰਾਜ ਦੀ ਪੁਲਿਸ ਨੂੰ ਭੰਗ ਕੀਤਾ ਜਾਏ ਕਿਉਂਕਿ ਯੂ.ਪੀ. ਪੁਲਿਸ ਤੋਂ ਨਾਗਰਿਕਾਂ ਦੀ ਜਾਨ ਤੇ ਮਾਲ ਨੂੰ ਖਤਰਾ ਹੈ। ਅਸੀਂ ਜਾਣਦੇ ਹਾਂ ਕਿ ਐਸਾ ਕੁਝ ਵੀ ਨਹੀਂ ਹੋਇਆ। ਸਰਕਾਰ ਉਸੇ ਤਰ੍ਹਾਂ ਬਰਕਰਾਰ ਹੈ, ਸਿਰਫ ਲੋਕ ਸੰਘਰਸ਼ਾਂ ਨੂੰ ਠੇਸ ਲੱਗੀ ਤੇ ਲੋਕਾਂ ਦਾ ਬੋਲਣ ਦਾ ਹੱਕ ਬੇਹੱਦ ਕਮਜ਼ੋਰ ਪਿਆ। ਸੱਤਾਧਾਰੀਆਂ ਨੇ ਇਸ ਮੌਕੇ ਨੂੰ ਲੋਕਾਂ ਵਿਚ ਫਿਰਕੂ ਪਾੜਾ ਪਾ ਕੇ ਉਨ੍ਹਾਂ ਨੂੰ ਵੰਡਣ ਲਈ ਵਰਤਿਆ। ਆਮ ਲੋਕਾਂ ਦੀ ਸਾਂਝ ਟੁੱਟੀ ਤੇ ਉਹ ਪੂਰੀ ਤਰ੍ਹਾਂ ਫਿਰਕੂ ਲੀਹਾਂ 'ਤੇ ਵੰਡੇ ਗਏ। ਦਹਿਸ਼ਤ ਅਤੇ ਫਿਰਕੂ ਪਾੜੇ ਦੇ ਚਲਦਿਆਂ ਰੁਜ਼ਗਾਰ ਦੇ ਮੁੱਦੇ, ਰੋਜ਼ੀ-ਰੋਟੀ ਦੀ ਘਾਟ, ਔਰਤਾਂ ਦੀ ਜਿਨਸੀ ਸੁਰੱਖਿਆ, ਖੇਤੀ ਸੰਕਟ ਆਦਿ ਸਭ ਕੁਝ ਲੋਕ ਬਿਰਤਾਂਤ ਤੋਂ ਪੂਰੀ ਤਰ੍ਹਾਂ ਗਾਇਬ ਹੋ ਗਿਆ।

ਯੋਗੀ ਰਾਜ ਵਿਚ ਹਜੂਮੀ ਹਿੰਸਾ ਕਰਨ ਵਾਲੀਆਂ ਭੀੜਾਂ ਨੂੰ ਉਤਸ਼ਾਹਿਤ ਕੀਤਾ ਗਿਆ। ਉਨ੍ਹਾਂ ਨੇ ਗਊ ਰੱਖਿਆ ਦੇ ਨਾਂ 'ਤੇ ਜੋ ਕੀਤਾ ਸਭ ਦੇ ਸਾਹਮਣੇ ਹੈ। ਹਿੰਸਕ ਸਮੂਹਾਂ ਨੇ ਹਜੂਮੀ ਹਿੰਸਾ ਦੀਆਂ ਕਾਰਵਾਈਆਂ ਦੀ ਅਗਵਾਈ ਕੀਤੀ, ਧਰਮ ਪਰਿਵਰਤਨ ਦੇ ਵਿਰੋਧ ਦੇ ਨਾਂ ਥੱਲੇ ਮੁਸਲਮਾਨਾਂ ਨੂੰ ਮਾਰਿਆ, ਗਿਰਜਿਆਂ ਨੂੰ ਅੱਗਾਂ ਲਾਈਆਂ ਅਤੇ ਪ੍ਰੇਮ ਵਿਆਹਾਂ ਨੂੰ 'ਲਵ ਜਹਾਦ' ਦਾ ਨਾਂ ਦੇ ਕੇ ਇਨ੍ਹਾਂ ਨੂੰ ਅਪਰਾਧ ਦੇ ਘੇਰੇ ਵਿਚ ਲੈ ਆਂਦਾ। ਇਨ੍ਹਾਂ ਸਾਰੀਆਂ ਕਾਰਗੁਜ਼ਾਰੀਆਂ ਵਿਚ ਪੁਲਿਸ ਨੇ ਉਨ੍ਹਾਂ ਨੂੰ ਪੂਰੀ ਸੁਰੱਖਿਆ ਦਿੱਤੀ। ਅਪਰਾਧੀਆਂ ਨੂੰ ਕਾਨੂੰਨ ਅਤੇ ਸਜ਼ਾ ਤੋਂ ਬਚ ਜਾਣ ਵਿਚ ਹੈਰਾਨ ਕਰ ਦੇਣ ਵਾਲਾ ਭਰੋਸਾ ਹੈ। ਤਿੰਨ ਅਕਤੂਬਰ ਨੂੰ ਆਸ਼ੀਸ਼ ਮਿਸ਼ਰਾ ਮੋਨੂੰ ਨੇ ਪੂਰੇ ਹੋਸ਼ੋ ਹਵਾਸ ਵਿਚ, ਬੇਖੌਫ ਹੋ ਕੇ ਕਿਸਾਨਾਂ ਉੱਪਰ ਗੱਡੀਆਂ ਚਾੜ੍ਹੀਆਂ ਤਾਂ ਉਸ ਨੂੰ ਕਾਨੂੰਨ ਅਤੇ ਸਜ਼ਾ ਤੋਂ ਬਚ ਜਾਣ ਦਾ ਭਰੋਸਾ ਸੀ।

ਕਿਸਾਨ ਅੰਦੋਲਨ ਸ਼ੁਰੂ ਹੋਣ ਨਾਲ ਕੇਂਦਰੀ ਤਾਨਾਸ਼ਾਹੀ ਹਕੂਮਤ ਨੂੰ ਚੁਣੌਤੀ ਮਿਲੀ। ਕਿਸਾਨ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਨਾਲ ਉੱਠ ਖਲੋਤੇ ਜੋ ਭਾਰਤੀ ਸੰਸਦ ਵਿਚ ਗੈਰ-ਜਮਹੂਰੀ ਢੰਗ ਨਾਲ ਪਾਸ ਹੋਏ ਸਨ। ਤੰਗੀਆਂ ਮਾਰੇ ਯੂ.ਪੀ. ਦੇ ਕਿਸਾਨ ਵੀ ਇਸ ਦਾ ਹਿੱਸਾ ਬਣ ਗਏ ਤੇ ਅੰਦੋਲਨ ਤੋਂ ਨਵੀਂ ਊਰਜਾ ਲੈ ਕੇ ਕਿਸਾਨੀ ਸੰਘਰਸ਼ ਯੂ.ਪੀ. ਵਿਚ ਵੀ ਮੌਲਿਆ। ਇਸ ਅੰਦੋਲਨ ਨੇ ਲੋਕਾਂ ਦੇ ਵਿਰੋਧ ਕਰਨ ਦੇ ਮੌਲਿਕ ਅਧਿਕਾਰ ਨੂੰ ਬਹਾਲ ਕਰਨ ਦੀ ਸ਼ੁਰੂਆਤ ਕੀਤੀ। ਲੋਕ ਨਵੇਂ ਹੌਂਸਲੇ ਨਾਲ ਭਰ ਗਏ। ਉਹ ਕਾਫਲੇ ਬੰਨ੍ਹ ਕੇ ਸੜਕਾਂ 'ਤੇ ਉਤਰ ਆਏ। ਜਿਸ ਖੀਰੀ ਦੇ ਇਲਾਕੇ ਨੇ ਦਹਾਕਿਆਂ ਤੋਂ ਅੰਦੋਲਨ ਨਹੀਂ ਸਨ ਦੇਖੇ, ਉੱਥੇ ਥਾਂ ਥਾਂ ਕਿਸਾਨੀ ਝੰਡੇ ਲਹਿਰਾਉਣ ਲੱਗੇ ਤੇ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਸੜਕਾਂ 'ਤੇ ਆ ਗਏ। ਸਰਕਾਰ ਨੇ ਇੱਕ ਵਾਰ ਫੇਰ ਦਹਿਸ਼ਤ ਨਾਲ ਇਸ ਅੰਦੋਲਨ ਨੂੰ ਨਜਿੱਠਣਾ ਚਾਹਿਆ। ਅੰਦੋਲਨਕਾਰੀ ਕਿਸਾਨਾਂ 'ਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਲੱਗੇ, ਉਨ੍ਹਾਂ ਉੱਤੇ 'ਗੁੰਡਾ ਐਕਟ' ਵਰਗੀਆਂ ਧਾਰਾਵਾਂ ਮੜ੍ਹੀਆਂ ਗਈਆਂ, ਡਰਾਇਆ ਗਿਆ ਤੇ ਦਿੱਲੀ ਬਾਰਡਰਾਂ 'ਤੇ ਜਾਣ ਤੋਂ ਰੋਕਿਆ ਗਿਆ। ਮੰਤਰੀ ਅਜੈ ਮਿਸ਼ਰਾ ਨੇ ਫ਼ਿਰਕੂ ਸਿਆਸਤ ਵਰਤੀ। ਇਸ ਵਾਰ ਨਿਸ਼ਾਨੇ 'ਤੇ ਮੁਸਲਮਾਨ ਨਹੀਂ, ਸਿੱਖ ਕਿਸਾਨ ਸਨ। ਦਹਾਕਿਆਂ ਤੋਂ ਇਲਾਕੇ ਵਿਚ ਵਸਦੇ ਸਿੱਖ ਕਿਸਾਨਾਂ ਨੂੰ ਬਾਹਰੀ, ਖਾਲਿਸਤਾਨੀ, ਅਤਿਵਾਦੀ ਆਦਿ ਗਰਦਾਨ ਕੇ ਉਨ੍ਹਾਂ ਖਿਲਾਫ ਨਫਰਤ ਪੈਦਾ ਕੀਤੀ ਗਈ। ਇਲਾਕੇ ਦੇ ਬੇਜ਼ਮੀਨੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਜ਼ਮੀਨ ਦਾ ਝਾਂਸਾ ਦੇ ਕੇ ਸਿੱਖ ਕਿਸਾਨਾਂ ਵਿਰੁੱਧ ਉਕਸਾਇਆ ਗਿਆ।

ਲਖੀਮਪੁਰ ਦਾ ਕਤਲੇਆਮ ਕਿਸਾਨੀ ਘੋਲ ਦੇ ਪਿੰਡੇ 'ਤੇ ਰਿਸਦਾ ਜ਼ਖਮ ਹੈ। ਲਖੀਮਪੁਰ ਹਿੰਸਾ ਲਈ ਇਨਸਾਫ ਦਾ ਕੀ ਮਤਲਬ ਹੈ? ਕੀ ਇਸ ਕਤਲੇਆਮ ਖਿਲਾਫ ਇਨਸਾਫ ਲਈ ਲੜਨਾ ਖੇਤੀ ਸੰਕਟ ਗ੍ਰਸਤ ਪਰਿਵਾਰਾਂ ਦੀ ਜ਼ਿੰਮੇਵਾਰੀ ਹੈ? ਉਹ ਕਿਸਾਨ ਪਰਿਵਾਰ ਤਾਂ ਪਹਿਲਾਂ ਹੀ ਤੰਗੀਆਂ ਦੇ ਸ਼ਿਕਾਰ ਹਨ ਤੇ ਹੁਣ ਆਪਣਿਆਂ ਦੇ ਵਿਛੜਨ ਦੇ ਦੁੱਖ ਅਤੇ ਅਤੇ ਫ਼ਿਰਕੂ ਸਿਆਸਤ ਦਾ ਖਮਿਆਜ਼ਾ ਭੁਗਤ ਰਹੇ ਹਨ। ਲਖੀਮਪੁਰ ਕਤਲੇਆਮ ਵਿਰੁੱਧ ਲੜਾਈ ਸਮੂਹਿਕ ਲੜਾਈ ਦਾ ਹਿੱਸਾ ਹੈ। ਪ੍ਰਧਾਨ ਮੰਤਰੀ ਦਾ ਅਜੈ ਮਿਸ਼ਰਾ ਨੂੰ ਮੰਤਰੀ ਮੰਡਲ ਤੋਂ ਨਾ ਹਟਾਉਣਾ ਉਸ ਸਿਆਸਤ ਦੀ ਸਰਪ੍ਰਸਤੀ ਹੈ ਜਿਸ ਨਾਲ ਉਹ ਇਸ ਦੇਸ਼ ਦੀ ਸੱਤਾ 'ਤੇ ਕਾਬਜ਼ ਹੈ। ਕਿਸਾਨ ਅੰਦੋਲਨ ਨੂੰ ਕੁਚਲਣ ਲਈ ਸਟੇਟ/ਰਾਜ ਨੇ ਕਿਸਾਨਾਂ ਨੂੰ ਨੁਕਸਾਨ ਪਹੁੰਚਾਉਣ ਦੀ ਹਰ ਕੋਸ਼ਿਸ਼ ਕੀਤੀ। ਲਖੀਮਪੁਰ ਵਿਚ ਅਜੈ ਮਿਸ਼ਰਾ ਨੇ ਸਥਾਨਕ ਪੁਲਿਸ ਦੇ ਸਰਗਰਮ ਸਹਿਯੋਗ ਨਾਲ ਕਿਸਾਨਾਂ ਦੇ ਕਤਲੇਆਮ ਦੀ ਸਾਜ਼ਿਸ਼ ਰਚੀ ਜਿਸ ਨੂੰ ਉਸ ਦੇ ਪੁੱਤਰ ਅਤੇ ਉਸ ਦੇ ਸਾਥੀਆਂ ਨੇ ਸਿਆਸੀ ਸਰਪ੍ਰਸਤੀ ਹੇਠ ਅੰਜਾਮ ਦਿੱਤਾ।

ਲਖੀਮਪੁਰ ਦੀ ਘਟਨਾ ਲਈ ਇਨਸਾਫ ਦਾ ਮਤਲਬ ਹੈ ਲੋਕਾਂ ਦੇ ਵਿਰੋਧ ਕਰਨ ਦੇ ਜਮਹੂਰੀ ਹੱਕ ਦੀ ਰਾਖੀ ਕਰਨੀ ਅਤੇ ਲੋਕਾਂ ਦੇ ਏਕੇ ਨੂੰ ਮਜ਼ਬੂਤ ਕਰਨਾ। ਇਹ ਲੜਾਈ ਕਿਸਾਨਾਂ ਦੀ ਵੀ ਹੈ ਅਤੇ ਹਰ ਜਮਹੂਰੀਅਤ ਪਸੰਦ ਵਿਅਕਤੀ ਦੀ ਵੀ ਅਤੇ ਜਥੇਬੰਦੀਆਂ ਦੀ ਵੀ।

# ਸਿਆਸਤਦਾਨ ਪੰਜਾਬ ਦੀ ਆਰਥਿਕਤਾ ਦਾ ਮਾਮਲਾ ਭੁੱਲੇ

ਅੱਜ ਪੰਜਾਬ ਗੰਭੀਰ ਆਰਥਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ 1981 ਤੋਂ 2001 ਤੱਕ ਪਹਿਲੇ ਸਥਾਨ ਉੱਤੇ ਰਿਹਾ ਅਤੇ ਹੁਣ ਖਿਸਕ ਕੇ 19ਵੇਂ ਸਥਾਨ ਤੇ ਪਹੁੰਚ ਗਿਆ ਹੈ। ਪੰਜਾਬ ਸਿਰ ਇਸ ਵਕਤ ਲਗਭਗ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਸੂਬੇ ਦੀ ਆਮਦਨ ਦਾ ਵੱਡਾ ਹਿੱਸਾ ਇਸ ਕਰਜ਼ੇ ਦਾ ਵਿਆਜ ਭਰਨ ਲਈ ਹੀ ਖਰਚ ਹੋ ਜਾਂਦਾ ਹੈ। ਇਸੇ ਤਰ੍ਹਾਂ ਖੇਤੀ ਅਤੇ ਪੇਂਡੂ ਖੇਤਰ ਵੀ ਘੋਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ।




ਬੇਰੁਜ਼ਗਾਰੀ, ਖਾਸਕਰ ਪੜ੍ਹੇ-ਲਿਖੇ ਤਬਕੇ ਵਿਚ, ਵੀ ਉਚੇ ਪੱਧਰ ਤੇ ਹੈ; ਨਾਲ ਹੀ ਸਿੱਖਿਆ ਤੇ ਸਿਹਤ ਦੇ ਖੇਤਰ, ਖਾਸ ਕਰਕੇ ਪੇਂਡੂ, ਦਾ ਵੀ ਬਹੁਤ ਬੁਰਾ ਹਾਲ ਹੈ।

**ਡਾ. ਕੇਸਰ ਸਿੰਘ ਭੰਗੂ**
**ਫੋਨ: +91-98154-27127**

ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਰਾਜਨੀਤਕ ਪਾਰਟੀਆਂ ਨੇ ਪੰਜਾਬ ਦੇ ਲੋਕਾਂ ਨਾਲ ਬਹੁਤ ਵੱਡੇ-ਵੱਡੇ ਵਾਅਦੇ ਕੀਤੇ ਸਨ ਪਰ ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ ਦੇ ਲੋਕਾਂ ਦਾ ਜੀਵਨ ਅਤੇ ਪੰਜਾਬ ਦੀ ਆਰਥਿਕਤਾ ਵਿਚ ਕਿੰਨਾ ਸੁਧਾਰ ਤੇ ਤਰੱਕੀ ਹੋਈ ਹੈ, ਸਭ ਦੇ ਸਾਹਮਣੇ ਹੈ।

ਹੁਣ ਇੱਕ ਵਾਰ ਫਿਰ ਸਾਰੀਆਂ ਰਾਜਨੀਤਕ ਪਾਰਟੀਆਂ ਲੋਕ-ਲੁਭਾਊ ਨਾਅਰਿਆਂ ਦੇ ਨਾਲ-ਨਾਲ ਵਾਅਦੇ ਤੇ ਵਾਅਦੇ, ਗਰੰਟੀ ਤੇ ਗਰੰਟੀ ਅਤੇ ਐਲਾਨ ਤੇ ਐਲਾਨ ਕਰਨ ਵਿਚ ਰੁਝੀਆਂ ਹੋਈਆਂ ਹਨ। ਇਨ੍ਹਾਂ ਵਿਚ ਮੁੱਖ ਤੌਰ ਤੇ ਮੁਫਤ ਬਿਜਲੀ, ਮੁਫਤ ਪਾਣੀ, ਲੜਕੀਆਂ ਨੂੰ ਮੁਫਤ ਸਕੂਟੀ, ਔਰਤਾਂ ਤੇ ਲੜਕੀਆਂ ਨੂੰ 1000 ਤੋਂ 2000 ਰੁਪਏ ਮਹੀਨਾ ਵਿੱਤੀ ਸਹਾਇਤਾ ਅਤੇ ਹੋਰ ਬਹੁਤ ਸਬਜ਼ਬਾਗ ਦਿਖਾਏ ਜਾ ਰਹੇ ਹਨ। ਅੰਦਾਜ਼ਿਆਂ ਮੁਤਾਬਿਕ 1000 ਜਾਂ 2000 ਰੁਪਏ ਹਰ ਇਕ ਲੜਕੀ ਅਤੇ ਔਰਤ ਨੂੰ ਦੇਣ ਲਈ 11000-12000 ਕਰੋੜ ਰੁਪਏ ਜਾਂ 22000-24000 ਕਰੋੜ ਰੁਪਏ ਦੀ ਸਾਲਾਨਾ ਲਾਗਤ ਆਵੇਗੀ। ਇਹ ਕਿਸੇ ਰਾਜਨੀਤਕ ਪਾਰਟੀ ਨੇ ਨਹੀਂ ਦੱਸਿਆ ਕਿ ਇਹ ਰਕਮ ਕਿਥੋਂ ਆਵੇਗੀ। ਦੱਸਣਾ ਜ਼ਰੂਰੀ ਹੈ ਕਿ ਕੋਈ ਵੀ ਇਨ੍ਹਾਂ ਸਕੀਮਾਂ ਦਾ ਵਿਰੋਧ ਨਹੀਂ ਕਰਦਾ। ਇਹ ਆਰਜ਼ੀ ਤੌਰ ਤੇ ਲੋਕਾਂ ਲਈ ਲਾਹੇਵੰਦ ਹੋ ਸਕਦੀਆਂ ਹਨ ਪਰ ਲੰਮੇ ਸਮੇਂ ਵਿਚ ਹਰ ਨਾਗਰਿਕ ਨੂੰ ਮਾਣ-ਸਨਮਾਨ ਅਤੇ ਇਜ਼ਤ ਦੀ ਜ਼ਿੰਦਗੀ ਬਸਰ ਕਰਨ ਲਈ ਜ਼ਰੂਰੀ ਹੈ, ਲੋਕਾਂ ਨੂੰ ਚੰਗੀ ਸਿੱਖਿਆ ਤੇ ਸਿਹਤ ਸਹੂਲਤਾਂ ਮੁਹੱਈਆ ਕਰਵਾ ਕੇ ਉਨ੍ਹਾਂ ਨੂੰ ਲਾਹੇਵੰਦ ਰੁਜ਼ਗਾਰ ਦਿਵਾਉਣਾ; ਉਨ੍ਹਾਂ ਨੂੰ ਆਪਣੇ ਆਪ ਰੋਜ਼ੀ ਰੋਟੀ ਕਮਾਉਣ ਦੇ ਯੋਗ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ।



ਸਾਰੀਆਂ ਪਾਰਟੀਆਂ ਨੇ ਇਕੋ ਰਟ ਲਾਈ ਹੋਈ ਹੈ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਦੇਵੇਗੀ ਪਰ ਅਫਸੋਸ ਹੈ ਕਿ ਕੋਈ ਵੀ ਰਾਜਨੀਤਕ ਪਾਰਟੀ ਪੰਜਾਬ ਨੂੰ ਘੋਰ ਆਰਥਿਕ, ਸਮਾਜਿਕ, ਸਿੱਖਿਆ ਅਤੇ ਸਿਹਤ ਦੇ ਸੰਕਟ ਵਿਚੋਂ ਕਿਵੇਂ ਕੱਢਣਗੀਆਂ, ਇਸ ਦਾ ਖੁਲਾਸਾ ਜਾਂ ਕੋਈ ਵਿਉਂਤ ਪੰਜਾਬੀਆਂ ਸਾਹਮਣੇ ਨਹੀਂ ਕਰ ਰਹੀਆਂ; ਨਾ ਹੀ ਇਸ ਕਿਸਮ ਦੀ ਉਮੀਦ ਕੀਤੀ ਜਾ ਸਕਦੀ ਹੈ ਕਿਉਂਕਿ ਸਾਰੀਆਂ ਸਿਆਸੀ ਪਾਰਟੀਆਂ ਕਿਸੇ ਵੀ ਢੰਗ ਨਾਲ ਸੱਤਾ ਹਥਿਆਉਣਾ ਚਾਹੁੰਦੀਆਂ ਹਨ। ਹਾਂ, ਕੁਝ ਲੀਡਰ ਚੰਗਾ ਪ੍ਰਸ਼ਾਸਨ ਦੇਣ ਹਿੱਤ ਪ੍ਰਸ਼ਾਸਨਿਕ ਸੁਧਾਰਾਂ ਦੀ ਗੱਲ ਕਰ ਰਹੇ ਹਨ ਜਿਸ ਨਾਲ ਫਾਲਤੂ ਖਰਚ ਅਤੇ ਕਰਾਂ ਦੀ ਚੋਰੀ ਰੋਕ ਕੇ ਸਰਕਾਰ ਦੀ ਆਮਦਨ ਵਧਾਈ ਜਾ ਸਕਦੀ ਹੈ। ਇਨ੍ਹਾਂ ਸੁਧਾਰਾਂ ਦੀ ਪੰਜਾਬ ਨੂੰ ਸੱਚਮੁੱਚ ਬਹੁਤ ਜ਼ਰੂਰਤ ਹੈ, ਕਿਉਂਕਿ ਕਈ ਦਹਾਕਿਆਂ ਤੋਂ ਪੰਜਾਬ ਵਿਚ ਚੰਗੇ ਪ੍ਰਸ਼ਾਸਨ ਦੀ ਘਾਟ ਕਾਰਨ ਹਰ ਵਪਾਰ ਖੇਤਰ ਵਿਚ ਮਾਫੀਆ ਦਾ ਬੋਲਬਾਲਾ ਹੈ ਪਰ ਪੰਜਾਬ ਨੂੰ ਤਾਂ ਇਸ ਤੋਂ ਵੀ ਅੱਗੇ ਵਧੀਆ ਆਰਥਿਕ ਵਿਕਾਸ ਦੇ ਮਾਡਲ ਦੀ ਜ਼ਰੂਰਤ ਹੈ। ਹਥਲੇ ਲੇਖ ਵਿਚ ਦੋ ਅਹਿਮ ਮੁੱਦਿਆਂ- ਪਹਿਲਾ, ਪੰਜਾਬ ਵਿਚ ਨੀਵੇਂ ਪੱਧਰ ਦੇ ਨਿਵੇਸ਼ ਅਤੇ ਦੂਜਾ, ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਗੱਲ ਵਿਚਾਰੀ ਜਾ ਰਹੀ ਹੈ।

ਪਹਿਲਾਂ ਨਿਵੇਸ਼ ਦੇ ਮੁੱਦੇ ਦੀ ਗੱਲ ਕਰਦੇ ਹਾਂ। ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਬੁਨਿਆਦੀ ਢਾਂਚੇ ਵਿਚ ਪੂੰਜੀ ਨਿਰਮਾਣ ਲਈ ਨਿਵੇਸ਼ ਦੀ ਅਤਿਅੰਤ ਘਾਟ ਝੱਲ ਰਿਹਾ ਹੈ। ਸੂਬੇ ਵਿਚ ਨਿਵੇਸ਼-ਘਰੇਲੂ ਉਤਪਾਦ ਦਾ ਅਨੁਪਾਤ 20 ਪ੍ਰਤੀਸ਼ਤ ਤੋਂ ਘੱਟ ਹੈ ਜੋ ਦੇਸ਼ ਦੇ ਮੁੱਖ ਸੂਬਿਆਂ ਦੇ ਮੁਕਾਬਲੇ ਸਭ ਤੋਂ ਘੱਟ ਹੈ ਅਤੇ ਰਾਸ਼ਟਰੀ ਅਨੁਪਾਤ ਤੋਂ ਲਗਭਗ 15 ਪ੍ਰਤੀਸ਼ਤ ਘੱਟ ਹੈ। ਪੰਜਾਬ ਨੂੰ ਭਾਰਤ ਦੇ ਪੱਧਰ ਦਾ ਪੂੰਜੀ ਨਿਰਮਾਣ ਕਰਨ ਲਈ ਸਾਲਾਨਾ 10,000 ਕਰੋੜ ਰੁਪਏ ਤੋਂ ਵਧੇਰੇ ਦੇ ਵਾਧੂ ਨਿਵੇਸ਼ ਦੀ ਤੁਰੰਤ ਜ਼ਰੂਰਤ ਹੈ। ਇਸ ਤੋਂ ਵੀ ਅੱਗੇ, ਪੰਜਾਬ ਦੇ ਖੇਤੀ ਖੇਤਰ ਵਿਚ ਵੀ ਪੂੰਜੀ ਨਿਵੇਸ਼ ਦੀ ਮਾਤਰਾ ਜੋ ਨਿਵੇਸ਼-ਘਰੇਲੂ ਖੇਤੀ ਉਤਪਾਦ ਦੀ ਅਨੁਪਾਤ ਹੈ, ਲਗਾਤਾਰ ਘੱਟ ਰਹੀ ਹੈ; ਇਹ ਘਟ ਕੇ ਹੁਣ ਤੱਕ ਦੇ ਸਭ ਤੋਂ ਨੀਵੇਂ ਪੱਧਰ 8-9 ਪ੍ਰਤੀਸ਼ਤ ਤੇ ਪਹੁੰਚ ਗਈ ਹੈ। ਅਜਿਹਾ ਰਾਜ ਸਰਕਾਰ ਦੀ ਆਰਥਿਕ ਪ੍ਰਸ਼ਾਸਨ ਨੂੰ ਅਣਗੌਲਿਆ ਕਰਨ ਅਤੇ ਰਾਜਕੋਸ਼ੀ ਨੀਤੀ ਦੀ ਅਸਫਲਤਾ ਕਾਰਨ ਹੋਇਆ ਹੈ। ਜੇ ਪੰਜਾਬ ਆਪਣਾ ਆਰਥਿਕ ਮਾਣ-ਸਨਮਾਨ ਫਿਰ ਤੋਂ ਹਾਸਲ ਕਰਨਾ ਚਾਹੁੰਦਾ ਹੈ ਤਾਂ ਤੁਰੰਤ ਹੀ ਰਾਜਕੋਸ਼ੀ ਨੀਤੀ ਵਿਚ ਲੋੜੀਂਦੇ ਸੁਧਾਰ ਕੀਤੇ ਜਾਣੇ ਚਾਹੀਦੇ ਹਨ। ਇਸ ਲਈ ਪੰਜਾਬ ਸਰਕਾਰ ਨੂੰ ਟੈਕਸ-ਘਰੇਲੂ ਉਤਪਾਦ ਦੇ ਅਨੁਪਾਤ ਨੂੰ ਮੌਜੂਦਾ 7-8 ਪਤੀਸ਼ਤ ਦਰ ਤੋਂ ਵਧਾ ਕੇ 12-13 ਪ੍ਰਤੀਸ਼ਤ ਕਰਨਾ ਚਾਹੀਦਾ ਹੈ। ਅਜਿਹਾ ਕਰਾਂ ਦੀ ਵਸੂਲੀ ਵਧਾ ਕੇ, ਕਰਾਂ ਦੀ ਚੋਰੀ ਖਤਮ ਕਰ ਕੇ ਅਤੇ ਨਵੇਂ ਕਰ ਲਗਾ ਕੇ ਸੰਭਵ ਹੈ। ਹੁਣ ਤੱਕ ਕਿਸੇ ਵੀ ਰਾਜਨੀਤਕ ਪਾਰਟੀ ਨੇ ਪੰਜਾਬ ਦੇ ਇਨ੍ਹਾਂ ਮੁਦਿਆਂ ਤੇ ਕੋਈ ਵੀ ਏਜੰਡਾ ਸਾਂਝਾ ਨਹੀਂ ਕੀਤਾ।


ਜੇ ਪੰਜਾਬ ਸਰਕਾਰ ਦੇ 2020-21 ਬਜਟ ਦੀ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ ਪੰਜਾਬ ਨੇ ਆਪਣੇ ਖਰਚ ਦਾ 11.6 ਪ੍ਰਤੀਸ਼ਤ ਸਿੱਖਿਆ ਤੇ ਖਰਚ ਕਰਨ ਲਈ ਰੱਖਿਆ ਸੀ ਜਦੋਂਕਿ ਉਸੇ ਸਾਲ ਸਿੱਖਿਆ ਤੇ ਖਰਚ ਕਰਨ ਲਈ ਦੇਸ਼ ਦੇ ਸਾਰੇ ਸੂਬਿਆਂ ਦੀ ਔਸਤ 15.8 ਪ੍ਰਤੀਸ਼ਤ ਸੀ। ਇਸੇ ਤਰ੍ਹਾਂ ਪੰਜਾਬ ਨੇ ਸਿਹਤ ਦੇ ਖੇਤਰ ਲਈ 4% ਜਦੋਂਕਿ ਦੇਸ਼ ਦੀ ਔਸਤ 5.5% ਸੀ। ਪੰਜਾਬ ਨੇ ਪੇਂਡੂ ਖੇਤਰਾਂ ਦੇ ਵਿਕਾਸ ਲਈ 2.2% ਹਿੱਸਾ ਰੱਖਿਆ ਅਤੇ ਦੇਸ਼ ਦੀ ਔਸਤ 6.1% ਸੀ। ਇਵੇਂ ਹੀ ਸੜਕਾਂ ਅਤੇ ਪੁਲਾਂ ਦੇ ਨਿਰਮਾਣ ਲਈ ਪੰਜਾਬ ਨੇ 1.6% ਅਤੇ ਦੇਸ਼ ਦੀ ਔਸਤ 4.3% ਸੀ। ਦੱਸਣਾ ਜ਼ਰੂਰੀ ਹੈ ਕਿ ਪੰਜਾਬ ਨੇ ਇਹ ਰਕਮ ਖਰਚ ਕਰਨ ਲਈ ਰੱਖੀ ਸੀ ਜਦੋਂਕਿ ਅਸਲੀਅਤ ਵਿਚ ਖਰਚ ਲਈ ਰੱਖੀ ਰਕਮ ਤੋਂ ਖਰਚ ਘੱਟ ਹੀ ਹੁੰਦਾ ਹੈ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਪੰਜਾਬ ਵਿਚ ਸਿੱਖਿਆ, ਸਿਹਤ ਸੰਭਾਲ, ਪੇਂਡੂ ਖੇਤਰਾਂ ਦੇ ਵਿਕਾਸ ਅਤੇ ਸੜਕਾਂ-ਪੁਲਾਂ ਦੇ ਨਿਰਮਾਣ ਵਰਗੇ ਮਹੱਤਵਪੂਰਨ ਖੇਤਰਾਂ ਵਿਚ ਨਿਵੇਸ਼ ਦੀ ਘਾਟ ਹੈ। ਇਸ ਘਾਟ ਨੂੰ ਇਨ੍ਹਾਂ ਖੇਤਰਾਂ ਵਿਚ ਨਿਵੇਸ਼ ਵਧਾ ਕੇ ਅਤੇ ਸਮੁੱਚੇ ਪੰਜਾਬ ਵਿਚ ਨਿਵੇਸ਼ ਵਧਾਉਣ ਦੀ ਗੱਲ ਕੋਈ ਵੀ ਰਾਜਨੀਤਕ ਪਾਰਟੀ ਨਹੀਂ ਕਰ ਰਹੀ।

ਹੁਣ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਗੱਲ ਕਰੀਏ। ਪੰਜਾਬ ਇਸ ਮਾਮਲੇ ਵਿਚ ਕੇਰਲ ਅਤੇ ਪੱਛਮੀ ਬੰਗਾਲ ਦੇ ਨਾਲ ਨਾਲ ਦੇਸ਼ ਦਾ ਮੋਹਰੀ ਸੂਬਾ ਹੈ। ਕਿਸੇ ਵੀ ਵਿਅਕਤੀ ਜਾਂ ਸਰਕਾਰ ਸਿਰ ਚੜ੍ਹੇ ਕਰਜ਼ੇ ਦੇ ਭਾਰ ਨੂੰ ਮਿਣਨ ਦਾ ਸਹੀ ਨਾਪ ਹੁੰਦਾ ਹੈ ਕਿ ਚੜ੍ਹੇ ਕਰਜ਼ੇ ਅਤੇ ਕੁਲ ਆਮਦਨ ਦੀ ਅਨੁਪਾਤ ਦੇਖੀ ਜਾਂਦੀ ਹੈ। ਇਸ ਹਿਸਾਬ ਨਾਲ ਦੇ ਪੰਜਾਬ ਸਰਕਾਰ ਦੀ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ 2001 ਤੋਂ ਪਹਿਲਾਂ, ਚੜ੍ਹੇ ਕਰਜ਼ੇ ਅਤੇ ਪੰਜਾਬ ਦੇ ਕੁਲ ਘਰੇਲੂ ਉਤਪਾਦ ਅਨੁਪਾਤ 40 ਪ੍ਰਤੀਸ਼ਤ ਤੋਂ ਘੱਟ ਹੁੰਦੀ ਸੀ ਜਿਹੜੀ ਹੁਣ ਵਧ ਕੇ 52.5% ਤੇ ਪਹੁੰਚ ਗਈ ਹੈ; ਭਾਵ, 2001 ਵਿਚ ਪੰਜਾਬ ਸਰਕਾਰ ਸਿਰ 30760 ਕਰੋੜ ਰੁਪਏ ਦਾ ਕਰਜ਼ਾ ਸੀ ਜਿਹੜਾ 2007 ਵਿਚ 40000 ਕਰੋੜ, 2010 ਵਿਚ 53252 ਕਰੋੜ, 2015 ਵਿਚ 86818 ਕਰੋੜ, 2017 ਵਿਚ 153773 ਕਰੋੜ ਰੁਪਏ ਅਤੇ ਅੱਜ ਕੱਲ੍ਹ 282000 ਕਰੋੜ ਰੁਪਏ ਦੇ ਨੇੜੇ ਤੇੜੇ ਹੈ ਅਤੇ ਜੇ ਪੰਜਾਬ ਦੀਆਂ ਸਰਕਾਰਾਂ ਦਾ ਇਹੀ ਰਵੱਈਆ ਰਿਹਾ ਤਾਂ ਅੰਦਾਜ਼ਿਆਂ ਮੁਤਾਬਿਕ, ਇਹ ਕਰਜ਼ਾ ਹੋਰ ਵਧ ਕੇ 2025 ਵਿਚ 373988 ਕਰੋੜ ਰੁਪਏ ਹੋ ਜਾਵੇਗਾ। ਅਜਿਹਾ ਇਸ ਕਰਕੇ ਹੋਇਆ ਹੈ ਕਿਉਂਕਿ ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਨੇ ਸਖਤ ਫ਼ੈਸਲੇ ਲੈ ਕੇ ਸਰਕਾਰ ਦੀ ਆਮਦਨ ਵਧਾਉਣ ਦੀ ਬਜਾਇ ਹੋਰ ਕਰਜ਼ਾ ਲੈਣ ਨੂੰ ਤਰਜੀਹ ਦਿੱਤੀ ਹੈ। ਹੁਣ ਤੱਕ ਕਿਸੇ ਵੀ ਸਿਆਸੀ ਪਾਰਟੀ ਨੇ ਪੰਜਾਬ ਸਿਰ ਚੜ੍ਹੇ ਕਰਜ਼ੇ ਨੂੰ ਉਤਾਰਨ ਦੀ ਗੱਲ ਤਾਂ ਦੂਰ, ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਗੱਲ ਵੀ ਨਹੀਂ ਕੀਤੀ ਹੈ।

ਪੰਜਾਬ ਵਿਚ ਨਿਵੇਸ਼ ਅਤੇ ਪੰਜਾਬ ਦੇ ਸਿਰ ਚੜ੍ਹੇ ਕਰਜ਼ੇ ਦੇ ਪਹਿਲੂਆਂ ਦਾ ਵਿਸ਼ਲੇਸ਼ਣ ਸਪਸ਼ਟ ਕਰਦਾ ਹੈ ਕਿ ਮੌਜੂਦਾ ਪੰਜਾਬ ਸਰਕਾਰ ਸਮੇਤ ਪਿਛਲੀਆਂ ਪੰਜਾਬ ਦੀਆਂ ਸਰਕਾਰਾਂ ਨੇ ਵੀ ਪੰਜਾਬ ਨੂੰ ਘੋਰ ਆਰਥਿਕ ਸੰਕਟ ਵਿਚੋਂ ਕੱਢਣ ਲਈ ਸੁਹਿਰਦ ਯਤਨ ਅਤੇ ਉਪਰਾਲੇ ਨਹੀਂ ਕੀਤੇ ਸਗੋਂ ਪੰਜਾਬ ਦੇ ਆਰਥਿਕ ਸੰਕਟ ਨੂੰ ਹੋਰ ਗਹਿਰਾ ਕੀਤਾ ਹੈ। ਹੁਣ ਸਮਾਂ ਅਤੇ ਪੰਜਾਬ ਮੰਗ ਕਰਦਾ ਹੈ ਕਿ ਹੋਰ ਦੇਰੀ ਹੋਣ ਤੋਂ ਪਹਿਲਾਂ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੱਸਣ ਕਿ ਇਹ ਪੰਜਾਬ ਨੂੰ ਆਰਥਿਕ ਸੰਕਟ ਵਿਚੋਂ ਕਿਵੇਂ ਬਾਹਰ ਕੱਢਣਗੀਆਂ, ਪੰਜਾਬ ਵਿਚ ਨਿਵੇਸ਼ ਵਧਾਉਣ ਅਤੇ ਕਰਜ਼ੇ ਦਾ ਭਾਰ ਘੱਟ ਕਰਨ ਲਈ ਕੀ ਕਰਨਗੀਆਂ? ਇਹ ਪਾਰਟੀਆਂ ਇਸ ਬਾਰੇ ਆਪਣਾ ਏਜੰਡਾ, ਪ੍ਰੋਗਰਾਮ ਅਤੇ ਤਰਜੀਹਾਂ ਲੋਕਾਂ ਸਾਹਮਣੇ ਰੱਖਣ ਤਾਂ ਕਿ ਪੰਜਾਬ ਦੇ ਲੋਕ ਆਉਣ ਵਾਲੀਆਂ ਚੋਣਾਂ ਵਿਚ ਸਹੀ ਫੈਸਲਾ ਕਰ ਸਕਣ।

# ਯੂ.ਪੀ. 'ਚ ਹਿੰਦੂਤਵ ਦੀ ਅਜ਼ਮਾਇਸ਼

ਉੱਤਰ ਪ੍ਰਦੇਸ਼ ਦੀ ਰਾਜਨੀਤੀ ਹਿੰਦੂਤਵ ਦੇ ਲੰਮੇ ਸਮੇਂ ਦੇ ਪ੍ਰੋਜੈਕਟ ਲਈ ਹਮੇਸ਼ਾ ਤੋਂ ਬਹੁਤ ਮਹੱਤਵਪੂਰਨ ਰਹੀ ਹੈ। ਹੁਣ ਹਿੰਦੂ ਵੋਟਰਾਂ ਦੀ ਵਿਸ਼ਾਲ ਰਾਜਨੀਤਕ ਏਕਤਾ ਬਣਾ ਕੇ ਇਹ ਪਾਰਟੀ ਮੁਸਲਮਾਨ ਵੋਟਾਂ ਦੀ ਅਹਿਮੀਅਤ ਤਕਰੀਬਨ ਖਤਮ ਕਰਨ ਦੇ ਆਪਣੇ ਪ੍ਰਯੋਗ ਨੂੰ ਇਸੇ ਸੂਬੇ ਦੀ ਜ਼ਮੀਨ 'ਤੇ ਅੰਜਾਮ ਦੇਣ 'ਚ ਲੱਗੀ ਹੋਈ ਹੈ। ਇਹ ਪ੍ਰਯੋਗ 2014 ਤੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਅਤੇ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਥੋੜ੍ਹਾ ਬਹੁਤ ਸਫਲ ਹੋ ਚੁੱਕਾ ਹੈ। 2022 'ਚ ਹੋਣ ਵਾਲੀਆਂ ਵਿਧਾਨ



**ਅਭੈ ਕੁਮਾਰ ਦੂਬੇ**

ਸਭਾ ਚੋਣਾਂ 'ਚ ਭਾਜਪਾ ਇਸ ਨੂੰ ਇਕ ਵਾਰ ਫਿਰ ਦੁਹਰਾਉਣਾ ਚਾਹੁੰਦੀ ਹੈ ਪਰ ਇਸ ਵਾਰ ਹਾਲਾਤ ਪਹਿਲਾਂ ਵਾਂਗ ਅਨੁਕੂਲ ਨਹੀਂ ਹਨ।

ਪਹਿਲੀ ਗੱਲ ਤਾਂ ਇਹ ਹੈ ਕਿ ਭਾਜਪਾ ਨੂੰ ਇਸ ਵਾਰ ਨਾ ਕਾਂਗਰਸ ਖਿਲਾਫ ਸੱਤਾ ਵਿਰੋਧੀ ਲਾਭ ਹਾਸਲ ਹੋਵੇਗਾ, ਨਾ ਹੀ ਸਮਾਜਵਾਦੀ ਪਾਰਟੀ ਦੇ ਖਿਲਾਫ। ਪਿਛਲੇ ਪੰਜ ਸਾਲਾਂ ਤੋਂ ਸੂਬੇ 'ਚ ਉਸ ਦੀ ਹੀ ਸਰਕਾਰ ਹੈ ਅਤੇ ਅੱਠ ਸਾਲ ਤੋਂ ਕੇਂਦਰ 'ਚ ਵੀ ਉਹੀ ਹਕੂਮਤ ਕਰ ਰਹੀ ਹੈ। ਜਨਤਾ ਨੂੰ ਜੋ ਵੀ ਨਾਰਾਜ਼ਗੀ ਹੈ, ਉਹ ਭਾਜਪਾ ਨਾਲ ਹੀ ਹੋਵੇਗੀ। ਸੰਪਰਦਾਇਕ ਰਾਜਨੀਤੀ ਦਾ ਭਾਜਪਾਈ ਕਾਰਡ ਵੀ ਉਦੋਂ ਹੀ ਚਲਦਾ ਹੈ, ਜਦੋਂ ਕਿਸੇ ਹੋਰ ਪਾਰਟੀ ਦੀ ਸਰਕਾਰ ਹੁੰਦੀ ਹੈ।

ਦੂਸਰੇ, ਜੋ ਵੋਟਰ ਭਾਈਚਾਰੇ ਪਿਛਲੀਆਂ ਚੋਣਾਂ 'ਚ ਵੋਟਾਂ ਲਈ ਆਪਣੀ ਪਹਿਲੀ ਪਸੰਦ ਨੂੰ ਬਦਲ ਕੇ ਭਾਜਪਾ ਦੇ ਪਾਲੇ 'ਚ ਗਏ ਸਨ, ਉਹ ਇਕ ਵਾਰ ਫਿਰ ਉਸ ਪਹਿਲੀ ਪਸੰਦ 'ਤੇ ਪੁਨਰ ਵਿਚਾਰ ਕਰਨ ਦੇ ਰੌਂਅ 'ਚ ਹਨ। ਇਨ੍ਹਾਂ 'ਚ ਗੈਰ-ਯਾਦਵ ਪਛੜੇ ਵੋਟਰ ਤਾਂ ਹਨ ਹੀ, ਉੱਚੀਆਂ ਜਾਤਾਂ ਦੇ ਵੋਟਰ (ਖਾਸਕਰ ਬ੍ਰਾਹਮਣ) ਵੀ ਹਨ। ਪਿਛਲੇ ਇਕ ਹਫਤੇ 'ਚ ਭਾਜਪਾ ਦੇ ਪਾਲੇ ਤੋਂ ਗੈਰ-ਯਾਦਵ ਪਛੜੀਆਂ ਜਾਤਾਂ ਦੇ ਕੁਝ ਰਾਜਨੀਤਕ ਆਗੂਆਂ ਨੇ ਮੰਤਰੀ ਦੇ ਅਹੁਦੇ ਨੂੰ ਛੱਡਣ ਦੀ ਦਲੇਰੀ ਦਿਖਾ ਕੇ ਸਮਾਜਵਾਦੀ ਪਾਰਟੀ ਦਾ ਪੱਲਾ ਫੜਿਆ ਹੈ। ਇਸ ਨਾਲ ਭਾਜਪਾ ਦੀਆਂ ਰਾਜਨੀਤਕ ਯੋਜਨਾਵਾਂ ਨੂੰ ਧੱਕਾ ਲਗਣਾ ਸੁਭਾਵਿਕ ਹੈ। ਭਾਜਪਾ ਦੇ ਸਮਰਥਕਾਂ ਦਾ ਵੀ ਮੰਨਣਾ ਹੈ ਕਿ ਚੁਣਾਵੀ ਮਾਹੌਲ ਨੂੰ ਭਾਜਪਾ ਦੇ ਪੱਖ 'ਚ ਕਰਨ ਦੇ ਨਜ਼ਰੀਏ ਨਾਲ ਹੁਣ ਪਾਰਟੀ ਨੂੰ ਬਹੁਤ ਜ਼ਿਆਦਾ ਮਿਹਨਤ ਕਰਨੀ ਪਵੇਗੀ।

2017 'ਚ ਭਾਜਪਾ ਨੇ ਉੱਤਰ ਪ੍ਰਦੇਸ਼ ਵਿਚ 'ਸਭ ਜਾਤ ਬਨਾਮ ਤਿੰਨ ਜਾਤ' ਵਰਗੇ ਨਾਅਰੇ ਦੇ ਆਧਾਰ 'ਤੇ ਰਣਨੀਤੀ ਤਿਆਰ ਕੀਤੀ ਸੀ। ਇਹ 1991 'ਚ ਭਾਜਪਾ ਵਲੋਂ ਕੀਤੀ ਗਈ ਕਲਿਆਣ ਸਿੰਘ ਸ਼ੈਲੀ ਦੀ 'ਸੋਸ਼ਲ ਇੰਜਨੀਅਰਿੰਗ' ਦਾ 2017 ਦਾ ਨਵਾਂ ਅਤੇ ਜ਼ਿਆਦਾ ਵਿਆਪਕ ਸੰਸਕਰਨ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਅਤਿ-ਪਛੜੀਆਂ ਜਾਤਾਂ, ਗੈਰ-ਯਾਦਵ ਓ.ਬੀ.ਸੀ. ਜਾਤਾਂ ਅਤੇ ਗੈਰ-ਜਾਟਵ ਦਲਿਤਾਂ ਨੂੰ ਭਾਜਪਾ 'ਚ ਕ੍ਰਮਵਾਰ ਬਹੁਜਨ ਸਮਾਜ ਪਾਰਟੀ, ਸਮਾਜਵਾਦੀ ਪਾਰਟੀ ਅਤੇ ਕਾਂਗਰਸ ਵੱਲ ਝੁਕੇ ਤਿੰਨ ਭਾਈਚਾਰਿਆਂ (ਜਾਟਵਾਂ, ਯਾਦਵਾਂ ਅਤੇ ਮੁਸਲਮਾਨਾਂ) ਖਿਲਾਫ ਖੜ੍ਹਾ ਕਰ ਦਿੱਤਾ ਗਿਆ। ਆਪਣੀ ਬ੍ਰਾਹਮਣ-ਬਾਣੀਆ-ਠਾਕੁਰ ਅਕਸ ਤੋਂ ਦੂਰ ਹੋ ਕੇ ਭਾਜਪਾ ਨੇ ਗ਼ਰੀਬਾਂ ਅਤੇ ਪਛੜਿਆਂ ਦਾ ਵਿਆਪਕ ਸਮਾਜਿਕ ਗੱਠਜੋੜ ਬਣਾਉਣ 'ਚ ਸਫਲਤਾ ਪ੍ਰਾਪਤ ਕੀਤੀ ਸੀ। ਉਸ ਨੇ 119 ਸੀਟਾਂ ਰਾਜਭਰਾਂ, ਕੁਸ਼ਵਾਹਿਆਂ ਅਤੇ ਮੌਰੀਆ ਵਰਗੀਆਂ ਗੈਰ-ਯਾਦਵ ਜਾਤੀਆਂ ਨੂੰ ਦਿੱਤੀਆਂ। ਉਸ ਨੇ ਰਾਜਭਰਾਂ ਦੀ ਛੋਟੀ ਜਿਹੀ ਸੁਹੈਲਦੇਵ ਭਾਰਤੀ ਸਮਾਜ ਪਾਰਟੀ ਦੇ ਨਾਲ ਗੱਠਜੋੜ ਕਰਕੇ ਉਸ ਨੂੰ ਅੱਠ ਸੀਟਾਂ ਦਿੱਤੀਆਂ। ਭਾਜਪਾ ਨੇ 69 ਟਿਕਟਾਂ ਗੈਰ-ਜਾਟਵ ਦਲਿਤਾਂ, ਜਿਵੇਂ ਧੋਬੀ ਅਤੇ ਕੁਟੀਕ ਨੂੰ ਦਿੱਤੀਆਂ। ਇਸ ਦੇ ਨਾਲ ਭਾਜਪਾ ਨੇ ਸੋਚੀ-ਸਮਝੀ ਯੋਜਨਾ ਤਹਿਤ ਯੂ.ਪੀ. ਦੀਆਂ ਉੱਚੀਆਂ ਜਾਤੀਆਂ ਨੂੰ ਰਣਨੀਤਕ ਚੁੱਪ ਧਾਰਨ ਕਰਨ ਲਈ ਕਿਹਾ (ਦੂਜਿਆਂ ਵਿਚਾਲੇ ਸੰਘ ਦੇ ਸਵੈਮਸੇਵਕਾਂ ਦਾ ਪ੍ਰਚਾਰ ਇਹ ਸੀ ਕਿ ਮਨ ਹੀ ਮਨ ਵੋਟਾਂ ਦਿਓ, ਸੰਜਮ ਰੱਖੋ ਆਪਣੀ ਬੋਲਬਾਣੀ 'ਤੇ) ਤਾਂ ਕਿ ਬਿਹਾਰ ਦੀਆਂ ਚੋਣਾਂ ਵਾਲੀ ਗਲਤੀ ਨਾ ਦੁਹਰਾਈ ਜਾ ਸਕੇ, ਜਿੱਥੇ ਉੱਚੀਆਂ ਜਾਤੀਆਂ ਦੇ ਮੁੱਖ ਦਾਅਵੇਦਾਰਾਂ ਨੇ ਕਮਜ਼ੋਰ ਜਾਤੀਆਂ ਨੂੰ ਭਾਜਪਾ ਦੇ ਵਿਰੋਧ 'ਚ ਕਰ ਦਿੱਤਾ ਸੀ। ਸੂਬੇ ਦੇ ਤਿੰਨ ਹਿੱਸਿਆਂ (ਹੇਠਲੇ



ਦੁਆਬ, ਅਵਧ ਅਤੇ ਪੂਰਬੀ ਉੱਤਰ ਪ੍ਰਦੇਸ਼) 'ਚ ਭਾਜਪਾ ਨੇ ਯਾਦਵਾਂ ਨੂੰ ਗੁੰਡਿਆਂ ਅਤੇ ਜ਼ੁਲਮ ਕਰਨ ਵਾਲਿਆਂ ਦੇ ਰੂਪ 'ਚ ਦਿਖਾਇਆ ਤਾਂ ਕਿ ਉਨ੍ਹਾਂ ਖਿਲਾਫ ਉੱਚੀਆਂ ਜਾਤੀਆਂ ਅਤੇ ਅਤਿ ਪਛੜੀਆਂ ਅਤੇ ਰਾਖਵਾਂਕਰਨ ਤੋਂ ਵਾਂਝੇ ਦਲਿਤਾਂ ਦੀਆਂ ਵੋਟਾਂ ਪੁਆਈਆਂ ਜਾ ਸਕਣ ਪਰ ਉਹ ਵੋਟਾਂ ਭਾਜਪਾ ਨੂੰ ਐਵੇਂ ਹੀ ਨਹੀਂ ਮਿਲੀਆਂ। ਉਸ ਨੇ ਇਸ ਦੇ ਲਈ ਦੋ ਸਾਲ ਪਹਿਲਾਂ ਤੋਂ ਜਥੇਬੰਦਕ ਰਣਨੀਤੀ ਤਿਆਰ ਕੀਤੀ ਸੀ। 2015 'ਚ ਭਾਜਪਾ ਦੀ ਹਾਈਕਮਾਨ ਨੇ ਸੋਚ-ਸਮਝ ਕੇ ਫੈਸਲਾ ਲਿਆ ਸੀ ਕਿ ਉੱਤਰ ਪ੍ਰਦੇਸ਼ ਦੇ ਪਾਰਟੀ ਸੰਗਠਨ ਨੂੰ ਬ੍ਰਾਹਮਣ-ਰਾਜਪੂਤ-ਬਾਣੀਆ ਜਕੜ ਤੋਂ ਬਾਹਰ ਨਿਕਲਣਾ ਹੋਵੇਗਾ। ਇਸ ਦੇ ਲਈ ਇਕ ਫੈਸਲਾਕੁਨ ਕਦਮ ਇਹ ਚੁੱਕਿਆ ਗਿਆ ਕਿ ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ ਲਈ ਵੋਟਿੰਗ ਦੀ ਪ੍ਰਕਿਰਿਆ ਖਤਮ ਕਰ ਦਿੱਤੀ ਗਈ।

ਕੀ ਅੱਜ ਭਾਜਪਾ ਆਪਣੀ ਇਸ ਰਣਨੀਤੀ ਦੇ ਜ਼ਰੀਏ ਇਕ ਵਾਰ ਫਿਰ ਪਹਿਲਾਂ ਨਾਲੋਂ ਵੀ ਵੱਡੀ ਹਿੰਦੂ ਏਕਤਾ ਬਣਾ ਸਕਦੀ ਹੈ? ਉੱਤਰ ਪ੍ਰਦੇਸ਼ ਦੀ ਰਾਜਨੀਤੀ ਦੇ ਸਮੀਖਿਅਕਾਂ ਦਾ ਇਕ ਹਿੱਸਾ ਇਸ ਸਵਾਲ ਦਾ ਨਾਂਹ-ਪੱਖੀ ਉੱਤਰ ਦੇ ਰਿਹਾ ਹੈ। ਉਨ੍ਹਾਂ ਦਾ ਤਰਕ ਸਪਸ਼ਟ ਹੈ। ਉਹ ਕਹਿੰਦੇ ਹਨ ਕਿ ਪਿਛਲੇ ਪੰਜ ਸਾਲਾਂ ਤੋਂ ਚੱਲ ਰਹੀ ਯੋਗੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਆਪਣੇ ਸਮਾਜਿਕ ਵਾਅਦੇ 'ਤੇ ਖਰੀ ਉੱਤਰਨ 'ਚ ਪੂਰੀ ਤਰ੍ਹਾਂ ਨਾਲ ਅਸਫਲ ਰਹੀ ਹੈ। ਨਾ ਸਿਰਫ ਛੋਟੀਆਂ ਅਤੇ ਕਮਜ਼ੋਰ ਜਾਤੀਆਂ ਉਸ ਤੋਂ ਨਾਰਾਜ਼ ਹਨ (ਕਿਉਂਕਿ ਚੋਣਾਂ ਜਿੱਤਣ ਤੋਂ ਬਾਅਦ ਉਨ੍ਹਾਂ ਨੂੰ ਸ਼ਾਸਨ-ਪ੍ਰਸ਼ਾਸਨ 'ਚ ਕੁਝ ਨਹੀਂ ਮਿਲਿਆ) ਸਗੋਂ ਬ੍ਰਾਹਮਣ ਅਤੇ ਦੂਜੀਆਂ ਦਲਿਤ ਜਾਤੀਆਂ ਵੀ ਯੋਗੀ ਸ਼ਾਸਨ 'ਚ ਠੱਗਿਆ ਜਿਹਾ ਮਹਿਸੂਸ ਕਰ ਰਹੀਆਂ ਹਨ (ਕਿਉਂਕਿ ਮੁੱਖ ਮੰਤਰੀ ਦੇ ਰੂਪ 'ਚ ਯੋਗੀ ਮੂਲ ਰੂਪ 'ਚ ਠਾਕੁਰ ਅਜੈ ਸਿੰਘ ਬਿਸ਼ਟ ਹੋਣ ਦੀ ਆਪਣੀ ਰਾਜਪੂਤ ਪਛਾਣ ਤੋਂ ਉੱਪਰ ਨਹੀਂ ਉੱਠ ਸਕੇ ਹਨ)। ਉੱਚੀਆਂ ਜਾਤਾਂ ਨੂੰ ਮਿਲੇ ਦਸ ਫੀਸਦੀ ਰਾਖਵਾਂਕਰਨ ਦੇ ਕਾਰਨ ਹੋ ਸਕਦਾ ਹੈ ਕਿ ਭਾਜਪਾ ਦਾ ਰਵਾਇਤੀ ਵੋਟ ਬੈਂਕ ਇਕ ਵਾਰ ਫਿਰ ਪੁਰਾਣੀ ਨਾਰਾਜ਼ਗੀ ਭੁਲਾ ਕੇ ਤਾਜ਼ਾ ਮਾਨਸਿਕਤਾ ਨਾਲ ਮੁੜ ਉਸ ਦੇ ਹੱਕ 'ਚ ਭੁਗਤੇ। ਇਸ ਤਰ੍ਹਾਂ ਭਾਜਪਾ ਗੱਠਜੋੜ ਦੇ ਮੁਕਾਬਲੇ ਉੱਚੀਆਂ ਜਾਤੀਆਂ ਦਾ ਧਰੁਵੀਕਰਨ ਜ਼ਰੂਰ ਕਰ ਸਕਦੀ ਹੈ ਪਰ ਉਸ ਦੇ ਨਾਲ ਹਾਲ ਹੀ 'ਚ ਜੁੜੀਆਂ ਹੇਠਲੀਆਂ ਅਤੇ ਕਮਜ਼ੋਰ ਜਾਤੀਆਂ ਦੇ ਕੋਲ ਉਸ ਦਾ ਸਾਥ ਦਿੰਦੇ ਰਹਿਣ ਦਾ ਅਜਿਹਾ ਕੋਈ ਕਾਰਨ ਨਹੀਂ ਹੈ। ਉਹ ਤਾਂ ਇਹ ਦੇਖ ਰਹੀਆਂ ਹਨ ਕਿ ਜੋ ਪਾਰਟੀਆਂ ਉੱਚੀਆਂ ਜਾਤਾਂ (ਅੱਪਰ ਕਾਸਟ) ਦੇ ਠੱਪੇ ਤੋਂ ਛੁਟਕਾਰਾ ਪਾਉਂਦੀਆਂ ਦਿਖ ਰਹੀਆਂ ਸਨ, ਉਹ ਵਿਹਾਰਕ ਜ਼ਮੀਨ 'ਤੇ ਇਕ ਵਾਰ ਫਿਰ ਆਪਣੇ ਪੁਰਾਣੇ ਸੰਸਕਰਨ 'ਚ ਜਾ ਚੁੱਕੀਆਂ ਹਨ।

ਪਹਿਲੀ ਨਜ਼ਰੇ ਇਹ ਤਰਕ ਸਹੀ ਲਗਦਾ ਹੈ ਪਰ ਇਹ ਉਨ੍ਹਾਂ ਖਾਮੋਸ਼ ਪ੍ਰਕਿਰਿਆਵਾਂ ਦੀ ਅਣਦੇਖੀ ਕਰਦਾ ਹੈ ਜੋ ਪਿਛਲੇ ਪੰਜ ਸਾਲਾਂ 'ਚ ਕਮਜ਼ੋਰ ਜਾਤੀਆਂ ਦੇ ਵੋਟ ਮੰਡਲ ਅੰਦਰ ਚੱਲੀਆਂ ਹਨ। ਸੰਘ ਪਰਿਵਾਰ ਅਤੇ ਭਾਜਪਾ ਨੇ ਇਨ੍ਹਾਂ ਬਿਰਾਦਰੀਆਂ 'ਚੋਂ ਇਕ ਵੱਖਰੇ ਪੱਧਰ 'ਤੇ ਆਪਣੀ ਡੂੰਘੀ ਪਹੁੰਚ ਬਣਾਈ ਹੈ। ਅਜੇ ਤੱਕ ਇਨ੍ਹਾਂ ਭਾਈਚਾਰਿਆਂ ਦੇ ਰਾਜਨੀਤਕ ਆਗੂਆਂ ਦੇ ਰੁਝਾਨ ਸਿਰਫ ਤੇ ਸਿਰਫ ਅੰਬੇਡਕਰਵਾਦੀ ਰਾਜਨੀਤੀ ਤਹਿਤ ਹੀ ਬਣਦੇ ਸਨ। 2017 ਦੌਰਾਨ ਬਹੁਜਨ ਸਮਾਜ ਪਾਰਟੀ ਨੂੰ ਛੱਡ ਕੇ ਜੋ ਆਗੂ ਭਾਜਪਾ 'ਚ ਆਏ ਸਨ ਅਤੇ ਯੋਗੀ ਮੰਤਰੀ ਮੰਡਲ 'ਚ ਭਾਗੀਦਾਰੀ ਕਰ ਰਹੇ ਸਨ, ਉਹ ਕਾਂਸ਼ੀਰਾਮ ਦੀ ਬਹੁਜਨਵਾਦੀ ਪਾਠਸ਼ਾਲਾ 'ਚੋਂ ਨਿਕਲੇ ਸਨ। ਨਾ ਤਾਂ ਭਾਜਪਾ ਨੂੰ ਇਨ੍ਹਾਂ 'ਤੇ ਭਰੋਸਾ ਸੀ ਅਤੇ ਨਾ ਹੀ ਇਨ੍ਹਾਂ ਨੂੰ ਭਾਜਪਾ 'ਤੇ। ਉਹ ਤਾਂ ਦੇਖ ਰਹੇ ਸਨ ਕਿ ਭਾਜਪਾ ਉਨ੍ਹਾਂ ਦੀਆਂ ਬਿਰਾਦਰੀਆਂ 'ਚੋਂ ਉਨ੍ਹਾਂ ਨੂੰ ਚੁਣੌਤੀ ਦੇਣ ਵਾਲੇ ਆਗੂ ਤਿਆਰ ਕਰਨ ਦੀ ਯੋਜਨਾ ਚਲਾ ਰਹੀ ਹੈ। ਭਾਜਪਾ ਨੇ ਇੱਥੇ ਅਤੇ ਜਦੋਂ ਵੀ ਮੌਕਾ ਮਿਲਿਆ, ਇਨ੍ਹਾਂ ਜਾਤੀਆਂ 'ਚੋਂ ਹਿੰਦੂਤਵ ਦੀ ਵਿਚਾਰਧਾਰਾ ਨਾਲ ਪੂਰੀ ਤਰ੍ਹਾਂ ਪ੍ਰਭਾਵਿਤ ਲੋਕਾਂ ਨੂੰ ਰਾਜ ਸਭਾ ਦੀ ਮੈਂਬਰਸ਼ਿਪ ਦੁਆਰਾ, ਸੰਗਠਨ 'ਚ ਅਹੁਦੇਦਾਰ ਬਣਾ ਕੇ, ਕੇਂਦਰੀ ਮੰਤਰੀ ਮੰਡਲ 'ਚ ਜਗ੍ਹਾ ਦੇ ਕੇ ਅਤੇ ਹੋਰ ਥਾਵਾਂ 'ਤੇ ਬਿਠਾ ਕੇ ਉਤਸ਼ਾਹਿਤ ਕਰਨ ਦਾ ਇਕ ਸਿਲਸਿਲਾ ਚਲਾਇਆ।

ਅੱਜ ਜਦੋਂ ਬਸਪਾ ਤੋਂ ਆਏ ਲੋਕ ਭਾਜਪਾ ਛੱਡ ਕੇ ਅਖਿਲੇਸ਼ ਯਾਦਵ ਦੀ ਪਾਰਟੀ 'ਚ ਚਲੇ ਗਏ ਹਨ, ਭਾਜਪਾ ਨੂੰ ਭਰੋਸਾ ਹੈ ਕਿ ਉਹ ਕੁਝ ਨਾ ਕੁਝ ਗੈਰ-ਯਾਦਵ ਪਛੜੀਆਂ ਜਾਤੀਆਂ ਦੇ ਵੋਟ ਇਨ੍ਹਾਂ ਨਵੇਂ ਹਿੰਦੂਤਵਵਾਦੀ ਤੱਤਾਂ ਜ਼ਰੀਏ ਪ੍ਰਾਪਤ ਕਰ ਲਵੇਗੀ। ਦਰਅਸਲ, ਸੂਬੇ ਦੀਆਂ ਇਹ ਚੋਣਾਂ ਹਿੰਦੂਤਵ ਦੀ ਵਿਚਾਰਧਾਰਾ ਦੀ ਅਸਲ ਪ੍ਰੀਖਿਆ ਹੈ। ਚੋਣ ਨਤੀਜੇ ਦਿਖਾਉਣਗੇ ਕਿ ਜਿਨ੍ਹਾਂ ਨਵੇਂ ਤੱਤਾਂ ਨੂੰ ਸੰਘ ਪਰਿਵਾਰ ਨੇ ਤਿਆਰ ਕੀਤਾ ਹੈ, ਉਹ ਰਾਜਨੀਤਕ ਨਜ਼ਰੀਏ ਨਾਲ ਕਿੰਨੇ ਕੰਮ ਦੇ ਹਨ?

# ਪ੍ਰਧਾਨ ਮੰਤਰੀ ਦੀ ਸੁਰੱਖਿਆ ਬਾਰੇ ਸੁਪਰੀਮ ਕੋਰਟ ਦੀ ਪਹਿਲਕਦਮੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਸੁਪਰੀਮ ਕੋਰਟ ਦੇ ਵਕੀਲਾਂ ਦੀ ਆਵਾਜ਼ (ਲਾਇਰਜ਼ ਵੋਆਇਸ) ਉੱਤੇ ਪਹਿਰਾ ਦਿੰਦਿਆਂ ਉੱਚਤਮ ਅਦਾਲਤ ਨੇ ਪਹਿਲਾਂ 7 ਜਨਵਰੀ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਨਾਲ ਸਬੰਧਤ ਸਾਰੇ ਦਸਤਾਵੇਜ਼ ਹੱਥ ਵਿਚ ਲੈ ਕੇ ਸੁਰੱਖਿਅਤ ਰੱਖਣ ਦੇ ਆਦੇਸ਼ ਦਿੱਤੇ ਤੇ ਫੇਰ 9 ਜਨਵਰੀ ਨੂੰ ਇਸ ਮਾਮਲੇ ਦੀ ਜਾਂਚ ਲਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਹੇਠ ਕਮੇਟੀ ਬਣਾ ਕੇ ਕਮਾਲ ਦੀ ਪਹਿਲਕਦਮੀ ਕੀਤੀ ਹੈ। ਚੇਤੇ ਰਹੇ ਕਿ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਆਈ ਉਕਾਈ ਤੋਂ ਚੌਕੰਨੇ ਹੋ ਕੇ ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਵੀ ਆਪੋ-ਆਪਣੀ ਪੱਧਰ 'ਤੇ ਜਾਂਚ ਕਮੇਟੀਆਂ ਦਾ ਐਲਾਨ ਕਰ ਚੁੱਕੀਆਂ ਸਨ। ਸੁਪਰੀਮ ਕੋਰਟ ਨੂੰ ਪਹਿਲਕਦਮੀ ਏਸ ਲਈ ਕਰਨੀ ਪਈ ਕਿ ਪ੍ਰਧਾਨ ਮੰਤਰੀ ਦੀ ਆਪਣੀ ਸਰਕਾਰ ਨੇ ਹਫੜਾ-ਤਫੜੀ ਵਿਚ ਪੰਜਾਬ ਸਰਕਾਰ ਨੂੰ ਕਟਹਿਰੇ ਵਿਚ ਖੜ੍ਹੀ ਕਰ ਕੇ ਇਹ ਸਾਬਤ ਕਰਨ ਦਾ ਮਨ ਬਣਾ ਲਿਆ ਜਾਪਦਾ ਸੀ ਕਿ ਸਾਰਾ ਦੋਸ਼ ਪੰਜਾਬ ਦੇ ਸਿਰ ਥੋਪਿਆ ਜਾਵੇ। ਨਿਸ਼ਚੇ ਹੀ ਕੇਂਦਰੀ ਤੇ ਰਾਜਕੀ ਜਾਂਚ ਏਜੰਸੀਆਂ ਉੱਤੇ ਵਿਸ਼ਵਾਸ ਘਟਣਾ ਚਿੰਤਾ ਦਾ ਵਿਸ਼ਾ ਹੈ। ਥੋੜ੍ਹਾ ਪਹਿਲਾਂ ਉੱਚਤਮ ਅਦਾਲਤ ਅਜਿਹੀ ਪਹਿਲਕਦਮੀ ਲਖੀਮਪੁਰ ਖੇੜੀ (ਯੂਪੀ) ਦੇ ਕੇਸ ਵਿਚ ਵੀ ਕਰ ਚੁੱਕੀ ਹੈ, ਜਿਸ ਦੇ ਨਤੀਜੇ ਜੱਗ-ਜ਼ਾਹਰ ਹਨ। ਨਵੀਂ ਪਹਿਲਕਦਮੀ ਦਾ ਸਵਾਗਤ ਕਰਨਾ ਬਣਦਾ ਹੈ।

**ਸਾਡੇ ਵਿਹੜੇ ਆਈ ਸਿਆਸਤ**

ਕੁੱਲ ਹਿੰਦ ਕਾਂਗਰਸ ਕਮੇਟੀ ਵਲੋਂ ਪੰਜਾਬ ਵਿਧਾਨ ਸਭਾ ਚੋਣ ਲਈ ਚੋਣ ਪ੍ਰਚਾਰ ਕਮੇਟੀ ਦਾ ਐਲਾਨ ਸਾਡੇ ਵਿਹੜੇ ਖੁਸ਼ਖਬਰੀ ਬਣ ਕੇ ਆਇਆ ਹੈ। ਇਸ ਕਮੇਟੀ ਵਿਚ ਮੇਰਾ ਭਾਣਜਾ ਅਮਰਪ੍ਰੀਤ ਸਿੰਘ ਲਾਲੀ ਹੀ ਨਹੀਂ ਮੇਰੀ ਪਤਨੀ ਦੀ ਭੈਣ ਦਾ ਜਵਾਈ ਸੰਦੀਪ ਸੰਧੂ ਵੀ ਸ਼ਾਮਲ ਹਨ। ਲਾਲੀ ਕਮੇਟੀ ਦੇ ਚੇਅਰਮੈਨ ਸੁਨੀਲ ਜਾਖੜ ਨਾਲ ਕੋ-ਚੇਅਰਮੈਨ ਹੈ ਤੇ ਸੰਦੀਪ 22 ਮੈਂਬਰੀ ਕਮੇਟੀ ਦਾ ਜਾਣਿਆ ਪਛਾਣਿਆ ਮੈਂਬਰ। ਉਹ ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨਾਲ ਆਫੀਸਰ ਆਨ



ਸਪੈਸ਼ਲ ਡੀਊਟੀ ਵੀ ਰਹਿ ਚੁੱਕਿਆ ਹੈ।

ਅਮਰਪ੍ਰੀਤ ਲਾਲੀ ਪਹਿਲਾ ਵਿਅਕਤੀ ਹੈ, ਜਿਹੜਾ ਸਾਡੇ ਵਿਹੜੇ ਰਾਜਨੀਤੀ ਲੈ ਕੇ ਆਇਆ ਹੈ। ਉਹ ਹੁਸ਼ਿਆਰਪੁਰ ਯੂਥ ਕਾਂਗਰਸ ਦਾ ਜ਼ਿਲ੍ਹਾ ਪ੍ਰਧਾਨ ਰਹਿ ਕੇ ਪੰਜਾਬ ਯੂਥ ਕਾਂਗਰਸ ਦਾ ਪ੍ਰਧਾਨ ਵੀ ਰਹਿ ਚੁੱਕਿਆ ਹੈ। ਅੱਜ-ਕੱਲ੍ਹ ਉਹ ਕੁਲ ਹਿੰਦ ਯੂਥ ਕਾਂਗਰਸ ਦੇ ਜਨਰਲ ਸਕੱਤਰਾਂ ਵਿਚੋਂ ਇਕ ਹੈ। ਏਥੇ ਉਸ ਨੇ ਹਿਮਾਚਲ ਪ੍ਰਦੇਸ਼ ਦੀਆਂ ਸਿਆਸੀ ਗਤੀਵਿਧੀਆਂ ਵੇਖਣੀਆਂ ਹਨ। ਇਸ ਅਰਸੇ ਵਿਚ ਹਿਮਾਚਲ ਵਿਚ ਵਿਧਾਨ ਸਭਾ ਦੇ ਸੰਸਦ ਦੀਆਂ ਚਾਰ ਸੀਟਾਂ ਉੱਤੇ ਉਪ ਚੋਣਾਂ ਹੋਈਆਂ, ਜਿਨ੍ਹਾਂ ਵਿਚੋਂ ਚਾਰੇ ਹੀ ਸੀਟਾਂ ਕਾਂਗਰਸ ਦੀ ਝੋਲੀ ਪਈਆਂ। ਲਾਲੀ ਵੀ ਮੇਰੇ ਵਾਂਗ ਖਾਲਸਾ ਕਾਲਜ ਮਾਹਿਲਪੁਰ ਦਾ ਪੜ੍ਹਿਆ ਹੋਇਆ ਹੈ।

ਅਮਰਪ੍ਰੀਤ ਤੇ ਸੰਦੀਪ ਆਪੋ-ਆਪਣੀ ਥਾਂ 'ਤੇ ਰਾਜਨੀਤੀ ਵਿਚ ਸਰਗਰਮ ਹਨ। ਸੰਦੀਪ ਲੁਧਿਆਣਾ ਦੀ ਦਾਖਾ ਸੀਟ ਤੋਂ ਚੋਣ ਲੜਨ ਦਾ ਚਾਹਵਾਨ ਹੈ ਤੇ ਅਮਰਪ੍ਰੀਤ ਹੁਸ਼ਿਆਰਪੁਰ ਦੀ ਗੜ੍ਹਸ਼ੰਕਰ ਸੀਟ ਤੋਂ। ਦਾਖਾ ਨਾਲ ਮੇਰਾ ਸਬੰਧ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਸੰਤ ਸਿੰਘ ਸੇਖੋਂ ਨਾਲ ਭਿਆਲੀ ਰਹਿਣ ਸਦਕਾ ਹੈ। ਹੁਣ ਇਸ ਨੂੰ ਪੰਜਾਬ ਦੀ ਮੰਤਰੀ ਰਜ਼ੀਆ ਸੁਲਤਾਨਾ ਦੇ ਓ.ਐਸ.ਡੀ. ਦਲਜੀਤ ਸਿੰਘ ਭੰਗੂ ਨੇ ਮੁੜ ਸੁਰਜੀਤ ਕਰ ਦਿੱਤਾ ਹੈ। ਦਲਜੀਤ ਨੇ ਪਿਛਲੇ ਦਿਨੀਂ ਆਪਣੇ ਨਾਨੇ ਵਰਿਆਮ ਸਿੰਘ ਸੇਖੋਂ ਦੀਆਂ ਪੁਸ਼ਤਾਂ ਤੇ ਪਤਵੰਤਿਆਂ ਬਾਰੇ ਲਿਖੀ ਪੁਸਤਕ ਦੇ ਉਦਘਾਟਨ ਸਮੇਂ ਮੈਨੂੰ ਮੁੱਲਾਂਪੁਰ ਦਾਖਾ ਨਾਲ ਲਿਜਾ ਕੇ ਸੰਤ ਸਿੰਘ ਸੇਖੋਂ ਦੀ ਕਾਰਜਭੂਮੀ ਦੇ ਮੁੜ ਦਰਸ਼ਨ ਕਰਵਾਏ ਹਨ। ਮੇਰੀ ਮਾਹਿਲਪੁਰ ਤੇ ਗੜ੍ਹਸ਼ੰਕਰ ਨਾਲ ਸਾਂਝ ਤਾਂ ਹਰ ਕੋਈ ਜਾਣਦਾ ਹੈ। ਵੇਖੋ ਕੀ ਬਣਦਾ ਹੈ। ਸਾਡੀਆਂ ਸ਼ੁਭ ਇੱਛਾਵਾ ਦਾ ਤਾਂ ਰੌਲਾ ਹੀ ਨਹੀਂ।

**ਮਨ ਕੀ ਬਾਤ ਦੇ ਔਝੜ ਪੈਂਡੇ**

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 'ਮਨ ਕੀ ਬਾਤ' ਦੇ ਕਿੱਸਿਆਂ ਤੋਂ ਸਾਰੇ ਦੇਸ਼ ਵਾਸੀ ਜਾਣੂ ਹਨ। ਇਸ ਤੋਂ ਵੀ ਕਿ ਇਹ ਕਿੱਸੇ ਉਸ ਨੂੰ ਪਿੱਛਲ ਪੈਰੀਂ ਤੁਰਨ ਲਈ ਵੀ ਮਜਬੂਰ ਕਰਦੇ ਰਹੇ ਹਨ। ਕਾਰਪੋਰੇਟਾਂ ਨੂੰ ਖ਼ੁਸ਼ ਕਰਨ ਲਈ ਰਚੇ ਖੇਤੀ ਨਾਲ ਸਬੰਧਤ ਕਾਲੇ ਕਾਨੂੰਨਾਂ ਨੂੰ ਵਾਪਸ ਲੈਣਾ ਤਾਂ ਕਿਸੇ ਨੂੰ ਵੀ ਭੁੱਲਿਆ ਨਹੀਂ। ਹੁਣ ਉਸ ਨੇ ਅਗਾਂਹਵਧੂ ਪੰਜਾਬੀਆਂ, ਜਿਨ੍ਹਾਂ ਵਿਚ ਸਿੱਖ ਪ੍ਰਮੁੱਖ ਹਨ, ਨੂੰ ਜਿੱਤਣ ਲਈ ਦੋ ਧਾਰਾ ਖੰਡਾ ਫੜ ਲਿਆ ਹੈ। ਜਿੱਥੇ ਇਕ ਪਾਸੇ ਉਨ੍ਹਾਂ ਨੂੰ ਖ਼ੁਸ਼ ਕਰਨ ਲਈ ਹਰ ਤਰ੍ਹਾਂ ਦੇ ਹਥਕੰਡੇ ਵਰਤਦਾ ਹੈ, ਦੂਜੇ ਪਾਸੇ ਉਨ੍ਹਾਂ ਨੂੰ ਬਦਨਾਮ ਕਰਨ 'ਚ ਵੀ ਕੋਈ ਕਸਰ ਨਹੀਂ ਛੱਡਦਾ। ਪਿਛਲੇ ਦਿਨੀਂ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਸਬੰਧਤ 'ਵੀਰ ਬਾਲ ਦਿਵਸ' ਦਾ ਐਲਾਨ ਕਰਨਾ ਅਤੇ ਭਾਰਤ-ਪਾਕਿ ਸੀਮਾ ਦੇ ਪੰਜਾਬ ਤੋਂ ਆਪਣੇ ਆਪ ਨੂੰ ਸੁਰੱਖਿਅਤ ਵਾਪਸ ਲਿਜਾਣ ਦਾ ਨਾਟਕ ਰਚਣਾ ਸਭ ਦੇ ਸਾਹਮਣੇ ਹਨ। ਘੁੱਗ ਵਸਦੇ ਪੰਜਾਬ ਵਿਚ ਅਜਿਹੀਆਂ ਵੰਡੀਆਂ ਪਾ ਸਕਦਾ ਹੈ, ਜਿਸ ਦੇ ਨਤੀਜੇ ਪੂਰੇ ਦੇਸ਼ ਲਈ ਭਿਅੰਕਰ ਹੋ ਸਕਦੇ ਹਨ। ਇਹੀ ਕਾਰਨ ਹੈ ਕਿ ਹੁਣ ਇਸ ਵਿਚ ਦੇਸ਼ ਦੀ ਸੁਪਰੀਮ ਕੋਰਟ ਨੂੰ ਦਖਲ ਦੇਣਾ ਪੈ ਗਿਆ ਹੈ।

ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਵਰਤੀ ਗਈ ਸ਼ਬਦਾਵਲੀ ਵਿਚ 'ਵੀਰ' ਸ਼ਬਦ ਦੀ ਜਨਸੰਘੀ ਧਾਰਨਾ ਤੋਂ ਸਿੱਖੀ ਸੋਚ ਨੂੰ ਲਾਂਭੇ ਲਿਜਾਣਾ ਸੰਭਵ ਨਹੀਂ। ਸਿੱਖੀ ਦੇ ਪ੍ਰਚਾਰਕਾਂ ਤੇ ਸਿੱਖ ਇਤਿਹਾਸਕਾਰਾਂ ਨੂੰ ਤਾਂ ਕੀ ਉਸ ਨੇ ਆਪਣੇ ਮੰਤਰੀ ਮੰਡਲ ਦੇ ਹਰਦੀਪ ਸਿੰਘ ਪੁਰੀ ਨੂੰ ਵੀ ਪੁੱਛਿਆ ਹੁੰਦਾ ਤਾਂ ਉਸ ਨੇ ਦੱਸ ਦੇਣਾ ਸੀ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਤਾਂ ਸਿੱਖ ਭਾਈਚਾਰਾ ਏਨੀ ਮਹਾਨਤਾ ਦਿੰਦਾ ਹੈ ਕਿ ਉਨ੍ਹਾਂ ਲਈ ਬਾਬਾ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਸਭ ਤੋਂ ਛੋਟੇ ਸਾਹਿਬਜ਼ਾਦੇ ਨੂੰ ਵੀ ਬਾਬਾ ਜ਼ੋਰਾਵਰ ਸਿੰਘ ਕਿਹਾ ਜਾਂਦਾ ਹੈ। ਮੋਦੀ ਦੇ ਮਨ ਵਿਚ ਵਸੇ ਵੀਰ ਸਾਵਰਕਰ ਦੀ ਧਾਰਨਾ ਉਸ ਨੂੰ ਵੀਰ ਸ਼ਬਦ ਵਲ ਖਿੱਚ ਕੇ ਲੈ ਗਈ। ਨਹੀਂ ਤਾਂ ਬਾਲ ਬਲੀਦਾਨ ਦਿਵਸ ਜਾਂ ਬਾਲ ਵੀਰਤਾ ਦਿਵਸ ਵਰਗੇ ਨਾਂ ਰੱਖੇ ਜਾ ਸਕਦੇ ਸਨ, ਜਿਹੜੇ ਹਰ ਕਿਸੇ ਨੂੰ ਪ੍ਰਵਾਨ ਹੋਣੇ ਸਨ।

ਸੀਮਾ ਉੱਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਦਿੱਤੇ ਸੰਦੇਸ਼ ਵਿਚ ਤਾਂ ਉਸ ਦਾ ਆਪਣੇ ਆਪ ਲਈ ਸੁਰੱਖਿਅਤ ਵਾਪਸੀ ਦਾ ਜੁਮਲਾ ਵਰਤਣਾ ਇਹ ਸੰਦੇਸ਼ ਦਿੰਦਾ ਹੈ ਕਿ ਪੰਜਾਬੀ ਤਾਂ ਉਸ ਦੀ ਹੱਤਿਆ ਲਈ ਕਮਰਕੱਸੀ ਫਿਰਦੇ ਸਨ। ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਹਨ ਕਿ ਪੰਜਾਬ ਨੂੰ ਤੁਰਨ ਤੋਂ ਪਹਿਲਾਂ ਜਿਹੜੇ ਕਰੋੜਾਂ ਰੁਪਏ ਦੇਣ ਦਾ ਰੌਲਾ ਪਾਇਆ ਗਿਆ ਸੀ, ਉਹ ਵੀ ਨਾਟਕ ਤੋਂ ਘੱਟ ਨਹੀਂ ਸੀ। ਪੰਜਾਬੀਆਂ ਨੂੰ ਬਦਨਾਮ ਕਰ ਕੇ ਵਾਪਸ ਪਰਤਣ ਪਿੱਛੇ ਕੇਂਦਰੀ ਖਜ਼ਾਨੇ ਦੀ ਇਸ ਮਾਇਆ ਨੂੰ ਸੁਰੱਖਿਅਤ ਰੱਖਣਾ ਵੀ ਇਕ ਚਾਲ ਸੀ, ਜਿਸ ਨੂੰ ਹੁਣ ਆਗਾਮੀ ਚੋਣਾਂ ਲਈ ਵਰਤਿਆ ਜਾ ਸਕਦਾ ਹੈ। ਦੇਖੋ ਸੁਪਰੀਮ ਕੋਰਟ ਕੀ ਕਹਿੰਦੀ ਹੈ।

**ਅੰਤਿਕਾ**

ਕਰਮਜੀਤ ਕੌਰ ਜਲਾਲ

ਮਨ ਦੀਆਂ ਬਾਤਾਂ ਬਹਾਨੇ ਤੂੰ ਕਰੇਂਗੀ ਮਨ ਦੀਆਂ
ਰਹਿਣ ਦੇ, ਨੀ ਕੁਰਸੀਏ, ਵੱਡੀਏ ਰਕਾਨੇ, ਜਾਹ ਪਰਾਂ।

# ਵਰਤੋਂ ਕੰਪਿਊਟਰ ਦੀ

## ਮਾਨੀਟਰ ਦੀ ਜਾਣ-ਪਛਾਣ-3

ਲੜੀ ਨੰਬਰ 4

ਕਿਰਪਾਲ ਸਿੰਘ ਪੰਨੂੰ
ਫੋਨ: 365-994-8850,

ਡਾ. ਰਾਜਵਿੰਦਰ ਸਿੰਘ
ਫੋਨ: 94633-27683

ਟੈਬ ਕਮਾਂਡ ਪੱਟੀ ਵਿੱਚ ਵਰਤੋਂਕਾਰ ਦੀ ਹੈਲਪ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਵਰਤੋਂਕਾਰ ਨੂੰ ਇਸ ਦੀ ਕਿਸੇ ਸਮੇਂ ਵੀ ਲੋੜ ਪੈ ਸਕਦੀ ਹੈ। ਇਸ ਦਾ ਕੋਈ ਕਮਾਂਡ ਸੈੱਟ ਨਹੀਂ ਹੈ। ਮੰਗ ਕਰਨ ਉੱਤੇ ਧੁਰ ਸੱਜੇ ਪਾਸੇ ਸਹਾਇਤਾ ਦਾ ਵਨਣਨ ਖੁੱਲ੍ਹ ਜਾਂਦਾ ਹੈ।

**ਟੈੱਲ ਮੀ ਵ੍ਹੱਟ...:** ਟੈਬ ਕਮਾਂਡਾਂ ਦੀ ਲਾਈਨ ਵਿਚ ਬਲਬ ਤੋਂ ਪਿੱਛੋਂ ਇੱਕ ਕਮਾਂਡ ਆਉਂਦੀ ਹੈ 'ਟੈੱਲ ਮੀ ਵ੍ਹੱਟ ਯੂ ਵਾਂਟ ਟੂ ਡੂ'। ਇਹ ਇੱਕ ਵਿਲੱਖਣ ਪਰ ਵਿਸ਼ੇਸ਼ ਪ੍ਰਬੰਧ ਹੈ। ਜੋ ਵੀ ਕਮਾਂਡ ਤੁਹਾਨੂੰ ਨਾ ਲੱਭੇ ਜਾਂ ਕੋਈ ਹੋਰ ਔਕੜ ਆ ਜਾਵੇ ਤਾਂ ਇਸ ਨੂੰ ਸਵਾਲ ਪਾ ਦੇਖੋ। ਇਹ





ਤੁਹਾਨੂੰ ਸਹੀ ਰਾਸਤੇ ਤੋਰ ਦੇਵੇਗਾ। ਜੇ ਤੁਹਾਡੀ ਇੱਛਾ ਦਾ ਉੱਤਰ ਨਾ ਮਿਲ਼ੇ ਫਿਰ ਆਪਣੇ ਸਵਾਲ ਨੂੰ ਕਿਸੇ ਹੋਰ ਢੁਕਵੇਂ ਤਰੀਕੇ ਨਾਲ਼ ਪੁੱਛੋ। ਇਹ ਤੁਹਾਡਾ ਸੱਚਾ ਤੇ ਸਹਾਈ ਮਿੱਤਰ ਹੈ। ਜਿਸ ਨੇ ਇਸ ਦੀ ਸਹਾਇਤਾ ਲੈਣੀ ਸਿੱਖ ਲਈ ਫਿਰ ਸਮਝੋ 'ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥' ਭਾਵ ਜੇ ਤੂੰ ਮੇਰੇ ਵੱਲ ਹੈਂ ਤਾਂ ਮੈਨੂੰ ਹੋਰ ਫਿਕਰ ਕੇਹਾ। ਵਾਲ਼ਾ ਸੱਚ ਸਾਹਮਣੇ ਆ ਜਾਏਗਾ।

ਟੈਬ ਕਮਾਂਡ ਪੱਟੀ ਵਿਚ ਜਮਘਟੇ ਤੋਂ ਬਚਣ ਲਈ ਕੇਵਲ ਲੋੜੀਂਦੀਆਂ ਘੱਟ ਤੋਂ ਘੱਟ ਟੈਬਾਂ ਹੀ ਪਾਈਆਂ ਗਈਆਂ ਹਨ। ਆਪਣੀ ਇੱਛਾ ਅਨੁਸਾਰ ਇਹ ਵੀ ਘੱਟ-ਵੱਧ ਕੀਤੀਆਂ ਜਾ ਸਕਦੀਆਂ ਹਨ। ਕਦੀ-ਕਦੀ ਲੋੜ ਪੈਣ ਵਾਲ਼ੀਆਂ, ਕੁੱਝ ਹੋਰ ਟੈਬਾਂ ਵੀ ਹਨ।






**ਕੰਟੈਕਸਚੂਅਲ ਟੈਬਜ਼:** ਇਨ੍ਹਾਂ ਨੂੰ ਕੰਟੈਕਸਚੂਅਲ (ਸਬੰਧਤ) ਟੈਬਜ਼ ਕਿਹਾ ਜਾਂਦਾ ਹੈ। ਸਬੰਧਤ ਕਾਰਜ ਕਰਨ ਵੇਲ਼ੇ ਹੀ ਇਹ ਟੈਬਾਂ ਉਜਾਗਰ ਹੁੰਦੀਆਂ ਹਨ। ਜਦੋਂ ਕਰਸਰ ਉਸ ਕਾਰਜ ਤੋਂ ਅਲੱਗ ਹੁੰਦਾ ਹੈ ਤਾਂ ਇਹ ਅਲੋਪ ਹੋ ਜਾਂਦੀਆਂ ਹਨ। ਜਦੋਂ ਹੀ ਕਰਸਰ ਮੁੜ ਇਨ੍ਹਾਂ ਕਾਰਜਾਂ ਵਿਚ ਪਰਵੇਸ਼ ਕਰਦਾ ਹੈ ਤਾਂ ਇਹ ਟੈਬਾਂ ਫਿਰ ਉਜਾਗਰ ਹੋ ਜਾਂਦੀਆਂ ਹਨ। ਇਹ ਹਨ: ਟੇਬਲ ਟੂਲਜ਼ ਵਿਚ ਟੇਬਲ ਡੀਜਾਈਨ ਤੇ ਲੇਅ-ਆਊਟ ਟੈਬਾਂ, ਡਰਾਇੰਗ ਟੂਲਜ਼ ਵਿਚ ਸ਼ੇਪ ਫਾਰਮੈਟ ਟੈਬ, ਪਿਕਚਰ ਟੂਲਜ਼ ਵਿਚ ਪਿਕਚਰ ਫਾਰਮਟ ਟੈਬ ਆਦਿ। ਕੰਟੈਕਸਚੂਅਲ ਟੈਬਜ਼ ਕਈ ਹਨ। ਇੱਥੇ ਕੇਵਲ ਟੇਬਲ ਟੂਲਜ਼ ਦੀਆਂ ਟੈਬਾਂ ਦਾ ਹੀ ਵਰਣਨ ਕੀਤਾ ਜਾਏਗਾ। ਇਹ ਦੋ ਹਨ; 1. ਟੇਬਲ ਡੀਜਾਈਨ, 2. ਲੇਅ-ਆਊਟ। ਇਨ੍ਹਾਂ ਵਿਚੋਂ ਵੀ ਬਹੁਤੀ ਲੋੜ ਲੇਅ-ਆਊਟ ਦੀ ਹੀ ਪੈਂਦੀ ਹੈ। ਇਸ ਹਾਲਤ ਵਿਚ ਰਿਬਨ ਅੰਦਰ ਦੋ ਲੇਅ-ਆਊਟ ਟੈਬਾਂ ਖੁੱਲ੍ਹ ਜਾਂਦੀਆਂ ਹਨ ਪਰ ਟੇਬਲ ਵਾਲ਼ੀ ਲੇਅ-ਆਊਟ ਟੈਬ ਦੀ ਬੈਕ ਗਰਾਊਂਡ ਥੋੜ੍ਹੀ ਕਾਲ਼ੇ ਰੰਗ ਵਿਚ ਸੱਜੇ ਪਾਸੇ ਹੋਵੇਗੀ। ਇਸ ਨੂੰ ਕਲਿੱਕ ਕਰਨ ਨਾਲ਼ ਟੇਬਲ ਟੂਲ ਦੇ ਬਹੁਤ ਸਾਰੇ ਕਮਾਂਡ ਸੈੱਟ ਖੁੱਲ੍ਹ ਜਾਂਦੇ ਹਨ, ਜਿਨ੍ਹਾਂ ਦੀ ਵਰਤੋਂ ਪਹਿਲਾਂ ਦੱਸੀ ਗਈ ਵਿਧੀ ਅਨੁਸਾਰ ਵਰਤੋਂਕਾਰ ਕਰ ਸਕਦਾ ਹੈ। ਇਨ੍ਹਾਂ ਦਾ ਵਿਸਥਾਰ ਬਹੁਤ ਲੰਮਾ ਹੋ ਜਾਏਗਾ। ਲੋੜੀਂਦੀ ਕਮਾਂਡ ਦੇ ਬਟਨ ਉੱਤੇ ਮਾਊਸ ਦਾ ਤੀਰ ਲੈ ਜਾਣ ਨਾਲ਼ ਉਸ ਦਾ ਨਾਂ, ਜੇ ਹੋਵੇ ਤਾਂ ਉਸ ਦੀ ਨਿਰਧਾਰਤ ਸ਼ਾਰਟਕੱਟ ਕੀਅ ਅਤੇ ਉਸ ਵੱਲੋਂ ਕੀਤੇ ਜਾਣ ਵਾਲ਼ੇ ਕੰਮ ਦਾ ਵਰਣਨ ਮਿਲ਼ ਜਾਏਗਾ। ਇਸ ਵਿੰਡੋ ਨੂੰ **ਸੁਪਰ ਟੂਲ ਟਿੱਪਸ** ਕਹਿੰਦੇ ਹਨ। ਜਿਵੇਂ ਟੇਬਲ ਵਿਚ ਕਰਸਰ ਲੈ ਜਾਣ ਨਾਲ਼ 'ਟੇਬਲ ਟੂਲਜ਼' ਦੇ ਸਿਰਲੇਖ ਥੱਲੇ ਲੇਅ-ਆਊਟ ਕਮਾਂਡ ਟੈਬ ਖੁੱਲ੍ਹ ਜਾਏਗੀ।

ਉਸ ਨੂੰ ਕਲਿੱਕ ਕਰਨ ਨਾਲ਼ ਉਸ ਦੇ ਸਾਰੇ ਕਮਾਂਡ ਸੈੱਟ ਉਜਾਗਰ ਹੋ ਜਾਣਗੇ। 'ਰੋਅਜ਼ ਐਂਡ ਕੌਲਮਜ਼' ਦੇ ਕਮਾਂਡ ਸੈੱਟ ਵਿਚ ਸੱਜੇ ਪਾਸੇ ਦੇ ਇਨਸਰਟ ਰਾਈਟ ਉੱਤੇ ਮਾਊਸ ਐਰੋ ਲੈ ਜਾਣ ਨਾਲ਼ ਅੱਗੇ ਦਿੱਤੀ ਮੂੰਹੋਂ ਬੋਲਦੀ ਤਸਵੀਰ ਸਾਹਮਣੇ ਆ ਜਾਏਗੀ। ਇਸ ਵਿਚ 'ਇਨਸਰਟ ਕਾਲਮਜ਼ ਟੂ ਦ ਰਾਈਟ ਕਮਾਂਡ ਦਾ ਨਾਂ ਹੈ ਅਤੇ ਹੇਠਾਂ ਉਸ ਦਾ ਵਿਸਥਾਰ ਹੈ।

**ਫਾਈਲ:** ਕੁੱਝ ਪ੍ਰੋਗਰਾਮਾਂ ਵਿਚ ਇਸ ਦਾ ਬਦਲ 'ਆਫਸ ਬਟਨ' ਦੇ ਨਾਂ ਵਿਚ ਵੀ ਮਿਲ਼ਦਾ ਹੈ। ਇਹ ਬਹੁਤ ਹੀ ਮਹੱਤਵਪੂਰਨ ਬਟਨ ਹੈ। ਇਸ ਅੰਦਰ ਕੰਪਿਊਟਰ ਦੇ ਕਰਨ ਵਾਲ਼ੇ ਅਣਗਿਣਤ ਜ਼ਰੂਰੀ ਕਾਰਜ ਹਨ। ਜਿਵੇਂ; ਓਪਨ, ਨਿਊ, ਸੇਵ, ਸੇਵ ਐਜ਼, ਪ੍ਰਿੰਟ, ਕਲੋਜ ਆਦਿ। ਇਸ ਦੀ ਮੋਰ ਜਾਂ ਆਪਸ਼ਨ ਕਮਾਂਡ ਤਾਂ ਇੱਛਾ ਪੂਰਨ (ਕਸਟੋਮਾਈਜ਼) ਦਾ ਹੈ ਹੀ ਖ਼ਜ਼ਾਨਾ। ਲੋੜ ਅਨੁਸਾਰ ਇਨ੍ਹਾਂ ਦਾ ਵਰਣਨ ਅੱਗੇ ਚੱਲ ਕੇ ਕੀਤਾ ਜਾਏਗਾ। ਇੱਥੇ ਰਿਬਨ ਦਾ ਵਿਸਥਾਰ ਖਤਮ ਹੁੰਦਾ ਹੈ।

**3. ਹੇਠਲਾ ਭਾਗ:** ਮਾਨੀਟਰ ਦੇ ਇਸ ਭਾਗ ਵਿਚ ਤਿੰਨ ਪੱਟੀਆਂ ਹਨ। 1. ਉੱਪਰਲੀ, ਲੇਟਵੀਂ ਸਕਰੌਲ ਬਾਰ। ਇਸ ਦੀ ਵਰਤੋਂ ਨਾਲ਼ ਅਸੀਂ ਮਾਨੀਟਰ ਉੱਤੇ ਆਪਣੇ ਪੇਪਰ ਨੂੰ ਸੱਜੇ ਖੱਬੇ ਕਰ ਸਕਦੇ ਹਾਂ।

2. ਵਿਚਕਾਰਲੀ ਸਟੇਟਸ ਬਾਰ। ਖੱਬੇ ਪਾਸੇ





ਜਾਣਕਾਰੀ ਰਾਹੀਂ ਦਰਸਾਇਆ ਜਾਂਦਾ ਹੈ ਕਿ ਸਾਡਾ ਕਰਸਰ ਕਿਸ ਸੈਕਸ਼ਨ, ਕਿੰਨਿਆਂ ਪੇਜਾਂ ਵਿੱਚੋਂ ਕਿਸ ਪੇਜ ਉੱਤੇ ਹੈ। ਅਸੀਂ ਕਿੰਨੇ ਸ਼ਬਦ ਟਾਈਪ ਕਰ ਲਏ ਹਨ ਅਤੇ ਕਿਹੜੀ ਭਾਸ਼ਾ ਵਿਚ ਅਸੀਂ ਟਾਈਪ ਕਰ ਰਹੇ ਹਾਂ।

ਇਸਦੇ ਸੱਜੇ ਪਾਸੇ ਜ਼ੂਮ ਕੰਟਰੋਲ ਬਟਨ ਹਨ, ਜਿਨ੍ਹਾਂ ਦੀ ਸਹਾਇਤਾ ਨਾਲ਼ ਅਸੀਂ ਆਪਣੀ ਰਚਨਾ ਦੀ ਦਿੱਖ ਨੂੰ ਲੋੜ ਅਨੁਸਾਰ ਵੱਡੀ ਜਾਂ ਛੋਟੀ ਕਰ ਸਕਦੇ ਹਾਂ। ਯਾਦ ਰਹੇ ਇਸ ਨਾਲ਼ ਕੇਵਲ ਦਿੱਖ ਹੀ ਵੱਡੀ-ਛੋਟੀ ਹੁੰਦੀ ਹੈ, ਫੌਂਟ ਸਾਈਜ਼ ਨਹੀਂ ਬਦਲਦਾ। ਜੇ ਇਸ ਨੂੰ ਪ੍ਰਿੰਟ ਕਰਾਂਗੇ ਤਾਂ ਉਹ ਫੌਂਟ ਸਾਈਜ਼ ਮੁਤਾਬਕ ਹੋਵੇਗਾ, ਦਿੱਖ ਅਨੁਸਾਰ ਨਹੀਂ।

3. ਹੇਠਲੀ, ਟਾਸਕ ਬਾਰ। ਇਸ ਵਿਚ ਜੋ ਕਾਰਜ ਅਸੀਂ ਕਰ ਰਹੇ ਹਾਂ ਉਸ ਦੇ ਬਟਨ ਹੁੰਦੇ





ਹਨ। ਆਪਣੇ ਸੌਖ ਲਈ ਆਮ ਹੀ ਵਰਤੋਂ ਵਾਲ਼ੇ ਟਾਸਕ ਬਟਨ ਵੀ ਅਸੀਂ ਇਸ ਵਿਚ ਰੱਖ ਲੈਂਦੇ ਹਾਂ। ਇਸ ਦੇ ਧੁਰ ਖੱਬੇ ਹੱਥ ਸਟਾਰਟ ਅਤੇ ਸਰਚ ਬਟਨ ਹਨ। ਧੁਰ ਸੱਜੇ ਸਮਾਂ, ਮਿਤੀ, ਬੈਟਰੀ ਸੰਕੇਤਕ, ਕੀਅ ਬੋਰਡ ਆਦਿ ਦੀ ਜਾਣਕਾਰੀ ਦਰਸਾਈ ਗਈ ਹੈ।

**4. ਸੱਜਾ ਭਾਗ:** ਇਸ ਵਿਚ ਖੜ੍ਹੀ ਸਕਰੌਲ ਹੈ। ਜਿਸ ਨਾਲ਼ ਅਸੀਂ ਪੇਪਰ ਨੂੰ ਉੱਪਰ ਥੱਲੇ ਕਰ ਸਕਦੇ ਹਾਂ।

**5. ਖੱਬਾ ਭਾਗ:** ਇਸ ਵਿਚ ਖੜ੍ਹਾ ਰੂਲਰ ਹੈ ਜੋ ਤਸਵੀਰ ਜਾਂ ਪੇਪਰ ਦੀ ਲੰਬਾਈ ਆਦਿ ਦੇਖਣ ਵਿਚ ਸਹਾਈ ਹੁੰਦਾ ਹੈ। ਇਹ ਉੱਪਰਲੇ ਭਾਗ ਵਿਚ ਰਿਬਨ ਦੇ ਹੇਠਾਂ ਵਾਲ਼ੇ ਰੂਲਰ ਨਾਲ਼ 'ਗੱਡੇ ਨਾਲ਼ ਕੱਟੇ ਵਾਂਗ' ਬੰਨ੍ਹਿਆ ਹੁੰਦਾ ਹੈ। ਉਸ ਦੇ ਨਾਲ਼ ਹੀ ਉਜਾਗਰ ਅਤੇ ਅਲੋਪ ਹੋ ਜਾਂਦਾ ਹੈ।

ਇਸ ਨਾਲ਼ ਪੰਜਾਂ ਭਾਗਾਂ ਦੀ ਜਾਣ-ਪਛਾਣ ਲਗਭਗ ਪੂਰੀ ਹੋ ਜਾਂਦੀ ਹੈ ਪਰ ਅਜੇ ਵੀ ਵਿਚਾਰਨ ਯੋਗ ਕੁੱਝ ਹੋਰ ਨੁਕਤੇ ਹਨ।

**ਕੀਅ ਟਿੱਪਸ:** ਸੁਨਹਿਰੀ ਰੂਲ ਇਹੋ ਹੈ ਕਿ ਜਿੱਥੇ ਸਰਦਾ ਹੀ ਨਾ ਹੋਵੇ, ਓਥੇ ਹੀ ਮਾਊਸ ਦੀ ਵਰਤੋਂ ਕੀਤੀ ਜਾਵੇ। ਨਹੀਂ ਤਾਂ ਕੀਅ ਬੋਰਡ ਨਾਲ਼ ਹੀ ਆਪਣਾ ਕੰਮ ਕੀਤਾ ਜਾਵੇ। ਟਾਈਪ ਕਰਦੇ-ਕਰਦੇ ਜਦੋਂ ਅਸੀਂ ਮਾਊਸ ਨੂੰ ਹੱਥ ਪਾਉਂਦੇ ਹਾਂ ਤਾਂ ਬੇਲੋੜੀ ਸਰੀਰਕ ਸ਼ਕਤੀ ਬਰਬਾਦ ਹੁੰਦੀ ਹੈ ਅਤੇ ਅਸੀਂ ਕੀਅ ਬੋਰਡ ਨਾਲ਼ੋਂ ਹੱਥ ਦੀ ਪਛਾਣ ਦਾ ਰਿਸ਼ਤਾ ਤੋੜ ਲੈਂਦੇ ਹਾਂ ਜੋ ਮੁੜ ਕੇ ਫਿਰ ਸਥਾਪਤ ਕਰਨਾ ਪੈਂਦਾ ਹੈ। ਆਮ ਇਹੋ ਹੀ ਲੱਗਦਾ ਹੈ ਕਿ ਰਿਬਨ ਵਿਚ ਅਸੀਂ ਮਾਊਸ ਤੋਂ ਬਿਨਾਂ ਕਮਾਂਡ ਨਹੀਂ ਦੇ ਸਕਦੇ। ਇਹ ਸਹੀ ਨਹੀਂ ਹੈ। ਇੱਕ ਬਾਰ ਆਲਟ ਕੀ ਦਬਾਓ। ਰਿਬਨ ਆਦਿ ਵਿਚ ਸੰਕੇਤਕ ਨੰਬਰ ਉਜਾਗਰ ਹੋ ਜਾਣਗੇ। ਕੀਅ ਬੋਰਡ ਤੋਂ ਲੋੜੀਂਦੀ ਟੈਬ ਜਾਂ ਕਮਾਂਡ ਦਾ ਅੱਖਰ ਜਾਂ ਅੰਕ ਦਬਾਓ ਉਹ ਸਤਰਕ ਹੋ ਜਾਏਗੀ ਅਤੇ ਉਸ ਨਾਲ਼ ਸਬੰਧਤ ਕਮਾਂਡ ਸੈਟਾਂ ਦੀਆਂ ਕੀਅ ਟਿੱਪਸ ਸਾਹਮਣੇ ਆ ਜਾਣਗੀਆਂ ਅਤੇ ਇੱਕ-ਇੱਕ ਕੀਅ-ਟਿੱਪ ਦਬਾਉਂਦੇ ਤੁਸੀਂ ਲੋੜੀਂਦੀ ਕਮਾਂਡ ਉੱਤੇ ਪਹੁੰਚ ਜਾਓਗੇ। ਲੋੜ ਪੈਣ ਉੱਤੇ ਚਾਰ





ਤੀਰਾਂ ਦੀ ਸਹਾਇਤਾ ਵੀ ਲਈ ਜਾ ਸਕਦੀ ਹੈ।

ਜਦੋਂ ਛੋਟੇ ਤੋਂ ਛੋਟਾ ਜਾਂ ਵੱਡਾ ਟੈਕਸਟ ਭਾਗ ਮਾਊਸ ਨਾਲ਼ ਸਿਲੈਕਟ ਕੀਤਾ ਜਾਂਦਾ ਹੈ ਤਾਂ ਉਸ ਦੇ ਨਾਲ਼ ਹੀ 'ਮਿਨੀ ਟੂਲਬਾਰ' ਉਜਾਗਰ ਹੋ ਜਾਂਦੀ ਹੈ। ਕਮਾਂਡ ਦੇਣ ਲਈ ਕਿਤੇ ਦੂਰ ਨਹੀਂ ਜਾਣਾ ਪੈਂਦਾ। ਜਿਸ ਵਿਚ ਉਸ ਟੈਕਸਟ ਨਾਲ਼ ਸਬੰਧਤ ਖਾਸ ਫਾਰਮੈੱਟ ਕਮਾਂਡਾ ਹੁੰਦੀਆਂ ਹਨ।

**ਲਾਈਵ ਪ੍ਰੀਵਿਊ:** ਜਦੋਂ ਅਸੀਂ ਕੋਈ ਅਜਿਹੀ ਕਮਾਂਡ ਦੇਣ ਦਾ ਯਤਨ ਕਰਦੇ ਹਾਂ ਜਿਸ ਵਿਚ ਲਾਈਵ ਪ੍ਰੀਵਿਊ ਸੰਭਵ ਹੁੰਦਾ ਹੈ ਤਾਂ ਟੈਕਸਟ ਉੱਤੇ ਉਸ ਕਮਾਂਡ ਦਾ ਪ੍ਰਭਾਵ ਆ ਜਾਂਦਾ ਹੈ, ਜਿਸ ਨੂੰ ਲਾਈਵ ਪ੍ਰੀਵਿਊ ਕਹਿੰਦੇ ਹਨ। ਇਸ ਨਾਲ਼ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ ਕਿ ਟੈਕਸਟ ਨਾਲ਼ ਕੀ ਵਾਪਰਨ ਵਾਲ਼ਾ ਹੈ।

ਇਸ ਜਾਣਕਾਰੀ ਨਾਲ਼ ਮਾਨੀਟਰ ਦੀ ਮੋਟੀ-ਮੋਟੀ ਜਾਣਕਾਰੀ ਪੂਰੀ ਹੁੰਦੀ ਹੈ। ਅੱਗੇ ਕੀਅ ਬੋਰਡ ਦੀ ਜਾਣਕਾਰੀ ਸਾਂਝੀ ਕੀਤੀ ਜਾਏਗੀ। (ਚੱਲਦਾ)

# ਤੰਦਰੁਸਤੀ ਦਾ ਭੇਤ ਮੋਟਾਪੇ ਤੋਂ ਮੁਕਤੀ

## ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਡਾ. ਨਵਦੀਪ ਸਿੰਘ ਦੀ ਪੁਸਤਕ 'ਮੋਟਾਪੇ ਤੋਂ ਮੁਕਤੀ' ਤੰਦਰੁਸਤੀ ਦਾ ਹੋਕਾ ਹੈ। ਇਸ ਦੇ ਟਾਈਟਲ 'ਤੇ ਛਪਿਆ ਹੈ: ਪਤਲਾ, ਮਜ਼ਬੂਤ ਅਤੇ ਤੰਦਰੁਸਤ ਸਰੀਰ ਪਾਉਣ ਦੇ ਵਿਗਿਆਨਕ ਤਰੀਕੇ। ਇਹ ਸਿਹਤ ਸਾਹਿਤ ਦੀ ਐਸੀ ਪੋਥੀ ਹੈ, ਜਿਸ ਦਾ ਪਾਠ ਨਿੱਤਨੇਮ ਨਾਲ ਕਰਨਾ ਚਾਹੀਦੈ ਤੇ ਉਸ 'ਤੇ ਅਮਲ ਕੀਤਾ ਜਾਣਾ ਚਾਹੀਦੈ। ਮੈਂ ਖੇਡਾਂ ਤੇ ਸਿਹਤ ਸੁਧਾਰ ਬਾਰੇ ਅੰਗਰੇਜ਼ੀ ਦੀਆਂ ਅਨੇਕਾਂ ਪੁਸਤਕਾਂ ਪੜ੍ਹੀਆਂ ਹਨ। ਇਹ ਪੁਸਤਕ ਪੜ੍ਹਨ ਪਿੱਛੋਂ ਦਾਅਵੇ ਨਾਲ ਕਹਿ ਸਕਦਾਂ ਕਿ ਸਰਲ ਪੰਜਾਬੀ ਵਿਚ ਲਿਖੀ ਇਹ ਪੁਸਤਕ, ਸਿਹਤ ਵਿਸ਼ੇ 'ਤੇ ਲਿਖੀਆਂ ਅੰਗਰੇਜ਼ੀ ਦੀਆਂ ਪੁਸਤਕਾਂ ਤੋਂ ਕਿਸੇ ਪੱਖੋਂ ਵੀ ਘੱਟ ਨਹੀਂ। ਇਸ ਨੂੰ ਘੱਟ ਪੜ੍ਹੇ ਲਿਖੇ ਪਾਠਕ ਵੀ ਸਮਝ ਸਕਦੇ ਹਨ। ਅਜਿਹੀਆਂ ਕਿਤਾਬਾਂ ਪੰਜਾਬੀ ਖੇਡ ਤੇ ਸਿਹਤ ਸਾਹਿਤ ਦਾ ਮਾਣ ਵਧਾਉਣ ਵਾਲੀਆਂ ਹਨ। ਨਿੱਤ ਨਵੀਆਂ ਬਿਮਾਰੀਆਂ ਸਹੇੜੀ ਜਾਂਦੀ ਅਜੋਕੀ ਜੀਵਨ ਸ਼ੈਲੀ ਲਈ ਅਜਿਹੀਆਂ ਪੁਸਤਕਾਂ ਦੀ ਪਹਿਲਾਂ ਨਾਲੋਂ ਕਿਤੇ ਵੱਧ ਲੋੜ ਹੈ।

ਨਵਦੀਪ ਨੇ ਮੈਡੀਕਲ ਸਾਇੰਸ ਦੀ ਮਾਸਟਰ ਡਿਗਰੀ ਕਰਨ ਪਿੱਛੋਂ ਸਿਹਤ ਸਾਇੰਸ ਦੇ ਮਾਹਿਰ ਟਾਮ ਵੈਨੂਟੋ, ਲਾਇਲ ਮੈਕਡੌਨਲਡ, ਡਾ. ਏਰਿਕ ਹੈਲਮਜ਼, ਗਰੇਗ ਓ ਗਲੈਂਡਰ, ਬਰੈੱਡ ਸ਼ੌਨਫੀਲਡ, ਐਲਨ ਆਰਗਨ ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਨਿਊਟ੍ਰੀਸ਼ਨ ਹੈਦਰਾਬਾਦ ਆਦਿ ਸੰਸਥਾਵਾਂ ਦੀਆਂ ਲਿਖਤਾਂ ਪੜ੍ਹਨ ਪਿੱਛੋਂ ਖੋਜ ਭਰਪੂਰ ਪੁਸਤਕ ਲਿਖ ਕੇ ਪੰਜਾਬੀ ਪਾਠਕਾਂ ਨੂੰ ਅਨਮੋਲ ਤੋਹਫ਼ਾ ਭੇਟ ਕੀਤਾ ਹੈ। ਜਿਵੇਂ ਕਿਹਾ ਜਾਂਦੈ, ਲਾਲਚ ਬੁਰੀ ਬਲਾਅ ਹੈ, ਉਵੇਂ ਮੋਟਾਪਾ ਉਸ ਤੋਂ ਵੀ ਵੱਧ ਬੁਰੀ ਬਲਾਅ ਹੈ! ਕੁਝ ਸਾਲ ਪਹਿਲਾਂ ਮੈਂ 'ਮੋਟਾਪੇ ਦੀ ਮਹਾਂਮਾਰੀ' ਲੇਖ ਲਿਖਿਆ ਸੀ:

ਇੱਕੀਵੀਂ ਸਦੀ 'ਚ ਮਨੁੱਖ ਨੂੰ ਸਭ ਤੋਂ ਵੱਡਾ ਖ਼ਤਰਾ ਕਿੱਥੋਂ ਹੈ? ਦਹਿਸ਼ਤਵਾਦ ਤੋਂ, ਏਡਜ਼ ਤੋਂ ਜਾਂ ਵਿਸ਼ਵ ਦੀ ਤੀਜੀ ਵੱਡੀ ਜੰਗ ਤੋਂ? ਉਹ ਕਿਹੜੀ ਵਬਾਅ ਹੋਵੇਗੀ, ਜੋ ਮਨੁੱਖਾਂ ਦੀ ਮਹਾਂਮਾਰੀ ਬਣੇਗੀ?

ਸਿਹਤ ਮਾਹਿਰਾਂ ਦਾ ਕਹਿਣਾ ਸੀ ਕਿ ਉਹ ਵਬਾਅ ਹੋਵੇਗੀ ਲੋੜੋਂ ਵੱਧ ਖਾਣਾ ਤੇ ਮੋਟਾਪਾ ਸਹੇੜਨਾ। ਅੰਕੜੇ ਮਿਲੇ ਸਨ ਕਿ 'ਕੱਲੇ ਅਮਰੀਕਾ ਵਿਚ ਮੋਟਾਪੇ ਕਾਰਨ ਹਰ ਸਾਲ ਚਾਰ ਲੱਖ ਮਨੁੱਖ ਮਰਨੇ ਸ਼ੁਰੂ ਹੋ ਗਏ ਹਨ। ਕੁਲ ਦੁਨੀਆਂ 'ਚ ਤਾਂ ਕਰੋੜ ਦੇ ਕਰੀਬ ਹੋ ਗਏ ਹੋਣਗੇ। 'ਮੈਂਨਜ਼ ਫਿਟਨੈੱਸ' ਮੈਗਜ਼ੀਨ ਦੀ ਵਿਸ਼ੇਸ਼ ਰਿਪੋਰਟ ਵਿਚ ਤੱਤ ਕੱਢਿਆ ਗਿਆ ਸੀ ਕਿ ਪਿਛਲੇ ਦਸਾਂ ਸਾਲਾਂ ਵਿਚ ਹੀ ਮੋਟੇ ਬੰਦਿਆਂ ਦੀ ਗਿਣਤੀ ਪਹਿਲਾਂ ਨਾਲੋਂ ਦੁੱਗਣੀ ਹੋ ਗਈ ਹੈ। ਅਮਰੀਕਾ 'ਚ ਇਸ ਸਮੇਂ ਬਾਰਾਂ ਕਰੋੜ ਸੱਤਰ ਲੱਖ ਲੋਕ ਮੋਟਾਪੇ ਦਾ ਸ਼ਿਕਾਰ ਹਨ!


20 ਤੋਂ 34 ਸਾਲ ਦੀ ਉਮਰ ਦੇ ਵਿਅਕਤੀ ਭਰ ਜੁਆਨੀ 'ਚ ਹੁੰਦੇ ਹਨ। ਕੰਮਾਂ-ਕਾਰਾਂ 'ਚ ਪੂਰੇ ਸਰਗਰਮ। ਮੋਟਾਪਾ ਇਨ੍ਹਾਂ ਦੇ ਨੇੜੇ ਨਹੀਂ ਢੁੱਕਣਾ ਚਾਹੀਦਾ। 1987-88 ਵਿਚ ਇਸ ਉਮਰੇ 14% ਅਮਰੀਕੀ ਜੁਆਨ ਡਾਕਟਰੀ ਨੁਕਤੇ ਤੋਂ ਮੁਟਾਪੇ ਦੀ ਬਿਮਾਰੀ ਨਾਲ ਗ੍ਰਸੇ ਗਏ ਸਨ। 2000 ਵਿਚ ਅਜਿਹੇ ਅਮਰੀਕਨਾਂ ਦੀ ਗਿਣਤੀ 24% ਹੋ ਗਈ ਤੇ ਇਹ ਲਗਾਤਾਰ ਵਧ ਰਹੀ ਹੈ। ਜਿੱਥੇ ਜੁਆਨ ਹੀ ਏਡੀ ਤਦਾਦ 'ਚ ਮੋਟਾਪੇ ਦੇ ਸ਼ਿਕਾਰ ਹੋ ਜਾਣ ਉਥੇ ਅੱਧਖੜਾਂ ਤੇ ਬੁੱਢਿਆਂ ਦਾ ਕੀ ਹਾਲ ਹੋਵੇਗਾ?

2017-18 ਤਕ ਕੁਲ ਦੁਨੀਆਂ ਦੀ ਆਬਾਦੀ ਦਾ ਲਗਰਗ ਪੰਜਵਾਂ ਹਿੱਸਾ ਮੋਟਾਪੇ ਦੇ ਜਾਲ ਵਿਚ ਫਸ ਗਿਆ ਹੈ। ਘੱਟੋ-ਘੱਟ ਸਵਾ ਅਰਬ ਲੋਕ! ਇਸ ਹਿਸਾਬ ਨਾਲ ਇੱਕੀਵੀਂ ਸਦੀ ਦੀ ਸਭ ਤੋਂ ਵੱਡੀ ਜੰਗ ਦਹਿਸ਼ਤਵਾਦ ਦੀ ਥਾਂ ਮੋਟਾਪੇ ਦੇ ਖ਼ਿਲਾਫ਼ ਲੜਨੀ ਲਾਜ਼ਮੀ ਹੋ ਗਈ ਹੈ। ਮੋਟਾਪੇ ਦੇ ਮੁੱਖ ਕਾਰਨ ਖ਼ੁਰਾਕ ਦੀ ਬਹੁਤਾਤ, ਗ਼ਲਤ ਖਾਣ ਪੀਣ ਤੇ ਸਰੀਰਕ ਮੁਸ਼ੱਕਤ ਦੀ ਘਾਟ ਹੈ। ਕਦੇ ਛੱਤੀ ਪ੍ਰਕਾਰ ਦੇ ਭੋਜਨ ਸੁਣ ਕੇ ਹੈਰਾਨ ਹੁੰਦੇ ਸਾਂ। ਹੁਣ 'ਕੱਲੇ ਅਮਰੀਕਾ 'ਚ ਹਰ ਸਾਲ 3000 ਤਰ੍ਹਾਂ ਦੇ ਨਵੇਂ ਲੇਬਲਾਂ ਵਾਲੇ ਭੋਜਨ ਮਾਰਕਿਟ ਵਿਚ ਆ ਰਹੇ ਹਨ। ਮੀਡੀਆ ਉਨ੍ਹਾਂ ਦੀ ਮਸ਼ਹੂਰੀ ਕਰ ਰਿਹੈ। ਟੀਵੀ ਤੇ ਹੋਰ ਸੰਚਾਰ ਸਾਧਨਾਂ ਤੋਂ ਨਵੇਂ ਖਾਣੇ-ਪੀਣੇ ਵਿਖਾ ਕੇ ਬੱਚਿਆਂ ਦੀਆਂ ਲਾਲ਼ਾਂ ਵਗਾਈਆਂ ਜਾ ਰਹੀਆਂ ਹਨ। ਖਾਣਿਆਂ ਦੀ ਏਡੀ ਵੱਡੀ ਮਾਰਕਿਟ ਹੈ ਕਿ ਰੋਜ਼ਾਨਾ ਅਰਬਾਂ-ਖਰਬਾਂ ਦਾ ਵਣਜ ਵਪਾਰ ਹੋ ਰਿਹੈ!

ਭੋਜਨ ਬਣਾਉਣ ਵਾਲੀਆਂ ਕੰਪਨੀਆਂ ਨੂੰ ਮੁਨਾਫ਼ੇ ਲਈ ਮਨੁੱਖ ਦੇ ਸੁਆਦ ਦਾ ਫਿਕਰ ਹੈ ਨਾ ਕਿ ਸਿਹਤ ਦਾ। ਸੁਆਦ ਬੜੀ ਲੁਭਾਉਣੀ ਸ਼ੈਅ ਹੈ। ਖਾਣ-ਪੀਣ ਦੇ ਸੁਆਦ ਦੀ ਮਨੁੱਖੀ ਕਮਜ਼ੋਰੀ ਦਾ ਫ਼ਾਇਦਾ ਉਠਾਉਂਦਿਆਂ ਖਾਣੇ ਤਿਆਰ ਕਰਨ ਵਾਲੀਆਂ ਕੰਪਨੀਆਂ ਉਹਦੀ ਬਲੈਕਮੇਲ ਕਰ ਰਹੀਆਂ ਹਨ। ਦੂਜੇ ਪਾਸੇ ਮਨੁੱਖ ਦੀਆਂ ਆਪ ਸਹੇੜੀਆਂ ਬਿਮਾਰੀਆਂ ਦਾ ਫ਼ਾਇਦਾ ਉਠਾਉਂਦਿਆਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਮਾਲਾਮਾਲ ਹੋ ਰਹੀਆਂ ਹਨ। ਇਹ ਸਮਝ ਲਓ ਕਿ ਮਨੁੱਖ ਦੇ ਪੇਟ ਵਿਚ ਬੇਲੋੜੀ ਖਾਧ ਸਮੱਗਰੀ ਪਾਉਣ ਵਾਲਿਆਂ ਦੀਆਂ ਵੀ ਪੰਜੇ ਉਂਗਲਾਂ ਘਿਓ 'ਚ ਹਨ ਤੇ ਪਿੱਛੋਂ ਦਵਾਈਆਂ ਦੇਣ ਵਾਲਿਆਂ ਦੇ ਵੀ ਦੋਹੀਂ ਹੱਥੀਂ ਲੱਡੂ ਹਨ! ਹੋਰ ਤਾਂ ਹੋਰ ਮੋਟਾਪਾ ਘਟਾਉਣ ਦੀਆਂ ਤਰਕੀਬਾਂ, ਕਸਰਤਾਂ, ਜਿਮ, ਨੁਸਖ਼ੇ, ਗੁਰ, ਸਰਜਰੀਆਂ, ਮੰਨਤਾਂ, ਮਨੌਤਾਂ, ਹਥੌਲ਼ੇ ਤੇ ਹੋਰ ਪਤਾ ਨਹੀਂ ਕੀ ਕੁਝ ਵਿਕ ਰਿਹੈ?

### ਮੋਟਾਪੇ ਤੋਂ ਮੁਕਤੀ

ਇਸ ਸਥਿਤੀ ਵਿਚ ਪੁਸਤਕ 'ਮੋਟਾਪੇ ਤੋਂ ਮੁਕਤੀ' ਪਾਠਕਾਂ ਲਈ ਅਕਸੀਰ ਸਾਬਤ ਹੋ ਸਕਦੀ ਹੈ। ਇਸ ਦੇ ਪਹਿਲੇ ਪੰਨੇ 'ਤੇ ਦਾਨਿਸ਼ਵਰ




ਸੁਕਰਾਤ ਦਾ ਕਥਨ ਹੈ: 'ਕਿਸੇ ਇਨਸਾਨ ਲਈ ਇਸ ਤੋਂ ਵੱਧ ਕੋਈ ਅਪਮਾਨਜਨਕ ਗੱਲ ਨਹੀਂ ਹੋ ਸਕਦੀ ਕਿ ਉਹ ਆਪਣੇ ਸਰੀਰ ਦੀ ਤਾਕਤ ਤੇ ਖ਼ੂਬਸੂਰਤੀ ਨੂੰ ਪਰਖੇ ਬਿਨਾਂ ਹੀ ਬੁੱਢਾ ਹੋ ਜਾਵੇ!' ਲੇਖਕ ਨੇ ਇਹ ਪੁਸਤਕ ਉਨ੍ਹਾਂ ਲੋਕਾਂ ਨੂੰ ਸਮਰਪਿਤ ਕੀਤੀ ਹੈ ਜੋ ਮੋਟਾਪੇ ਕਰਕੇ ਮਾਨਸਿਕ ਅਤੇ ਸਰੀਰਕ ਪ੍ਰੇਸ਼ਾਨੀਆਂ ਝੱਲ ਰਹੇ ਹਨ ਤੇ ਮੁੜ ਤੰਦਰੁਸਤ ਹੋਣ ਦੀ ਉਮੀਦ ਛੱਡ ਚੁੱਕੇ ਹਨ।

ਡਾ. ਸ਼ਿਆਮ ਸੁੰਦਰ ਦੀਪਤੀ ਨੇ ਇਸ ਦੇ ਮੁਖਬੰਦ ਵਿਚ ਲਿਖਿਆ ਹੈ: ਡਾ. ਨਵਦੀਪ ਵੱਲੋਂ ਲਿਖੀ ਇਹ ਪੁਸਤਕ 'ਮੋਟਾਪੇ ਤੋਂ ਮੁਕਤੀ' ਉਸ ਦੀ ਪਹਿਲੀ ਕੋਸ਼ਿਸ਼ ਹੈ। ਖ਼ੁਸ਼ੀ ਦੀ ਗੱਲ ਇਹ ਹੈ ਕਿ ਉਸ ਨੇ ਐਮ.ਬੀ.ਬੀ.ਐੱਸ. ਤੇ ਐਮਡੀ ਦੀ ਪੜ੍ਹਾਈ ਕਰਨ ਮਗਰੋਂ, ਸਿਹਤ ਦੇ ਖੇਤਰ ਵਿਚ ਪਾਏ ਜਾਂਦੇ ਭਰਮ-ਭੁਲੇਖੇ ਅਤੇ ਅੰਧ ਵਿਸ਼ਵਾਸਾਂ 'ਤੇ ਆਪਣੀ ਖੋਜ ਕਰਨ ਬਾਅਦ, ਅੰਗਰੇਜ਼ੀ ਭਾਸ਼ਾ ਵਿਚ ਸਾਰਾ ਅਧਿਐਨ ਕਰਨ ਮਗਰੋਂ, ਆਪਣੀ ਗੱਲ ਪੰਜਾਬੀ ਵਿਚ ਲਿਖਣ ਦਾ ਮਨ ਬਣਾਇਆ। ਇਸ ਪਿੱਛੇ ਉਸ ਦੀ ਇਹ ਭਾਵਨਾ ਸੀ ਕਿ ਉਹਦੀ ਲਿਖੀ ਹੋਈ ਪੁਸਤਕ ਆਪਣੀ ਮਾਂ-ਬੋਲੀ ਸਮਝਣ ਵਾਲੇ ਪਾਠਕ ਜ਼ਰੂਰ ਪੜ੍ਹ ਸਕਣ।

ਡਾ. ਨਵਦੀਪ ਦਾ ਜਨਮ ਜ਼ਿਲ੍ਹਾ ਬਠਿੰਡਾ ਦੇ ਪਿੰਡ ਖੇਮੂਆਣੇ ਵਿਚ ਸ. ਗੁਰਚਰਨ ਸਿੰਘ ਤੇ ਮਾਤਾ ਹਰਦੇਵ ਕੌਰ ਦੇ ਘਰ 1987 ਵਿਚ ਹੋਇਆ ਸੀ। ਉਸੇ ਸਾਲ ਉਸ ਦੇ ਪਿਤਾ 'ਤਰਕਸ਼ੀਲ ਸੁਸਾਇਟੀ ਪੰਜਾਬ' ਦੇ ਪ੍ਰਧਾਨ ਚੁਣੇ ਗਏ। ਉਨ੍ਹਾਂ ਨੇ ਆਪਣੀ ਰਿਹਾਇਸ਼ ਬਠਿੰਡੇ ਕਰ ਲਈ, ਜਿੱਥੇ ਨਵਦੀਪ ਨੇ ਸਕੂਲੀ ਪੜ੍ਹਾਈ ਕੀਤੀ। ਉਸ ਨੂੰ ਘਰ ਵਿਚ ਨੈਤਿਕ ਤੇ ਵਿਗਿਆਨਕ ਸਿੱਖਿਆ ਮਿਲਦੀ ਰਹੀ। ਤਰਕਸ਼ੀਲ ਪਿਤਾ ਨੇ ਮਨਘੜਤ ਵਹਿਮਾਂ-ਭਰਮਾਂ, ਭੂਤਾਂ-ਪ੍ਰੇਤਾਂ, ਰਾਸ਼ੀ ਫਲਾਂ ਤੇ ਅੰਧ ਵਿਸ਼ਵਾਸਾਂ ਦੇ ਪਾਏ ਭੁਲੇਖੇ ਬਚਪਨ ਵਿਚ ਹੀ ਉਸ ਦੇ ਮਨੋਂ ਕੱਢ ਦਿੱਤੇ। ਟੀਵੀ 'ਤੇ ਰੁਮਾਂਚਿਕ ਫਿਲਮਾਂ ਜਾਂ ਨੂੰਹ-ਸੱਸ ਦੇ ਸੀਰੀਅਲ ਵੇਖਣ ਦੀ ਥਾਂ 'ਡਿਸਕਵਰੀ' ਚੈਨਲ ਵੇਖਣ ਲਾ ਦਿੱਤਾ। ਇਸ ਨਾਲ ਨਵਦੀਪ ਨੂੰ ਛੇਵੀਂ 'ਚ ਪੜ੍ਹਦਿਆਂ ਹੀ ਡੀਐਨਏ ਦੀ ਬਣਤਰ ਦਾ ਗਿਆਨ ਹੋ ਗਿਆ, ਜਿਸ ਤੋਂ ਉਹਦਾ ਸਾਇੰਸ ਮਾਸਟਰ ਵੀ ਹੈਰਾਨ ਰਹਿ ਗਿਆ!

2006 'ਚ ਉਹ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ, ਐਮ.ਬੀ.ਬੀ.ਐਸ. ਕਰਨ ਲੱਗਾ। ਪਹਿਲਾ ਸਾਲ ਅੰਗ-ਵਿਗਿਆਨ ਦੇ ਪ੍ਰੈਕਟੀਕਲਾਂ ਦੌਰਾਨ ਕੁਦਰਤ ਦੀ ਵਿਲੱਖਣ ਰਚਨਾ ਤੇ ਇਨਸਾਨੀ ਸਰੀਰ ਦੀ ਬਣਤਰ ਨੂੰ ਸਮਝਦਿਆਂ ਬੀਤ ਗਿਆ। ਦੂਜੇ ਸਾਲ ਹੋਰ ਪਤਾ ਲੱਗਾ। ਤੀਸਰੇ ਸਾਲ ਜਦੋਂ ਕਲੀਨੀਕਲ ਡਿਊਟੀ ਦੌਰਾਨ ਹਸਪਤਾਲਾਂ ਵਿਚ ਜਾ ਕੇ ਮਰੀਜ਼ ਵੇਖਣ ਲੱਗਾ ਤਾਂ ਮਰੀਜ਼ਾਂ ਦੀ ਜੀਵਨ ਹਿਸਟਰੀ ਲੈਣਾ, ਫਿਰ ਨਿਰੀਖਣ ਕਰ ਕੇ ਲੱਛਣਾਂ ਤੋਂ ਬਿਮਾਰੀ ਦੀ ਪਛਾਣ ਕਰਨਾ ਇੰਜ ਲੱਗਾ ਜਿਵੇਂ ਜਾਸੂਸ ਬਣ ਕੇ ਉਸ ਚੋਰ ਦਾ ਸੁਰਾਗ ਲੱਭ ਰਿਹਾ ਹੋਵੇ, ਜੋ ਮਰੀਜ਼ ਦੀ ਸਿਹਤ ਚੋਰੀ ਕਰ ਕੇ ਲੈ ਗਿਆ ਹੋਵੇ। ਚੌਥੇ ਸਾਲ ਮਰੀਜ਼ ਵੇਖਣ ਦਾ ਖ਼ੁਮਾਰ ਹੋਰ ਵਧ ਗਿਆ। ਫਿਰ ਆਇਆ ਪੰਜਵਾਂ ਸਾਲ ਭਾਵ ਇੰਟਰਨਰਸ਼ਿਪ, ਜਿਸ ਵਿਚ ਕਿਤਾਬੀ ਪੜ੍ਹਾਈ ਲਗਭਗ ਮਨਫੀ ਹੋ ਜਾਂਦੀ ਹੈ ਤੇ ਪੂਰਾ ਸਾਲ ਵਿਦਿਆਰਥੀ ਹਸਪਤਾਲ ਵਿਚ ਡਿਊਟੀ ਦਿੰਦੇ ਹਨ।

2011 ਵਿਚ ਐਮ.ਬੀ.ਬੀ.ਐਸ. ਪਾਸ ਕਰਨ ਨਾਲ ਉਹਦੇ ਨਾਂ ਅੱਗੇ ਡਾਕਟਰ ਲੱਗ ਗਿਆ ਅਤੇ ਪੜ੍ਹਾਈ, ਦੋਸਤੀ, ਮੌਜ-ਮਸਤੀ, ਯਰਾਨੇ, ਤਕਰੀਰਾਂ-ਤਕਰਾਰਾਂ ਤੇ ਡਿਊਟੀ ਦੀਆਂ ਖੱਟੀਆਂ-ਮਿੱਠੀਆਂ ਯਾਦਾਂ ਨਾਲ ਡਾਕਟਰੀ ਦੀ ਇਕ ਮੰਜ਼ਿਲ ਸਰ ਹੋ ਗਈ। ਉਹਦੇ ਦੱਸਣ ਮੂਜਬ: ਮੈਂ ਅਕਸਰ ਵਿਆਹਾਂ 'ਤੇ ਡੋਲੀ ਤੁਰਨ ਵੇਲੇ ਲਾੜੀਆਂ ਨੂੰ ਮਾਪਿਆਂ ਦੇ ਗਲ਼ ਲੱਗ ਕੇ ਰੋਂਦੇ ਦੇਖਿਆ ਸੀ, ਸੱਚ ਜਾਣੋ ਹੋਸਟਲ ਛੱਡਣ ਦਾ ਵਿਛੋੜਾ ਵੀ ਅਜਿਹਾ ਹੀ ਸੀ। ਦਿਲ ਕਰਦਾ ਸੀ, ਉਸ 'ਕੱਲੀ' ਕੱਲੀ ਥਾਂ ਨੂੰ ਜੱਫੀ ਪਾ ਕੇ ਰੋਵਾਂ ਜਿੱਥੇ ਅਸੀਂ ਦੋਸਤਾਂ ਸੰਗ ਖੜ੍ਹੇ-ਬੈਠੇ ਸਾਂ ਪਰ ਸਮਾਂ ਕਦੇ ਕਿਸੇ ਲਈ ਨਹੀਂ ਰੁਕਦਾ ਤੇ ਮੈਂ ਮੁੜ ਕੇ ਬਠਿੰਡੇ ਆ ਗਿਆ। ਕੁਝ ਮਹੀਨੇ ਪ੍ਰਾਈਵੇਟ ਹਸਪਤਾਲਾਂ ਵਿਚ ਕੰਮ ਕੀਤਾ ਪਰ ਲੱਗਦਾ ਸੀ ਜਿਵੇਂ ਕਾਲਜ ਮੇਰੇ ਤੋਂ ਬਿਨਾਂ ਸੁੰਨਾ ਲੱਗ ਰਿਹਾ ਹੋਣਾ। ਮੈਂ ਇਕ ਸਾਲ ਘਰ ਰਹਿ ਕੇ ਪੋਸਟ ਗ੍ਰੈਜੂਏਸ਼ਨ ਦ ਪੇਪਰ ਲਈ ਤਿਆਰੀ ਕੀਤੀ ਤੇ ਫਿਰ ਉਸੇ ਕਾਲਜ ਜਾ ਵੱਜਾ।

ਪੋਸਟ ਗ੍ਰੈਜੂਐਸ਼ਨ ਲਈ ਮੈਨੂੰ ਇਕ ਅਜਿਹੇ ਵਿਸ਼ੇ ਦੀ ਚੋਣ ਕਰਨ ਦਾ ਮੌਕਾ ਮਿਲਿਆ, ਜੋ ਆਮ ਲੋਕਾਂ ਵਿਚ ਡਾਕਟਰੀ ਕੰਮ ਦੀ ਪ੍ਰਚੱਲਿਤ ਪਰਿਭਾਸ਼ਾ ਤੋਂ ਉਲਟ ਸੀ। ਇਸ ਦਾ ਨਾਮ ਸੀ ਰੋਗ ਰੋਕੂ ਉਪਾਅ, ਭਾਵ ਮੈਡੀਕਲ ਖੇਤਰ ਦੀ ਉਹ ਪੜ੍ਹਾਈ ਜੋ ਬਿਮਾਰੀਆਂ ਦੀ ਰੋਕਥਾਮ ਕਰਨ ਨਾਲ ਸਬੰਧਤ ਸੀ। ਇਸ ਵਿਚ 'ਕੱਲੇ-'ਕੱਲੇ ਮਰੀਜ਼ ਨੂੰ ਠੀਕ ਕਰਨ ਦੀ ਥਾਂ ਪਰਿਵਾਰਕ ਅਤੇ ਸਮੂਹਿਕ ਪੱਧਰ 'ਤੇ ਲੋਕਾਈ ਨੂੰ ਬਿਮਾਰੀਆਂ ਤੋਂ ਬਚਾਉਣ ਸਬੰਧੀ ਪੜ੍ਹਾਈ ਕਰਵਾਈ ਜਾਂਦੀ ਹੈ। ਇਹੋ ਵਿਸ਼ਾ ਐਮਬੀਬੀਐਸ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਵੀ ਮੇਰੀ ਜ਼ਿੰਮੇਵਾਰੀ ਸੀ।

ਪੀਜੀ ਦੌਰਾਨ ਮੈਨੂੰ ਡਾ. ਸ਼ਿਆਮ ਸੁੰਦਰ ਦੀਪਤੀ ਵਰਗੇ ਅਧਿਆਪਕ ਮਿਲੇ ਜਿਨ੍ਹਾਂ ਦੀ ਸੋਚ, ਸਮਝ, ਵਿਵੇਕਸ਼ੀਲ ਵਿਚਾਰ ਅਤੇ ਸਾਂਝੇ ਕੀਤੇ ਤਜਰਬਿਆਂ ਨੇ ਕਿਤਾਬੀ ਗਿਆਨ ਨੂੰ ਬਹੁਤ ਪਿੱਛੇ ਛੱਡ ਦਿੱਤਾ। ਉਹ ਮੇਰੇ ਥੀਸਿਸ 'ਸਿਹਤ ਅਤੇ ਬਿਮਾਰੀਆਂ ਨਾਲ ਜੁੜੇ ਵਹਿਮ-ਭਰਮ' ਦੇ ਮੁੱਖ ਗਾਈਡ ਸਨ। ਮੈਂ ਕਹਿ ਸਕਦਾਂ ਕਿ ਇਸ ਥੀਸਿਸ ਕਰਕੇ ਹੀ ਮੈਂ ਮੈਡੀਕਲ ਵਿਗਿਆਨ ਨੂੰ ਤਰਕਸ਼ੀਲਤਾ ਨਾਲ ਜੋੜ ਕੇ ਦੇਖ ਸਕਿਆ ਅਤੇ ਆਮ ਜ਼ਿੰਦਗੀ ਵਿਚ ਵੀ ਮੈਨੂੰ ਹਰ ਗੱਲ ਦਾ ਵਿਗਿਆਨਕ ਦ੍ਰਿਸ਼ਟੀਕੋਣ ਬਿਹਤਰ ਤਰੀਕੇ ਨਾਲ ਸਮਝ ਆਉਣ ਲੱਗਿਆ। ਸਮਾਜ ਵਿਚ ਪ੍ਰਚੱਲਿਤ ਹਰ ਧਾਰਨਾ ਨੂੰ ਮੇਰਾ ਮਨ ਸਵਾਲ ਕਰਨ ਲੱਗਾ ਅਤੇ ਸਿਹਤ ਨਾਲ ਜੁੜੇ ਵਹਿਮਾਂ-ਭਰਮਾਂ ਨੂੰ ਚੁਣੌਤੀ ਦੇਣ ਲਈ ਮੇਰੇ ਕੋਲ ਦਲੀਲਾਂ ਦਾ ਭੰਡਾਰ ਇਕੱਠਾ ਹੋ ਗਿਆ।

2016 ਵਿਚ ਮੈਂ ਪੀਜੀ ਪਾਸ ਕਰ ਲਈ। ਫਿਰ ਉਸੇ ਕਾਲਜ, ਉਸੇ ਵਿਭਾਗ ਵਿਚ ਪੜ੍ਹਾਉਣ ਦਾ ਤਜਰਬਾ ਹਾਸਲ ਕਰਨ ਲਈ ਲੈਕਚਰਰ ਵਜੋਂ 3 ਸਾਲਾਂ ਲਈ ਨਿਯੁਕਤ ਹੋ ਗਿਆ। ਸੋਚਿਆ ਕਿ ਹੁਣ ਪੇਪਰਾਂ ਦੀ ਚਿੰਤਾ ਤੋਂ ਮੁਕਤ ਹੋ ਕੇ ਵਿਦਿਆਰਥੀਆਂ ਨੂੰ ਖੁੱਭ ਕੇ ਪੜ੍ਹਾਵਾਂਗਾ ਪਰ ਮੇਰੀ ਨਿੱਜੀ ਜ਼ਿੰਦਗੀ ਵਿਚ ਕੁਝ ਅਜਿਹੇ ਮੋੜ ਆਏ ਜਿਨ੍ਹਾਂ ਨੇ ਮੇਰੀ ਸਿਹਤ 'ਤੇ ਬੁਰਾ ਅਸਰ ਪਾਇਆ। ਪੂਰਾ ਫਿੱਟ ਤਾਂ ਮੈਂ ਪਹਿਲਾਂ ਵੀ ਨਹੀਂ ਸਾਂ ਪਰ ਹੁਣ ਮੇਰੀਆਂ ਖਾਣ-ਪੀਣ ਦੀਆਂ ਖਰਾਬ ਆਦਤਾਂ ਨੇ ਸਰੀਰਕ ਵਜ਼ਨ ਦੇ ਨਾਲ ਮੇਰਾ ਕੋਲੈਸਟ੍ਰੋਲ ਵਧਾ ਕੇ ਖ਼ਤਰੇ ਦੀ ਘੰਟੀ ਵਜਾ ਦਿੱਤੀ। 'ਮਰਦੀ ਨੇ ਅੱਕ ਚੱਬਿਆ' ਅਖਾਣ ਵਾਂਗ ਬਿਮਾਰੀਆਂ ਦੇ ਘਰ ਵੱਲ ਭੱਜੇ ਜਾਂਦੇ ਸਾਨ੍ਹ ਨੂੰ ਸਿੰਗਾਂ ਤੋਂ ਫੜ ਕੇ ਰੋਕਣਾ ਮੇਰੇ ਲਈ ਲਾਜ਼ਮੀ ਹੋਗਿਆ।

ਸਿਹਤ ਸਾਵੀਂ ਕਰਨ ਲਈ ਮੈਂ ਸਵੇਰੇ-ਸ਼ਾਮ ਸੜਕ 'ਤੇ ਦੌੜ ਲਾਉਣੀ ਸ਼ੁਰੂ ਕੀਤੀ, ਜਿਸ ਨਾਲ ਕੁਝ ਕੁ ਭਾਰ ਤਾਂ ਘਟਿਆ ਪਰ ਉਹ ਗੱਲ ਨਹੀਂ ਸੀ ਬਣ ਰਹੀ ਜੋ ਮੈਂ ਸੋਚਦਾ ਸੀ। ਫਿਰ ਜਿੰਮ ਜਾਣ ਲੱਗ ਪਿਆ। ਉਥੇ ਮੈਂ ਜਾਣਿਆ ਕਿ ਜਿੰਨੇ ਕੋਚ ਹਨ, ਓਨੇ ਤਰ੍ਹਾਂ ਦੀਆਂ ਸਲਾਹਾਂ ਹਨ ਅਤੇ ਆਪਸ ਵਿਚ ਕਿਸੇ ਦੀ ਸਲਾਹ ਮੇਲ ਨਹੀਂ ਖਾਂਦੀ। ਮੈਂ ਮਹਿਸੂਸ ਕੀਤਾ ਕਿ ਅਜਿਹੀ ਪੜ੍ਹਾਈ ਦਾ ਕੀ ਫਾਇਦਾ ਜੋ ਆਪਣੀ ਹੀ ਸਿਹਤ ਨੂੰ ਠੀਕ ਰੱਖਣ ਦੇ ਕੰਮ ਨਾ ਆਵੇ। ਇੰਟਰਨੈਟ ਤੋਂ ਖੋਜਬੀਨ ਕਰਨ 'ਤੇ ਮੈਨੂੰ ਅੰਗਰੇਜ਼ੀ ਭਾਸ਼ਾ ਦੀ ਕਿਤਾਬ 'ਬਰਨ ਦਿ ਫੈਟ, ਫੀਡ ਦੀ ਮੱਸਲ' ਦਾ ਪਤਾ ਲੱਗਾ, ਜੋ ਭਾਰ ਘਟਾਉਣ ਦੀ ਬਾਈਬਲ ਮੰਨੀ ਜਾਂਦੀ ਸੀ। ਇਹ ਕਿਤਾਬ ਮੈਂ ਝੱਟ ਮੰਗਵਾ ਲਈ ਤੇ ਮੁੱਖ ਬੰਦ ਪੜ੍ਹਨ ਸਾਰ ਹੀ ਸਮਝ ਗਿਆ ਕਿ ਇਹ ਕਿਤਾਬ ਮੇਰੀ ਜ਼ਿੰਦਗੀ ਬਦਲੇਗੀ। 450 ਪੰਨਿਆਂ ਦੀ ਕਿਤਾਬ ਮੈਂ ਤਿੰਨ ਦਿਨਾਂ 'ਚ ਪੜ੍ਹ ਲਈ ਤੇ ਮੈਨੂੰ ਲੱਗਾ ਜਿਵੇਂ ਅੰਨ੍ਹੇ ਨੂੰ ਅੱਖਾਂ ਮਿਲ ਗਈਆਂ ਹੋਣ।

ਲੇਖਕ 'ਟਾਮਵੈਨੂਟੋ' ਨੇ ਵਿਗਿਆਨਕ ਢੰਗ ਨਾਲ ਮੋਟਾਪੇ, ਖ਼ੁਰਾਕ ਅਤੇ ਕਸਰਤ ਬਾਰੇ ਅਨੇਕਾਂ ਪ੍ਰਚੱਲਿਤ ਮਿੱਥਾਂ ਪਲਾਂ 'ਚ ਢੇਰੀ ਕਰ ਦਿੱਤੀਆਂ। ਮੈਂ ਕਿਤਾਬ ਵਿਚ ਲਿਖੀ ਲਗਪਗ ਹਰ ਗੱਲ ਨੂੰ ਆਪਣੀ ਰਸੋਈ ਅਤੇ ਜਿੰਮ ਵਿਚ ਲਾਗੂ ਕੀਤਾ, ਜਿਸ ਨਾਲ ਕਮਾਲ ਦੇ ਨਤੀਜੇ ਨਿਕਲੇ। ਕੁੱਝ ਮਹੀਨਿਆਂ ਵਿਚ ਹੀ ਮੈਂ ਕਈ ਕਿਲੋ ਭਾਰ ਘਟਾ ਲਿਆ ਅਤੇ ਸਰੀਰ ਦੀ ਸੁਡੌਲਤਾ ਕਾਫੀ ਬਿਹਤਰ ਹੋ ਗਈ ਪਰ ਜਿਹੜੇ ਤਾਰਿਆਂ ਤਕ ਜਾਣ ਦਾ ਸ਼ੌਕ ਰੱਖਦੇ ਨੇ, ਉਹ ਕੇਵਲ ਚੁਬਾਰੇ 'ਤੇ ਚੜ੍ਹ ਕੇ ਹੀ ਖ਼ੁਸ਼ ਨਹੀਂ ਹੁੰਦੇ। ਮੈਂ ਆਪਣੇ ਸਰੀਰ ਨੂੰ ਸਮੁੰਦਰੀ ਤਟ 'ਤੇ ਨੰਗੇ ਪਿੰਡੇ ਭੱਜੇ ਜਾ ਰਹੇ ਕਿਸੇ ਮਾਡਲ ਵਰਗਾ ਬਣਾਉਣ ਦੇ ਸੁਫਨੇ ਲੈਣ ਲੱਗਾ। ਸਿਹਤ ਸਬੰਧੀ ਮੈਂ ਅਜਿਹੀ ਹੋਰ ਸਮੱਗਰੀ ਲੱਭੀ, ਉਸ ਨੂੰ ਪੜ੍ਹਿਆ, ਆਪਣੇ 'ਤੇ ਲਾਗੂ ਕੀਤਾ ਅਤੇ ਸਰੀਰ ਵਿਚ ਜਮ੍ਹਾਂ ਹੋਈ ਫਾਲਤੂ ਚਰਬੀ ਨੂੰ ਖ਼ਤਮ ਕਰਦਾ ਚਲਾ ਗਿਆ। ਲਗਪਗ ਇਕ ਸਾਲ ਦੀ ਮਿਹਨਤ ਕਰ ਕੇ ਮੈਂ 15 ਕਿਲੋ ਭਾਰ ਘਟਾਉਣ ਦੇ ਨਾਲ 4 ਤੋਂ 5 ਕਿਲੋ ਮਾਸਪੇਸ਼ੀਆਂ ਦਾ ਭਾਰ ਵਧਾ ਚੁੱਕਾ ਸੀ ਅਤੇ ਮੇਰੀਆਂ ਪੇਟ ਦੀਆਂ ਮਾਸਪੇਸ਼ੀਆਂ ਜਿਸ ਨੂੰ '6 ਪੈਕ ਐਬ' ਆਖਦੇ ਹਨ, ਉਹ ਸਾਫ ਨਜ਼ਰ ਆਉਣ ਲੱਗ ਪਈਆਂ ਸਨ।

ਦੋਸਤ ਅਤੇ ਸਹਿਕਰਮੀ ਹੈਰਾਨ ਹੋ ਕੇ ਪੁੱਛਦੇ ਕਿ ਇਹ ਸਭ ਕੁਝ ਮੈਂ ਕਿਵੇਂ ਕੀਤਾ? ਮੇਰੀਆਂ ਸਲਾਹਾਂ ਨਾਲ ਭਾਵੇਂ ਮੇਰੇ ਮੰਮੀ ਹਰਦੇਵ ਕੌਰ ਜੀ ਨੇ ਆਪਣਾ ਭਾਰ ਘਟਾ ਲਿਆ ਸੀ ਪਰ ਮੈਨੂੰ ਇਸ ਗੱਲ ਦਾ ਪਤਾ ਸ ਕਿ ਇੰਨੀਆਂ ਕਿਤਾਬਾਂ ਵਿਚੋਂ ਇਕੱਠਾ ਕੀਤਾ ਗਿਆਨ 10 ਮਿੰਟਾਂ ਵਿਚ ਹਰ ਕਿਸੇ ਨੂੰ ਨਹੀਂ ਸਮਝਾਇਆ ਜਾ ਸਕਦਾ। ਮੈਂ ਇਸ ਵਿਸ਼ੇ 'ਤੇ ਅਖ਼ਬਾਰ ਲਈ ਪੰਜਾਬੀ ਵਿਚ ਇੱਕ ਕਾਲਮ ਲਿਖਣ ਦਾ ਫੈਸਲਾ ਕੀਤਾ, ਜਿਸ ਨੂੰ ਮੈਂ ਇੱਕ ਸਾਲ ਲਿਖਦਾ ਰਿਹਾ। ਉਹੀ ਮੈਟਰ ਫਿਰ 'ਮੋਟਾਪੇ ਤੋਂ ਮੁਕਤੀ' ਦੀ ਕਿਤਾਬ ਬਣ ਗਿਆ।

ਫਿਰ ਇੱਕ ਨਵਾਂ ਚਲਨ ਸ਼ੁਰੂ ਹੋਇਆ। ਜਿਹੜੇ ਲੋਕ ਪੰਜਾਬੀ ਨਹੀਂ ਸੀ ਪੜ੍ਹ ਸਕਦੇ ਜਾਂ ਕਿਤਾਬ ਪੜ੍ਹਨ 'ਤੇ ਦਿਮਾਗ ਨਹੀਂ ਸੀ ਲਾਉਣਾ ਚਾਹੁੰਦੇ, ਉਹ ਸਿੱਧਾ ਮੇਰੇ ਤੋਂ ਡਾਈਟ ਪਲਾਨ ਦੀ ਮੰਗ ਕਰਨ ਲੱਗੇ। ਸ਼ੁਰੂ ਵਿਚ ਮੈਂ ਇਹ ਕੰਮ ਮੁਫ਼ਤ ਵੀ ਕਰਦਾ ਰਿਹਾ ਪਰ ਜਦੋਂ ਭੀੜ ਬਹੁਤ ਜ਼ਿਆਦਾ ਵਧ ਗਈ ਤਾਂ ਮੈਨੂੰ ਘਰ ਵਿਚ ਹੀ 'ਸਲਿਮ ਐਂਡ ਸਟਰੌਂਗ' ਕਲਿਨਿਕ ਖੋਲ੍ਹਣਾ ਪਿਆ। ਮੈਂ ਆਪਣੇ ਕੰਮ ਤੋਂ ਖ਼ੁਸ਼ ਸੀ ਕਿ ਮਾਰਚ 2021 ਵਿਚ ਅਚਾਨਕ ਮੈਨੂੰ 'ਅੱਖਰ' ਚੈਨਲ ਵਾਲੇ 'ਨਵਰੀਤ' ਦੀ ਕਾਲ ਆਈ। ਉਸ ਨੇ ਦੱਸਿਆ ਕਿ ਸਾਨੂੰ ਤੁਹਾਡੀ ਕਿਤਾਬ ਬਹੁਤ ਪਸੰਦ ਆਈ ਹੈ ਤੇ ਅਸੀਂ ਤੁਹਾਡੇ ਨਾਲ ਇਸ ਕਿਤਾਬ ਉੱਪਰ ਲੜੀਵਾਰ ਇੰਟਰਵਿਊ ਕਰਨਾ ਚਾਹੁੰਦੇ ਹਾਂ। ਜਦੋਂ ਪਹਿਲੀ ਹੀ ਇੰਟਰਵਿਊ ਚੈਨਲ 'ਤੇ ਆਈ ਤਾਂ ਕਾਲਾਂ ਦਾ ਹੜ੍ਹ ਆ ਗਿਆ। ਜਿਵੇਂ-ਜਿਵੇਂ ਇੰਟਰਵਿਊਜ਼ ਚੱਲਦੀਆਂ ਰਹੀਆਂ, ਕਾਲਾਂ ਤੇ ਮਿਲਣ ਦੀਆਂ ਗੁਜ਼ਾਰਸ਼ਾਂ ਨਾਲ ਕੰਮ-ਕਾਰ ਵਧਦਾ ਗਿਆ। ਹਰ ਚੀਜ਼ ਦੇ ਚੰਗੇ ਮਾੜੇ ਅਸਰ ਹੁੰਦੇ ਹਨ। ਮੈਨੂੰ ਵਧੇਰੇ ਕੰਮ ਦਾ ਸਟ੍ਰੈੱਸ ਰਹਿਣ ਲੱਗਾ। ਮਾਪੇ ਵਿਆਹ ਲਈ ਜ਼ੋਰ ਪਾ ਰਹੇ ਸਨ। ਮੈਂ ਆਪਣੇ ਆਪ ਨੂੰ ਸਮਾਂ ਦੇਣ ਲਈ ਕੰਮ ਘੱਟ ਲੈਣਾ ਸ਼ੁਰੂ ਕੀਤਾ ਤੇ 17, ਅਕਤੂਬਰ 2021 ਨੂੰ ਹਰਅੰਜਨ ਕੌਰ ਨਾਲ ਵਿਆਹ ਦੇ ਬੰਧਨ ਵਿਚ ਬੱਝ ਗਿਆ। ਜ਼ਿੰਦਗੀ ਚੰਗੀ ਚਾਲੇ ਚੱਲ ਰਹੀ ਹੈ ਅਤੇ ਮੈਂ ਅੱਗੋਂ ਵੀ ਸਿਹਤ ਸੁਧਾਰ ਲਈ ਯੋਗਦਾਨ ਪਾਉਂਦਾ ਰਹਾਂਗਾ।'

### ਮਨੁੱਖ ਦਾ ਮਸ਼ੀਨਾਂ 'ਤੇ ਨਿਰਭਰ ਹੋਣਾ

ਮਨੁੱਖ ਜਿਵੇਂ-ਜਿਵੇਂ ਮਸ਼ੀਨਾਂ ਉਤੇ ਨਿਰਭਰ ਹੋਈ ਜਾ ਰਿਹੈ, ਉਸ ਦੀ ਸਰੀਰਕ ਮੁਸ਼ੱਕਤ ਘਟਦੀ ਜਾ ਰਹੀ ਹੈ। ਕਈਆਂ ਦਾ ਜ਼ੋਰ ਤਾਂ ਸਿਰਫ਼ ਚਾਬੀ ਘੁਮਾਉਣ ਤੇ ਬਟਨ ਦੱਬਣ ਤਕ ਹੀ ਲੱਗ ਰਿਹੈ। ਕਈ ਕੰਮ ਰਿਮੋਟ ਕੰਟਰੋਲ ਨਾਲ ਹੀ ਕੀਤੇ ਜਾ ਰਹੇ ਨੇ। ਬੰਦਾ ਜ਼ੋਰ ਲਾ ਕੇ ਖ਼ੁਰਾਕੀ ਕੈਲਰੀਜ਼ ਬਾਲਣ ਦੀ ਥਾਂ ਤੇਲ ਬਾਲੀ ਜਾ ਰਿਹੈ ਅਤੇ ਬੈਟਰੀਆਂ ਤੇ ਬਿਜਲੀ ਨਾਲ ਬੁੱਤੇ ਸਾਰੀ ਜਾ ਰਿਹੈ। ਬੰਦੇ ਦੇ ਢਿੱਡ 'ਚ ਪਾਈਆਂ ਜਾ ਰਹੀਆਂ ਕੈਲੋਰੀਜ਼ ਚਰਬੀ 'ਚ ਬਦਲੀ ਜਾ ਰਹੀਆਂ ਹਨ, ਜਿਸ ਨਾਲ ਮੋਟਾਪਾ ਵਧੀ ਜਾ ਰਿਹੈ। ਮਿਹਨਤ ਮੁਸ਼ੱਕਤ ਨਾਲ ਮਾਸਪੇਸ਼ੀਆਂ ਬਣਦੀਆਂ ਹਨ ਜਦਕਿ ਆਲਸ ਤੇ ਵਿਹਲ ਨਾਲ ਚਰਬੀ। 'ਮੋਟਾਪੇ ਤੋਂ ਮੁਕਤੀ' ਦਾ ਤੱਤ ਇਹੋ ਹੈ ਕਿ ਚਰਬੀ ਘਟਾਓ, ਮੱਸਲ ਵਧਾਓ। ਖ਼ੁਰਾਕ ਵਿਚ ਮਿੱਠਾ ਤੇ ਅਨਾਜ ਘਟਾਓ। ਪ੍ਰੋਟੀਨ, ਵਿਟਾਮਿਨ ਤੇ ਮਿਨਰਲ ਵਧਾਓ। ਪੂਰੀ ਜਾਣਕਾਰੀ ਲਈ ਪੁਸਤਕ ਪੜ੍ਹ ਲੈਣੀ ਚਾਹੀਦੀ ਹੈ, ਜਿਸ ਦਾ ਤਤਕਰਾ ਹੈ:

ਮੋਟਾਪਾ ਇਕ ਸਮੱਸਿਆ, ਮੋਟਾਪਾ: ਇਤਿਹਾਸਕ ਕਾਰਨ, ਮੋਟਾਪਾ: ਅਸਰ, ਆਦਤਾਂ ਨੂੰ ਕਿਵੇਂ ਬਦਲਿਆ ਜਾਵੇ? ਸਰੀਰਕ ਗਿਣਤੀ-ਮਿਣਤੀ, ਕੈਲੋਰੀ ਦੀ ਗਿਣਤੀ, ਖ਼ੁਰਾਕੀ ਸੰਤੁਲਨ, ਪ੍ਰੋਟੀਨ ਫਾਡੀ ਨਹੀਂ ਮੋਢੀ, ਚਰਬੀ ਨਾਇਕ ਜਾਂ ਖਲਨਾਇਕ, ਕਾਰਬ: ਮਿੱਥ ਅਤੇ ਸੱਚ, ਛੋਟੇ ਪੌਸ਼ਟਿਕ ਤੱਤ, ਪਾਣੀ ਅਤੇ ਹੋਰ ਤਰਲ, ਖ਼ੁਰਾਕ ਦਾ ਸਮਾਂ ਅਤੇ ਗਿਣਤੀ, ਕਸਰਤ, ਮਸਲੇ ਅਤੇ ਹੱਲ। ਖਾਣਾ ਬਣਾਉਣ ਦਾ ਤਰੀਕਾ, ਕੈਲੋਰੀ ਚਾਰਟ ਦਾ ਇਸਤੇਮਾਲ ਅਤੇ ਸੈਂਪਲ ਡਾਈਟ ਚਾਰਟ ਦਿੱਤੇ ਗਏ ਹਨ।

ਬਹੁਤ ਸਾਰੇ ਲੋਕਾਂ ਨੂੰ ਤਾਂ ਅਜੇ ਤਕ ਇਹ ਵੀ ਨਹੀਂ ਪਤਾ ਕਿ ਮੋਟਾਪਾ ਹੁੰਦਾ ਕਿਉਂ ਹੈ ਤੇ ਮੋਟਾਪੇ ਨਾਲ ਬਿਮਾਰੀਆਂ ਕਿਉਂ ਲੱਗਦੀਐਂ? ਉਨ੍ਹਾਂ ਨੂੰ ਸਮਝਾਉਣ ਦੀ ਲੋੜ ਹੈ ਕਿ ਮੋਟਾਪਾ ਅਨੇਕਾਂ ਬਿਮਾਰੀਆਂ ਦੀ ਮਾਂ ਹੈ। ਬਹੁਤੇ ਬਲੱਡ ਪ੍ਰੈਸ਼ਰ, ਸ਼ੂਗਰ ਰੋਗ ਤੇ ਹਾਰਟ ਅਟੈਕ ਮੋਟਾਪੇ ਕਾਰਨ ਹੀ ਹੁੰਦੇ ਹਨ। ਮੋਟਾ ਬੰਦਾ ਆਲਸੀ ਹੋ ਜਾਂਦੈ, ਜਿਸ ਨਾਲ ਕੰਮਾਂ-ਕਾਰਾਂ ਦਾ ਨੁਕਸਾਨ ਹੁੰਦੈ। ਉਹ ਖਾਂਦਾ ਵੱਧ ਐ ਤੇ ਕਮਾਉਂਦਾ ਘੱਟ। ਬਿਮਾਰ ਹੋ ਕੇ ਤਾਂ ਉਹ ਸਮਾਜ 'ਤੇ ਦੂਹਰਾ ਭਾਰ ਬਣ ਜਾਂਦੈ। ਬਿਮਾਰ ਬੰਦਾ ਆਪ ਹੀ ਦੁਖੀ ਨਹੀਂ ਹੁੰਦਾ, ਸਗੋਂ ਹੋਰਨਾਂ ਨੂੰ ਵੀ ਦੁਖੀ ਕਰਦੈ। ਇਸ ਲਈ ਆਰੰਭ ਤੋਂ ਹੀ ਸਭ ਨੂੰ ਸਰੀਰਕ ਭਾਰ ਬਾਰੇ ਜਾਗ੍ਰਿਤ ਕਰ ਦੇਣਾ ਚਾਹੀਦੈ। ਸਕੂਲੀ ਪੜ੍ਹਾਈ ਵਿਚ ਵਿਦਿਆਰਥੀਆਂ ਨੂੰ ਦੱਸਿਆ ਜਾਣਾ ਚਾਹੀਦੈ ਕਿ ਮੋਟਾਪੇ ਤੋਂ ਕਿਵੇਂ ਬਚਿਆ ਜਾ ਸਕਦੈ?

ਅਸੀਂ ਅਕਸਰ ਵੇਖਦੇ ਹਾਂ ਕਿ ਸਰੀਰਕ ਕੰਮ ਕਰਨ ਵਾਲਿਆਂ ਨੂੰ ਰੋਗ ਘੱਟ ਜਦ ਕਿ ਬੈਠੇ ਬਿਠਾਏ ਦਿਮਾਗੀ ਕੰਮ ਕਰਨ ਵਾਲੇ ਤੇ ਵਿਹਲੜਾਂ ਨੂੰ ਵੱਧ ਚਿੰਬੜਦੇ ਹਨ। ਡਾਕਟਰਾਂ ਦਾ ਕੱਢਿਆ ਤੱਤ (ਬਾਕੀ ਸਫਾ 16 'ਤੇ)

# ਅਸਲੋਂ ਅਲੋਕਾਰ ਦ੍ਰਿਸ਼ ਜਾਪਦੈ ਇਸ ਵਾਰ ਪੰਜਾਬ ਦੀਆਂ ਚੋਣਾਂ ਦਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਸਮੇਤ ਪੰਜ ਰਾਜਾਂ ਦੀਆਂ ਚੋਣਾਂ ਵਿਚ ਕਿਹੜੇ ਰਾਜ ਵਿਚ ਕਿਹੜੀ ਧਿਰ ਦੀ ਜਿੱਤ ਹੋਵੇਗੀ, ਇਸ ਗੱਲ ਦੀ ਭਵਿੱਖਬਾਣੀ ਤੇ ਸਰਵੇਖਣੀ ਅੰਦਾਜ਼ੇ ਲਾਉਣ ਵਾਲੇ ਅਗੇਤੇ ਸਰਗਰਮ ਹੋਣ ਲੱਗ ਪਏ ਹਨ। ਹਾਲਾਤ ਹਰ ਰਾਜ ਲਈ ਓਥੋਂ ਦੀਆਂ ਸਮੱਸਿਆਵਾਂ ਮੁਤਾਬਕ ਜਿਸ ਟਕਰਾਅ ਦੇ ਸੰਕੇਤ ਸਭ ਥਾਂ ਵੱਖੋ-ਵੱਖ ਦੇ ਰਹੇ ਹਨ, ਓਥੋਂ ਸਾਫ ਜਾਪਦਾ ਹੈ ਕਿ ਇਸ ਵਾਰ ਕੇਂਦਰ ਵਿਚ ਰਾਜ ਕਰਦੀ ਭਾਜਪਾ ਦਾ 'ਮੋਦੀ ਹੈ ਤੋ ਮੁਮਕਿਨ ਹੈ' ਵਾਲਾ ਨਾਅਰਾ ਪਹਿਲਾਂ ਵਾਂਗ ਨਹੀਂ ਚੱਲਣਾ ਅਤੇ ਨਤੀਜੇ ਅਸਲੋਂ ਹੈਰਾਨ ਕਰਨ ਵਾਲੇ ਨਿਕਲ ਸਕਦੇ ਹਨ। ਫਿਰ ਵੀ ਇਹ ਗੱਲ ਇਨ੍ਹਾਂ ਸਾਰੇ ਰਾਜਾਂ ਵਿਚਲੇ ਅਤੇ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਬੈਠੇ ਕਈ-ਕਈ ਚੋਣਾਂ ਦੇ ਤਜਰਬੇ ਵਾਲੇ ਪੱਤਰਕਾਰ ਆਪਸੀ ਗੱਲਬਾਤ ਵਿਚ ਮੰਨ ਰਹੇ ਹਨ ਕਿ ਹਰ ਥਾਂ ਆਮ ਲੋਕਾਂ ਵਿਚਲੀ ਬੇਚੈਨੀ ਇਸ ਵਾਰ ਕਿਸੇ ਇੱਕੋ ਧਿਰ ਦੇ ਪੱਖ ਵਿਚ ਭੁਗਤਣ ਵਾਲੀ ਨਹੀਂ ਦਿਸਦੀ ਤੇ ਬਹੁਤੀ ਥਾਈਂ ਵੰਡਵੇਂ ਫਤਵੇ ਦੇ ਸਕਦੀ ਹੈ। ਸਾਡੇ ਪੰਜਾਬ ਵਿਚ ਹਾਲਾਤ ਕਈ ਲੋਕਾਂ ਨੂੰ ਏਦਾਂ ਦੇ ਨਹੀਂ ਜਾਪਦੇ ਅਤੇ ਉਹ ਇੱਕ ਖਾਸ ਧਿਰ ਦੇ ਪੱਖ ਵਿਚ ਆਮ ਲੋਕਾਂ ਵਿਚ ਰੁਝਾਨ ਵੇਖਣ ਦੀ ਗੱਲ ਕਹਿੰਦੇ ਹਨ, ਜਦਕਿ ਕੁਝ ਹੋਰ ਸੱਜਣ ਉਲਟੇ ਪਾਸੇ ਨੂੰ ਵਹਿਣ ਦੀ ਗੱਲ ਵੀ ਕਹਿੰਦੇ ਹਨ, ਇਸ ਲਈ ਅਜੇ ਏਥੇ ਵੀ ਕੋਈ ਸਾਫ ਪ੍ਰਭਾਵ ਨਹੀਂ ਮਿਲਦਾ।

ਇਸ ਦਾ ਕਾਰਨ ਇਹ ਹੈ ਕਿ ਪੰਜਾਬ ਦੀ ਰਵਾਇਤੀ ਰਾਜਨੀਤੀ ਦੀਆਂ ਦੋਵੇਂ ਵੱਡੀਆਂ ਧਿਰਾਂ ਕਾਂਗਰਸ ਅਤੇ ਅਕਾਲੀ ਦਲ ਪਹਿਲਾਂ ਵਾਲੀ ਪੁਜ਼ੀਸ਼ਨ ਵਿਚ ਨਹੀਂ ਹਨ ਅਤੇ ਦੋਵਾਂ ਮੂਹਰੇ ਅੜਿੱਕੇ ਬਹੁਤ ਜ਼ਿਆਦਾ ਹਨ। ਅਕਾਲੀ ਲੀਡਰਸ਼ਿਪ ਨੂੰ ਇਸ ਗੱਲੋਂ ਤਸੱਲੀ ਜਿਹੀ ਹੈ ਕਿ ਉਨ੍ਹਾਂ ਦਾ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਕਈ ਦਿਨ ਲੁਕਿਆ ਰਹਿਣ ਦੇ ਬਾਅਦ ਹਾਈ ਕੋਰਟ ਤੋਂ ਜ਼ਮਾਨਤ ਲੈਣ ਪਿੱਛੋਂ ਰਾਜਨੀਤੀ ਦੇ ਮੈਦਾਨ ਵਿਚ ਆਉਣ ਜੋਗਾ ਹੋ ਗਿਆ ਹੈ, ਪਰ ਉਸ ਦੇ ਕੇਸ ਨਾਲ ਘਿਰੇ ਸਵਾਲਾਂ ਦੀ ਵਾਛੜ ਏਨੀ ਵੱਡੀ ਹੋ ਸਕਦੀ ਹੈ ਕਿ ਉਸ ਨੂੰ ਥਾਂ-ਥਾਂ ਸਫਾਈਆਂ ਦੇਣ ਦੀ ਲੋੜ ਪੈਣੀ ਹੈ। ਫਿਰ ਵੀ ਉਸ ਨੇ ਪਹਿਲੇ ਕੁਝ ਬਿਆਨਾਂ ਵਿਚ ਜਿੱਦਾਂ ਦੀ ਚਾਂਦਮਾਰੀ ਪੰਜਾਬ ਦੀ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਖਿਲਾਫ਼ ਕੀਤੀ ਹੈ, ਉਸ ਨਾਲ ਅਕਾਲੀ ਦਲ ਦੇ ਲੋਕਾਂ ਤੋਂ ਵੀ ਵੱਧ ਕਾਂਗਰਸ ਅੰਦਰ ਸਿੱਧੂ ਵਿਰੋਧੀ ਮੰਨੇ ਜਾਂਦੇ ਕਈ ਆਗੂ ਤੇ ਉਨ੍ਹਾਂ ਕਾਂਗਰਸੀਆਂ ਦੇ ਧੜੇ ਮਜੀਠੀਏ ਦੀ ਸਰਗਰਮੀ ਤੋਂ ਵਾਹਵਾ ਖੀਵੇ ਹੋਏ ਪਏ ਹਨ। ਅਕਾਲੀ ਦਲ ਬਿਕਰਮ ਸਿੰਘ ਮਜੀਠੀਆ ਨੂੰ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਨਵਜੋਤ ਸਿੰਘ ਸਿੱਧੂ ਦੇ ਖ਼ਿਲਾਫ ਚੋਣ ਲੜਾਵੇ ਜਾਂ ਨਾ, ਪਰ ਇੱਕ ਗੱਲ ਪੱਕੀ ਹੈ ਕਿ ਇਸ ਬਹਾਨੇ ਉਸ ਨੇ ਉਸ ਹਲਕੇ ਵੱਲ ਸਾਰਿਆਂ ਦੀਆਂ ਨਜ਼ਰਾਂ ਘੁਮਾ ਦਿੱਤੀਆਂ ਹਨ। ਇਸ ਕਾਰਨ ਨਵਜੋਤ ਸਿੰਘ ਸਿੱਧੂ



ਆਪਣੇ ਹਲਕੇ ਵਿਚ ਬੁਰੀ ਤਰ੍ਹਾਂ ਫਸ ਸਕਦਾ ਹੈ ਤੇ ਉਸ ਦੀ ਬਾਕੀ ਪੰਜਾਬ ਵਿਚ ਘੱਟ ਹਾਜ਼ਰੀ ਦਾ ਲਾਭ ਉਸ ਦੇ ਨਾਲ ਵਿਰੋਧ ਵਾਲੇ ਕਾਂਗਰਸੀ ਆਗੂਆਂ ਨੂੰ ਚੋਣਾਂ ਤੋਂ ਬਾਅਦ ਦੀ ਸਫਬੰਦੀ ਲਈ ਮਿਲ ਸਕਦਾ ਹੈ।

ਕਾਂਗਰਸ ਪਿਛਲੇ ਸਾਢੇ ਤਿੰਨ ਮਹੀਨਿਆਂ ਦੀ ਨਵੀਂ ਸਰਕਾਰ ਦੀ ਹੋਂਦ ਨਾਲ ਆਮ ਲੋਕਾਂ ਦਾ ਕੋਈ ਭਲਾ ਤਾਂ ਕਰ ਸਕੀ ਦਿਸਦੀ ਨਹੀਂ, ਪਰ ਇੱਕ ਕੰਮ ਇਸ ਦੌਰਾਨ ਹੋ ਗਿਆ ਹੈ ਕਿ ਲੋਕ ਪਿਛਲੇ ਸਾਢੇ-ਸਾਢੇ ਚਾਰ ਸਾਲਾਂ ਦੀ ਅਸਲੋਂ ਬੇਹਰਕਤੀ ਦੀ ਚਰਚਾ ਛੱਡ ਕੇ ਹੋਰ ਮੁੱਦਿਆਂ ਦੇ ਬਾਰੇ ਗੱਲਾਂ ਕਰਨ ਲੱਗੇ ਹਨ। ਚਰਨਜੀਤ ਸਿੰਘ ਚੰਨੀ ਤੇ ਨਵਜੋਤ ਸਿੰਘ ਸਿੱਧੂ ਦੋਵੇਂ ਜਣੇ ਮਿਲ ਕੇ ਚੱਲਦੇ ਤਾਂ ਇਸ ਦਾ ਲਾਭ ਲੈ ਸਕਦੇ ਸਨ, ਪਰ ਆਪਸੀ ਖਹਿਬਾਜ਼ੀ ਕਾਰਨ ਉਹ ਇਸ ਦਾ ਲਾਭ ਲੈਣ ਵਾਲੀ ਕੋਈ ਕਾਰਗੁਜ਼ਾਰੀ ਪੇਸ਼ ਨਹੀਂ ਕਰ ਸਕੇ। ਉਲਟਾ ਲਗਭਗ ਹਰ ਵਿਧਾਨ ਸਭਾ ਹਲਕੇ ਵਿਚ ਕਾਂਗਰਸ ਦੇ ਉਮੀਦਵਾਰਾਂ ਵਿਚੋਂ ਕੋਈ ਨਵਜੋਤ ਸਿੰਘ ਸਿੱਧੂ ਦਾ ਤੇ ਕੋਈ ਚਰਨਜੀਤ ਸਿੰਘ ਚੰਨੀ ਦਾ ਚੇਲਾ ਮੰਨਿਆ ਜਾਣ ਕਾਰਨ ਏਦਾਂ ਦੇ ਹਾਲਾਤ ਬਣਨ ਲੱਗੇ ਹਨ ਕਿ ਵਿਰੋਧੀਆਂ ਨਾਲ ਜਿੱਤ-ਹਾਰ ਬਾਰੇ ਸੋਚਣ ਦੀ ਥਾਂ ਦੂਸਰੇ ਧੜੇ ਦੇ ਲੀਡਰ ਨੂੰ ਉਖਾੜਨ ਦੇ ਮੁੱਦੇ ਨੂੰ ਪਹਿਲ ਦਿੱਤੀ ਜਾ ਰਹੀ ਹੈ। ਇਹੋ ਹਾਲਤ ਰਹੀ ਤਾਂ ਪਾਰਟੀ ਭੱਲ ਖੱਟਣ ਦੀ ਥਾਂ ਮਾਰ ਖਾ ਸਕਦੀ ਹੈ।

ਪਿਛਲੀ ਵਾਰੀ ਚੋਣਾਂ ਵਿਚ ਮੁੱਖ ਵਿਰੋਧੀ ਧਿਰ ਵਜੋਂ ਸਾਹਮਣੇ ਆਈ ਆਮ ਆਦਮੀ ਪਾਰਟੀ ਇਸ ਵਾਰੀ ਸੰਭਲ ਕੇ ਚੱਲ ਰਹੀ ਹੈ, ਪਰ ਕਿਸਾਨ ਸੰਘਰਸ਼ ਜਿੱਤਣ ਪਿੱਛੋਂ ਚੋਣ ਮੈਦਾਨ ਵੱਲ ਆਏ ਕਿਸਾਨ ਲੀਡਰਾਂ ਦੇ ਇੱਕ ਧੜੇ ਨਾਲ ਸਿਰੇ ਲੱਗਦੀ ਗੱਲ ਟੁੱਟ ਜਾਣ ਨਾਲ ਉਸ ਅੱਗੇ ਮੁਸ਼ਕਲਾਂ ਏਸੇ ਕਿਸਾਨ ਧਿਰ ਦੇ ਕਾਰਨ ਵਧ ਸਕਦੀਆਂ ਹਨ। ਉਸ ਕਿਸਾਨ ਧੜੇ ਦੇ ਪੱਲੇ ਕੀ ਪੈਂਦਾ ਹੈ, ਬਾਕੀ ਦੀਆਂ ਕਿਸਾਨ ਧਿਰਾਂ ਇਸ ਧੜੇ ਨਾਲ ਕਿੱਦਾਂ ਵਿਹਾਰ ਕਰਦੀਆਂ ਹਨ, ਇਹ ਗੱਲਾਂ ਅਜੇ ਸਾਫ ਨਹੀਂ ਹੋਈਆਂ ਤੇ ਪ੍ਰਭਾਵ ਇਹ ਮਿਲਦਾ ਹੈ ਕਿ ਚੋਣਾਂ ਤੋਂ ਲਾਂਭੇ ਬੈਠੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਸੂਈ ਏਥੇ ਟਿਕੀ ਹੋਈ ਹੈ ਕਿ ਅਸੀਂ ਚੋਣ ਨਹੀਂ ਲੜਨੀ ਤਾਂ ਇਨ੍ਹਾਂ ਨੂੰ ਵੀ ਸੌਖੇ ਨਹੀਂ ਲੜਨ ਦੇਣੀ। ਜਟਕਾ ਸ਼ਰੀਕੇ ਦੀ ਰਵਾਇਤ ਵੀ ਹੈ ਕਿ ਜੇ ਆਪਣੇ ਮੁੰਡੇ ਨੂੰ ਸਾਕ ਨਾ ਹੁੰਦਾ ਹੋਵੇ ਤਾਂ ਸ਼ਰੀਕ ਦਾ ਮੁੰਡਾ ਵੀ ਵਿਆਹਿਆ ਜਾਂਦਾ ਵੇਖਣਾ ਔਖਾ ਹੁੰਦਾ ਹੈ। ਇਹ ਸੁਭਾਅ ਇਨ੍ਹਾਂ ਚੋਣਾਂ ਵਿਚ ਕੁੱਦ ਚੁੱਕੇ ਕਿਸਾਨ ਲੀਡਰਾਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਸਕਦਾ ਹੈ।

ਪੰਜਾਬ ਵਿਚ ਪਹਿਲੀ ਵਾਰ ਚੁਣੌਤੀ ਦੇਣ ਦਾ ਦਾਅਵਾ ਕਰਨ ਵਾਲੀ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਅਕਾਲੀ ਦਲ ਤੋਂ ਟੁੱਟੇ ਹੋਏ ਸੁਖਦੇਵ ਸਿੰਘ ਢੀਂਡਸਾ ਨਾਲ ਮਿਲ ਕੇ ਮੈਦਾਨ ਵਿਚ ਆਈ ਕੇਂਦਰ ਵਿਚ ਰਾਜ ਚਲਾ ਰਹੀ ਭਾਰਤੀ ਜਨਤਾ ਪਾਰਟੀ ਬਹੁਤ ਹੁਲਾਰੇ ਵਿਚ ਹੋਣ ਦਾ ਪ੍ਰਭਾਵ ਦੇਂਦੀ ਹੈ। ਉਸ ਦੀ ਸਰਗਰਮੀ ਹਾਲ ਦੀ ਘੜੀ ਪੰਜਾਬ ਦੀ ਹਰ ਪਾਰਟੀ ਵਿਚੋਂ ਚੋਣਵੇਂ ਚਿਹਰਿਆਂ ਨੂੰ ਆਪਣੇ ਵੱਲ ਖਿੱਚਣ ਅਤੇ ਇੱਕ ਸੌ ਸਤਾਰਾਂ ਸੀਟਾਂ ਦੇ ਉਮੀਦਵਾਰ ਭਾਲਣ ਦੀ ਹੈ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਜਾਣਦੀ ਹੈ ਕਿ ਪੰਜਾਬ ਵਿਚ ਉਸ ਦਾ ਕੋਈ ਖਾਸ ਹੈਸੀਅਤ ਵਾਲਾ ਆਗੂ ਇਹੋ ਜਿਹਾ ਨਹੀਂ, ਜਿਹੜਾ ਪੁਰਾਣੇ ਸਮੇਂ ਵਾਲੇ ਡਾਕਟਰ ਬਲਦੇਵ ਪ੍ਰਕਾਸ਼, ਬਲਰਾਮਜੀ ਦਾਸ ਟੰਡਨ ਜਾਂ ਕਿਸੇ ਹਿੱਤ ਅਭਿਲਾਸ਼ੀ ਵਰਗੀ ਹਸਤੀ ਦਾ ਮਾਲਕ ਹੋਵੇ। ਲੱਖ ਮੱਤਭੇਦਾਂ ਦੇ ਬਾਵਜੂਦ ਉਨ੍ਹਾਂ ਸਾਰੇ ਲੀਡਰਾਂ ਦਾ ਪੰਜਾਬ ਦੇ ਲੋਕਾਂ ਵਿਚ ਸਤਿਕਾਰ ਵੀ ਹੁੰਦਾ ਸੀ ਤੇ ਉਹ ਹਾਲਾਤ ਨੂੰ ਮੋੜਾ ਦੇਣ ਦੇ ਵੀ ਸਮਰੱਥ ਸਨ, ਪਰ ਅਕਾਲੀ-ਭਾਜਪਾ ਰਾਜ ਦੇ ਪੰਜ ਸਾਲ ਪਹਿਲੇ ਅਤੇ ਦਸ ਸਾਲ ਬਾਅਦ ਵਾਲੇ ਜਿੱਦਾਂ ਭਾਜਪਾ ਲੀਡਰਸ਼ਿਪ ਨੇ ਬਾਦਲ ਬਾਪ-ਬੇਟੇ ਦੀ ਹਰ ਸਲਾਹ ਮੰਨੀ ਅਤੇ ਆਪਣੀ ਪਾਰਟੀ ਦੇ ਲੀਡਰਾਂ ਨੂੰ ਥੱਲੇ ਲਾਈ ਰੱਖਿਆ ਸੀ, ਉਸ ਨਾਲ ਬਹੁਤ ਨੁਕਸਾਨ ਹੋ ਚੁੱਕਾ ਹੈ। ਅੱਜ ਪੰਜਾਬ ਵਿਚ ਇਸ ਪਾਰਟੀ ਕੋਲ ਕੋਈ ਅਜਿਹਾ ਆਗੂ ਨਹੀਂ ਦਿਸਦਾ, ਜਿਹੜਾ ਇਸ ਰਾਜ ਦੀ ਭਾਜਪਾ ਦੇ ਆਮ ਵਰਕਰਾਂ ਨੂੰ ਪ੍ਰਭਾਵਿਤ ਕਰਨ ਜੋਗਾ ਦਿਖਾਈ ਦੇਂਦਾ ਹੋਵੇ। ਜਿਹੜੇ ਕੁਝ ਸਿੱਖ ਚਿਹਰੇ ਇਸ ਪਾਰਟੀ ਨੇ ਏਧਰ-ਓਧਰ ਤੋਂ ਖਿੱਚੇ ਤੇ ਲੀਡਰੀਆਂ ਦੇ ਅਹੁਦੇ ਉਨ੍ਹਾਂ ਨੂੰ ਦਿੱਤੇ ਹਨ, ਸਾਲਾਂਬੱਧੀ ਸਿੱਖਾਂ ਸਣੇ ਸਾਰੀਆਂ ਘੱਟ-ਗਿਣਤੀਆਂ ਦੇ ਵਿਰੋਧ ਦੀ ਰਾਜਨੀਤੀ ਚਲਾਈ ਹੋਈ ਹੋਣ ਕਾਰਨ ਭਾਜਪਾ ਦੇ ਉਨ੍ਹਾਂ ਸਿੱਖ ਚਿਹਰਿਆਂ ਨੂੰ ਭਾਜਪਾ ਅੰਦਰਲੇ ਹਿੰਦੂਤਵੀ ਆਗੂ ਅਜੇ ਤਕ ਕੋਈ ਮਾਨਤਾ ਨਹੀਂ ਦੇ ਰਹੇ।

ਇਨ੍ਹਾਂ ਸਥਿਤੀਆਂ ਦੇ ਕਾਰਨ ਪੰਜਾਬ ਦੀ ਇਸ ਵਾਰ ਦੀ ਵਿਧਾਨ ਸਭਾ ਚੋਣ ਅਸਲੋਂ ਨਵੇਂ ਰੰਗ ਦਿਖਾਉਣ ਵਾਲੀ ਹੋ ਸਕਦੀ ਹੈ, ਪਰ ਇਹ ਰੰਗ ਕਿਸ ਦੇ ਖਿਲਾਫ਼ ਜਾਂ ਹੱਕ ਵਿਚ ਜਾਣਗੇ, ਇਸ ਦਾ ਅੰਦਾਜ਼ਾ ਸ਼ਾਇਦ ਚੋਣ ਦੇ ਅਖੀਰ ਤਕ ਵੀ ਲਾਉਣਾ ਔਖਾ ਹੋਵੇਗਾ। ਦਿੱਲੀ ਦੇ ਇੱਕ ਸੀਨੀਅਰ ਪੱਤਰਕਾਰ ਦਾ ਕਹਿਣਾ ਹੈ ਕਿ ਉਹ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵੇਲੇ ਬੀਤੇ ਚਾਲੀ ਸਾਲਾਂ ਤੋਂ ਕੰਮ ਕਰਦਾ ਰਿਹਾ ਹੈ, ਪਰ ਇਸ ਵਾਰੀ ਦ੍ਰਿਸ਼ ਅਸਲੋਂ ਅਲੋਕਾਰ ਜਾਪਦਾ ਹੈ।

# ਯਾਦਾਂ ਵਿਚ ਵਸਦੇ ਪਲ

ਹਰ ਇਨਸਾਨ ਦੇ ਜੀਵਨ ਵਿਚ ਕੁਝ ਪਲ ਅਜਿਹੇ ਹੁੰਦੇ ਹਨ ਜੋ ਹਮੇਸ਼ਾ ਲਈ ਉਸ ਦੀਆਂ ਯਾਦਾਂ ਵਿਚ ਵਸ ਜਾਂਦੇ ਹਨ। ਜਿਨ੍ਹਾਂ ਨੂੰ ਸਵੈ ਸਿਰਜੇ ਸੰਵਾਦਾਂ ਦੀ ਤਰ੍ਹਾਂ ਚੇਤਿਆਂ ਵਿਚੋਂ ਭੁਲਾਇਆ ਨਹੀਂ ਜਾ ਸਕਦਾ। ਆਪਣੇ ਇਨ੍ਹਾਂ ਚੇਤਿਆਂ ਦੀ ਹੀ ਪੰਡ ਬੰਨ੍ਹ ਕੇ ਲੇਖਕ ਨੇ ਇਕ ਕਿਤਾਬ ਦੇ ਰੂਪ ਵਿਚ ਇਸ ਨੂੰ ਪਾਠਕਾਂ ਦੇ ਰੂਬਰੂ ਕੀਤਾ ਹੈ, ਜਿਸ ਨੂੰ ਨਾਮ ਦਿੱਤਾ ਹੈ: ਯਾਦਾਂ ਵਿਚ ਵਸਦੇ ਪਲ

ਬੜੇ ਦਿਨਾਂ ਤਕ ਮੇਰੇ ਘਰ ਦੀ ਲਾਇਬ੍ਰੇਰੀ ਦੀ ਸ਼ੈਲਫ਼ ਦੀ ਇਕ ਨੁੱਕਰੇ ਇਹ ਕਿਤਾਬ ਪਈ ਰਹੀ। ਮੈਂ ਆਪਣੇ ਰੁਝੇਵਿਆਂ ਤੇ



ਮਲਕੀਤ ਸੈਣੀ
ਫੋਨ: 95019-60486

ਅਵੇਸਲੇਪਣ ਦੇ ਕਾਰਨ ਇਸ ਤਕ ਪਹੁੰਚ ਹੀ ਨਾ ਸਕਿਆ ਪਰ ਅੱਜ ਜਦੋਂ ਮੈਂ ਇਸ ਨੂੰ ਪੜ੍ਹਨਾ ਸ਼ੁਰੂ ਕੀਤਾ ਤਾਂ ਮੁਕੰਮਲ ਕਰ ਕੇ ਹੀ ਦਮ ਲਿਆ। ਪੜ੍ਹਨ ਉਪਰੰਤ ਮੈਨੂੰ ਆਪਣੀ ਲਾਪ੍ਰਵਾਹੀ ਦਾ ਅਹਿਸਾਸ ਵੀ ਹੋਇਆ ਤੇ ਪਛਤਾਵਾ ਵੀ। ਆਪਣੀ ਅੰਤਰ ਵੇਦਨਾ ਤੋਂ ਮੁਕਤ ਹੋਣ ਲਈ ਹੀ ਮੈਂ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕਰ ਰਿਹਾ ਹਾਂ। ਹਰ ਲੇਖਕ ਦੀ ਸੋਚ ਦਾ ਆਪਣਾ ਵੱਖਰਾ ਮਾਰਗ ਤੇ ਪ੍ਰਗਤੀਵਾਦੀ ਢੰਗ ਹੁੰਦਾ ਹੈ, ਜਿਹੜਾ ਉਸ ਨੂੰ ਆਮ ਲੋਕਾਂ ਨਾਲੋਂ ਵੱਖਰਾ ਦਰਸਾਉਂਦਾ ਹੈ। ਸੁਖਵਿੰਦਰ ਬੋਦਲਾਂ ਵਾਲਾ ਵੀ ਇਸੇ ਗੁਣ ਸਦਕਾ ਰੂੜੀਵਾਦੀ ਤੇ ਪੁਰਾਣੀਆਂ ਪਰੰਪਰਾਵਾਂ ਨੂੰ ਤਹਿਸ-ਨਹਿਸ ਕਰਦੇ ਹੋਏ ਇਨਕਲਾਬੀ ਤੇ ਪ੍ਰਗਤੀਵਾਦੀ ਸੋਚਾਂ ਅਪਣਾ ਕੇ ਇੱਕ ਵੱਖਰੇ ਹੀ ਮੁਕਾਮ ਤੇ ਬੁਲੰਦੀ 'ਤੇ ਖੜ੍ਹਾ ਨਜ਼ਰ ਆਉਂਦਾ ਹੈ।

ਨਿਮਰਤਾ ਉਸ ਦਾ ਗੁਣ ਹੈ ਤੇ ਨਿਡਰਤਾ ਉਸ ਦੀ ਤਾਕਤ ਹੈ, ਜਿਸ ਦੀ ਮਿਸਾਲ ਉਸ ਦੀਆਂ ਰਚਨਾਵਾਂ ਵਿਚੋਂ ਸੁਭਾਵਿਕ ਹੀ ਮਿਲ ਜਾਂਦੀ ਹੈ। ਉਹ ਆਪਣੀ ਪਲੇਠੀ ਰਚਨਾ ਹੀ ਮਾਂ ਬੋਲੀ ਨੂੰ ਸਮਰਪਿਤ ਹੋ ਕੇ ਲਿਖਦਾ ਹੈ।

ਨਾ ਮੈਂ ਮਰਨਾ ਨਾ ਮੈਂ ਮਿਟਣਾ, ਮੈਂ ਪੰਜਾਬੀ ਬੋਲੀ ਹਾਂ,

ਗੁਰੂਆਂ, ਭਗਤਾਂ ਦੀ ਬੇਟੀ ਮੈਂ, ਉਨ੍ਹਾਂ ਜ਼ੁਬਾਨੋਂ ਬੋਲੀ ਹਾਂ।

ਕਈ ਥਾਵੇਂ ਉਸ ਦਾ ਸਮਰਪਣ ਜਨੂੰਨ ਦੀਆਂ ਹੱਦਾਂ ਬੰਨ੍ਹੇ ਵੀ ਟੱਪ ਜਾਂਦਾ ਹੈ।

ਗਾਧੀ ਤੇ ਬਹਿ ਕੇ ਖੂਹ ਹੱਕਣਾ, ਤਾਂਘ ਦੇ ਨਾਲ ਛਾਹ ਵੇਲਾ ਤੱਕਣਾ,

ਨਾਲ ਬਹੋਲੇ ਮੱਕੀ ਗੁੱਡਣੀ, ਉਡਾਉਣੇ ਤੋਤੇ ਛੱਲੀਆਂ ਦਾ ਪੱਕਣਾ।

ਕਿੱਥੇ ਗਏ ਉਹ ਜਾਣੇ ਦਿਨ, ਪੁਰਾਣੇ ਦਿਨ ਸੁਹਾਣੇ ਦਿਨ।

ਲੇਖਕ ਦੀ ਨਜ਼ਰ ਜਿਸ ਵਿਸ਼ੇ 'ਤੇ ਵੀ ਪਈ ਪੂਰੀ ਪੜਚੋਲ ਕੀਤੇ ਬਿਨਾਂ ਵਾਪਸ ਨਹੀਂ ਪਰਤੀ। ਅਜਿਹੀਆਂ ਕਾਵਿਕ ਉਡਾਰੀਆਂ ਸਿਰੜੀ, ਸਿਦਕੀ ਤੇ ਸੁਡੌਲ ਪਰਾਂ ਦੇ ਸਹਾਰੇ ਹੀ ਲਾਈਆਂ ਜਾ ਸਕਦੀਆਂ ਹਨ। ਪੰਜਾਬੀ ਬੋਲੀ ਤੇ ਗੀਤ-ਸੰਗੀਤ ਰਚਨਾ ਵਿਚ ਉਸ ਨੇ ਜਿਸ ਢੰਗ ਨਾਲ ਜਠੇਰੇ ਸ਼ਾਇਰਾਂ ਤੇ ਤਮਾਮ ਸਮਕਾਲੀ ਲੇਖਕਾਂ ਨੂੰ ਸਤਿਕਾਰ ਦਿੱਤਾ ਹੈ, ਇਹ ਉਸ ਦੀ ਸੁਹਿਰਦਤਾ ਦੀ ਜਿਉਂਦੀ ਜਾਗਦੀ ਉਦਾਹਰਨ ਹੈ। ਉਹ ਆਪਣੇ ਮਨ ਦੀ ਪਰਿਭਾਸ਼ਾ ਕੁਝ ਇਸ ਤਰ੍ਹਾਂ ਵਿਅਕਤ ਕਰਦਾ ਹੈ:

ਹੀਰੋਸ਼ੀਮਾ ਤੇ ਨਾਗਾਸਾਕੀ, ਕਰੋ ਯਾਦ ਉਹ ਭਿਆਨਕ ਸਾਕੀ।

ਜੰਗ ਮੁੱਕੀ ਪਰ ਗੱਲ ਨਹੀਂ ਮੁੱਕੀ, ਦੁਨੀਆਂ ਐਟਮੀ ਬੰਬਾਂ 'ਤੇ ਸੁੱਤੀ।

—-


ਮੈਂ ਸੱਚ ਲਿਖਾਂ ਮੈਂ ਸੱਚ ਲਿਖਾਂ, ਨਾ ਝੂਠੀ ਕੋਈ ਤਹਿਰੀਰ ਲਿਖਾਂ,

ਮੈਂ ਸ਼ਾਇਰ ਹਾਂ ਮੈਂ ਸ਼ਾਇਰ ਹਾਂ, ਮੈਂ ਸਮੇਂ ਦੀ ਸੱਚ ਤਸਵੀਰ ਲਿਖਾਂ।

ਗਾਗਰ ਵਿਚ ਸਾਗਰ ਭਰਨ ਦੀਆਂ ਉਦਾਹਰਨਾਂ ਤਾਂ ਬਹੁਤ ਲੋਕ ਦਿੰਦੇ ਆਏ ਹਨ ਪਰ ਗਾਗਰ ਨੂੰ ਹੀ ਸਾਗਰ ਦੀ ਵਿਸ਼ਾਲਤਾ ਤਕ ਲੈ ਜਾਣਾ ਲੇਖਕ ਦਾ ਕ੍ਰਿਸ਼ਮਈ ਕੀਰਤੀਮਾਨ ਹੈ। ਉਸ ਦੀ ਇਸ ਕ੍ਰਿਤ ਦਾ ਲੇਖਾ-ਜੋਖਾ ਕਰਦਿਆਂ

## ਪੁਸਤਕ ਚਰਚਾ

ਛੋਟੀਆਂ ਮੋਟੀਆਂ ਊਣਤਾਈਆਂ ਉੜਦ ਦੀ ਸਫੇਦੀ ਵਾਂਗ ਨਜ਼ਰਅੰਦਾਜ਼ ਹੋ ਜਾਂਦੀਆਂ ਹਨ ਕਿਉਂਕਿ ਉਸ ਪਰਮਾਤਮਾ ਦੇ ਨਾਮ ਤੋਂ ਬਿਨਾਂ ਕੁਝ ਵੀ ਸੰਪੂਰਨ ਨਹੀਂ ਹੈ। ਕੁਝ ਥਾਵਾਂ 'ਤੇ ਛਪਾਈ ਵਿਚ ਹੋਈਆਂ ਭੁੱਲਾਂ ਪਾਠਕ ਦੀ ਰਵਾਨਗੀ ਵਿਚ ਅੜਿੱਕਾ ਬਣਦੀਆਂ ਹਨ, ਜਿਸ ਦੀ ਜ਼ਿੰਮੇਵਾਰੀ ਲੇਖਕ 'ਤੇ ਨਹੀਂ ਪਾਈ ਜਾ ਸਕਦੀ। ਉਸ ਨੇ ਆਪਣੇ ਇਰਾਦਿਆਂ ਨਾਲ ਵਸੀਹ ਪੈਮਾਨੇ ਉੱਤੇ ਆਪਣੇ ਆਸਮਾਨ ਸਿਰਜੇ ਹਨ। ਅਸੀਂ ਉਮੀਦ ਕਰਦੇ ਹਾਂ




ਕਿ ਅਗਲੀਆਂ ਸਾਹਿਤਕ ਉਡਾਰੀਆਂ ਲਈ ਪਰ ਤੋਲ ਕੇ ਉਹ ਖ਼ੁਦ ਨੂੰ ਤਿਆਰ-ਬਰ-ਤਿਆਰ ਰੱਖੇਗਾ ਤੇ ਹੋਰ ਨਵੇਂ ਤੋਂ ਨਵੇਂ ਕੀਰਤੀਮਾਨ ਸਥਾਪਿਤ ਕਰੇਗਾ।

*(ਸਫਾ 15 ਦਾ ਬਾਕੀ)*

ਹੈ ਕਿ ਖੁਰਾਕ ਦੀ ਘਾਟ ਕਾਰਨ ਘੱਟ ਬਿਮਾਰੀਆਂ ਜਦ ਕਿ ਖੁਰਾਕ ਦੀ ਬਹੁਤਾਤ ਕਾਰਨ ਵੱਧ ਲੱਗਦੀਆਂ ਹਨ। ਹੁਣ ਭੁੱਖ ਨਾਲ ਓਨੇ ਬੰਦੇ ਨਹੀਂ ਮਰ ਰਹੇ, ਜਿੰਨੇ ਵਾਧੂ ਖਾਣ ਨਾਲ ਮਰ ਰਹੇ ਹਨ। ਖਾਧ ਪਦਾਰਥ ਬੇਅੰਤ ਹੋ ਗਏ ਹਨ ਤੇ ਹੋਰ ਵੀ ਹੁੰਦੇ ਜਾਣੇ ਹਨ। ਲੋਕਾਂ ਨੂੰ ਵੱਡੀ ਪੱਧਰ 'ਤੇ ਸਿੱਖਿਅਤ ਕਰਨਾ ਪਵੇਗਾ ਕਿ ਉਹ ਕੀ ਖਾਣ ਤੇ ਕੀ ਨਾ ਖਾਣ? ਨਾਲ ਇਹ ਵੀ ਕਿ ਉਹ ਜੋ ਕੁਝ ਖਾਣ, ਪੀਣ ਉਹਦੇ ਨਾਲ ਤਕੜੇ ਤਾਂ ਰਹਿਣ ਪਰ ਮੋਟੇ ਨਾ ਹੋਣ।

ਅਮਰੀਕਾ ਵਿਚ ਇਕ ਸਰਵੇਖਣ ਕੀਤਾ ਗਿਆ ਕਿ ਲੋਕ ਮੋਟੇ ਕਿਉਂ ਹੋ ਰਹੇ ਹਨ? ਨਤੀਜਾ ਨਿਕਲਿਆ 54% ਲੋਕ ਵਾਧੂ ਭੋਜਨ ਕਰਨ ਦੀਆਂ ਭੈੜੀਆਂ ਆਦਤਾਂ ਕਰਕੇ ਤੇ 28% ਕਸਰਤ ਦੀ ਘਾਟ ਕਾਰਨ ਮੋਟੇ ਹੋ ਜਾਂਦੇ ਹਨ। ਬਾਕੀ 18% ਦੇ ਮੋਟੇ ਹੋਣ ਦਾ ਕਾਰਨ ਸਿਹਤ ਸੰਭਾਲ ਤੋਂ ਅਣਜਾਣ ਹੋਣਾ, ਕਸਰਤ ਲਈ ਸਮਾਂ ਨਾ ਕੱਢ ਸਕਣਾ ਅਤੇ ਖਾਣ-ਪੀਣ ਸਮੱਗਰੀ ਦੀ ਇਸ਼ਤਿਹਾਰਬਾਜ਼ੀ ਦੇ ਸ਼ਿਕਾਰ ਹੋ ਕੇ ਜੰਕ ਫੂਡ ਖਾ ਬਹਿਣਾ ਹੈ।ਦਾਰੂ ਪੀਣਿਆਂ ਨੂੰ ਦੱਸਣਾ ਬਣਦਾ ਹੈ ਕਿ ਦਾਰੂ ਮਿੱਠੇ ਦਾ ਹੀ ਕੈਮੀਕਲੀ ਬਦਲਿਆ ਰੂਪ ਹੈ। ਪਊਆ ਪੀਣ ਦਾ ਮਤਲਬ ਹੈ ਪਾਈਆ ਗੁੜ ਖਾਣਾ। ਜਿਹੜੇ ਪਊਏ ਨਾਲ ਹਜ਼ਾਰ ਦੋ ਹਜ਼ਾਰ ਕੈਲਰੀਜ਼ ਦਾ ਹੋਰ ਉਰਾ-ਪਰਾ ਛਕ ਜਾਂਦੇ ਹਨ ਉਹ ਵਾਧੂ। ਅੱਵਲ ਤਾਂ ਦਾਰੂ ਪੀਣ ਤੋਂ ਪ੍ਰਹੇਜ਼ ਕੀਤਾ ਜਾਵੇ, ਜੇ ਪੀਤੀ ਬਿਨਾਂ ਰਹਿ ਨਹੀਂ ਸਕਦੇ ਤਾਂ ਅੱਧੇ ਪਊਏ ਤੋਂ ਵੱਧ ਨਾ ਪੀਤੀ ਜਾਵੇ ਤੇ ਨਾਲ ਬਹੁਤਾ ਕੁਝ ਨਾ ਖਾਧਾ ਜਾਵੇ।

ਅਖ਼ੀਰ ਉਸ ਭੇਤ ਦਾ ਵੀ ਜ਼ਿਕਰ ਕਰਨਾ ਚਾਹਾਂਗਾ ਜਿਹੜਾ ਇਕ ਪਾਰਟੀ 'ਚ ਸਿਆਣੇ ਬਜ਼ੁਰਗ ਨੇ ਖੋਲ੍ਹਿਆ ਸੀ। ਉਹ ਇਕਹਿਰੇ ਜੁੱਸੇ ਦਾ ਹਸਮੁੱਖ ਜਿਊੜਾ ਸੀ, ਜੋ ਮਹਿਫ਼ਲ ਦਾ ਸ਼ਿੰਗਾਰ ਬਣਿਆ ਹੋਇਆ ਸੀ। ਉਹ ਹੋਰਨਾਂ ਪਿਆਕੜਾਂ ਵਾਂਗ ਮੀਟ, ਮੱਛੀ ਤੇ ਪਕੌੜਿਆਂ ਨੂੰ ਮੂੰਹ ਨਹੀਂ ਸੀ ਮਾਰ ਰਿਹਾ, ਨਮਕੀਨ ਨਹੀਂ ਸੀ ਨਿਗਲ ਰਿਹਾ। ਉਹ ਜਾਂਦਾ-ਜਾਂਦਾ ਲੱਖ ਰੁਪਏ ਦੀ ਗੱਲ ਦੱਸ ਗਿਆ ਅਖੇ ਜਿਹੜਾ ਬੰਦਾ ਤੀਜੇ ਪੈੱਗ ਤੇ ਤੀਜੀ ਰੋਟੀ ਨੂੰ ਨਾਂਹ ਕਰ ਸਕਦੈ ਉਹ ਦਸ ਵਰ੍ਹੇ ਵੱਧ ਜਿਉਂ ਸਕਦੈ। ਇਹ ਹੁਣ ਜਿਊਣ ਵਾਲਿਆਂ 'ਤੇ ਨਿਰਭਰ ਹੈ ਕਿ ਉਹ ਵੱਧ ਜਿਊਣਾ ਚਾਹੁੰਦੇ ਨੇ ਜਾਂ ਘੱਟ?

# ਜੁਝਾਰੂ ਕਾਰਕੁਨ ਸੁਧਾ ਭਾਰਦਵਾਜ ਦੇ ਜੇਲ੍ਹ ਅਨੁਭਵ

***ਐਡਵੋਕੇਟ ਸੁਧਾ ਭਾਰਦਵਾਜ ਨੂੰ ਭੀਮਾ ਕੋਰੇਗਾਓਂ ਕੇਸ ਵਿਚ 28 ਅਗਸਤ 2018 ਨੂੰ ਯੂ.ਏ.ਪੀ.ਏ. ਤਹਿਤ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਹੁਣ ਤਕਰੀਬਨ ਤਿੰਨ ਸਾਲਾਂ ਬਾਅਦ 8 ਦਸੰਬਰ 2021 ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਹੈ। ਉਸ ਦਾ ਕਸੂਰ ਸਿਰਫ ਇਹ ਹੈ ਕਿ ਉਸ ਨੇ ਆਮ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ। ਸੁਧਾ ਅਮਰੀਕਾ ਵਿਚ ਜੰਮੀ-ਪਲੀ ਹੈ ਪਰ ਉਸ ਨੇ ਭਾਰਤ ਜਾ ਕੇ ਆਮ ਲੋਕਾਂ ਦੇ ਹੱਕਾਂ ਲਈ ਜੂਝਣ ਵਾਲਾ ਰਾਹ ਚੁਣਿਆ। ਇਹ ਵੇਰਵਾ ਬੀ.ਬੀ.ਸੀ. ਦੇ ਪੱਤਰਕਾਰ ਸੌਤਿਕ ਬਿਸਵਾਸ ਵੱਲੋਂ ਐਡਵੋਕੇਟ ਸੁਧਾ ਭਾਰਦਵਾਜ ਨਾਲ ਜੇਲ੍ਹ ਵਿਚੋਂ ਰਿਹਾਅ ਹੋਣ ਤੋਂ ਬਾਅਦ ਕੀਤੀ ਮੁਲਾਕਾਤ 'ਤੇ ਆਧਾਰਿਤ ਹੈ। ਇਸ ਲਿਖਤ ਵਿਚ ਜੇਲ੍ਹ ਦੇ ਹਾਲਾਤ ਦਾ ਪਤਾ ਲੱਗਦਾ ਹੈ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***



**ਸੌਤਿਕ ਬਿਸਵਾਸ**
**ਅਨੁਵਾਦ : ਬੂਟਾ ਸਿੰਘ**

ਤਿੰਨ ਸਾਲ ਜੇਲ੍ਹ ਵਿਚ ਰਹਿਣ ਤੋਂ ਬਾਅਦ ਭਾਰਤ ਦੇ ਸਭ ਤੋਂ ਚਰਚਿਤ ਹੋਏ ਕਾਰਕੁਨਾਂ ਵਿਚੋਂ ਇਕ, ਸੁਧਾ ਭਾਰਦਵਾਜ, ਕਿਸੇ ਨਵੇਂ ਸ਼ਹਿਰ ਵਿਚ ਵਸਣ ਅਤੇ ਕੰਮ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ। ਜ਼ਮਾਨਤ ਦੀਆਂ ਸ਼ਰਤਾਂ ਸੁਧਾ ਭਾਰਦਵਾਜ ਨੂੰ ਮੁਕੱਦਮੇ ਦੇ ਮੁੱਕਣ ਤੱਕ ਮੁੰਬਈ ਛੱਡਣ ਤੋਂ ਰੋਕਦੀਆਂ ਹਨ ਜਿਸ ਵਿਚ ਉਸ ਉਪਰ ਜਾਤੀ ਆਧਾਰਿਤ ਹਿੰਸਾ ਦੀ 2018 ਦੀ ਇਕ ਘਟਨਾ ਵਿਚ ਭੂਮਿਕਾ ਅਤੇ ਮਾਓਵਾਦੀਆਂ ਨਾਲ ਕਥਿਤ ਸੰਬੰਧਾਂ ਦਾ ਇਲਜ਼ਾਮ ਹੈ। ਉਨ੍ਹਾਂ ਨੂੰ ਇਸ ਮਾਮਲੇ 'ਤੇ ਗੱਲ ਵੀ ਨਹੀਂ ਕਰਨ ਦਿੱਤੀ ਜਾ ਰਹੀ।

ਜੂਨ 2018 ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਜਪਾ ਸਰਕਾਰ ਨੇ ਮਹਾਰਾਸ਼ਟਰ ਦੇ ਪਿੰਡ ਭੀਮਾ ਕੋਰੇਗਾਓਂ ਵਿਚ ਹਿੰਸਾ ਦੇ ਕੇਸ ਵਿਚ 16 ਲੋਕਾਂ ਨੂੰ ਜੇਲ੍ਹ ਵਿਚ ਡੱਕਿਆ ਹੋਇਆ ਹੈ। ਇਨ੍ਹਾਂ ਵਿਚ ਭਾਰਤ ਦੇ ਕੁਝ ਸਭ ਤੋਂ ਸਤਿਕਾਰਤ ਵਿਦਵਾਨ, ਵਕੀਲ, ਸਿੱਖਿਆ ਸ਼ਾਸਤਰੀ, ਕਾਰਕੁਨ ਅਤੇ ਇਕ ਬਜ਼ੁਰਗ ਇਨਕਲਾਬੀ ਕਵੀ ਸ਼ਾਮਲ ਹਨ (ਆਦਿਵਾਸੀ ਅਧਿਕਾਰ ਕਾਰਕੁਨ ਸਟੈਨ ਸਵਾਮੀ ਦੀ 84 ਸਾਲ ਦੀ ਉਮਰ ਵਿਚ ਪਿਛਲੇ ਸਾਲ ਹਸਪਤਾਲ ਵਿਚ ਮੌਤ ਹੋ ਗਈ ਸੀ)। ਇਨ੍ਹਾਂ ਸਾਰਿਆਂ ਨੂੰ ਅਤਿਵਾਦ ਵਿਰੋਧੀ ਕਾਨੂੰਨ (ਯੂ.ਏ.ਪੀ.ਏ.) ਤਹਿਤ ਜ਼ਮਾਨਤ ਦੇਣ ਤੋਂ ਵਾਰ-ਵਾਰ ਇਨਕਾਰ ਕੀਤਾ ਗਿਆ, ਬਹੁਤ ਸਾਰੇ ਨਿਰੀਖਕਾਂ ਦਾ ਮੰਨਣਾ ਹੈ ਕਿ ਇਸ ਕਾਨੂੰਨ ਨੂੰ ਹੁਣ ਮੁੱਖ ਤੌਰ 'ਤੇ ਅਸਹਿਮਤੀ ਨੂੰ ਦਬਾਉਣ ਲਈ ਵਰਤਿਆ ਜਾ ਰਿਹਾ ਹੈ।

ਸੁਧਾ ਭਾਰਦਵਾਜ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਇਕ ਪ੍ਰਮੁੱਖ ਯੂਨੀਵਰਸਿਟੀ ਵਿਚ ਬਤੌਰ ਕਾਨੂੰਨ ਦੀ ਪ੍ਰੋਫੈਸਰ ਆਪਣੀ ਨੌਕਰੀ 'ਤੇ ਵਾਪਸ ਨਹੀਂ ਜਾ ਸਕਦੀ, ਜਾਂ ਦਿੱਲੀ ਦੇ ਬਾਹਰਵਾਰ ਆਪਣੇ ਘਰ ਫਰੀਦਾਬਾਦ ਨਹੀਂ ਜਾ ਸਕਦੀ। ਉਹ 1000 ਕਿਲੋਮੀਟਰ (620 ਮੀਲ) ਤੋਂ ਵੱਧ ਦੂਰ ਭਿਲਾਈ ਵਿਚ ਮਨੋਵਿਗਿਆਨ ਦੀ ਪੜ੍ਹਾਈ ਕਰ ਰਹੀ ਆਪਣੀ ਧੀ ਨੂੰ ਮਿਲਣ ਤੋਂ ਅਸਮਰੱਥ ਹੈ (ਦੋਵੇਂ 10 ਦਸੰਬਰ ਨੂੰ ਰਿਹਾਅ ਹੋਣ ਤੋਂ ਬਾਅਦ ਥੋੜ੍ਹੇ ਸਮੇਂ ਲਈ ਮਿਲੀਆਂ ਸਨ)।

ਰਿਹਾਅ ਹੋਣ ਤੋਂ ਬਾਅਦ 60 ਸਾਲਾ ਸੁਧਾ ਭਾਰਦਵਾਜ ਨੇ ਮੈਨੂੰ ਆਪਣੀ ਪਹਿਲੀ ਇੰਟਰਵਿਊ ਵਿਚ ਦੱਸਿਆ, "ਛੋਟੀ ਜੇਲ੍ਹ ਤੋਂ ਹੁਣ ਮੈਂ ਵੱਡੀ ਜੇਲ੍ਹ ਵਿਚ ਰਹਿ ਰਹੀ ਹਾਂ ਜੋ ਮੁੰਬਈ ਹੈ।"

ਉਸ ਨੇ ਕਿਹਾ, "ਹੁਣ ਮੈਨੂੰ ਕੰਮ ਲੱਭਣਾ ਪਏਗਾ, ਤੇ ਇਕ ਐਸੀ ਜਗ੍ਹਾ ਵੀ ਜਿਸ ਦਾ ਮੈਂ ਖਰਚਾ ਚੁੱਕ ਸਕਾਂ।" ਉਦੋਂ ਤੱਕ ਉਹ ਆਪਣੇ ਦੋਸਤ ਕੋਲ ਰਹਿ ਰਹੀ ਹੈ।

ਮੈਸਾਚਿਊਸੈਟਸ (ਅਮਰੀਕਾ) ਵਿਚ ਜਨਮੀ ਸੁਧਾ ਭਾਰਦਵਾਜ ਨੇ ਆਪਣੇ ਮਾਤਾ-ਪਿਤਾ ਦੇ ਭਾਰਤ ਪਰਤਣ ਤੋਂ ਬਾਅਦ ਆਪਣਾ ਅਮਰੀਕੀ ਪਾਸਪੋਰਟ ਛੱਡ ਦਿੱਤਾ। ਗਣਿਤ ਵਿਗਿਆਨੀ ਤੋਂ ਵਕੀਲ ਬਣੀ ਸੁਧਾ ਆਖਿਰਕਾਰ ਵਚਨਬੱਧ ਕਾਰਕੁਨ ਅਤੇ ਟਰੇਡ ਯੂਨੀਅਨਿਸਟ ਬਣ ਗਈ ਜੋ ਖਣਿਜ-ਭਰਪੂਰ ਸੂਬੇ ਛੱਤੀਸਗੜ੍ਹ ਜਿੱਥੇ ਭਾਰਤ ਦੇ ਸਭ ਤੋਂ ਗਰੀਬ ਅਤੇ ਸਭ ਤੋਂ ਵੱਧ ਲੁਟੀਂਦੇ ਲੋਕ ਰਹਿੰਦੇ ਹਨ, ਵਿਚ ਸਹੂਲਤਾਂ ਤੋਂ ਵਾਂਝੇ ਲੋਕਾਂ ਦੇ ਹੱਕ ਲਈ ਦ੍ਰਿੜਤਾ ਨਾਲ ਲੜ ਰਹੀ ਹੈ।

ਪਰ ਇਹ ਉਸ ਦਾ ਗਰੀਬਾਂ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਨ ਦਾ ਤਿੰਨ ਦਹਾਕੇ ਲੰਮਾ ਕੰਮ ਸੀ ਜਿਸ ਨੇ ਉਸ ਨੂੰ ਨਿਆਂ ਦੀ ਲੜਾਈ ਵਿਚ ਬਹੁਤ ਸਾਰੇ ਲੋਕਾਂ ਲਈ ਉਮੀਦ ਦੀ ਕਿਰਨ ਬਣਾ ਦਿੱਤਾ। ਉਹ ਕਹਿੰਦੀ ਹੈ ਕਿ ਜੇਲ੍ਹ ਵਿਚ ਉਸ ਦਾ ਸਮਾਂ, ਖਾਸਕਰ ਮਹਾਮਾਰੀ ਦੌਰਾਨ, ਅੱਖਾਂ ਖੋਲ੍ਹਣ ਵਾਲਾ ਸੀ।

ਉਸ ਨੇ ਕਿਹਾ, "ਜੇਲ੍ਹ ਦੇ ਹਾਲਾਤ ਹੁਣ ਮੱਧਯੁਗ ਵਾਲੇ ਨਹੀਂ ਰਹੇ। ਅੰਦਰ ਜਾਂਦੇ ਸਾਰ ਤੁਹਾਡੇ ਮਾਣ-ਸਨਮਾਨ ਨੂੰ ਜੋ ਸੱਟ ਵੱਜਦੀ ਹੈ, ਉਹ ਸਦਮੇ ਵਾਂਗ ਹੁੰਦਾ ਹੈ।"

ਭਾਰਦਵਾਜ ਨੂੰ 28 ਅਕਤੂਬਰ 2018 ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਦਾ ਫੋਨ, ਲੈਪਟਾਪ ਤੇ ਕੁਝ ਸੀ.ਡੀਜ਼ ਜ਼ਬਤ ਕਰ ਲਈਆਂ ਗਈਆਂ ਸਨ। ਉਸ ਨੂੰ ਜ਼ਮਾਨਤ ਦੇਣ ਤੋਂ ਤਿੰਨ ਵਾਰ ਇਨਕਾਰ ਕੀਤਾ ਗਿਆ ਅਤੇ ਰਿਹਾਈ ਤੋਂ ਪਹਿਲਾਂ ਦੋ ਜੇਲ੍ਹਾਂ ਵਿਚ ਰਹਿਣਾ ਪਿਆ। ਉਸ ਨੇ ਉਸ ਸਮੇਂ ਦਾ ਅੱਧਾ ਸਮਾਂ ਪੁਣੇ ਦੀ ਉਚ ਸੁਰੱਖਿਆ ਯੇਰਵੜਾ ਸੈਂਟਰਲ ਜੇਲ੍ਹ ਵਿਚ ਗੁਜ਼ਾਰਿਆ ਜਿਸ ਦੀਆਂ ਉਨ੍ਹਾਂ ਕੋਠੜੀਆਂ ਵਿਚ ਵੱਡੀ ਤਾਦਾਦ ਵਿਚ ਸਜ਼ਾਯਾਫਤਾ ਅਪਰਾਧੀ ਰਹਿੰਦੇ ਹਨ ਜੋ ਕਦੇ ਮੌਤ ਦੀ ਸਜ਼ਾ ਵਾਲੇ ਕੈਦੀਆਂ ਲਈ ਰਾਖਵੀਆਂ ਸਨ।

ਕੋਠੜੀ ਦੇ ਅੱਗੇ ਲੰਮਾ ਗਲਿਆਰਾ ਹੈ ਜਿੱਥੇ ਉਹ ਸਵੇਰੇ-ਸ਼ਾਮ ਸੈਰ ਕਰ ਸਕਦੀ ਸੀ ਪਰ ਕੈਦੀਆਂ ਨੂੰ ਹਰ ਰੋਜ਼ ਅੱਧਾ ਘੰਟਾ ਹੀ ਨਿਗਰਾਨੀ ਹੇਠ ਖੁੱਲ੍ਹੇ ਵਿਹੜੇ ਵਿਚ ਜਾਣ ਦਿੱਤਾ ਜਾਂਦਾ ਸੀ। ਵਾਰ-ਵਾਰ ਪਾਣੀ ਦੀ ਕਮੀ ਹੋਣ ਕਾਰਨ ਉਨ੍ਹਾਂ ਨੂੰ ਨਹਾਉਣ ਅਤੇ ਪੀਣ ਲਈ ਪਾਣੀ ਦੀਆਂ ਬਾਲਟੀਆਂ ਕੋਠੜੀ ਵਿਚ ਢੋਣੀਆਂ ਪੈਂਦੀਆਂ ਸਨ।

ਭੋਜਨ ਵਿਚ ਦਾਲ, ਦੋ ਰੋਟੀਆਂ ਅਤੇ ਸਬਜ਼ੀ ਮਿਲਦੀ ਸੀ। ਜਿਹੜੇ ਕੈਦੀ ਪੈਸਾ ਖਰਚ ਸਕਦੇ ਸਨ, ਉਹ ਜੇਲ੍ਹ ਦੀਆਂ ਕੰਟੀਨਾਂ ਤੋਂ ਵਾਧੂ ਭੋਜਨ ਖਰੀਦ ਸਕਦੇ ਸਨ - ਉਨ੍ਹਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਜੇਲ੍ਹ ਖਾਤਿਆਂ ਵਿਚ ਹਰ ਮਹੀਨੇ ਵੱਧ ਤੋਂ ਵੱਧ 4500 ਰੁਪਏ ਜਮ੍ਹਾਂ ਕਰਨ ਦੀ ਇਜਾਜ਼ਤ ਸੀ। ਕੁਝ ਪੈਸੇ ਕਮਾਉਣ ਲਈ ਉਹ ਜੇਲ੍ਹ ਦੇ ਫਾਰਮ ਵਿਚ ਅਗਰਬੱਤੀਆਂ ਵੱਟਦੇ, ਚਟਾਈ ਬੁਣਦੇ ਅਤੇ ਸਬਜ਼ੀਆਂ ਤੇ ਝੋਨਾ ਉਗਾਉਂਦੇ।

ਮੁੰਬਈ ਦੀ ਬਾਇਸੂਲਾ ਜੇਲ੍ਹ ਜਿੱਥੇ ਉਸ ਨੂੰ ਬਾਅਦ ਵਿਚ ਤਬਦੀਲ ਕਰ ਦਿੱਤਾ ਗਿਆ ਸੀ, ਮੁਕੱਦਮੇ ਦੀ ਉਡੀਕ ਕਰ ਰਹੇ ਕੈਦੀਆਂ ਦੀ ਬਹੁਤ ਜ਼ਿਆਦਾ ਆਬਾਦੀ ਕਾਰਨ ਵਧੇਰੇ ਹਲਚਲ ਵਾਲੀ ਅਤੇ ਵਧੇਰੇ ਅਰਾਜਕ ਸੀ। ਇਕ ਸਮੇਂ ਮਹਿਲਾ ਵਿੰਗ ਵਿਚ ਉਸ ਦੀ 35 ਕੈਦੀਆਂ ਦੀ ਸਮਰੱਥਾ ਵਾਲੀ ਇਕਾਈ ਵਿਚ 75 ਕੈਦਣਾਂ ਤੂੜੀਆਂ ਹੋਈਆਂ ਸਨ, ਤੇ ਉਹ ਫਰਸ਼ ਉਪਰ ਇਕ ਦੂਜੀ ਦੇ ਨਾਲ ਲੱਗ ਕੇ ਚਟਾਈ 'ਤੇ ਸੌਂਦੀਆਂ ਸਨ। ਭਾਰਦਵਾਜ ਨੇ ਦੱਸਿਆ ਕਿ ਹਰ ਇਕ ਨੂੰ 'ਕੱਫਣ ਦੇ ਆਕਾਰ' ਜਿੰਨੀ ਜਗ੍ਹਾ ਦਿੱਤੀ ਗਈ ਸੀ।

"ਜ਼ਿਆਦਾ ਭੀੜ ਝਗੜੇ ਅਤੇ ਤਣਾਅ ਦਾ ਸਰੋਤ ਬਣ ਜਾਂਦੀ ਹੈ। ਭੋਜਨ, ਪਖਾਨਾ - ਹਰ ਚੀਜ਼ ਲਈ ਕਤਾਰ ਵਿਚ ਲੱਗਣਾ ਪੈਂਦਾ ਹੈ।"

ਪਿਛਲੀਆਂ ਗਰਮੀਆਂ ਵਿਚ ਮਹਾਮਾਰੀ ਦੀ ਦੂਜੀ ਲਹਿਰ ਦੇ ਹਮਲੇ ਦੌਰਾਨ ਉਸ ਦੀ ਇਕਾਈ ਵਿਚ 55 ਵਿਚੋਂ 13 ਔਰਤਾਂ ਕੋਵਿਡ-19 ਦੀ ਲਪੇਟ ਵਿਚ ਆ ਗਈਆਂ ਸਨ। ਸੁਧਾ ਭਾਰਦਵਾਜ ਦਾ ਕਹਿਣਾ ਹੈ ਕਿ ਬੁਖਾਰ ਅਤੇ ਦਸਤ ਹੋਣ ਤੋਂ ਬਾਅਦ ਉਸ ਨੂੰ ਜੇਲ੍ਹ ਹਸਪਤਾਲ ਅਤੇ ਫਿਰ ਭੀੜ ਵਾਲੀ 'ਕੁਆਰੰਟੀਨ ਬੈਰਕ' ਵਿਚ ਭੇਜਿਆ ਗਿਆ ਸੀ। "ਨਿਆਂਪਾਲਿਕਾ ਨੂੰ ਸਾਡੀਆਂ ਜੇਲ੍ਹਾਂ ਵਿਚ ਭੀੜ ਨੂੰ ਘਟਾਉਣ ਲਈ ਵਧੇਰੇ ਗੰਭੀਰਤਾ ਨਾਲ ਸੋਚ ਵਿਚਾਰ ਕਰਨੀ ਚਾਹੀਦੀ ਹੈ। ਮਹਾਮਾਰੀ ਦੌਰਾਨ ਵੀ, ਬਹੁਤੇ ਲੋਕਾਂ ਨੂੰ ਆਪਣੇ ਪਰਿਵਾਰਾਂ ਕੋਲ ਵਾਪਸ ਜਾਣ ਲਈ ਅੰਤ੍ਰਿਮ ਜ਼ਮਾਨਤ (ਥੋੜ੍ਹ ਚਿਰੀ ਜ਼ਮਾਨਤ) ਵੀ ਨਹੀਂ ਦਿੱਤੀ ਗਈ।"

ਭਾਰਤ ਦੀਆਂ 1306 ਜੇਲ੍ਹਾਂ ਵਿਚ ਪੰਜ ਲੱਖ ਦੇ ਕਰੀਬ (490,000) ਕੈਦੀ ਹਨ ਜਿਨ੍ਹਾਂ ਵਿਚੋਂ 69% ਆਪਣੇ ਮੁਕੱਦਮੇ ਸ਼ੁਰੂ ਹੋਣ ਦੀ ਉਡੀਕ ਕਰ ਰਹੇ ਹਨ। ਕੈਦੀਆਂ ਦੀ ਔਸਤ ਦਰ 118% ਤੱਕ ਵਧ ਸਕਦੀ ਹੈ। 2020 ਵਿਚ ਸੁਪਰੀਮ ਕੋਰਟ ਨੇ ਸੂਬਿਆਂ ਨੂੰ ਕੋਵਿਡ-19 ਦੇ ਫੈਲਣ ਨੂੰ ਰੋਕਣ ਲਈ ਬਦਨਾਮ ਭੀੜ-ਭੜੱਕੇ ਵਾਲੀਆਂ ਜੇਲ੍ਹਾਂ ਵਿਚੋਂ ਕੈਦੀਆਂ ਨੂੰ ਰਿਹਾਅ ਕਰਨ ਲਈ ਕਿਹਾ ਸੀ।

ਬਾਇਸੂਲਾ ਜੇਲ੍ਹ ਵਿਚ ਭਾਰਦਵਾਜ ਨੇ ਆਪਣਾ ਜ਼ਿਆਦਾਤਰ ਵਕਤ ਅੰਤ੍ਰਿਮ ਜ਼ਮਾਨਤ ਲਈ ਯਤਨਸ਼ੀਲ ਸਾਥੀ ਕੈਦਣਾਂ ਲਈ ਦਰਜਨਾਂ ਕਾਨੂੰਨੀ ਸਹਾਇਤਾ ਅਰਜ਼ੀਆਂ ਲਿਖਣ ਵਿਚ ਗੁਜ਼ਾਰਿਆ - ਬਹੁਤ ਸਾਰੀਆਂ ਤਪਦਿਕ, ਐਚ.ਆਈ.ਵੀ., ਦਮੇ ਦੀਆਂ ਮਰੀਜ਼ ਹਨ ਅਤੇ ਹੋਰ ਜੋ ਗਰਭਵਤੀ ਸਨ। ਉਨ੍ਹਾਂ ਦੱਸਿਆ, "ਉਨ੍ਹਾਂ ਵਿਚੋਂ ਕਿਸੇ ਨੂੰ ਵੀ ਜ਼ਮਾਨਤ ਨਹੀਂ ਮਿਲੀ, ਇਕ ਹੱਦ ਤੱਕ ਇਸ ਕਰਕੇ ਕਿਉਂਕਿ ਅਦਾਲਤਾਂ ਵਿਚ ਉਨ੍ਹਾਂ ਦੀ ਜ਼ਮਾਨਤ ਲਈ ਬਹਿਸ ਕਰਨ ਵਾਲਾ ਕੋਈ ਨਹੀਂ ਸੀ।" ਜ਼ਿਆਦਾਤਰ ਕੈਦਣਾਂ ਨੂੰ ਵੇਸਵਾਗਮਨੀ ਜਾਂ ਮਨੁੱਖੀ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਇਲਜ਼ਾਮਾਂ ਵਿਚ ਹਿਰਾਸਤ ਵਿਚ ਲਿਆ ਗਿਆ ਸੀ। ਉਹ ਦੱਸਦੀ ਹੈ ਕਿ ਬਾਕੀ ਭਗੌੜੇ ਗੈਂਗਸਟਰਾਂ ਦੀਆਂ 'ਪਤਨੀਆਂ, ਦੋਸਤ ਤੇ ਮਾਵਾਂ' ਸਨ। ਸੁਧਾ ਭਾਰਦਵਾਜ ਨੇ ਉਸ ਵਕਤ ਨੂੰ ਚੇਤੇ ਕੀਤਾ, "ਦੂਜੀ ਲਹਿਰ ਕੈਦੀਆਂ ਲਈ ਬਹੁਤ ਔਖਾ ਸਮਾਂ ਸੀ। ਅਦਾਲਤਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ, ਕੈਦੀਆਂ ਨੂੰ ਪਰਿਵਾਰਕ ਮੁਲਾਕਾਤਾਂ ਦੀ ਇਜਾਜ਼ਤ ਨਹੀਂ ਸੀ, ਮੁਕੱਦਮੇ ਰੋਕ ਦਿੱਤੇ ਗਏ ਸਨ। ਇਹ ਤਰਸਯੋਗ ਸਮਾਂ ਸੀ।"

"ਬਜ਼ੁਰਗਾਂ ਅਤੇ ਸਾਹ-ਰੋਗ ਤੋਂ ਪੀੜਤ ਲੋਕਾਂ ਨੂੰ ਨਿੱਜੀ ਮੁਚੱਲਕੇ 'ਤੇ ਜ਼ਮਾਨਤ ਦਿੱਤੀ ਜਾਣੀ ਚਾਹੀਦੀ ਹੈ। ਪਹਿਲਾਂ ਹੀ ਅਤਿ ਜ਼ਿਆਦਾ ਭੀੜ ਵਾਲੀਆਂ ਜੇਲ੍ਹਾਂ ਵਿਚ ਅਲੱਗ-ਥਲੱਗ ਰੱਖੇ ਜਾਣ ਦੀ ਕੋਈ ਤੁਕ ਨਹੀਂ ਬਣਦੀ।"

ਸੁਧਾ ਭਾਰਦਵਾਜ ਨੇ ਕਿਹਾ ਕਿ ਮੁਕੱਦਮੇ ਦੌਰਾਨ ਗਰੀਬ ਕੈਦੀਆਂ ਲਈ ਕਾਨੂੰਨੀ ਸਹਾਇਤਾ ਦੀ ਸ਼ਰਮਨਾਕ ਹਾਲਤ ਤੋਂ ਉਸ ਨੂੰ ਬਹੁਤ ਸਦਮਾ ਪਹੁੰਚਿਆ ਸੀ ਜੋ ਜੇਲ੍ਹ ਦੀ ਆਬਾਦੀ ਦਾ ਵੱਡਾ ਹਿੱਸਾ ਬਣਦੇ ਹਨ।

"ਬਹੁਤ ਸਾਰੇ ਕੈਦੀਆਂ ਨੂੰ ਆਪਣੇ ਵਕੀਲਾਂ ਦੇ ਨਾਮ ਜਾਂ ਫੋਨ ਨੰਬਰ ਵੀ ਪਤਾ ਨਹੀਂ ਲੱਗਦੇ ਜਦੋਂ ਤੱਕ ਉਹ ਅਦਾਲਤ ਵਿਚ ਨਹੀਂ ਮਿਲਦੇ। ਵਕੀਲਾਂ ਨੂੰ ਮਾਮੂਲੀ ਫੀਸ ਦਿੱਤੀ ਜਾਂਦੀ ਹੈ, ਉਹ ਆਪਣੇ ਮੁਵੱਕਲਾਂ ਨੂੰ ਮਿਲਣ ਲਈ ਜੇਲ੍ਹ ਵਿਚ ਵੀ ਨਹੀਂ ਆਉਂਦੇ। ਕੈਦੀਆਂ ਨੂੰ ਲੱਗਦਾ ਹੈ ਕਿ ਇਸ ਕਾਨੂੰਨੀ ਸਹਾਇਤਾ ਦਾ ਕੋਈ ਫਾਇਦਾ ਨਹੀਂ ਹੈ। ਬਹੁਤ ਘੱਟ ਲੋਕ ਆਪਣੇ ਵਕੀਲ ਕਰ ਸਕਦੇ ਹਨ।"

ਸੁਧਾ ਭਾਰਦਵਾਜ ਦਾ ਕਹਿਣਾ ਹੈ ਕਿ ਉਹ ਜੇਲ੍ਹ ਵਿਚ ਇਕ ਮੀਟਿੰਗ ਵਿਚ ਸ਼ਾਮਲ ਹੋਈ ਜਿੱਥੇ ਉਸ ਨੇ ਸੁਝਾਅ ਦਿੱਤਾ ਕਿ ਕਾਨੂੰਨੀ ਸਹਾਇਤਾ ਦੇ ਵਕੀਲਾਂ ਨੂੰ ਤਿੰਨ ਮਹੀਨਿਆਂ ਵਿਚ ਇਕ ਵਾਰ ਆਪਣੇ ਮੁਵੱਕਲਾਂ ਨੂੰ ਮਿਲਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਵਾਜਬ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਉਹ ਦੱਸਦੀ ਹੈ, "ਜਦੋਂ ਤੁਸੀਂ ਜੇਲ੍ਹ ਜਾਂਦੇ ਹੋ ਤਾਂ ਤੁਹਾਨੂੰ ਉਥੇ ਆਪਣੇ ਨਾਲੋਂ ਵੀ ਜ਼ਿਆਦਾ ਦੁਖੀ ਬਥੇਰੇ ਲੋਕ ਮਿਲਦੇ ਹਨ। ਮੈਨੂੰ ਦੁਖੀ ਹੋਣ ਦਾ ਵਕਤ ਨਹੀਂ ਮਿਲਿਆ। ਹਾਂ, ਮੈਨੂੰ ਆਪਣੀ ਧੀ ਤੋਂ ਜੁਦਾ ਹੋਣ ਦਾ ਦੁੱਖ ਸੀ।"

ਸੁਧਾ ਭਾਰਦਵਾਜ ਦਾ ਕਹਿਣਾ ਹੈ ਕਿ ਉਸ ਨੇ ਆਪਣਾ ਵਕਤ ਕੈਦਣਾਂ ਦੇ ਬੱਚਿਆਂ ਲਈ ਗੀਤ ਗਾਉਣ, ਜੇਲ੍ਹ ਦੇ ਕੰਮ ਕਰਨ ਅਤੇ ਐਡਵਰਡ ਸਨੋਡਨ, ਵਿਲੀਅਮ ਡੈਲਰਿੰਪਲ ਅਤੇ ਨੈਓਮੀ ਕਲਾਇਨ ਦੀਆਂ ਕਿਤਾਬਾਂ ਸਮੇਤ 'ਬਹੁਤ ਕੁਝ' ਪੜ੍ਹਨ ਵਿਚ ਗੁਜ਼ਾਰਿਆ। ਮਹਾਮਾਰੀ ਦੇ ਸਿਖਰ 'ਤੇ ਉਸ ਨੂੰ ਜੇਲ੍ਹ ਦੀ ਲਾਇਬ੍ਰੇਰੀ ਵਿਚ ਅਲਬਰਟ ਕਾਮੂ ਦੀ ਰਚਨਾ 'ਦਿ ਪਲੇਗ' ਦੀ ਵਧੀਆ ਸਾਂਭੀ ਹੋਈ ਕਾਪੀ ਮਿਲ ਗਈ ਸੀ ਪਰ ਇਕ ਅਨੁਭਵ ਜੋ ਉਹ ਕਦੇ ਨਹੀਂ ਭੁੱਲੇਗੀ, ਉਹ ਕਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਭਾਰਤ ਵਿਚ ਮਾਰਚ 2020 ਵਿਚ ਲੌਕਡਾਊਨ ਲੱਗ ਜਾਣ ਦੀ ਖਬਰ ਸੀ।

ਜੇਲ੍ਹ ਵਿਚ ਇਕਦਮ ਹਾਹਾਕਾਰ ਮੱਚ ਗਈ। ਕੈਦੀ ਨਾਸ਼ਤਾ ਅਤੇ ਦੁਪਹਿਰ ਦਾ ਖਾਣਾ ਛੱਡ ਕੇ ਭੁੱਖ ਹੜਤਾਲ 'ਤੇ ਚਲੇ ਗਏ। ਉਹ ਕਹਿ ਰਹੇ ਸਨ- 'ਅਸੀਂ ਇੱਥੇ ਮਰਨਾ ਨਹੀਂ ਚਾਹੁੰਦੇ। ਆਓ ਘਰਾਂ ਨੂੰ ਜਾਈਏ ਅਤੇ ਉਥੇ ਹੀ ਮਰੀਏ।'

ਆਖਿਰਕਾਰ ਜਦੋਂ ਜੇਲ੍ਹ ਸੁਪਰਡੈਂਟ ਨੇ ਉਨ੍ਹਾਂ ਨੂੰ ਦੱਸਿਆ ਕਿ ਕੋਈ ਵੀ ਜੇਲ੍ਹ ਦੇ ਬਾਹਰ ਵੀ ਵਾਇਰਸ ਤੋਂ ਸੁਰੱਖਿਅਤ ਨਹੀਂ ਹੈ, ਫਿਰ ਉਹ ਸ਼ਾਂਤ ਹੋਏ। ਇਸ ਤੋਂ ਪਤਾ ਲੱਗਦਾ ਸੀ ਕਿ ਉਨ੍ਹਾਂ ਦੀ ਜ਼ਿੰਦਗੀ ਅਤੇ ਹੋਂਦ ਕਿੰਨੀ ਤਰਸਯੋਗ ਸੀ: "ਮੈਂ ਕਦੇ ਵੀ ਕੈਦੀਆਂ ਨੂੰ ਐਨਾ ਜ਼ਿਆਦਾ ਡਰੇ ਹੋਏ ਅਤੇ ਰਿਹਾਈ ਲਈ ਤਾਂਘਦੇ ਨਹੀਂ ਦੇਖਿਆ।"




*ਜੁਝਾਰੂ ਕਾਰਕੁਨ ਸੁਧਾ ਭਾਰਦਵਾਜ ਅਤੇ (ਸੱਜੇ) ਪੁਲਿਸ ਹਿਰਾਸਤ ਵਿਚ।*





*ਸੁਧਾ ਭਾਰਦਵਾਜ ਆਪਣੀ ਧੀ ਮਾਇਸ਼ਾ ਨਾਲ, ਗ੍ਰਿਫਤਾਰੀ ਤੋਂ ਪਹਿਲਾਂ ਇਕ ਸਮਾਗਮ ਦੌਰਾਨ ਅਤੇ (ਸੱਜੇ) ਅਦਾਲਤ ਵਿਚ ਪੇਸ਼ੀ ਮੌਕੇ।*

# ਸੱਚਾ-ਸੁੱਚਾ ਸੁਰ ਸਾਧਕ

**ਕਲਾ ਪਰਿਕਰਮਾ**

## ਪ੍ਰੋਫੈਸਰ ਕਰਤਾਰ ਸਿੰਘ ਦੇ ਜੀਵਨ ਅਤੇ ਸੰਗੀਤ ਦਾ ਸਫਰ





**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਨੇਕ ਤੇ ਨਿਮਰ ਸ਼ਖਸੀਅਤ ਸਨ ਪ੍ਰੋ. ਕਰਤਾਰ ਸਿੰਘ। ਸਾਰੀ ਉਮਰ ਗੁਰਮਤਿ ਸੰਗੀਤ ਦੇ ਗਾਇਨ, ਅਧਿਐਨ ਅਤੇ ਅਧਿਆਪਨ ਦੇ ਲੇਖੇ ਲਾ ਦਿੱਤੀ; ਉਹ ਵੀ ਪ੍ਰਸਿੱਧੀ, ਮਾਨਤਾ ਤੇ ਮਾਇਆ ਦੀ ਤਵੱਕੋ ਕੀਤੇ ਬਿਨਾ। ਮਾਇਆ ਦਾ ਮੋਹ ਤਾਂ ਉਨ੍ਹਾਂ ਨੂੰ ਮੁੱਢ ਤੋਂ ਹੀ ਨਹੀਂ ਸੀ, ਪ੍ਰਸਿੱਧੀ ਤੇ ਮਾਨਤਾ ਉਸ ਉਮਰੇ ਮਿਲਣੀ ਸ਼ੁਰੂ ਹੋਈ ਜਦੋਂ ਆਮ ਬੰਦਾ ਵਾਨਪ੍ਰਸਥੀ ਬਾਰੇ ਸੋਚਣਾ ਸ਼ੁਰੂ ਕਰ ਦਿੰਦਾ ਹੈ। ਉਹ ਖੁਦ ਨੂੰ ਗੁਰੂ-ਜੱਸ ਦਾ ਗਵੱਈਆ ਦੱਸਦੇ ਸਨ ਪਰ ਸਨ ਉਚਕੋਟੀ ਦੇ ਸੰਗੀਤ ਸ਼ਾਸਤਰੀ। ਗੁਰਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਨਿਰਧਾਰਤ ਰਾਗਾਂ ਵਿਚ ਗਾਉਣਾ ਅਤੇ ਇਸੇ ਸੋਚ-ਧਾਰਾ ਨੂੰ ਆਪਣੇ ਸ਼ਾਗਿਰਦਾਂ ਦੇ ਪੇਸ਼ੇਵਾਰਾਨਾ ਜੀਵਨ ਦਾ ਹਿੱਸਾ ਬਣਾਉਣਾ ਉਨ੍ਹਾਂ ਦਾ ਜੀਵਨ ਲਕਸ਼ ਸੀ। ਇਸੇ ਮਿਸ਼ਨ ਦੇ ਅਕੀਦਿਆਂ ਨੂੰ ਉਨ੍ਹਾਂ ਨੇ ਤਾਉਮਰ ਸਾਰਥਿਕ ਕੀਤਾ।


ਪ੍ਰਸਿੱਧੀ ਭਾਵੇਂ ਉਨ੍ਹਾਂ ਨੂੰ ਦੇਰ ਨਾਲ ਮਿਲੀ ਪਰ ਮਿਲੀ ਸੱਚਮੁੱਚ ਫਖਰ ਕਰਨ ਵਾਲੀ। ਪੰਜਾਬ ਤੋਂ ਇਲਾਵਾ ਜੰਮੂ ਖੇਤਰ ਦੀਆਂ ਯੂਨੀਵਰਸਿਟੀਆਂ ਨੇ ਵੀ ਉਨ੍ਹਾਂ ਨੂੰ ਫੈਲੋਸ਼ਿਪਾਂ ਦਿੱਤੀਆਂ। ਕੌਮੀ ਪੱਧਰ ਦੀਆਂ ਸੰਗੀਤ ਸੰਸਥਾਵਾਂ ਨੇ ਉਨ੍ਹਾਂ ਦੇ ਹੁਨਰ ਅਤੇ ਸਾਧਨਾ ਦਾ ਮਾਣ-ਸਨਮਾਨ ਕੀਤਾ। ਭਾਰਤੀ ਸੰਗੀਤ ਨਾਟਕ ਅਕੈਡਮੀ ਦਾ ਪੁਰਸਕਾਰ 2008 ਵਿਚ 80 ਸਾਲ ਦੀ ਉਮਰ ਵਿਚ ਮਿਲਿਆ। ਗੁਰਮਤਿ ਸੰਗੀਤ ਦੇ ਕਿਸੇ ਸਾਧਕ ਦਾ ਇਹ ਪਹਿਲਾ ਕੌਮੀ ਪੱਧਰ ਦਾ ਸਨਮਾਨ ਸੀ। ਫਿਰ 2021 ਵਿਚ ਭਾਰਤ ਸਰਕਾਰ ਨੇ ਉਨ੍ਹਾਂ ਨੂੰ 'ਪਦਮਸ੍ਰੀ' ਦੀ ਉਪਾਧੀ ਨਾਲ ਨਿਵਾਜਿਆ। ਅਜਿਹੇ ਸਨਮਾਨਾਂ-ਐਜਾਜ਼ਾਂ ਦੇ ਬਾਵਜੂਦ ਉਨ੍ਹਾਂ ਦੇ ਨਿੱਤ-ਨੇਮ ਜਾਂ ਜੀਵਨ ਸ਼ੈਲੀ ਵਿਚ ਕੋਈ ਤਬਦੀਲੀ ਨਹੀਂ ਆਈ। ਅਭਿਆਸ, ਅਧਿਐਨ ਤੇ ਅਧਿਆਪਨ ਪਹਿਲਾਂ ਵਾਂਗ ਹੀ ਚੱਲਦੇ ਰਹੇ। ਤਸੱਲੀ ਸਿਰਫ ਇਸ ਗੱਲ ਦੀ ਰਹੀ ਕਿ ਅਧਿਐਨ ਲਈ ਲੋੜੀਂਦੇ ਸਾਧਨ ਵੱਧ ਆਸਾਨੀ ਨਾਲ ਮਿਲਣ ਲੱਗੇ।

ਐਤਕੀਂ 2 ਜਨਵਰੀ ਨੂੰ ਪ੍ਰੋ. ਕਰਤਾਰ ਸਿੰਘ ਲੁਧਿਆਣਾ ਵਿਖੇ ਇਸ ਜਹਾਨ ਤੋਂ ਰੁਖਸਤ ਹੋ ਗਏ। 94 ਵਰ੍ਹਿਆਂ ਦੀ ਅਉਧ ਸੁਣਨ ਵਿਚ ਛੋਟੀ ਨਹੀਂ ਲੱਗਦੀ ਪਰ ਪ੍ਰੋਫੈਸਰ ਸਾਹਿਬ ਆਖਰੀ ਕੁਝ ਦਿਨਾਂ ਨੂੰ ਛੱਡ ਕੇ ਪੂਰੇ ਸਿਹਤਯਾਬ ਸਨ। ਹਸਪਤਾਲ ਦਾਖਲ ਹੋਣ ਤੋਂ ਪਹਿਲਾਂ ਉਹ 'ਗੁਰਮਤਿ ਸੰਗੀਤ ਦਰਪਣ' ਦੀ ਨਵੀਂ ਜਿਲਦ ਨੂੰ ਅੰਤਿਮ ਛੋਹਾਂ ਦੇ ਰਹੇ ਸਨ। ਇਸ ਪੁਸਤਕ ਲੜੀ ਤੋਂ ਇਲਾਵਾ ਉਨ੍ਹਾਂ ਨੇ 'ਗੁਰਬਾਣੀ ਸੰਗੀਤ ਦਰਪਣ', 'ਗੁਰੂ ਅੰਗਦ ਦੇਵ ਸੰਗੀਤ ਦਰਪਣ', 'ਗੁਰੂ ਤੇਗ ਬਹਾਦਰ ਸੰਗੀਤ ਦਰਪਣ' ਤੇ 'ਭਗਤ ਬਾਣੀ ਸੰਗੀਤ ਦਰਪਣ' ਪੁਸਤਕਾਂ ਵੀ ਲਿਖੀਆਂ। ਗੁਰ-ਸ਼ਬਦਾਂ ਦੀਆਂ ਨੋਟੇਸ਼ਨਾਂ ਅਤੇ ਇਨ੍ਹਾਂ ਲਈ ਨਿਰਧਾਰਤ ਰਾਗਾਂ-ਥਾਟਾਂ ਦੇ ਮਹੱਤਵ ਬਾਰੇ ਜਾਣਕਾਰੀ ਮੁਹੱਈਆ ਕਰਨ ਵਾਲੀਆਂ ਇਹ ਪੁਸਤਕਾਂ ਭਾਵੇਂ ਬੁਨਿਆਦੀ ਤੌਰ ਤੇ ਕੀਰਤਨੀਆਂ ਜਾਂ ਸੰਗੀਤ ਦੇ ਵਿਦਿਆਰਥੀਆਂ ਲਈ ਹਨ, ਫਿਰ ਵੀ ਇਨ੍ਹਾਂ ਅੰਦਰਲੀ ਜਾਣਕਾਰੀ ਆਮ ਪਾਠਕ ਨੂੰ ਵੀ ਸੰਗੀਤਕ ਗਿਆਨ ਨਾਲ ਲੈਸ ਕਰਦੀ ਹੈ। ਸਾਰੀਆਂ ਪੁਸਤਕਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਛਾਪੀਆਂ। ਇਨ੍ਹਾਂ ਪੁਸਤਕਾਂ ਦੀਆਂ 50 ਹਜ਼ਾਰ ਤੋਂ ਵੱਧ ਕਾਪੀਆਂ ਵਿਕ ਚੁੱਕੀਆਂ ਹਨ ਪਰ ਪ੍ਰੋਫੈਸਰ ਸਾਹਿਬ ਨੇ ਇਨ੍ਹਾਂ ਬਦਲੇ ਕਦੇ ਰਾਇਲਟੀ ਦੀ ਮੰਗ ਨਹੀਂ ਸੀ ਕੀਤੀ। ਉਨ੍ਹਾਂ ਦੀ ਬਸ ਇਕੋ ਸ਼ਰਤ ਸੀ ਕਿ ਹਰ ਪੁਸਤਕ ਦੀ ਕੀਮਤ ਏਨੀ ਕੁ ਵਾਜਬ ਰੱਖੀ ਜਾਵੇ ਕਿ ਗਰੀਬ ਘਰਾਂ ਤੋਂ ਆਏ ਬੱਚੇ ਵੀ ਇਨ੍ਹਾਂ ਨੂੰ ਖਰੀਦ ਸਕਣ।

ਪ੍ਰੋ. ਕਰਤਾਰ ਸਿੰਘ ਦਾ ਜਨਮ 3 ਅਪਰੈਲ 1928 ਨੂੰ ਪਿੰਡ ਘੁਮਾਣਕੇ (ਜ਼ਿਲ੍ਹਾ ਲਾਹੌਰ) ਵਿਚ ਹੋਇਆ। ਸ਼ਬਦ ਕੀਰਤਨ ਉਨ੍ਹਾਂ ਨੇ 13 ਵਰ੍ਹਿਆਂ ਦੀ ਉਮਰ ਵਿਚ ਗਿਆਨੀ ਗੁਰਚਰਨ ਸਿੰਘ ਤੋਂ ਸਿੱਖਣਾ ਸ਼ੁਰੂ ਕੀਤਾ। ਬਾਅਦ ਵਿਚ ਭਾਈ ਸੁੰਦਰ ਸਿੰਘ ਕਸੂਰਵਾਲੇ ਤੇ ਭਾਈ ਦਲੀਪ ਸਿੰਘ ਦੇ ਵੀ ਉਹ ਸ਼ਾਗਿਰਦ ਰਹੇ। ਸੰਗੀਤ ਸਿੱਖਿਆ ਦੇ ਨਾਲ ਨਾਲ ਉਨ੍ਹਾਂ ਨੇ ਨਿਯਮਿਤ ਪੜ੍ਹਾਈ ਵੀ ਜਾਰੀ ਰੱਖੀ।

ਪਾਕਿਸਤਾਨ ਬਣਨ ਮਗਰੋਂ ਉਹ ਲੁਧਿਆਣੇ ਆ ਵਸੇ। ਜ਼ਿੰਦਗੀ ਲੀਹ ਤੇ ਲਿਆਉਣ ਲਈ ਕੀਰਤਨੀਏ ਬਣੇ ਪਰ ਨਾਲ ਸ਼ਾਸਤਰੀ ਸੰਗੀਤ ਦਾ ਗਹਿਰ ਗਿਆਨ ਹਾਸਲ ਕਰਨ ਵਾਸਤੇ ਉਸਤਾਦ ਜੇ.ਐਸ. ਭੰਵਰਾ ਅਤੇ ਪੰਡਿਤ ਬਲਵੰਤ ਰਾਏ ਜਾਇਸਵਾਲ ਦੀ ਸ਼ਾਗਿਰਦੀ ਵੀ ਕੀਤੀ। ਉਨ੍ਹਾਂ ਦੀ ਆਵਾਜ਼ ਵਿਚ ਅਨੂਠੀ ਮਿਠਾਸ ਸੀ ਜਿਸ ਨੂੰ ਰਿਆਜ਼ ਅਤੇ ਨਿਯਮਿਤ ਅਭਿਆਸ ਨੇ ਹੋਰ ਵੀ ਨਿਖਾਰਿਆ। ਇਹ ਮਿਠਾਸ ਉਮਰ ਦੇ 90ਵਿਆਂ ਵਿਚ ਵੀ ਉਨ੍ਹਾਂ ਦੇ ਅੰਗ-ਸੰਗ ਰਹੀ। ਕੀਰਤਨੀਏ ਬਣਨ ਦੇ ਕੁਝ ਵਰ੍ਹਿਆਂ ਬਾਅਦ ਉਨ੍ਹਾਂ ਨੇ ਸੰਗੀਤ ਅਧਿਆਪਨ ਨੂੰ ਪੇਸ਼ਾ ਬਣਾਉਣਾ ਚੁਣਿਆ। ਇਸ ਫੈਸਲੇ ਸਦਕਾ ਸੰਗੀਤ ਭਾਰਤੀ ਨਾਂ ਦੀ ਅਕੈਡਮੀ 1960 ਵਿਚ ਵਜੂਦ ਵਿਚ ਆਈ। ਉਨ੍ਹਾਂ ਨੇ ਕਾਲਜਾਂ ਵਿਚ ਵੀ ਪੜ੍ਹਾਇਆ। ਗੁਰੂ ਨਾਨਕ ਗਰਲਜ਼ ਕਾਲਜ ਲੁਧਿਆਣਾ ਤੋਂ ਵਾਈਸ ਪ੍ਰਿੰਸੀਪਲ ਵਜੋਂ ਸੇਵਾਮੁਕਤ ਹੋਏ। 1999 'ਚ ਸ਼੍ਰੋਮਣੀ ਕਮੇਟੀ ਨੇ ਆਨੰਦਪੁਰ ਸਾਹਿਬ 'ਚ ਗੁਰਮਤਿ ਸੰਗੀਤ ਅਕੈਡਮੀ ਬਣਾਉਣ ਅਤੇ ਚਲਾਉਣ ਦੀ ਤਾਉਮਰ ਜ਼ਿੰਮੇਵਾਰੀ ਸੌਂਪੀ। ਇਸ ਡਾਇਰੈਕਟਰਸ਼ਿਪ ਤੇ ਉਨ੍ਹਾਂ ਨੂੰ ਲੇਖਣ-ਕਾਰਜ ਲਈ ਲੋੜੀਂਦੀ ਮਾਇਕ ਸੁਰੱਖਿਆ ਮੁਹੱਈਆ ਕੀਤੀ।

ਪ੍ਰੋ. ਕਰਤਾਰ ਸਿੰਘ ਨੇ ਨਾ ਆਪਣੀ ਗਾਇਨ ਸ਼ੈਲੀ ਨਾਲ ਕੋਈ ਸਮਝੌਤਾ ਕੀਤਾ, ਨਾ ਹੀ ਆਪਣੇ ਹੁਨਰ ਨਾਲ। ਉਨ੍ਹਾਂ ਦਾ ਸੰਗੀਤ ਸ਼ੁੱਧ ਸੰਗੀਤ ਦੇ ਰਸੀਆਂ ਲਈ ਸੀ। ਤਾਨਪੁਰਾ ਉਨ੍ਹਾਂ ਦਾ ਸਥਾਈ ਸੰਗੀ ਸੀ। ਹੋਰ ਤੰਤੀ ਸਾਜ਼ਾਂ ਨਾਲ ਵੀ ਉਨ੍ਹਾਂ ਨੂੰ ਭਰਪੂਰ ਮੋਹ ਸੀ, ਸ਼ਾਇਦ ਮੁੱਢਲੇ ਦਿਨਾਂ ਦੌਰਾਨ ਰਬਾਬੀ ਭਾਈ ਕਰਮੂ (ਭਾਈ ਮਰਦਾਨੇ ਦੇ ਵੰਸ਼ਜਾਂ ਵਿਚੋਂ ਇਕ) ਦੀ ਸੰਗੀਤ ਕਰਨ ਕਰਕੇ। ਸੰਗੀਤ ਦੀਆਂ ਬਾਰੀਕੀਆਂ ਦੇ ਵਿਆਪਕ ਗਿਆਨ ਦੇ ਨਾਲ ਨਾਲ ਗੁਰਬਾਣੀ ਦਾ ਵੀ ਉਨ੍ਹਾਂ ਨੂੰ ਭਰਪੂਰ ਗਿਆਨ ਸੀ। ਪ੍ਰਮਾਣ ਉਨ੍ਹਾਂ ਦੀ ਕੀਰਤਨ ਸ਼ੈਲੀ ਦਾ ਅਭਿੰਨ ਅੰਗ ਸਨ। ਆਪਣੇ ਹੁਨਰ ਨੂੰ ਮਾਇਕ ਤੌਰ 'ਤੇ ਭੁਨਾਉਣ ਦੀ ਲਾਲਸਾ ਉਨ੍ਹਾਂ ਦੀ ਸ਼ਖਸੀਅਤ ਦਾ ਹਿੱਸਾ ਨਹੀਂ ਸੀ। ਪ੍ਰਸਿੱਧੀ ਜਦੋਂ ਆਈ ਤਾਂ ਉਨ੍ਹਾਂ ਦੀਆਂ ਸੰਗੀਤਕ ਪ੍ਰਾਪਤੀਆਂ ਕਾਰਨ ਆਈ, ਪ੍ਰਚਾਰ-ਪ੍ਰਸਾਰ ਦੇ ਸਹਾਰੇ ਨਹੀਂ। ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਦੀ ਪਤਨੀ ਗੁਰਸ਼ਰਨ ਕੌਰ ਨੇ ਕਿਸੇ ਅਖਬਾਰ ਵਿਚ ਪ੍ਰੋਫੈਸਰ ਬਾਰੇ ਲੇਖ ਪੜ੍ਹ ਕੇ ਉਨ੍ਹਾਂ ਦੇ ਸ਼ਬਦ ਕੀਰਤਨ ਦੀ ਸੀ.ਡੀ. ਮੰਗਵਾਈ। ਫਿਰ ਲੁਧਿਆਣੇ ਦੀ ਨਿਜੀ ਫੇਰੀ ਦੌਰਾਨ ਉਨ੍ਹਾਂ ਪ੍ਰੋਫੈਸਰ ਨਾਲ ਉਚੇਚੇ ਤੌਰ 'ਤੇ ਮੁਲਾਕਾਤ ਕੀਤੀ। ਉਘੇ ਸ਼ਾਸਤਰੀ ਗਾਇਕ 'ਪਦਮ ਭੂਸ਼ਨ' ਪੰਡਿਤ ਅਜੌਇ ਚੱਕਰਵਰਤੀ ਜੋ ਕੋਲਕਾਤਾ ਰਹਿੰਦਿਆਂ ਖੁਦ ਨੂੰ ਪਟਿਆਲਾ ਕਸੂਰ ਘਰਾਣੇ ਦਾ ਸ਼ੈਲੀਕਾਰ ਦੱਸਦੇ ਹਨ, ਨੇ ਹਾਲ ਹੀ ਵਿਚ ਇਕ ਇੰਟਰਵਿਊ ਦੌਰਾਨ ਕਿਹਾ ਕਿ ਉਨ੍ਹਾਂ ਨੇ ਖਿਆਲ ਗਾਇਕੀ ਦੀਆਂ ਕਈ ਬਾਰੀਕੀਆਂ ਪ੍ਰੋਫੈਸਰ ਸਾਹਿਬ ਦੀ ਗਾਇਕੀ ਤੋਂ ਸਿੱਖੀਆਂ। ਪ੍ਰੋਫੈਸਰ ਸਾਹਿਬ ਦੀ ਸੁਰ-ਸਾਧਨਾ ਨੂੰ ਇਸ ਤੋਂ ਵੱਡੀ ਅਕੀਦਤ ਹੋਰ ਕੀ ਹੋ ਸਕਦੀ ਹੈ?





ਭਾਈ ਬਲਦੀਪ ਸਿੰਘ ਪ੍ਰੋ. ਕਰਤਾਰ ਸਿੰਘ ਦੇ ਵਿਚਾਰ ਰਿਕਾਰਡ ਕਰਦੇ ਹੋਏ ਅਤੇ (ਸੱਜੇ) ਪ੍ਰੋ. ਕਰਤਾਰ ਸਿੰਘ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਜਨਵਰੀ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-518



**ਵੰਡੀ ਗਈ ਧਰਤ ਪਾ ਕੇ, ਵਾਘੇ ਦੀ ਲਕੀਰ ਸੀ,**
**ਵਹਿਸ਼ੀ ਹੋ ਗਏ ਲੋਕ, ਹੋਏ ਰਾਜੇ ਵੀ ਫ਼ਕੀਰ ਸੀ।**
**ਮਾਵਾਂ ਤੋਂ ਪੁੱਤ-ਧੀਆਂ, ਵਿੱਛੜੇ ਭੈਣਾਂ ਤੋਂ ਵੀਰ ਸੀ,**
**ਖੁੱਲ੍ਹਿਆ ਹੈ ਲਾਂਘਾ, ਮਿਲੇ ਦਿਲ ਦਿਲਗੀਰ ਸੀ।**

## ਕੈਪਸ਼ਨ ਮੁਕਾਬਲਾ-516



ਜਦ ਖੁਸ਼ੀ ਦਾ ਮੌਕਾ ਆਉਂਦਾ
ਸਭ ਦੇ ਮੁੱਖ 'ਤੇ ਖੇੜਾ ਆਵੇ।
ਰੰਗ-ਬਿਰੰਗੇ ਦੁਪੱਟੇ ਲਿਸ਼ਕਣ,
ਚੂੜਾ ਵੀਣੀ ਉੱਤੇ ਸੁਹਾਵੇ।
ਮੁੱਖੜੇ ਦੇ ਨਾਲ ਹੱਸਣ ਅੱਖਾਂ,
ਮਾਨੋਂ, ਕੁੱਲ ਆਲਮ ਨਸ਼ਿਆਵੇ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਧੀਆਂ ਨੂੰ ਜੇ ਅੰਬਰੀਂ ਉਡਾਰੀਆਂ
ਦੀ ਮਿਲੇ ਆਜ਼ਾਦੀ
ਵਿਹੜੇ '
ਚ ਅੰਮੜੀ ਦੇ ਮਹਿਫਲਾਂ
ਮਹਿਕਾਂ ਮਾਰਦੀਆਂ।
ਰੂਹ ਔਰਤ ਦੀ ਜਿਹੜਾ ਬੁੱਝ ਲੈਂਦਾ,
ਉਸ ਉਤੇ ਆਪਾ ਨੇ ਵਾਰਦੀਆਂ।
ਪਹਾੜ ਜਿੱਡੀਆਂ ਮੁਸੀਬਤਾਂ
'ਚ ਵੀ ਨਾ ਡੋਲੇ,
ਔਰਤ ਹੁੰਦੀ ਪਰਿਵਾਰ ਦੀ ਰੀੜ੍ਹ ਦੀ ਹੱਡੀ
ਮਰਦ-ਔਰਤ ਦੀ ਸਮਝ ਤੇ ਸਾਂਝ ਨਾਲ
ਪੱਕੇ ਪੈਰੀਂ ਚੱਲੇ ਗ੍ਰਹਿਸਥ-ਗੱਡੀ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾ (ਪਟਿਆਲਾ)***
***ਫੋਨ: 98784-69639***

---

ਪੈਸੇ ਦੇ ਮੁਹਤਾਜ ਨਹੀਂ ਹਾਸੇ,
ਮਨ ਦੀ ਖੁਸ਼ੀ ਖਿਲਾਰਨ ਹਾਸੇ,
ਆਪਣਾ ਜਦ ਕੋਈ ਨਜ਼ਰ ਪੈ ਜਾਵੇ,
ਦਬੀਆਂ ਖੁਸ਼ੀਆਂ ਉਭਾਰਨ ਹਾਸੇ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਹੱਸਦਾ ਹੋਇਆ ਨੂਰਾਨੀ ਚਿਹਰਾ,
ਕਾਲੀਆਂ ਜ਼ੁਲਫਾਂ ਰੰਗ ਸੁਨਹਿਰਾ,
ਲਾਜਵਾਬ ਹੈ ਜ਼ਿੰਦਗੀ ਦਾ ਫਸਾਨਾ,
ਹਰ ਕੋਈ ਸਿੱਖੇ ਇਸ ਤੋਂ ਮੁਸਕਰਉਣਾ,
ਪਰ ਕੋਈ ਵੀ ਹਾਸਿਆਂ ਨੂੰ
ਨਜ਼ਰ ਨਾ ਲਾਉਣਾ
ਬੜਾ ਦਰਦ ਸਹਿ ਕੇ
ਸਿੱਖਿਆ ਮੁਸਕੁਰਾਉਣਾ।
***-ਬੱਲਾ ਲਬਾਣਾ***
***ਫੋਨ: 84823-58344***

---

ਚਿੱਟੇ ਦੰਦ, ਤਿੱਖੇ ਨੈਣ ਨਕਸ਼
ਕੀਲ ਦਿੰਦੇ ਪਹਿਲੀ ਹੀ ਤੱਕਣੀ 'ਚ
ਸੇਹ ਦੇ ਤੱਕਲੇ ਵਾਂਗ
ਅਮੀਰ ਗਰੀਬ ਦਾ ਨਹੀਂ ਹੈ ਕੋਈ ਵਾਸਤਾ,
ਪਰ ਹੈ ਤਾਂ ਇਨਸਾਨ
ਕੀ ਫਰਕ ਪੈਂਦਾ, ਹੋਵੇ ਫੀਨਾ ਨੱਕ ਭਾਵੇਂ।
ਕਈ ਕਹਾਵਤਾਂ ਹਨ ਪ੍ਰਚੱਲਿਤ
'ਗੋਰਾ ਰੰਗ ਡੱਬੀਆਂ 'ਚ ਆਇਆ,
ਕਾਲਿਆਂ ਨੂੰ ਖਬਰ ਕਰੋ।'
***-ਦਰਸ਼ਨ ਪਾਲ ਦੋਸਾਂਝ***

---

ਕੀ ਹੋਇਆ ਜੇ ਮਿਲੀ ਗਰੀਬੀ,
ਪੱਲੇ ਪਈ ਬਦਨਸੀਬੀ,
ਦਿਲ 'ਚ ਚਾਅ, ਉਮੰਗਾਂ ਵਿਗਸਣ,
ਭਾਗਾਂ 'ਚ ਲਿਖ ਰੱਬਾ ਖੁਸ਼ਨਸੀਬੀ।
***-ਲਖਵਿੰਦਰ ਸਿੰਘ ਰੰਧਾਵਾ***
***ਫੋਨ: 94634-71945***

---

ਰੰਗ ਭਾਵੇਂ ਪੱਕਾ ਏ,
ਹਾਸਾ ਬੜਾ ਸੱਚਾ ਏ
ਲੱਖ ਭਾਵੇਂ ਔਖਿਆਈ ਏ
ਪਰ ਮੁੱਖ 'ਤੇ ਲਾਲੀ ਛਾਈ ਏ।

ਮੰਨਿਆ ਨਸੀਬ ਕੱਚੇ ਨੇ,
ਪਰ ਇਰਾਦੇ ਬੜੇ ਪੱਕੇ ਨੇ,
ਮਿਹਨਤ ਕਰ ਕੇ ਖਾਂਦੇ ਹਾਂ,
ਕਿਸੇ ਅੱਗੇ ਹੱਥ ਨਾ ਫੈਲਾਉਂਦੇ ਹਾਂ।

ਕਹਿੰਦੇ ਬਾਜ਼ੀਗਰ ਸਾਨੂੰ
ਭਾਵੇਂ ਰਹਿਣ ਨੂੰ ਪੱਕਾ ਟਿਕਾਣਾ ਨਾ,
ਹੱਸ ਖੇਡ ਕੇ ਜ਼ਿੰਦਗੀ ਕੱਟ ਲਈਦੀ
ਅਸੀ ਸਿੱਖਿਐ ਕਿਸੇ ਨੂੰ ਰਵਾਉਣਾ ਨਾ।
-ਅੰਮ੍ਰਿਤ ਰੰਧਾਵਾ

---

# ਨਫਰਤ ਦੀ ਦੀਵਾਰ ਵਿਚ ਮੁਹੱਬਤਾਂ ਦੀ ਖਿੜਕੀ

***ਸੰਨ 1947 ਵਿਚ ਭਾਰਤ ਦੀ ਆਜ਼ਾਦੀ ਮੌਕੇ ਪੰਜਾਬੀਆਂ ਨੂੰ ਬਹੁਤ ਵੱਡੇ ਸੰਤਾਪ ਵਿਚੋਂ ਲੰਘਣਾ ਪਿਆ। ਇਸ ਸੰਤਾਪ ਦਾ ਦਰਦ ਅੱਜ ਤੱਕ ਮਹਿਸੂਸ ਕੀਤਾ ਜਾ ਸਕਦਾ ਹੈ। ਪੰਜਾਬੀ ਕਹਾਣੀਕਾਰ ਸਾਂਵਲ ਧਾਮੀ ਨੇ ਸੰਤਾਲੀ ਦੇ ਇਸ ਦਰਦ ਨੂੰ ਆਪਣੀ ਕਿਤਾਬ 'ਦੁੱਖੜੇ ਸੰਨ ਸੰਤਾਲੀ ਦੇ' ਵਿਚ ਪਰੋਇਆ ਹੈ। ਯਾਦਵਿੰਦਰ ਸਿੰਘ ਨੇ ਆਪਣੇ ਇਸ ਲੇਖ ਵਿਚ ਸੰਤਾਲੀ ਦੇ ਇਸ ਦਰਦ ਨੂੰ ਇਸ ਕਿਤਾਬ ਦੇ ਹਵਾਲੇ ਨਾਲ ਆਪਣੇ ਢੰਗ ਨਾਲ ਪੇਸ਼ ਕੀਤਾ ਹੈ।***

ਮੈਂ ਸੁਣਿਆ ਹੈ ਕਿ ਆਪਣੀ ਆਬਰੂ ਦੀ ਰੱਖਿਆ ਲਈ ਕਈ ਔਰਤਾਂ ਨੇ ਮੌਤ ਨੂੰ ਗਲ ਲਾਇਆ ਅਤੇ ਕਈਆਂ ਨੂੰ ਉਨ੍ਹਾਂ ਦੇ ਮਰਦਾਂ ਨੇ ਆਪਣੇ ਹੱਥੀਂ ਕਤਲ ਕਰ ਦਿੱਤਾ। ਇਹੋ ਜਿਹੀਆਂ ਘਟਨਾਵਾਂ ਨੇ ਮੇਰੇ ਮਨ 'ਤੇ ਗਹਿਰੀ ਛਾਪ ਛੱਡੀ ਏ। ਇੱਥੋਂ ਪਤਾ ਲੱਗਦਾ ਏ ਕਿ ਭਾਰਤ ਕਿੰਨਾ ਨਿਡਰ ਮੁਲਕ ਏ। ਜ਼ਿੰਦਗੀ ਤੇ ਮੌਤ ਤਾਂ ਪਲ-ਛਿਣ ਦੀ ਖੇਡ ਹੈ। ਮਰਨ ਵਾਲੀਆਂ ਸੂਰਮਗਤੀ ਨਾਲ ਏਸ ਜਹਾਨ ਤੋਂ ਰੁਖਸਤ ਹੋਈਆਂ। ਉਨ੍ਹਾਂ ਆਪਣੀ ਇੱਜ਼ਤ ਦਾਅ 'ਤੇ ਨਹੀਂ ਲੱਗਣ ਦਿੱਤੀ। ਇਹ ਨਹੀਂ ਕਿ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਪਿਆਰੀ ਨਹੀਂ ਸੀ ਪਰ ਉਨ੍ਹਾਂ ਨੂੰ ਲੱਗਿਆ ਕਿ ਇਸਲਾਮ ਧਾਰਨ ਕਰਨ ਜਾਂ ਆਪਣਾ ਜਿਸਮ ਮੁਸਲਮਾਨਾਂ ਨੂੰ ਸੌਂਪ ਦੇਣ ਨਾਲੋਂ ਬਹਾਦਰੀ ਨਾਲ ਮਰਨਾ ਕਿਤੇ ਬਿਹਤਰ ਹੈ। ਜਦੋਂ ਮੈਂ ਇਹੋ ਜਿਹੀਆਂ ਗੱਲਾਂ ਸੁਣਦਾ ਹਾਂ ਤਾਂ ਖੁਸ਼ੀ ਨਾਲ ਨੱਚ ਉਠਦਾ ਹਾਂ। ਮੈਨੂੰ ਫਖਰ ਹੁੰਦਾ ਏ ਕਿ ਭਾਰਤੀ ਨਾਰੀ ਕਿੰਨੀ ਦਲੇਰ ਏ। (ਮਹਾਤਮਾ ਗਾਂਧੀ, ਪ੍ਰਾਰਥਨਾ ਸਭਾ 'ਚ ਕੀਤੀ ਤਕਰੀਰ ਦਾ ਹਿੱਸਾ)

ਸੰਨ ਸੰਤਾਲੀ ਦੇ ਹਵਾਲੇ ਨਾਲ ਕੀਤੀ ਮਹਾਤਮਾ ਗਾਂਧੀ ਦੀ ਤਕਰੀਰ ਦੇ ਇਸ ਅੰਸ਼ ਵਿਚੋਂ ਭਾਰਤੀ ਉਪ ਮਹਾਂਦੀਪ ਦੇ ਅੰਤਰ-ਮਨ ਦੀ ਕਨਸੋਅ ਮਿਲਦੀ ਹੈ। ਪਤਾ ਲੱਗਦਾ ਹੈ ਕਿ ਕਿਵੇਂ ਇਨ੍ਹਾਂ ਦਿਨਾਂ ਵਿਚ ਅਸੀਂ ਸਰਹੱਦਾਂ ਦੇ ਨਾਲ-ਨਾਲ ਆਪਣੇ ਧੁਰ ਅੰਦਰ ਦੀ ਵੀ ਮੋਰਚਾਬੰਦੀ ਕਰ ਲਈ ਸੀ।



**ਯਾਦਵਿੰਦਰ ਸਿੰਘ**
ਫੋਨ: +91-70420-73084

ਬੇਕਿਰਕ ਕਤਲ ਹੋਇਆਂ ਨੂੰ ਸ਼ਹੀਦ ਕਹਿ ਕੇ ਦੋਵਾਂ ਮੁਲਕਾਂ ਦੀਆਂ ਰਿਆਸਤਾਂ ਨੇ ਆਪੋ-ਆਪਣੀ ਲੋਕਾਈ ਨੂੰ ਠੁੰਮਣਾ ਦੇ ਦਿੱਤਾ। ਸਾਨੂੰ ਲੱਗਿਆ ਕਿ ਆਜ਼ਾਦੀ ਦੇ ਯੱਗ ਲਈ ਵਡੇਰੀ ਆਹੂਤੀ ਦੀ ਲੋੜ ਹੈ। ਲਿਹਾਜ਼ਾ, ਦਸ ਲੱਖ ਲੋਕਾਂ ਦਾ ਕਤਲ ਏਸ 'ਕੁਰਬਾਨੀ' ਦੇ ਖਾਤੇ ਪਾ ਕੇ ਅਸੀਂ ਸੁਰਖ਼ਰੂ ਹੋ ਗਏ। ਇਹ ਵੱਖਰੀ ਗੱਲ ਹੈ ਕਿ ਸੱਤਾ ਲਈ ਇਹ ਕੁਰਬਾਨੀਆਂ ਮਹਿਜ਼ ਗਿਣਤੀਆਂ-ਮਿਣਤੀਆਂ ਸਨ; ਕਿੰਨੇ ਕਤਲ ਹੋਏ, ਕਿੰਨੇ ਉੱਜੜੇ, ਕਿੰਨੀਆਂ ਔਰਤਾਂ ਬੇਪੱਤ ਹੋਈਆਂ ਤੇ ਕਿੰਨੀਆਂ ਉਧਾਲੀਆਂ ਗਈਆਂ; ਤਾਰੀਖ ਵਿਚ ਦਰਜ ਅੰਕੜਿਆਂ ਤੋਂ ਬਿਨਾ, ਆਜ਼ਾਦੀ ਦੀ ਨੀਂਹ ਹੇਠ ਦਫਨ ਇਨ੍ਹਾਂ ਅਣਗੌਲੇ ਸ਼ਹੀਦਾਂ ਦਾ ਕੋਈ ਸਿਰਨਾਵਾਂ ਨਹੀਂ। ਬਟਵਾਰੇ ਦੀ ਇਤਿਹਾਸਕਾਰੀ 'ਤੇ ਨਹਿਰੂ, ਗਾਂਧੀ, ਜਿਨਾਹ, ਤਾਰਾ ਸਿੰਘ, ਮਾਊਂਟਬੈਟਨ, ਰੈਡਕਲਿੱਫ ਦਾ ਬਿਆਨੀਆ ਇਸ ਕਦਰ ਭਾਰੂ ਰਿਹਾ ਕਿ ਤਾਰੀਖ ਕੋਲ ਮੋਏ ਤੇ ਉੱਜੜੇ ਲੋਕਾਂ ਲਈ ਕੋਈ ਥਾਂ ਨਾ ਬਚੀ।

ਸੰਤਾਲੀ ਦੀ ਵੱਢ-ਟੁੱਕ ਬਾਰੇ ਇਤਿਹਾਸ ਦੀ ਇਹ ਚੁੱਪ ਹੌਲੀ-ਹੌਲੀ ਨਾਸੂਰ ਬਣਨ ਲੱਗੀ ਤਾਂ ਇਸ ਦੀਆਂ ਜੜ੍ਹਾਂ ਸਾਡੇ ਧੁਰ ਅੰਦਰ ਤੱਕ ਫੈਲ ਗਈਆਂ। ਆਪਣੇ ਘਰ ਤੇ ਜ਼ਮੀਨ ਤੋਂ ਜਲਾਵਤਨ ਹੋਏ ਪੰਜਾਬੀਆਂ ਦੇ ਅੰਦਰ-ਖਾਤੇ ਇਹ ਸਦਮਾ ਰਿੱਝਦਾ ਰਿਹਾ ਪਰ ਕਦੇ ਲੋਕ ਬਹਿਸ ਦਾ ਹਿੱਸਾ ਨਹੀਂ ਬਣਿਆ। ਬੰਦੇ ਦੀ ਤ੍ਰਾਸਦੀ ਹੈ ਕਿ ਉਹ ਆਪਣੀਆਂ ਕੌੜੀਆਂ-ਕੁਸੈਲੀਆਂ ਯਾਦਾਂ ਨੂੰ ਜਿੰਨਾ ਭੁਲਾਉਣ ਦੀ ਕੋਸ਼ਿਸ਼ ਕਰਦਾ ਹੈ, ਉਹ ਓਨੀਆਂ ਹੀ ਉਸ ਦੇ ਚੇਤਿਆਂ ਵਿਚ ਖਲਲ ਪਾਉਂਦੀਆਂ ਹਨ। ਚਾਹ ਕੇ ਵੀ ਉਹ ਇਨ੍ਹਾਂ ਤੋਂ ਸੁਰਖ਼ਰੂ ਨਹੀਂ ਹੋ ਸਕਦਾ। ਪੌਣੀ ਸਦੀ ਬੀਤ ਜਾਣ ਦੇ ਬਾਵਜੂਦ ਸੰਤਾਲੀ ਦਾ ਪ੍ਰੇਤ ਹਾਲੇ ਵੀ ਸਾਡਾ ਖਹਿੜਾ ਨਹੀਂ ਛੱਡ ਰਿਹਾ। ਇਹ ਮੁੜ-ਮੁੜ ਸਾਡੇ ਚੇਤਿਆਂ ਨੂੰ ਕੁਰੇਦਦਾ ਹੈ। ਬੇਵਜ੍ਹਾ ਕਤਲ ਹੋਇਆਂ ਦਾ ਹਿਸਾਬ ਮੰਗਦਾ ਹੈ। ਪਤਾ ਨਹੀਂ ਏਸ ਪ੍ਰੇਤ ਨੇ ਸਾਡੀਆਂ ਕਿੰਨੀਆਂ ਪੀੜ੍ਹੀਆਂ ਦੇ ਮੋਢਿਆਂ 'ਤੇ ਸਵਾਰ ਰਹਿਣਾ ਹੈ।

ਸੰਤਾਲੀ ਦਾ ਮਸਲਾ ਇਸ ਲਈ ਵੀ ਪੇਚੀਦਾ ਹੈ ਕਿ ਆਖਰ ਇਸ ਵੱਢ-ਟੁੱਕ ਦਾ ਇਲਜ਼ਾਮ ਕਿਸ ਦੇ ਸਿਰ ਮੜ੍ਹਿਆ ਜਾਵੇ। ਆਪਣੇ ਹੀ ਹਮਸਾਇਆਂ ਨੂੰ ਕਤਲ ਕਰਨ ਵਾਲੇ ਪੰਜਾਬੀ ਦੋਸ਼ ਦੇਣ ਵੀ ਤਾਂ ਕਿਸ ਨੂੰ? ਸਰਹੱਦ ਦੇ ਦੋਵੇਂ ਪਾਸੇ ਬਣੇ ਨਵੇਂ ਮੁਲਕਾਂ ਦੀ ਤਾਮੀਰ ਵਿਚ ਰੁੱਝੇ ਰਹਿਬਰਾਂ ਕੋਲ ਇਨ੍ਹਾਂ ਸਵਾਲਾਂ ਲਈ ਨਾ ਤਾਂ ਵਕਤ ਸੀ ਤੇ ਨਾ ਹੀ ਜੁਰਅਤ। ਲਿਹਾਜ਼ਾ, ਸੰਤਾਲੀ ਦਾ ਸਦਮਾ ਕਦੇ ਉੱਜੜੇ ਲੋਕਾਂ ਦੀਆਂ ਸਿਮਰਤੀਆਂ ਤੋਂ ਨਿਕਲ ਕੇ ਸਾਂਝੇ ਪੰਜਾਬ ਦਾ ਬਿਆਨੀਆ ਨਾ ਬਣ ਸਕਿਆ। ਬੇਸ਼ੱਕ ਇਸ ਬਾਬਤ ਕੁਝ ਨਿੱਜੀ ਕੋਸ਼ਿਸ਼ਾਂ ਜ਼ਰੂਰ ਹੁੰਦੀਆਂ ਰਹੀਆਂ। ਕੁਝ ਦਾਨਿਸ਼ਵਰਾਂ ਨੇ ਬਟਵਾਰੇ ਦਾ ਸੇਕ ਝੱਲਣ ਵਾਲਿਆਂ ਨਾਲ ਗੁਫਤਗੂ ਦਾ ਸਿਲਸਿਲਾ ਵਿੱਢਿਆ ਤਾਂ ਕਿ ਸਦੀ ਦੀ ਸਭ ਤੋਂ ਵੱਡੀ ਤ੍ਰਾਸਦੀ ਬਾਰੇ ਪਤਾ ਲੱਗੇ।



*ਸੰਤਾਲੀ ਦੇ ਸੰਤਾਪ ਬਾਰੇ ਚਿੱਤਰਕਾਰ ਪ੍ਰਾਣ ਨਾਥ ਮਾਗੋ ਦਾ ਬਣਾਇਆ ਚਿੱਤਰ 'ਮੌਰਨਰਜ਼'।*

***ਕਿਸੇ ਵੱਡੇ ਸੰਤਾਪ ਵਿਚੋਂ ਲੰਘਦਿਆਂ ਉਸ ਬਾਰੇ ਕੋਈ ਸਿਧਾਂਤਕ ਸਮਝ ਬਣਾਉਣੀ ਮੁਮਕਿਨ ਨਹੀਂ ਹੁੰਦੀ। 'ਦੁੱਖੜੇ ਸੰਨ ਸੰਤਾਲੀ ਦੇ' ਵਿਚਲੀਆਂ ਕਥਾਵਾਂ ਵੰਡ ਨਾਲ ਜੁੜੇ ਸਮਾਜਿਕ-ਸਿਆਸੀ ਕਾਰਨਾਂ ਦੀ ਪੜਚੋਲ ਦੇ ਰਾਹ ਨਹੀਂ ਪੈਂਦੀਆਂ। ਇਹ ਕੁਝ ਕੁ ਘਟਨਾਵਾਂ ਦੇ ਹਵਾਲੇ ਨਾਲ ਸੰਕਟ ਦੇ ਸਮੇਂ ਬਾਰੇ ਤਬਸਰਾ ਜ਼ਰੂਰ ਕਰਦੀਆਂ ਹਨ। ਲੋਕ ਸਿਮਰਤੀ ਵਿਚ ਪਈਆਂ ਘਟਨਾਵਾਂ ਸਾਂਵਲ ਦੇ ਨਜ਼ਰੀਏ ਨਾਲ ਖਹਿੰਦੀਆਂ ਆਪਣਾ ਵੱਖਰਾ ਸੱਚ ਘੜ ਲੈਂਦੀਆਂ ਹਨ। ਇਹ ਇਤਿਹਾਸ ਦਾ ਸੰਪੂਰਨ ਸੱਚ ਨਹੀਂ, ਟੁਕੜਿਆਂ ਵਿਚ ਤਕਸੀਮ ਕਥਾ ਦੀ ਅਧੂਰੀ ਇਬਾਰਤ ਹੈ। ਇਸੇ ਲਈ ਇਨ੍ਹਾਂ ਕਹਾਣੀਆਂ ਨੂੰ ਕਿਸੇ ਇਕਹਿਰੇ ਜ਼ਾਵੀਏ ਤੋਂ ਨਹੀਂ ਪੜ੍ਹਿਆ ਜਾ ਸਕਦਾ।***

ਸੰਤਾਲੀ ਦੇ ਚਸ਼ਮਦੀਦ ਗਵਾਹਾਂ ਨਾਲ ਕੀਤੀਆਂ ਮੁਲਾਕਾਤਾਂ ਨੂੰ 'ਪੰਜਾਬੀ ਟ੍ਰਿਬਿਊਨ' ਵਿਚ ਛਪਦੇ ਹਫਤਾਵਰੀ ਕਾਲਮ 'ਵੰਡ ਦੇ ਦੁੱਖੜੇ' ਅਤੇ ਯੂ-ਟਿਊਬ ਚੈਨਲ 'ਸੰਤਾਲੀਨਾਮਾ' 'ਤੇ ਨਸ਼ਰ ਕਰ ਕੇ ਸਾਂਵਲ ਧਾਮੀ ਨੇ ਬਟਵਾਰੇ ਦੇ ਸੰਤਾਪ ਨੂੰ ਮੁੜ ਫਰੋਲਿਆ ਹੈ। ਉਸ ਦੀ ਕਿਤਾਬ 'ਦੁੱਖੜੇ ਸੰਨ ਸੰਤਾਲੀ ਦੇ' ਵਿਚ ਵੀ ਬਟਵਾਰੇ ਦੇ ਝੰਬੇ, ਬੇਵਤਨ ਹੋਏ ਪੰਜਾਬੀਆਂ ਨਾਲ ਕੀਤੀ ਗੱਲਬਾਤ ਵਿਚੋਂ ਸਿਰਜੀਆਂ ਕਥਾਵਾਂ ਹਨ। ਪਝੰਤਰ ਵਰ੍ਹਿਆਂ ਤੋਂ ਕਈ ਕਿਸਮ ਦੀਆਂ ਗੰਢਾਂ ਮਨ ਵਿਚ ਲਈ ਸੰਤਾਲੀ ਦੇ ਚਸ਼ਮਦੀਦ ਗਵਾਹ ਹੌਲੀ-ਹੌਲੀ ਕਿਰ ਰਹੇ ਹਨ। ਸਾਂਵਲ ਨੇ ਬਟਵਾਰੇ ਦਾ ਮੰਜ਼ਰ ਆਪਣੀਆਂ ਅੱਖਾਂ ਨਾਲ ਤੱਕਣ ਵਾਲੇ ਤੇ ਹੁਣ ਜ਼ਿੰਦਗੀ ਦੀ ਪੱਤਝੜ ਹੰਢਾ ਰਹੇ ਅਜਿਹੇ ਹੀ ਲੋਕਾਂ ਦੇ ਅੰਤਰ-ਦੇਸ ਦੀ ਯਾਤਰਾ ਨੂੰ ਕਲਮਬੱਧ ਕੀਤਾ ਹੈ। ਹਿੰਦੋਸਤਾਨ/ਪਾਕਿਸਤਾਨ ਵਾਂਗ ਇਹ 'ਦੇਸ' ਕੋਈ ਨੇਸ਼ਨ-ਸਟੇਟ ਨਹੀਂ; ਪਿੱਛੇ ਰਹਿ ਗਿਆ ਨਗਰ-ਗ੍ਰਾਂ ਹੈ ਜਿਹੜਾ ਵਿੱਛੜ ਕੇ ਵੀ ਨਹੀਂ ਵਿੱਸਰਦਾ। ਜਲਾਵਤਨ ਹੋਏ ਲੋਕ ਜ਼ਿਹਨੀ ਤੌਰ 'ਤੇ ਕਦੇ ਇਸ ਤੋਂ ਵੱਖ ਨਹੀਂ ਹੋਏ। ਤਬਦੀਲੀ ਬੱਸ ਇਹ ਵਾਪਰੀ ਹੈ ਕਿ ਪਹਿਲਾਂ ਉਹ ਇਸ ਦੇਸ ਅੰਦਰ ਵੱਸਦੇ ਸਨ, ਹੁਣ ਇਹ ਵਤਨ ਉਨ੍ਹਾਂ 'ਚ ਵੱਸਦਾ ਹੈ।

'ਦੁੱਖੜੇ ਸੰਨ ਸੰਤਾਲੀ ਦੇ' ਵਿਚ ਸਿਰਫ ਉੱਜੜੇ ਲੋਕਾਂ ਦਾ ਹੀ ਜ਼ਿਕਰ ਸ਼ਾਮਲ ਨਹੀਂ; ਉਨ੍ਹਾਂ ਦੀ ਸਿਮਰਤੀ ਵਿਚ ਵੱਸੇ ਵਤਨ ਨਾਲ ਜੁੜੇ ਵਸਤ, ਵਰਤਾਰੇ ਤੇ ਯਾਦਾਂ ਦੀ ਤਰਤੀਬ ਨੂੰ ਵੀ ਇਹ ਕਿਤਾਬ ਪਰਤ-ਦਰ-ਪਰਤ ਖੋਲ੍ਹਦੀ ਹੈ। ਇਸ ਲੋਕ ਸਿਮਰਤੀ ਨੂੰ ਚੇਤੇ ਕਰਨਾ ਉਸ ਅਤੀਤ ਨਾਲ ਵਾਬਸਤਾ ਹੋਣਾ ਹੈ ਜਿਸ ਵਿਚ ਵਿਛੋੜਾ, ਸਦਮਾ ਤੇ ਕਦੇ ਵੀ ਵਾਪਸ ਨਾ ਪਰਤ ਸਕਣ ਦਾ ਝੋਰਾ ਸ਼ਾਮਲ ਹੈ। ਇਨ੍ਹਾਂ ਕਥਾਵਾਂ ਵਿਚੋਂ ਲੰਘਦਿਆਂ ਤੁਹਾਨੂੰ ਤਾ-ਉਮਰ ਜਲਾਵਤਨੀ ਝੱਲਣ ਵਾਲੇ ਫਲਸਤੀਨੀ-ਅਮਰੀਕੀ ਦਾਨਿਸ਼ਵਰ ਐਡਵਰਡ ਸਈਦ ਦੇ ਬੋਲ ਚੇਤੇ ਆਉਂਦੇ ਹਨ, "ਹਿਜਰਤ ਬਾਰੇ ਸੋਚਣਾ ਹੋਰ ਗੱਲ ਹੈ ਪਰ ਇਸ ਨੂੰ ਹੱਡੀਂ ਹੰਢਾਉਣਾ ਕਿਸੇ ਖੌਫਨਾਕ ਅਨੁਭਵ ਵਿਚੋਂ ਹੋ ਕੇ ਲੰਘਣ ਵਾਂਗ ਹੈ। ਇਹ ਬੰਦੇ ਤੇ ਉਸਦੀ ਜੰਮਣ ਭੋਇੰ ਵਿਚਕਾਰ ਖਿੱਚੀ ਲੀਕ ਹੈ ਜਿਸ ਨੂੰ ਚਾਹ ਕੇ ਵੀ ਮੇਟਿਆ ਨਹੀਂ ਜਾ ਸਕਦਾ।"

ਇਸ ਕਿਤਾਬ ਦੀ ਪੜ੍ਹਤ ਦੱਸਦੀ ਹੈ ਕਿ ਸੰਤਾਲ਼ੀ ਦੇ ਸੰਤਾਪ ਨੂੰ ਆਪਣੀਆਂ ਦੇਹਾਂ 'ਤੇ ਭੋਗਣ ਵਾਲੇ ਨਾ ਤਾਂ ਕਦੇ ਆਪਣੇ ਅਤੀਤ ਤੋਂ ਟੁੱਟ ਸਕੇ ਤੇ ਨਾ ਹੀ ਕਦੇ ਪੂਰੀ ਤਰ੍ਹਾਂ ਆਪਣੇ ਵਰਤਮਾਨ ਨਾਲ ਜੁੜ ਸਕੇ। ਵਿਚ-ਵਿਚਾਲੇ ਵਾਲੀ ਜ਼ਿੰਦਗੀ ਢੋਂਹਦੇ ਇਨ੍ਹਾਂ ਲੋਕਾਂ ਦੀਆਂ ਸਿਮਰਤੀਆਂ ਵਿਚ ਵਿੱਛੜੀਆਂ ਥਾਵਾਂ ਦੇ ਬਿੰਬ ਇਸ ਕਦਰ ਹਾਵੀ ਹਨ ਕਿ ਜਾਪਦਾ ਜਿਵੇਂ ਇਹ ਘੱਲੂਘਾਰਾ ਅਜੇ ਕੱਲ੍ਹ ਹੀ ਵਾਪਰਿਆ ਹੋਵੇ। ਪੌਣੀ ਸਦੀ ਬਾਦ ਵੀ ਆਪਣੀ ਜੰਮਣ ਭੋਇੰ ਦੇ ਰੁੱਖਾਂ ਤੇ ਖੂਹਾਂ ਤੋਂ ਲੈ ਕੇ ਗਲੀ ਮੁਹੱਲੇ ਤੱਕ ਦੇ ਮਹੀਨ ਵੇਰਵੇ ਉਨ੍ਹਾਂ ਦੇ ਚੇਤਿਆਂ ਵਿਚੋਂ ਕਿਰੇ ਨਹੀਂ। ਸੱਤਰ ਵਰ੍ਹਿਆਂ ਬਾਅਦ ਲਹਿੰਦੇ ਪੰਜਾਬ 'ਚ ਰਹਿੰਦੀ ਆਪਣੀ ਸਹੇਲੀ ਨਾਲ ਗੱਲ ਕਰਦਿਆਂ ਬੀਬੀ ਜਿੰਦੋ ਪੁੱਛਦੀ ਹੈ, "ਤੈਨੂੰ ਜ਼ੀਰਾ ਯਾਦ ਏ ਕਿ ਅਸੀਂ ਤੁਾਡੇ ਘਰ ਦੀ ਬੇਰੀ ਤੋਂ ਬੇਰ ਤੋੜਦੀਆਂ ਹੁੰਦੀਆਂ ਸਾਂ। ਮੈਂ ਤਾਂ ਹੁਣ ਵੀ ਸੁਪਨਿਆਂ 'ਚ ਉਸ ਬੇਰੀ ਦੇ ਬੇਰ ਖਾਂਦੀ ਰਹਿੰਦੀ ਆਂ।... ਯਾਦ ਏ ਤੈਨੂੰ ਉਹ ਦਿਨ... ਬਰਸਾਤਾਂ 'ਚ ਹੜ੍ਹ ਆਉਣੇ। ਫੇਰ ਧੁੱਪਾਂ ਲੱਗਣੀਆਂ। ਮਿੱਟੀ ਨੇ ਜੰਮ ਜਾਣਾ। ਇਉਂ ਹੋ ਜਾਣਾ, ਜਿਉਂ ਬਰਫੀ ਹੋਵੇ। ਅਸੀਂ ਇਕ ਦੂਜੀ ਨੂੰ ਆਖਣਾ ਨੀ ਬਰਫੀ ਖਾ ਲੈ। ਅਸੀਂ ਦੋਵਾਂ ਨੇ ਮਿੱਟੀ ਖਾਈ ਜਾਣੀ।" ਜ਼ਿੰਦਗੀ ਦੇ ਅੱਠ ਦਹਾਕੇ ਪਾਰ ਕਰ ਚੁੱਕੀ ਬੀਬੀ ਜਿੰਦੋ ਦੀ ਗੱਲਬਾਤ ਸੁਣ ਕੇ ਲੱਗਦਾ ਕਿ ਸੱਤਰ ਵਰ੍ਹੇ ਪਹਿਲਾਂ ਖਾਧੀ ਮਿੱਟੀ ਦਾ ਜ਼ਾਇਕਾ ਹਾਲੇ ਵੀ ਉਸਦੀ ਜ਼ੁਬਾਨ ਤੋਂ ਲੱਥਿਆ ਨਹੀਂ।

ਕਿਸੇ ਵੱਡੇ ਸੰਤਾਪ ਵਿਚੋਂ ਲੰਘਦਿਆਂ ਉਸ ਬਾਰੇ ਕੋਈ ਸਿਧਾਂਤਕ ਸਮਝ ਬਣਾਉਣੀ ਮੁਮਕਿਨ ਨਹੀਂ ਹੁੰਦੀ। 'ਦੁੱਖੜੇ ਸੰਨ ਸੰਤਾਲੀ ਦੇ' ਵਿਚਲੀਆਂ ਕਥਾਵਾਂ ਵੰਡ ਨਾਲ ਜੁੜੇ ਸਮਾਜਿਕ-ਸਿਆਸੀ ਕਾਰਨਾਂ ਦੀ ਪੜਚੋਲ ਦੇ ਰਾਹ ਨਹੀਂ ਪੈਂਦੀਆਂ। ਇਹ ਕੁਝ ਕੁ ਘਟਨਾਵਾਂ ਦੇ ਹਵਾਲੇ ਨਾਲ ਸੰਕਟ ਦੇ ਸਮੇਂ ਬਾਰੇ ਤਬਸਰਾ ਜ਼ਰੂਰ ਕਰਦੀਆਂ ਹਨ। ਲੋਕ ਸਿਮਰਤੀ ਵਿਚ ਪਈਆਂ ਘਟਨਾਵਾਂ ਸਾਂਵਲ ਦੇ ਨਜ਼ਰੀਏ ਨਾਲ ਖਹਿੰਦੀਆਂ ਆਪਣਾ ਵੱਖਰਾ ਸੱਚ ਘੜ ਲੈਂਦੀਆਂ ਹਨ। ਇਹ ਇਤਿਹਾਸ ਦਾ ਸੰਪੂਰਨ ਸੱਚ ਨਹੀਂ, ਟੁਕੜਿਆਂ ਵਿਚ ਤਕਸੀਮ ਕਥਾ ਦੀ ਅਧੂਰੀ ਇਬਾਰਤ ਹੈ। ਇਸੇ ਲਈ ਇਨ੍ਹਾਂ ਕਹਾਣੀਆਂ ਨੂੰ ਕਿਸੇ ਇਕਹਿਰੇ ਜ਼ਾਵੀਏ ਤੋਂ ਨਹੀਂ ਪੜ੍ਹਿਆ ਜਾ ਸਕਦਾ। ਇਹ ਸਭ ਜਾਣਦਿਆਂ-ਬੁੱਝਦਿਆਂ ਵੀ ਪੜ੍ਹਨ ਵਾਲਾ ਉੱਘੜੇ-ਦੁੱਘੜੇ ਵਿਚਾਰਾਂ ਦੀਆਂ ਕਾਤਰਾਂ ਨੂੰ ਇਕੱਠਾ ਕਰਦਿਆਂ ਇਨ੍ਹਾਂ ਨੂੰ ਕਿਸੇ ਤਰਤੀਬ ਵਿਚ ਬੰਨ੍ਹਣਾ ਲੋਚਦਾ ਹੈ; ਬੇਸ਼ੱਕ ਇਹ ਤਰਤੀਬ ਵੀ ਮਸਨੂਈ ਹੈ। ਇਸ ਤਰਤੀਬ ਦੀ ਇਕ ਅਹਿਮ ਕੜੀ ਹਿੰਸਾ ਨਾਲ ਜੁੜੀ ਹੈ, ਪਰ ਸਾਂਵਲ ਹਿੰਸਾ ਦੀ ਇਸ ਇਬਾਰਤ ਨੂੰ ਭਾਰੂ ਪ੍ਰਵਚਨ ਨਹੀਂ ਬਣਨ ਦਿੰਦਾ। ਕਹਾਣੀ 'ਅਨਾਰਕਲੀ ਬਜ਼ਾਰ 'ਚ ਗੁਆਚੇ ਰਿਸ਼ਤੇ' ਵਿਚ ਆਪਣੀਆਂ ਅੱਖਾਂ ਸਾਹਵੇਂ ਮਾਂ-ਪਿਉ ਦਾ ਕਤਲ ਹੁੰਦਿਆਂ ਦੇਖ ਚੁੱਕੇ ਹਰੀਸ਼ ਕੁਮਾਰ ਦੇ ਹਵਾਲੇ ਨਾਲ ਸਾਂਵਲ ਲਿਖਦਾ ਹੈ, "ਬਾਲ ਰੁੱਤੇ ਮਿਲੇ ਜ਼ਖਮ ਦੇ ਨਿਸ਼ਾਨ ਨੂੰ ਉਹਦਾ ਜਿਸਮ ਬਹੱਤਰ ਵਰ੍ਹਿਆਂ ਤੋਂ ਚੁੱਕੀ ਫਿਰਦੈ। ਝੱਗਾ ਚੁੱਕਦਿਆਂ ਉਹ ਨਿਸ਼ਾਨ ਨੂੰ ਇੰਝ ਵਿਖਾਉਂਦੈ ਜਿਵੇਂ ਕੋਈ ਬੁੱਢਾ ਅਥਲੀਟ ਆਪਣਾ ਇਕਲੌਤਾ ਤਮਗਾ ਵਿਖਾ ਰਿਹਾ ਹੋਵੇ।" ਹਰੀਸ਼ ਕੁਮਾਰ ਦੀ ਦੇਹ 'ਤੇ ਉੱਕਰੀ ਹਿੰਸਾ ਦੀ ਇਬਾਰਤ ਉਹ ਦਸਤਾਵੇਜ਼ ਹੈ ਜਿਸ ਨੂੰ ਪੰਜਾਬ ਪੌਣੀ ਸਦੀ ਤੋਂ ਆਪਣੇ ਪਿੰਡੇ 'ਤੇ ਹੰਢਾ ਰਿਹਾ ਹੈ।


ਸੰਤਾਲੀ ਬਾਬਤ ਕਈ ਅਹਿਮ ਸੁਆਲ ਹਨ; ਮਸਲਨ, ਸਾਡੇ ਅਚੇਤਨ ਵਿਚ ਉਹ ਕਿਹੜੀ ਚਿੰਗਾਰੀ ਸੁਲਗ ਰਹੀ ਸੀ ਜਿਸ ਤੋਂ ਉੱਠੇ ਭਾਂਬੜ ਕਰਕੇ ਸਾਰਾ ਪੰਜਾਬ ਬੁੱਚੜਖਾਨਾ ਬਣ ਗਿਆ; ਜਾਂ ਇਸ ਘੱਲੂਘਾਰੇ ਪਿੱਛੇ ਕਿਹੜੀ ਸੂਖਮ ਹਿੰਸਾ ਛਿਪੀ ਸੀ ਜਿਸ ਦੀ ਤੰਦ ਅੱਜ ਤੱਕ ਸਾਡੇ ਹੱਥ ਨਹੀਂ ਲੱਗੀ? ਸਾਂਵਲ ਦੇ ਮੁਲਾਕਾਤੀਆਂ ਕੋਲ ਇਨ੍ਹਾਂ ਸੁਆਲਾਂ ਦਾ ਕੋਈ ਘੜਿਆ-ਘੜਾਇਆ ਜੁਆਬ ਨਹੀਂ ਪਰ ਉਨ੍ਹਾਂ ਅੰਦਰ ਬੀਤੇ ਦਾ ਝੋਰਾ ਤੇ ਪਛਤਾਵਾ ਜ਼ਰੂਰ ਹੈ। ਇਨ੍ਹਾਂ ਕਹਾਣੀਆਂ ਦਾ ਕੋਈ ਜੀਅ ਐਸਾ ਨਹੀਂ ਜਿਸ ਨੂੰ ਆਪਣੇ ਕੀਤੇ ਕਤਲ ਜਾਂ ਲੁੱਟ-ਖੋਹ 'ਤੇ ਮਾਣ ਹੋਵੇ। ਇਸ ਕਿਤਾਬ ਨੂੰ ਸੰਨ ਸੰਤਾਲੀ ਬਾਬਤ ਪੰਜਾਬੀਆਂ ਦੇ ਮੁਆਫੀਨਾਮੇ ਵਜੋਂ ਵੀ ਪੜ੍ਹਿਆ ਜਾ ਸਕਦਾ ਹੈ। ਪੌਣੀ ਸਦੀ ਬਾਅਦ ਹੀ ਸਹੀ, ਅਸੀਂ ਇਹ ਕਬੂਲ ਤਾਂ ਕੀਤਾ ਕਿ ਵਹਿਸ਼ਤ ਦੇ ਉਸ ਦੌਰ ਵਿਚ ਸਾਡੀ ਮੱਤ ਮਾਰੀ ਗਈ ਸੀ। ਨੱਬਿਆਂ ਨੂੰ ਢੁੱਕਿਆ ਬਾਬਾ ਹਜ਼ਾਰਾ ਰੌਲਿਆਂ ਵੇਲੇ ਦੁੱਲੇ ਚਾਚੇ ਦੀ ਧੀ ਐਸ਼ਾ ਦੇ ਦਾਜ ਲਈ ਬਣਵਾਏ ਮੰਜੇ ਨੂੰ ਚੁੱਕ ਲਿਆਇਆ। ਇਸ ਨਿੱਕੀ ਜਿਹੀ ਗਲਤੀ ਦਾ ਉਸ ਨੂੰ ਹੁਣ ਵੀ ਮਲਾਲ ਹੈ। ਉਸ ਦੀ ਇੱਛਾ ਹੈ ਕਿ ਉਹ ਕਿਸੇ ਤਰ੍ਹਾਂ ਮਰਨ ਤੋਂ ਪਹਿਲਾਂ ਇਹ ਮੰਜਾ ਪਾਕਿਸਤਾਨ ਛੱਡ ਆਵੇ। ਸੂਬੇਦਾਰ ਰਣਜੀਤ ਸਿੰਘ ਜਦੋਂ ਭਰੀ ਸੱਥ 'ਚ ਧਰਮ-ਇਮਾਨ 'ਤੇ ਲੈਕਚਰ ਕਰਦੇ ਬਲਵੀਰ ਸਿੰਘ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਆਪਣੇ ਦੋਸਤ ਹਮੀਦੇ ਦਾ ਕਸੂਰ ਪੁੱਛਦਾ ਹੈ ਜਿਸ ਨੂੰ ਬਲਵੀਰ ਸਿੰਘ ਨੇ ਹੱਲਿਆਂ ਵੇਲੇ ਕਤਲ ਕਰ ਦਿੱਤਾ ਸੀ ਤਾਂ ਉਸ ਨੂੰ ਕੋਈ ਜੁਆਬ ਨਹੀਂ ਅਹੁੜਦਾ। ਇਸ ਸੁਆਲ ਸਾਹਵੇਂ ਬਲਵੀਰ ਸਿੰਘ ਦੀ ਪਾਈ ਨੀਵੀਂ ਤੇ ਚੁੱਪ ਦੱਸਦੀ ਹੈ ਕਿ ਗੁਨਾਹਾਂ ਦੇ ਬੋਝ ਤੋਂ ਮੁਆਫੀ ਮੰਗ ਕੇ ਤੇ ਭੁੱਲ ਬਖਸ਼ਾ ਕੇ ਹੀ ਮੁਕਤ ਹੋਇਆ ਜਾ ਸਕਦਾ ਹੈ।

ਪ੍ਰੀਤਲੜੀ ਵਿਚ ਅਮਰਜੀਤ ਚੰਦਨ ਦਾ ਲੇਖ ਛਪਿਆ- ਸੰਨ ਸੰਤਾਲੀ ਦੇ ਗੁਨਾਹਾਂ ਦਾ ਲੇਖਾ। ਲਿਖਾਰੀ ਕਹਿੰਦਾ ਹੈ, "ਤਾਰੀਖ -ਮੋਇਆਂ ਤੋਂ ਜਿਊਂਦਿਆਂ ਤੋਂ- ਹਰ ਵੇਲੇ ਹਿਸਾਬ ਮੰਗਦੀ ਏ। ਤਾਰੀਖ ਦੀ ਵਾਹੀ ਬੀਜੀ ਦਾ ਵੱਢ ਹਰ ਵੇਲੇ ਰਹਿੰਦਾ ਏ। ਪਹਿਲਕਿਆਂ ਦੀਆਂ ਕੀਤੀਆਂ ਮਗਰੋਂ ਆਉਣ ਵਾਲੀਆਂ ਨਸਲਾਂ ਨੂੰ ਭੁਗਤਣੀਆਂ ਪੈਂਦੀਆਂ ਨੇ। ਇਸ ਲਈ ਪੰਜਾਬੀ ਲੋਕਾਂ ਦੇ ਸਿਰ 'ਤੇ ਸੰਤਾਲੀ ਦੇ ਗੁਨਾਹਾਂ ਦਾ ਪਿਆ ਭਾਰ, ਕਫਾਰਾ ਕਰਨ ਨਾਲ, ਭੁੱਲ ਬਖਸ਼ਾਣ ਨਾਲ਼ ਹੀ ਹਟ ਸਕਦਾ ਹੈ।... ਹੁਣ ਵੇਲਾ ਆ ਗਿਆ ਏ ਕਿ ਅਸੀਂ ਆਪਣੇ ਗੁਨਾਹਾਂ ਦਾ ਇਕਬਾਲ ਕਰੀਏ ਤੇ ਆਪਣੀ ਜ਼ਮੀਰ 'ਤੇ ਪਿਆ ਭਾਰ ਲਾਹ ਛੱਡੀਏ।" ਸਾਂਵਲ ਧਾਮੀ ਦਾ ਸ਼ੁਕਰੀਆ ਜਿਸ ਨੇ ਇਹ ਬੋਝ ਲਾਹੁਣ ਦੀ ਪਹਿਲ ਕੀਤੀ। ਨਫਰਤ ਦੀ ਦੀਵਾਰ ਵਿਚ ਕੁਝ ਖਿੜਕੀਆਂ ਕੱਢ ਦਿੱਤੀਆਂ ਤਾਂ ਕਿ ਦੋਵਾਂ ਮੁਲਕਾਂ ਵਿਚਕਾਰ ਪੁਰੇ ਦੀ 'ਵਾਅ ਵਗਦੀ ਰਹੇ। ਬਕੌਲ ਕੈਫੀ ਆਜ਼ਮੀ: ਆਜ ਕੀ ਰਾਤ ਬਹੁਤ ਗਰਮ ਹਵਾ ਚਲਤੀ ਹੈ/ਆਜ ਕੀ ਰਾਤ ਨਾ ਫੁਟਪਾਥ ਪੇ ਨੀਂਦ ਆਏਗੀ/ਸਬ ਉਠੋ, ਮੈਂ ਭੀ ਉਠੂੰ, ਤੁਮ ਭੀ ਉਠੋ, ਤੁਮ ਭੀ ਉਠੋ/ਕੋਈ ਖਿੜਕੀ ਇਸੀ ਦੀਵਾਰ ਮੇਂ ਖੁਲ ਜਾਏਗੀ।



*ਸਾਂਵਲ ਧਾਮੀ*

***ਸੰਤਾਲੀ ਬਾਬਤ ਕਈ ਅਹਿਮ ਸੁਆਲ ਹਨ; ਸਾਡੇ ਅਚੇਤਨ ਵਿਚ ਉਹ ਕਿਹੜੀ ਚਿੰਗਾਰੀ ਸੁਲਗ ਰਹੀ ਸੀ ਜਿਸ ਤੋਂ ਉੱਠੇ ਭਾਂਬੜ ਕਰਕੇ ਸਾਰਾ ਪੰਜਾਬ ਬੁੱਚੜਖਾਨਾ ਬਣ ਗਿਆ; ਜਾਂ ਇਸ ਘੱਲੂਘਾਰੇ ਪਿੱਛੇ ਕਿਹੜੀ ਸੂਖਮ ਹਿੰਸਾ ਛਿਪੀ ਸੀ ਜਿਸ ਦੀ ਤੰਦ ਅੱਜ ਤੱਕ ਸਾਡੇ ਹੱਥ ਨਹੀਂ ਲੱਗੀ? ਸਾਂਵਲ ਧਾਮੀ ਦੇ ਮੁਲਾਕਾਤੀਆਂ ਕੋਲ ਇਨ੍ਹਾਂ ਸੁਆਲਾਂ ਦਾ ਕੋਈ ਘੜਿਆ-ਘੜਾਇਆ ਜੁਆਬ ਨਹੀਂ ਪਰ ਉਨ੍ਹਾਂ ਅੰਦਰ ਬੀਤੇ ਦਾ ਝੋਰਾ ਤੇ ਪਛਤਾਵਾ ਜ਼ਰੂਰ ਹੈ। ਇਨ੍ਹਾਂ ਕਹਾਣੀਆਂ ਦਾ ਕੋਈ ਜੀਅ ਐਸਾ ਨਹੀਂ ਜਿਸ ਨੂੰ ਆਪਣੇ ਕੀਤੇ ਕਤਲ ਜਾਂ ਲੁੱਟ-ਖੋਹ 'ਤੇ ਮਾਣ ਹੋਵੇ। ਇਸ ਕਿਤਾਬ ਨੂੰ ਸੰਨ ਸੰਤਾਲੀ ਬਾਬਤ ਪੰਜਾਬੀਆਂ ਦੇ ਮੁਆਫੀਨਾਮੇ ਵਜੋਂ ਵੀ ਪੜ੍ਹਿਆ ਜਾ ਸਕਦਾ ਹੈ।***




*ਕਿਤਾਬ ਦਾ ਮੁਖੜਾ।*

# ਆਪਣੀ ਕਲਾ ਦੀ ਬੁਲੰਦੀ ਦਾ ਮਾਣ ਨਗੀਨਾ ਗਮੰਤਰੀ

## ਮਾਨਸ ਤੋਂ ਦੇਵਤਾ

*ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਤਿਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।*

ਮੇਰੇ ਬਚਪਨ ਸਮੇਂ ਸਾਡੇ ਪਿੰਡਾਂ ਉਤੇ ਰਿਆਸਤੀ ਰਾਜਿਆਂ ਦਾ ਰਾਜ ਹੁੰਦਾ ਸੀ। ਮੇਰਾ ਪਿੰਡ ਪਿੱਥੋ ਨਾਭਾ ਰਿਆਸਤ ਵਿਚ ਸੀ। ਪਿੰਡਾਂ ਦੀਆਂ ਸੱਥਾਂ ਵਿਚ ਅਜਿਹੀਆਂ ਗੱਲਾਂ ਆਮ ਹੀ ਹੁੰਦੀਆਂ ਸਨ ਕਿ ਨਾਭਾ, ਪਟਿਆਲਾ, ਫ਼ਰੀਦਕੋਟ, ਸੰਗਰੂਰ ਆਦਿ ਰਿਆਸਤਾਂ ਦੇ ਰਾਜੇ ਭਲਵਾਨਾਂ, ਵਿਦਵਾਨਾਂ, ਕਵੀਸ਼ਰਾਂ, ਗਮੰਤਰੀਆਂ ਤੇ ਵਜੰਤਰੀਆਂ ਦੀ ਕਦਰ, ਹੌਸਲਾ-ਅਫ਼ਜ਼ਾਈ ਤੇ ਸਾਂਭ-ਸੰਭਾਲ ਕਰਨਾ ਆਪਣਾ ਫ਼ਰਜ਼ ਸਮਝਦੇ ਸਨ। ਕੁਝ ਰਾਜਿਆਂ ਨੂੰ ਸਮਝ ਹੁੰਦੀ, ਕਝ ਦਾ ਸ਼ੌਕ ਹੁੰਦਾ ਤੇ ਬਾਕੀ ਰੀਸੋ-ਰੀਸੀ ਅਜਿਹਾ ਕਰਦੇ।

ਸਾਡੀ ਨਾਭਾ ਰਿਆਸਤ ਦਾ ਮਹਾਰਾਜਾ ਹੀਰਾ ਸਿੰਘ ਗੌਣ ਸੁਣਨ ਦਾ ਬੜਾ ਰਸੀਆ ਸੀ। ਇਹਦਾ ਕਾਰਨ ਉਹਦਾ ਪਹਿਲੇ ਲਗਭਗ ਤਿੰਨ ਦਹਾਕੇ ਪੇਂਡੂ ਕਿਸਾਨੀ ਜੀਵਨ ਜਿਊਣਾ ਸੀ। 1871 ਵਿਚ ਰਾਜਾ ਭਗਵਾਨ ਸਿੰਘ ਦੇ ਬੇਔਲਾਦ ਮਰਨ ਮਗਰੋਂ ਰਿਆਸਤ ਦੇ ਅੰਗਰੇਜ਼ ਪ੍ਰਤੀਨਿਧ ਨੇ ਕੁਰਸੀਨਾਮਾ ਫੜਿਆ ਅਤੇ ਕਿਸੇ ਦਾਅਵੇਦਾਰ ਨੂੰ ਅੰਗਰੇਜ਼-ਵਿਰੋਧੀ ਤੇ ਕਿਸੇ ਨੂੰ ਅੱਯਾਸ਼ ਆਖ ਕੇ ਰੱਦ ਕਰਦਿਆਂ



**ਗੁਰਬਚਨ ਸਿੰਘ ਭੁੱਲਰ**
**ਫੋਨ: +807-636-3058**

ਆਖ਼ਰ ਸਿੱਧੇ-ਸਾਦੇ ਪੇਂਡੂ ਦੀ ਕਲਪਨਾ ਕਰ ਕੇ ਹੀਰਾ ਸਿੰਘ ਦੇ ਨਾਂ ਉਤੇ ਉਂਗਲ ਰੱਖ ਦਿੱਤੀ। ਦੰਦ-ਕਥਾ ਅਨੁਸਾਰ ਜਦੋਂ ਨਾਭੇ ਤੋਂ ਪਾਲਕੀ-ਬਰਦਾਰ ਉਹਨੂੰ ਪਿੰਡ ਬਡਰੁੱਖਾਂ ਤੋਂ ਲੈਣ ਆਏ, ਉਹ ਖੇਤ ਵਿਚ ਬੈਠਾ ਗਾਜਰਾਂ ਪੁੱਟ ਰਿਹਾ ਸੀ। ਰਿਆਸਤ ਦੇ ਲੋਕ ਪਰਜਾ ਦੀ ਰਹਿਤਲ ਦਾ ਜਾਣੂ ਹੋਣ ਸਦਕਾ ਉਹਨੂੰ ਜੱਟ-ਰਾਜਾ ਆਖਦੇ ਸਨ ਤੇ ਨਿਆਂ ਦੇਣ ਦੇ ਪੱਖੋਂ ਮਹਾਰਾਜਾ ਰਣਜੀਤ ਸਿੰਘ ਨਾਲ ਮੇਲਦੇ ਸਨ। ਉਹਨੇ ਚਾਲੀ ਸਾਲ ਨਾਭਾ ਰਿਆਸਤ ਨੂੰ ਵਧੀਆ ਰਾਜ ਦਿੱਤਾ।

ਲੋਹਾਖੇੜੀਆ ਮੋਦਨ ਤਾਂ ਮਹਾਰਾਜਾ ਹੀਰਾ ਸਿੰਘ ਦਾ ਖਾਸ ਕਿਰਪਾ-ਪਾਤਰ ਸੀ ਹੀ, ਮਹਾਰਾਜਾ ਜੈਤੋ ਦੇ ਇਕ ਉਤਾਰੇ ਸਮੇਂ ਮੋਦਨ ਦੇ ਚੇਲੇ, ਪਿੰਡ ਵੱਡੀ ਗੁਮਟੀ ਦੇ ਖਿੱਦੂ ਦਾ ਗੌਣ ਮਾਣ ਰਿਹਾ ਸੀ। ਉਹਨੇ ਕਲੀ ਚੁੱਕੀ, 'ਬੰਨ੍ਹ ਲੰਗੋਟਾ ਹੀਰ ਨੈਂ ਵਿਚ ਠਿੱਲ੍ਹ ਪਈ, ਕਰਦੀ ਜਾਂਦੀ ਮਾਹੀ ਮਾਹੀ ਮਾਹੀ!'

ਇਹ ਬੋਲ ਸੁਣ ਕੇ ਹੀਰਾ ਸਿੰਘ ਹੈਰਾਨ ਹੋਇਆ, 'ਗਮੰਤਰੀਆ, ਜਨਾਨੀ ਦੇ ਲੰਗੋਟ?'

ਖਿੱਦੂ ਕਹਿੰਦਾ, 'ਮਹਾਰਾਜ, ਜਤ-ਸਤ ਦਾ ਲੰਗੋਟ!'

ਮਹਾਰਾਜੇ ਨੇ ਖਿੱਦੂ ਦੀ ਦਲੀਲ ਤੋਂ ਖ਼ੁਸ਼ ਹੋ ਕੇ ਉਥੇ ਹੀ ਇਕ ਰੁਪਈਆ ਰੋਜ਼ਾਨਾ ਬੰਨ੍ਹ ਦਿੱਤਾ।

ਮਹਾਰਾਜਾ ਸੰਗਰੂਰ ਰਘੁਬੀਰ ਸਿੰਘ ਨੇ ਢੱਡਿਆਂ ਵਾਲਾ ਵਧਾਵਾ ਦਰਬਾਰੀ ਗਮੰਤਰੀ ਰੱਖਿਆ ਹੋਇਆ ਸੀ। ਜਦੋਂ ਇੰਗਲੈਂਡ ਵਿਚ ਪਾਰਲੀਮੈਂਟ ਨੇ ਮਲਕਾ ਵਿਕਟੋਰੀਆ ਨੂੰ ਹਿੰਦੁਸਤਾਨ ਦੀ ਮਹਾਰਾਣੀ ਐਲਾਨਿਆ, ਇਸ ਐਲਾਨ ਦਾ ਜਸ਼ਨ ਦਿੱਲੀ ਵਿਚ ਇਕ ਦਰਬਾਰ ਦੇ ਰੂਪ ਵਿਚ ਮਨਾਇਆ ਗਿਆ। ਵਾਇਸਰਾਇ ਦੇ ਅਜਿਹੇ ਜਸ਼ਨਾਂ ਵਿਚ ਰਿਆਸਤੀ ਰਾਜਿਆਂ ਦਾ ਹਾਜ਼ਰੀ ਭਰਨਾ ਜ਼ਰੂਰੀ ਹੁੰਦਾ ਸੀ। ਕਹਿੰਦੇ, ਮਹਾਰਾਜਾ ਸੰਗਰੂਰ ਵਧਾਵੇ ਨੂੰ ਆਪਣੇ ਨਾਲ ਦਿੱਲੀ ਲੈ ਗਿਆ। ਉਥੋਂ ਦੇ ਕਈ ਦਿਨ ਦੇ ਨਿਵਾਸ ਸਮੇਂ ਉਹ ਉਹਦੇ ਮਹਿਮਾਨ ਰਾਜਿਆਂ, ਅਹਿਲਕਾਰਾਂ ਤੇ ਸਰਦਾਰਾਂ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਬਣਿਆ। ਮਹਾਰਾਜਾ ਪਟਿਆਲਾ ਵੀ ਉਹਦਾ ਕਦਰਦਾਨ ਸੀ। ਕਈ ਧਨਾਡ ਉਹਨੂੰ ਵਿਆਹ-ਸਾਹੇ ਸਮੇਂ ਬੁਲਾਉਂਦੇ। ਉਸ ਜ਼ਮਾਨੇ ਵਿਚ ਉਹਨੂੰ ਸੋਨੇ ਦੀ ਛਾਪ ਤੇ ਸਵਾ ਸੌ ਰੁਪਈਆ ਭੇਟ ਕੀਤਾ ਜਾਂਦਾ; ਸਭ ਸਾਥੀਆਂ ਨੂੰ ਚੁਤਹੀਆਂ ਤੇ ਰਸਦ ਵੱਖਰੀ।

ਫ਼ਰੀਦਕੋਟ ਦੇ ਰਾਜਿਆਂ ਦੀ ਸਿੱਧੀ ਸਰਪ੍ਰਸਤੀ ਅਤੇ ਹਾਜ਼ਰੀ ਸਦਕਾ ਉਥੋਂ ਦਾ ਦਸਹਿਰਾ ਦੂਰ-ਦੂਰ ਤਕ ਮਸ਼ਹੂਰ ਹੋਇਆ। ਦਸਹਿਰੇ ਦੇ ਮੇਲੇ ਵੇਲੇ ਗੌਣ ਤਾਂ ਲੱਗਣੇ ਹੀ ਹੋਏ। ਬੁਢਲਾਡੇ ਨੇੜਲੇ ਪਿੰਡ ਹਸਨਪੁਰ ਦਾ ਜੱਟ ਪਰਤਾਪਾ ਮਹਾਰਾਜੇ ਦਾ ਖਾਸ ਚਹੇਤਾ ਗਮੰਤਰੀ ਸੀ। ਜਾਂ ਫੇਰ ਰਾਊਆਲੇ ਦਾ ਰੂਲੀਆ ਉਹਦੇ ਬਰਾਬਰ ਮੜਿੱਕਦਾ। ਇਹ ਉਹੋ ਰੂਲੀਆ ਸੀ, ਜੀਹਦੇ ਸਾਰੰਗੀ ਦੇ ਗ਼ਜ਼ ਨਾਲ ਤਾਂ ਹਰ ਵਜੰਤਰੀ ਵਾਂਗੂੰ ਘੁੰਗਰੂਆਂ ਦਾ ਗੁੱਛਾ ਬੰਨ੍ਹਿਆ ਹੀ ਹੁੰਦਾ, ਇਕ ਪੈਰ ਨਾਲ ਵੀ ਘੁੰਗਰੂ ਬੰਨ੍ਹੇ ਹੋਏ ਹੁੰਦੇ। ਤਾਲ ਪੂਰਾ ਹੋਣ ਸਮੇਂ ਉਹ ਗ਼ਜ਼ ਦੇ ਹੁਲਾਰੇ ਦੇ ਨਾਲ ਹੀ ਪੈਰ ਦਾ ਅਜਿਹਾ ਛਣਕਾਟਾ ਦਿੰਦਾ ਕਿ ਕੀਲੇ ਹੋਏ ਸਰੋਤੇ ਦੇਖਦੇ ਹੀ ਰਹਿ ਜਾਂਦੇ। ਕਈ ਗਮੰਤਰੀਆਂ ਦੀ ਬੋਲ-ਬਾਣੀ ਵਿਚ ਤਾਂ ਏਨਾ ਰਸ ਹੁੰਦਾ ਤੇ ਉਨ੍ਹਾਂ ਦਾ ਏਨਾ ਨਾਂ ਹੋ ਜਾਂਦਾ ਕਿ ਉਨ੍ਹਾਂ ਨੂੰ ਇਕ ਤੋਂ ਵੱਧ ਰਾਜਿਆਂ ਦੀ ਸਰਪ੍ਰਸਤੀ ਹਾਸਲ ਹੋ ਜਾਂਦੀ।

ਅਜਿਹੇ ਲਗਭਗ ਸਾਰੇ ਗਮੰਤਰੀ ਹੀ ਉਸਤਾਦਾਂ ਤੋਂ ਲਈ ਹੋਈ ਵਿੱਦਿਆ ਅੱਗੇ ਆਪਣੇ ਸ਼ਿਸ਼ਾਂ ਦੇ ਹਵਾਲੇ ਕਰ ਦਿੰਦੇ। ਇਉਂ ਗਮੰਤਰੀਆਂ ਦੀ ਗਾਇਕੀ ਦੇ ਵੀ ਘਰਾਣੇ ਬਣ ਜਾਂਦੇ।

ਤਵਿਆਂ ਅਤੇ ਰੇਡੀਓ ਦਾ ਇਨਕਲਾਬ ਮਾਲਵੇ ਦੇ ਪਿੰਡਾਂ ਤਕ ਪੁੱਜਣ ਤੋਂ ਪਹਿਲਾਂ ਕਵੀਸ਼ਰੀ ਜਥਿਆਂ ਬਾਰੇ ਤਾਂ ਜੇ ਇਹ ਕਹਿ ਲਈਏ ਕਿ ਉਹ ਪਿੰਡ-ਪਿੰਡ ਹੁੰਦੇ ਸਨ, ਕੋਈ ਝੂਠ ਨਹੀਂ ਹੋਵੇਗਾ। ਗਿਣਤੀ ਦੇ ਪੱਖੋਂ ਦੂਜੇ ਥਾਂ ਉਤੇ ਢੱਡ-ਸਾਰੰਗੀ ਵਾਲੇ ਆਉਂਦੇ ਸਨ। ਮੇਰੀ ਚੜ੍ਹਦੀ ਉਮਰੇ ਇਹ ਕਲਾ ਆਪਣੇ ਪੂਰੇ ਜਲੌਅ ਵਿਚ ਸੀ। ਸ਼ਬਦ ਦੀ ਸੁਗੰਧ ਵੀ ਖਿਲਾਰਦੀ ਤੇ ਸੰਗੀਤ ਦਾ ਰਸ ਵੀ ਘੋਲਦੀ।

ਦਿਲਚਸਪ ਗੱਲ ਹੈ ਕਿ ਸਾਡੇ ਇਲਾਕੇ ਵਿਚ ਇਨ੍ਹਾਂ ਨੂੰ ਢਾਡੀ ਨਹੀਂ ਸੀ ਕਿਹਾ ਜਾਂਦਾ, ਗਮੰਤਰੀ ਕਿਹਾ ਜਾਂਦਾ ਸੀ। ਅਨੇਕ ਸ਼ਬਦਾਂ ਵਿਚ ਵ ਨੂੰ ਮ ਉਚਾਰਨ ਦੀ ਮਾਲਵੇ ਦੀ ਆਦਤ ਅਨੁਸਾਰ ਇਹ ਗਮੰਤਰੀ ਸ਼ਬਦ ਗਵੰਤਰੀ, ਭਾਵ ਗਾਉਣ ਵਾਲੇ ਦੀ ਥਾਂ ਬੋਲਿਆ ਜਾਂਦਾ ਸੀ। ਉਨ੍ਹਾਂ ਦੇ 'ਖਾੜੇ ਨੂੰ ਵੀ ਗੌਣ ਕਿਹਾ ਜਾਂਦਾ ਸੀ। 'ਚਲੋ ਅਮਕੇ ਪਿੰਡ ਵਾਲੇ ਗਮੰਤਰੀਆਂ ਦਾ ਗੌਣ ਸੁਣਨ ਚੱਲੀਏ।' ਇਹ ਗਮੰਤਰੀ ਕਿਉਂਕਿ ਗਾਉਣ ਦੇ ਨਾਲ-ਨਾਲ ਸਾਜ਼, ਖਾਸ ਕਰਕੇ ਢੱਡ ਤੇ ਸਾਰੰਗੀ ਵੀ ਵਜਾਉਂਦੇ ਸਨ, ਉਸ ਰੂਪ ਵਿਚ ਇਨ੍ਹਾਂ ਨੂੰ ਵਜੰਤਰੀ ਵੀ ਕਿਹਾ ਜਾਂਦਾ। 'ਫ਼ਲਾਣਾ ਗਮੰਤਰੀ ਸਾਰੰਗੀ ਦਾ ਵਜੰਤਰੀ ਵੀ ਕਮਾਲ ਦਾ ਹੈ!' ਕਈ ਗਮੰਤਰੀ ਨਾਲ ਹੀ ਕਵੀਸ਼ਰ ਵੀ ਹੁੰਦੇ, ਕਿਉਂਕਿ ਉਹ ਆਪ ਹੀ ਲਿਖਦੇ ਤੇ ਆਪ ਹੀ ਢੱਡ-ਸਾਰੰਗੀ ਨਾਲ ਗਾਉਂਦੇ।

ਗਮੰਤਰੀ ਆਪਣੀ ਕਲਾ ਦੀ ਮਾਨਤਾ ਸਦਕਾ ਆਪਣੇ ਆਪ ਨੂੰ ਸਵੈਮਾਣ ਦੀ ਨਜ਼ਰ ਨਾਲ ਦੇਖਦੇ ਸਨ। ਇਕ ਕਾਰਨ ਇਹ ਵੀ ਸੀ ਕਿ ਉਹ ਇਹਦਾ ਮੁੱਢ ਨਟਰਾਜ ਤੇ ਸ਼ਕਤੀ ਨਾਲ ਜਾ ਜੋੜਦੇ ਸਨ। ਕਹਿੰਦੇ ਹਨ, ਆਨੰਦ ਮੁਦਰਾ ਵਿਚ ਆਪਣੀ ਬਾਂਹ ਛਾਤੀਆਂ ਉਤੇ ਰੱਖ ਕੇ ਪਈ ਨਿਰਵਸਤਰ ਸ਼ਕਤੀ ਨੂੰ ਨਿਹਾਰਦਿਆਂ ਨਟਰਾਜ ਨੇ ਵੀਨਾ ਦੀ ਕਲਪਨਾ ਕੀਤੀ। ਇਸੇ ਕਲਪਨਾ ਸਦਕਾ ਨਟਰਾਜ ਹੱਥੋਂ ਮਧੁਰ ਸੰਗੀਤ ਸਿਰਜਣ ਵਾਲੇ ਸਾਜ਼ ਵੀਨਾ ਦਾ ਜਨਮ ਹੋਇਆ। ਉਸਦੇ ਰੂਪ ਨੂੰ ਘੱਟ-ਵੱਧ ਬਦਲ ਕੇ ਕਈ ਸਾਜ਼ ਹੋਂਦ ਵਿਚ ਆਏ। ਉਨ੍ਹਾਂ ਬਦਲਵੇਂ ਰੂਪਾਂ ਵਿਚੋਂ ਇਕ ਸਾਰੰਗੀ ਹੈ। ਇਸ ਨੂੰ ਸੰਗੀਤ ਦੇ ਸਾਰੇ ਅੰਗਾਂ, ਭਾਵ ਰੂਪਾਂ ਦਾ ਸਾਰ ਪੇਸ਼ ਕਰ ਸਕਣ ਦੀ ਸਮਰੱਥਾ ਰੱਖਣ ਵਾਲੀ ਹੋਣ ਸਦਕਾ ਸਾਰ-ਅੰਗੀ ਨਾਂ ਮਿਲਿਆ ਜੋ ਸਮਾਂ ਪਾ ਕੇ ਬੋਲਦਿਆਂ-ਬੋਲਦਿਆਂ ਸਾਰੰਗੀ ਬਣ ਗਿਆ। ਹੌਲੀ-ਹੌਲੀ ਸੰਸਾਰ ਭਰ ਵਿਚ ਸਾਰੰਗੀ ਨਾਲ ਮਿਲਦੇ-ਜੁਲਦੇ ਅਨੇਕ ਹੋਰ ਸਾਜ਼ ਵੀ ਵਿਕਸਿਤ ਹੋ ਗਏ।

ਸਾਰੰਗੀ ਮਨੁੱਖੀ ਆਵਾਜ਼ ਦੇ ਸਭ ਤੋਂ ਨੇੜੇ ਦਾ ਸਾਜ਼ ਗਿਣਿਆ ਜਾਂਦਾ ਹੈ। ਪ੍ਰੇਮ ਤੇ ਹੁਲਾਸ ਦੇ ਨਾਲ-ਨਾਲ ਬਿਰਹਾ, ਦਰਦ, ਵਿਯੋਗ ਤੇ ਵੈਰਾਗ, ਆਦਿ ਦੇ ਮਨੁੱਖੀ ਬੋਲ ਜਿੰਨੀ ਸਮਾਨਤਾ ਤੇ ਸਫਲਤਾ ਨਾਲ ਸਾਰੰਗੀ ਕੱਢ ਸਕਦੀ ਹੈ, ਹੋਰ ਕੋਈ ਸਾਜ਼ ਨਹੀਂ ਕੱਢ ਸਕਦਾ ਤੇ ਢੱਡ ਤਾਂ ਹੈ ਹੀ ਸਿੱਧੀ ਨਟਰਾਜ ਦੇ ਡਮਰੂ ਦੀ ਸਕੀ ਭੈਣ। ਫ਼ਰਕ ਸਿਰਫ਼ ਏਨਾ ਹੈ ਕਿ ਡਮਰੂ ਦੀ ਸੂਰਤ ਵਿਚ ਪਰਹਾਰ ਤਣਾਵਾਂ ਦੇ ਸਿਰਿਆਂ ਉਤੇ ਲੱਗੇ ਮਣਕੇ ਕਰਦੇ ਹਨ, ਢੱਡ ਵਜਾਉਂਦਿਆਂ ਵਜਾਵੇ ਦੀਆਂ ਉਂਗਲਾਂ ਪਰਹਾਰ ਕਰਦੀਆਂ ਹਨ। 'ਜਿੰਨੀ ਨਿੱਕੀ, ਓਨੀ ਤਿੱਖੀ' ਦੇ ਕਥਨ ਅਨੁਸਾਰ ਨਿੱਕੀ ਜਿਹੀ ਢੱਡ ਜਦੋਂ ਆਪਣੀ ਆਈ ਉਤੇ ਆ ਜਾਂਦੀ ਹੈ, ਸਰੋਤਿਆਂ ਨੂੰ ਵਹਾ ਕੇ ਲੈ ਜਾਂਦੀ ਹੈ। ਇਸੇ ਕਰਕੇ ਗੌਣ ਵਿਚ ਤਾਂ ਠੀਕ ਇਨ੍ਹਾਂ ਦੋਵਾਂ ਸਾਜ਼ਾਂ ਦੀ ਜੋਟੀਦਾਰੀ ਦੀ ਸਰਦਾਰੀ ਰਹੀ ਹੈ ਪਰ ਅੱਗੋਂ ਇਨ੍ਹਾਂ ਦੋਵਾਂ ਸਾਜ਼ਾਂ ਵਿਚੋਂ ਮੀਰੀ ਢੱਡ ਦੀ ਹੀ ਰਹਿੰਦੀ ਹੈ। ਤਦੇ ਹੀ ਤਾਂ ਢੱਡ-ਸਾਰੰਗੀ ਕਿਹਾ ਜਾਂਦਾ ਹੈ, ਸਾਰੰਗੀ-ਢੱਡ ਨਹੀਂ!

ਗਮੰਤਰੀਆਂ ਨੇ ਪ੍ਰਸੰਗ ਕੋਈ ਵੀ ਛੇੜਨਾ ਹੋਵੇ, ਸ਼ੁਰੂਆਤ ਉਹ ਇਸ਼ਟ ਧਿਆਉਣ ਵਾਲੇ ਮੰਗਲਾਚਰਨ ਤੋਂ ਹੀ ਕਰਦੇ। ਸਰਸਵਤੀ ਮਾਂ ਤੋਂ ਗਾਉਣ ਵਿਦਿਆ ਦਾ ਵਰ ਤਾਂ ਮੰਗਿਆ ਹੀ ਜਾਂਦਾ, ਉਹ ਆਪਣੇ ਉਸਤਾਦ ਨੂੰ ਚੇਤੇ ਕਰ ਕੇ ਨਮਸਕਾਰ ਜ਼ਰੂਰ ਕਰਦੇ। ਗਮੰਤਰੀ ਦਾ ਜਾਤ-ਧਰਮ ਕੁਝ ਵੀ ਹੁੰਦਾ, ਉਹ ਦੇਵੀ-ਦੇਵਤਿਆਂ ਤੇ ਬਾਬੇ ਨਾਨਕ ਤੋਂ ਲੈ ਕੇ ਜਤੀਆਂ-ਸਤੀਆਂ, ਸਭ ਨੂੰ ਸਿਮਰਦਾ ਅਤੇ ਪ੍ਰਸੰਗ ਵੀ ਇਕੋ ਜਿਹੇ ਆਦਰ ਨਾਲ ਹਰ ਧਰਮ ਦੇ ਗਾਉਂਦਾ। ਨਗੀਨਾ, ਰੁਲੀਆ, ਵਧਾਵਾ ਆਦਿ ਅਨੇਕ ਗਮੰਤਰੀ ਪੀੜ੍ਹੀਆਂ ਤੋਂ ਗਾਇਕੀ ਨਾਲ ਜੁੜੇ ਹੋਏ ਮਰਾਸੀ ਭਾਈਚਾਰੇ ਵਿਚੋਂ ਸਨ; ਬਰਨਾਲੇ ਵਾਲਾ ਮੱਘਰ ਸ਼ੇਖ਼ ਸੀ, ਧਨੌਲੇ ਵਾਲਾ ਪੂਰਨ ਝਿਊਰ ਸੀ ਤੇ ਛਪਾਰ ਵਾਲਾ ਡੋਗਰ ਤੇਲੀ ਸੀ; ਪਰਤਾਪਾ ਜੱਟ, ਦਿਆ ਰਾਮ ਪੰਡਤ ਤੇ ਖਿੱਦੂ ਮੋਚੀ ਸੀ।

ਗੌਣ ਦਾ ਆਰੰਭ ਕਰਦਿਆਂ ਗੱਲੀਂ ਲਗੇ ਸਰੋਤਿਆਂ ਦਾ ਧਿਆਨ ਆਪਣੇ ਵੱਲ ਖਿੱਚਣ ਅਤੇ ਇਕਾਗਰ ਕਰਨ ਵਾਸਤੇ ਗਮੰਤਰੀ ਉਚੀ ਹੇਕ ਕੱਢ ਕੇ ਕੋਈ ਬਹੁਤ ਮਨਮੋਹਕ ਤੇ ਖਿੱਚ-ਭਰਪੂਰ ਦੋਹਰਾ ਛੇੜਦੇ। ਕੁਝ ਬਹੁਤ ਪ੍ਰਚੱਲਿਤ ਦੋਹਰੇ ਇਹ ਸਨ:

ਜੇ ਸੁਖ ਲੈਣਾ ਜਗਤ ਮੇਂ, ਛੱਡ ਦੇ ਗੱਲਾਂ ਚਾਰ।

ਚੋਰੀ, ਜਾਰੀ, ਜਾਮਨੀ, ਚੌਥੀ ਪਰਾਈ ਨਾਰ।...

ਆਸ਼ਕ ਪੜ੍ਹਨ ਨਮਾਜ਼ ਇਸ਼ਕ ਦੀ, ਜਿਸ ਵਿਚ ਹਰਫ਼ ਨਾ ਕੋਈ।

ਜੀਭ ਨਾ ਹਿੱਲੇ, ਬੁੱਲ੍ਹ ਨਾ ਫਰਕਣ, ਪਾਕ ਨਮਾਜ਼ੀ ਸੋਈ।...

ਉਚਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ।

ਬੋਲ ਬੋਲੀਏ ਮਿੱਠੜਾ, ਫੱਟ ਦਿਲ ਦੇ ਭਰੀਏ।...

ਪਹਿਲਾ ਜਾਦੂ ਰੂਪ ਹੈ, ਦੂਜਾ ਜਾਦੂ ਰਾਗ।

ਤੀਜਾ ਜਾਦੂ ਲੱਛਮੀ, ਚੌਥਾ ਬੰਦੇ ਦਾ ਭਾਗ।...

ਮਾਰਿਆ ਮਰੇ ਕੁਸੰਗ ਦਾ, ਕੇਲੇ ਮੁੱਢ ਕਰੀਰ।

ਉਹ ਝੂਲੇ, ਉਹ ਪੱਛੀਏ, ਚੋਟਾਂ ਸਹੇ ਸਰੀਰ।

ਹਵਾਲੇ ਬਾਣੀ ਵਿਚੋਂ ਵੀ ਦਿੱਤੇ ਜਾਂਦੇ, ਭਾਵੇਂ ਉਚਾਰਨ ਆਮ ਕਰ ਕੇ ਸਰਲ-ਸਿੱਧਾ ਕਰ ਲਿਆ ਜਾਂਦਾ। ਭਗਤ ਕਬੀਰ ਤੇ ਬਾਬਾ ਫ਼ਰੀਦ ਦੇ ਦੋਹੇ ਤੇ ਸ਼ਲੋਕ ਗਮੰਤਰੀਆਂ ਨੂੰ ਖਾਸਾ ਖਿੱਚਦੇ। ਕਿਸੇ ਸੂਰਮੇ ਦਾ ਪ੍ਰਸੰਗ ਛੇੜਨ ਤੋਂ ਪਹਿਲਾਂ ਉਹ ਕਬੀਰ ਜੀ ਨੂੰ ਸਿਮਰਦੇ:

ਜਨਣੀ ਜਨੇ ਤਾਂ ਭਗਤ ਜਨ ਕਿਆ ਦਾਤਾ ਕਿਆ ਸੂਰ।

ਨਹੀਂ ਤਾਂ ਜਨਣੀ ਬਾਂਝ ਰਹੇ ਕਾਹੇ ਗੰਵਾਵੇ ਨੂਰ!

ਕਿਸੇ ਪ੍ਰੇਮ ਪ੍ਰਸੰਗ ਵਿਚ ਵਿਛੜੇ ਪ੍ਰੇਮੀ ਨੂੰ ਮਿਲਣ ਦੀ ਚਾਹ ਵਿਚ ਵਿਆਕੁਲ ਮਨ ਦਾ ਦਰਦ ਗਾਉਣ ਤੋਂ ਪਹਿਲਾਂ ਉਹ ਫ਼ਰੀਦ ਤੋਂ ਬੋਲ ਉਧਾਰੇ ਲੈ ਲੈਂਦੇ:

ਕਾਗਾ ਕਰੰਗ ਢੰਡੋਲਿਆ, ਸਗਲਾ ਖਾਇਆ ਮਾਸ।

ਇਹ ਦੋ ਨੈਣਾਂ ਮਤ ਛੁਹ, ਮੈਨੂੰ ਪਿਰ ਦੇਖਣ ਦੀ ਆਸ!

ਇਸ਼ਕ ਮਜ਼ਾਜੀ ਵੱਲ ਵਧਦਿਆਂ ਉਹ ਅਜਿਹੇ ਦੋਹਿਰੇ ਲਾਉਂਦੇ:

ਨਾ ਕੋਈ ਬਰਛਾ ਮਾਰਿਆ, ਨਾ ਮਾਰੀ ਤਲਵਾਰ।

ਦੋ ਨੈਣਾਂ ਦਾ ਮਾਰਿਆ, ਤੜਫ਼ੇ ਸਹਿ ਕੇ ਵਾਰ।...

ਮੁੱਛ ਫੁਟੇਂਦਾ ਗੱਭਰੂ, ਹਿੱਕ ਫੁਟੇਂਦੀ ਨਾਰ।

ਵੱਗ ਛੜੇਂਦਾ ਵਹਿੜਕਾ, ਕੀ ਤਿੰਨਾਂ ਅਤਬਾਰ।

ਇਸ ਤਰ੍ਹਾਂ ਆਰੰਭਿਕ ਦੋਹਰੇ ਜਾਂ ਦੋਹਰਿਆਂ ਨਾਲ ਮਾਹੌਲ ਬੰਨ੍ਹ ਕੇ ਉਹ ਅਸਲ ਪ੍ਰਸੰਗ ਵੱਲ ਆਉਂਦੇ।

ਗਮੰਤਰੀ ਮੰਨਦੇ ਸਨ ਕਿ ਇਹ ਰੱਬ ਦੀ ਬਖ਼ਸ਼ਿਸ਼ ਹੈ ਕਿ ਉਹਨੇ ਅਣਗਿਣਤ ਲੋਕਾਂ ਨੂੰ ਇਸ ਤੋਂ ਵਿਰਵੇ ਰੱਖ ਕੇ ਇਸ ਕਲਾ ਨਾਲ ਉਨ੍ਹਾਂ ਦੀ ਝੋਲੀ ਭਰਨ ਦੀ ਕਿਰਪਾ ਕੀਤੀ ਹੈ! ਉਨ੍ਹਾਂ ਦੀ ਨਿਵੇਕਲੀ-ਨਿਆਰੀ ਪੁਸ਼ਾਕ ਵੀ ਆਮ ਲੋਕਾਂ ਤੋਂ ਵੱਖਰੇ ਹੋਣ ਦੀ ਉਨ੍ਹਾਂ ਦੀ ਧਾਰਨਾ ਦਾ ਹੀ ਇਕ ਪ੍ਰਤੱਖ ਰੂਪ ਸੀ। ਕਵੀਸ਼ਰਾਂ ਅਤੇ ਗਵੱਈਆਂ ਦੇ ਕਲਾਕਾਰੀ ਸਵੈਮਾਣ ਦਾ ਜ਼ਿਕਰ ਕਰਦਿਆਂ ਅਜਿਹੀਆਂ ਲੋਕ-ਕਲਾਵਾਂ ਦੇ ਵੱਡੇ ਗਿਆਨੀ ਬਠਿੰਡੇ ਵਾਲੇ ਪ੍ਰੋ. ਕਰਮ ਸਿੰਘ ਨੇ ਇਕ ਬੜੀ ਕਮਾਲ ਦੀ ਗੱਲ ਸੁਣਾਈ ਸੀ।

ਇਕ ਵਾਰ ਪਟਿਆਲੀਆ ਮਹਾਰਾਜਾ ਭੂਪਿੰਦਰ ਸਿੰਘ ਕੁਛ ਦਿਨਾਂ ਵਾਸਤੇ ਬਠਿੰਡੇ ਦੇ ਕਿਲੇ ਵਿਚ ਟਿਕਿਆ ਹੋਇਆ ਸੀ। ਓਦੋਂ ਰਾਜੇ ਨੂੰ ਸਥਾਨਕਤਾ ਨਾਲ ਮੇਲਣ ਵਾਲੀ ਅਹਿਮ ਕੜੀ ਨੰਬਰਦਾਰ-ਜ਼ੈਲਦਾਰ ਹੁੰਦੇ ਸਨ। ਮਹਾਰਾਜੇ ਨੇ ਹਰ ਵੇਲੇ ਸੇਵਾ ਵਿਚ ਤਤਪਰ ਜ਼ੈਲਦਾਰ ਦਸੌਂਧਾ ਸਿੰਘ ਨੂੰ ਕੋਲ ਬੁਲਾਇਆ। ਕਹਿਣ ਲੱਗਾ, 'ਜ਼ੈਲਦਾਰ ਸਾਹਿਬ, ਸ਼ਾਮ ਵਿਚ ਰਸ ਭਰੀਏ। ਕੋਈ ਬਹੁਤ ਵਧੀਆ ਗਵੱਈਆ-ਗਮੰਤਰੀ ਬੁਲਾਓ।'

ਜ਼ੈਲਦਾਰ ਦੀ ਨਜ਼ਰ ਇਕਦਮ ਨਗੀਨੇ ਵੱਲ ਗਈ। ਉਹਨੇ ਚੌਕੀਦਾਰ ਨੂੰ ਆਵਾਜ਼ ਦਿੱਤੀ, 'ਜਾ ਬਈ, ਤੂੰ ਨਗੀਨੇ ਦੇ ਘਰ ਜਾ।' ਜ਼ੈਲਦਾਰ ਸਾਹਿਬ?'

ਏਨੇ ਨੂੰ ਦਸੌਂਧਾ ਸਿੰਘ ਨੂੰ ਖ਼ਿਆਲ ਆਇਆ, ਨਗੀਨੇ ਨੇ ਲਾਗੀ ਭੇਜੇ ਤੋਂ ਤਾਂ ਆਉਣਾ ਨਹੀਂ; ਪੂਰਾ ਆਕੜਖ਼ੋਰ ਬੰਦਾ ਹੈ! ਉਹ ਬੋਲਿਆ, 'ਬੱਸ ਚੌਕੀਦਾਰਾ, ਤੂੰ ਰਹਿਣ ਦੇ। ਜਾ, ਆਬਦਾ ਕੰਮ ਕਰ।'

ਜ਼ੈਲਦਾਰ ਆਪ ਚੱਲ ਕੇ ਨਗੀਨੇ ਦੇ ਘਰ ਗਿਆ। ਉਹਦਾ ਜ਼ੈਲਦਾਰ ਨੂੰ ਘਰ ਆਇਆ ਦੇਖ ਕੇ ਹੈਰਾਨ ਹੋਣਾ ਕੁਦਰਤੀ ਸੀ, 'ਆਓ ਮਹਾਰਾਜ ਜ਼ੈਲਦਾਰ ਸਾਹਿਬ, ਗ਼ਰੀਬ ਦੇ ਘਰ ਦਾ ਰਾਹ ਕਿਵੇਂ ਭੁੱਲ ਗਏ?'

ਜ਼ੈਲਦਾਰ ਨੇ ਵਿਅੰਗ ਜਿਹੇ ਨਾਲ ਕਿਹਾ, 'ਤੂੰ ਕਿਥੋਂ ਦਾ ਗ਼ਰੀਬ ਨਗੀਨਿਆ, ਤੈਨੂੰ ਤਾਂ ਖ਼ੁਦਾ ਨੇ ਕਲਾ ਦੀਆਂ ਦੌਲਤਾਂ ਝੋਲੀਆਂ ਭਰ-ਭਰ ਬਖ਼ਸ਼ੀਆਂ ਨੇ! ਤਦੇ ਤਾਂ ਚੱਲ ਕੇ ਤੇਰੇ ਦਰ 'ਤੇ ਆਏ ਹਾਂ।'

ਨਗੀਨੇ ਨੇ ਹੱਥ ਜੋੜੇ, 'ਹੁਕਮ?'

ਜ਼ੈਲਦਾਰ ਬੋਲਿਆ, 'ਤੈਨੂੰ ਪਤਾ ਹੀ ਹੋਵੇਗਾ, ਮਹਾਰਾਜਾ ਸਾਹਿਬ ਨੇ ਕਿਲੇ ਵਿਚ ਉਤਾਰਾ ਕੀਤਾ ਹੋਇਆ ਹੈ। ਉਨ੍ਹਾਂ ਨੇ ਸ਼ਾਮ ਨੂੰ ਗੌਣ ਸੁਣਨ ਦੀ ਇੱਛਾ ਦੱਸੀ ਹੈ। ਆਥਣੇ ਕਿਲੇ ਵਿਚ ਆ ਜਾਈਂ।'

ਨਗੀਨੇ ਨੇ ਝੱਟ ਸਵਾਲ ਕੀਤਾ, 'ਜ਼ੈਲਦਾਰਾ, ਮਹਾਰਾਜਾ ਗੌਣ ਸੁਣਨ ਜਾਣਦਾ ਵੀ ਹੈ?'

ਜ਼ੈਲਦਾਰ ਉਹਦਾ ਸਵਾਲ ਸੁਣ ਕੇ ਹੈਰਾਨ ਰਹਿ ਗਿਆ। ਬੋਲਿਆ, 'ਕੀ ਕਮਲੀਆਂ ਮਾਰਦਾ ਏਂ, ਨਗੀਨਿਆ, ਮਹਾਰਾਜਾ ਸਾਹਿਬ ਗੌਣ ਸੁਣਨ ਵੀ ਨਹੀਂ ਜਾਣਦੇ?'

ਨਗੀਨਾ ਕਹਿੰਦਾ, 'ਜਿਵੇਂ ਗਾਉਣਾ ਹਰੇਕ ਦੇ ਵੱਸ ਦੀ ਗੱਲ ਨਹੀਂ ਹੁੰਦੀ, ਜ਼ੈਲਦਾਰ ਸਾਹਿਬ, ਸੁਣਨਾ ਵੀ ਹਰੇਕ ਦੇ ਵੱਸ ਨਹੀਂ ਹੁੰਦਾ।...ਖ਼ੈਰ, ਜੇ ਮਹਾਰਾਜਾ ਸਾਡਾ ਗੌਣ ਸੁਣਨ ਦਾ ਚਾਹਵਾਨ ਹੈ ਤਾਂ ਜ਼ਰੂਰ ਸੁਣਾਵਾਂਗੇ ਪਰ ਇਕ ਕੰਮ ਕਰਿਓ, ਕਿਲੇ ਵਿਚ ਮੇਰੇ ਗਾਉਣ ਵਾਲੀ ਥਾਂ ਦੇ ਨੇੜੇ ਕੱਕੇ ਰੇਤੇ ਦੇ ਚਾਰ ਗੱਡੇ ਵਿਛਵਾ ਦੇਣੇ। ਤੇਰੇ ਮਹਾਰਾਜੇ ਨੂੰ ਮੇਰਾ ਗੌਣ ਸੁਣਨ ਸੁਰਗਾਂ ਵਿਚੋਂ ਚੱਲ ਕੇ ਆਈ ਮਾਈ ਹੀਰ ਦੀਆਂ ਸੱਜਰੀਆਂ ਪੈੜਾਂ ਵਿਖਾਵਾਂਗੇ!'

ਵਾਹ! ਇਹ ਸੀ ਗਮੰਤਰੀਆਂ ਦੀ ਕਲਾ ਤੇ ਇਹ ਸੀ ਉਸ ਨਾਲ ਜੁੜਿਆ ਹੋਇਆ ਸਵੈਮਾਣ ਤੇ ਇਹ ਇਸੇ ਸਵੈਮਾਣੀ ਕਲਾ ਦਾ ਸਿੱਟਾ ਸੀ ਕਿ ਉਸ ਸ਼ਾਮ ਮਹਾਰਾਜਾ ਭੂਪਿੰਦਰ ਸਿੰਘ ਨੇ ਨਗੀਨੇ ਦੀ ਗਾਇਕੀ ਤੋਂ ਗਦਗਦ ਹੋ ਕੇ ਵੀਹ ਕਿੱਲੇ ਜ਼ਮੀਨ ਉਹਦੇ ਨਾਂ ਕਰ ਦਿੱਤੀ!

## ਧੀ ਦੀ ਹੂਕ

ਮਾਤਾ ਗਊ ਤੋਂ ਵੱਛਾ ਖੋਂਹਦੇ,
ਮਾਂ ਦੀ ਕੁੱਖ 'ਚੋਂ ਧੀ ਨੂੰ,
ਪੱਥਰਾਂ ਨੂੰ ਖ਼ੁਦ ਪੂਜਣ ਵਾਲੇ,
ਪੱਥਰ ਸਮਝਣ ਧੀ ਨੂੰ।
ਲੱਖਾਂ ਧੀਆਂ ਅੱਗ 'ਚ ਸੜਦੀਆਂ,
ਕੀ ਕੀ ਜ਼ੁਲਮ ਨਹੀਂ ਹੋਇਆ,
ਪੜ੍ਹ ਕੇ ਖ਼ਬਰਾਂ ਮੁੱਖ ਸਫ਼ੇ 'ਤੇ,
ਦਿਲ ਦਾ ਪੰਛੀ ਰੋਇਆ।

ਢੇਰ ਦਾ ਕੂੜਾ, ਢੇਰੀ ਸੁੱਟਣਾ,
ਇਹੀ ਖ਼ਿਤਾਬ ਨੇ ਦਿੰਦੇ,
ਜ਼ਿਮੀਂਦਾਰ ਅਖਵਾਉਣ ਵਾਲੇ,
ਧੀ ਨੂੰ ਜ਼ਮੀਨ ਨਾ ਦਿੰਦੇ।
ਚਾਰ ਕੁ ਲੀਰਾਂ ਦੇ ਕੇ ਤੋਰਨ,
ਸਹੁਰੇ ਦਿੰਦੇ ਤਾਹਨੇ।
ਦਾਜ-ਦਾਜ ਦਾ ਰੌਲਾ ਪਾਉਂਦੇ,
ਆਪਣੇ ਬਣੇ ਬਿਗਾਨੇ।

ਪੁੱਤ ਪੀਵੇ ਬਦਾਮ ਦੇ ਬੱਤੇ,
ਧੀ ਲਈ ਹਉਕੇ ਭਰਦੇ।
ਧੀ ਨੂੰ ਪਿਓ ਦੀ ਪੱਗੜੀ ਆਖਣ,
ਪੁੱਤ ਨੇ ਖਾਂਦੇ ਜਰਦੇ।
ਭੈਣ ਸਦਾ ਭਰਾ ਦਾ ਸੋਚੇ,
ਕੀ ਕੀ ਸਿਤਮ ਉਠਾਉਂਦੀ।
ਇਕ ਭੈਣ ਭਰਾ ਲਈ ਦੇਖੀ,
ਜੇਲ੍ਹੀਂ ਚੱਕਰ ਲਾਉਂਦੀ।

ਬਾਹਰੋਂ ਆਇਆ ਮੁੰਡਾ ਸੁਣ ਕੇ,
ਧੀ ਦਾ ਰਿਸ਼ਤਾ ਕਰਦੇ।
ਇਕ ਅੱਧਾ ਖੇਤ ਵੇਚ ਕੇ,
ਵਿਆਹ ਦਾ ਸੌਦਾ ਕਰਦੇ।
ਮੌਜ ਲਵਾਂਗੇ ਟੱਬਰ ਸਾਰਾ,

## ਕਵਿਤਾ

ਵਿਚ ਜਹਾਜ਼ੇ ਚੜ੍ਹ ਕੇ,
ਧੀ ਦਾ ਦਿਲ ਨਾ ਜਾਣੇ ਕੋਈ,
ਹੌਲ ਨੇ ਪੈਂਦੇ ਪੜ੍ਹ ਕੇ।

ਦਿਲੋਂ ਕੁਆਰੀਆਂ ਉਂਞ ਵਿਆਹੀਆਂ,
ਕਈਆਂ ਕੋਲ਼ ਨੇ ਬੱਚੇ,
ਬਾਹਰਲੇ ਲਾੜੇ, ਪੰਛੀ ਉੱਡ ਗਏ,
ਕਿੰਝ ਕੋਈ ਪੈੜਾਂ ਨੱਪੇ।
ਧੀਆਂ ਵਾਲ਼ਿਓ! ਘਰ ਨੂੰ ਮੁੜ ਜਾਓ,
ਹੋਰ ਉਲ਼ਝ ਜਾਊ ਤਾਣੀ,
ਚੁੱਲ੍ਹੇ ਤੁਹਾਡੇ ਅੱਗ ਨਹੀਂ ਰਹਿਣੀ,
ਘੜੇ ਨਹੀਂ ਰਹਿਣਾ ਪਾਣੀ।

ਬੀਤ ਗਏ ਪਲ ਹੱਥ ਨਹੀ ਆਉਣੇ,
ਕਹਿ ਗਏ ਕਈ ਸਿਆਣੇ,
ਰਹਿੰਦੀ-ਖੂੰਹਦੀ ਇੱਜ਼ਤ ਲੁੱਟ ਜਾਊ,
ਵਿਚ ਕਚਹਿਰੀਆਂ, ਥਾਣੇ।
ਚੀਸ ਦਿਲਾਂ ਦੀ ਮਹਿਰਮ ਜਾਣੇ,
ਰਹਿ ਗਏ ਕੱਲੇ ਕੱਲੇ।
ਕਦੇ ਨੀ ਮੁੜਦੇ ਦਿੱਤੇ ਹੋਏ,
ਮੁੰਦੀਆਂ ਛਾਪਾਂ ਛੱਲੇ।

ਇਹੀ ਪੈਸਾ ਲਾ ਕੇ ਜੇਕਰ,
ਧੀ ਪੜ੍ਹਾਈ ਕਰਦੀ,
ਤਰ ਜਾਣੀਆਂ ਸੀ ਕਈ ਕੁੱਲਾਂ,
ਧੀ ਨਾ ਮਰਦੀ ਘਰ ਦੀ।
ਮੈਂ ਹਾਂ ਪੁੱਤਰੀ ਭਾਰਤ ਮਾਂ ਦੀ,
ਅਜੇ ਗੁਲਾਮੀ ਕਰਦੀ,
ਭਾਰਤ ਭਾਵੇਂ ਆਜ਼ਾਦ ਹੋ ਗਿਆ,
ਮੈਂ ਅੱਜ ਵੀ ਅੱਗੀਂ ਸੜਦੀ।

**-ਦੇਵਿੰਦਰ ਕੌਰ ਧਾਲੀਵਾਲ,**
**ਯੂ ਐਸ ਏ**

# ਕੁਦਰਤ, ਮਨੁੱਖ ਅਤੇ ਰੱਬੀ ਹੋਂਦ

***ਕੁਦਰਤ ਨਾਲ ਮਨੁੱਖ ਦਾ ਗੂੜ੍ਹਾ ਰਿਸ਼ਤਾ ਹੈ ਪਰ ਅਕਸਰ ਮਨੁੱਖ ਵਲੋਂ ਕੁਦਰਤ ਨਾਲ ਖਿਲਵਾੜ ਕੀਤਾ ਜਾਂਦਾ ਹੈ, ਜਿਸ ਦੇ ਉਸ ਨੂੰ ਗੰਭੀਰ ਸਿੱਟੇ ਭੁਗਤਣੇ ਪੈਂਦੇ ਹਨ। ਆਪਣੇ ਇਸ ਲੇਖ ਵਿਚ ਗੁਰਬਚਨ ਸਿੰਘ ਨੇ ਗੁਰਬਾਣੀ ਦੇ ਮਾਧਿਅਮ ਰਾਹੀਂ ਕੁਦਰਤ, ਮਨੁੱਖ ਤੇ ਰੱਬ ਦੇ ਆਪਸੀ ਰਿਸ਼ਤੇ ਨੂੰ ਦਰਸਾਇਆ ਹੈ। ਉਨ੍ਹਾਂ ਦੱਸਿਆ ਹੈ ਕਿ ਦ੍ਰਿਸ਼ਟਮਾਨ ਕੁਦਰਤ ਹੀ ਦਾਤਾਰ ਭਾਵ ਸਾਰੀਆਂ ਦਾਤਾਂ ਦੇਣ ਵਾਲੀ 'ਰਬੀ' ਹੋਂਦ ਹੈ। ਉਨ੍ਹਾਂ ਨੇ ਸਿੱਖ ਗੁਰੂ ਸਾਹਿਬਾਨ ਦੇ ਹਵਾਲੇ ਨਾਲ ਪਾਠਕਾਂ ਨੂੰ ਪਾਖੰਡਾਂ ਤੇ ਝੂਠੇ ਕਰਮ-ਕਾਂਡਾਂ ਬਾਰੇ ਵੀ ਸੁਚੇਤ ਕੀਤਾ ਹੈ।***

ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਨਵੇਂ ਸਾਲ 2022 ਦੇ ਆਗਮਨ ਮੌਕੇ ਸੰਸਾਰ ਭਰ ਦੇ ਲੋਕਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ 'ਜੇ ਅਸੀਂ ਕੁਦਰਤ ਨਾਲ ਖਿਲਵਾੜ ਨਾ ਕਰੀਏ ਤਾਂ ਕੁਦਰਤ ਸਾਨੂੰ ਕਦੇ ਧੋਖਾ ਨਹੀਂ ਦੇਵੇਗੀ।'

ਗੁਰੂ ਨਾਨਕ ਸਾਹਿਬ ਨੇ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਮਨੁੱਖਤਾ ਨੂੰ ਇਹੀ ਚੇਤਨਾ ਦਿੱਤੀ ਹੈ:

ਨਾਨਕ ਸਚੁ ਦਾਤਾਰੁ ਸਿਨਾਖਤੁ ਕੁਦਰਤੀ॥ (ਗੁਰੂ ਗ੍ਰੰਥ ਸਾਹਿਬ, ਪੰਨਾ 141)

ਭਾਵ ਮਨੁੱਖਤਾ ਨੂੰ ਸਾਰੀਆਂ ਦਾਤਾਂ ਦੇਣ ਵਾਲੇ ਦਾਤਾਰ (ਭਾਵ ਰੱਬੀ ਹੋਂਦ) ਦੀ ਸ਼ਨਾਖਤ ਕੁਦਰਤ ਵਿਚੋਂ ਹੁੰਦੀ ਹੈ।

ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ (ਭਾਈ ਗੁਰਦਾਸ)



**ਗੁਰਬਚਨ ਸਿੰਘ**
ਫੋਨ: +91-98156-98451

ਇਹ ਜਾਣਿਆ ਜਾਂਦਾ ਹੈ ਕਿ ਹੁਣ ਤੋਂ ਪਹਿਲਾਂ ਹਰੇਕ ਬਾਦਸ਼ਾਹ ਦੇ ਨਾਂ ਉਤੇ ਸਿੱਕਾ ਚੱਲਦਾ ਰਿਹਾ ਹੈ ਪਰ ਭਾਈ ਗੁਰਦਾਸ ਜੀ ਦੇ ਬਚਨ ਹਨ ਕਿ ਗੁਰੂ ਨਾਨਕ ਸਾਹਿਬ ਨੇ ਜਗਤ ਭਾਵ ਸੰਸਾਰ ਵਿਚ ਆਪਣਾ ਸਿੱਕਾ 'ਨਿਰਮਲ ਪੰਥ' ਦੇ ਰੂਪ ਵਿਚ ਜਾਰੀ ਕੀਤਾ, ਜਿਸ ਦਾ ਭਾਵ ਹੈ ਕਿ ਗੁਰੂ ਸਾਹਿਬ ਨੇ ਨਵੀਂ ਪਿਰਤ ਪਾਈ। ਉਨ੍ਹਾਂ ਨੇ ਪੈਸੇ (ਕਿਸੇ ਮੁੱਲ) ਦਾ ਸਿਕਾ ਮਾਰਨ ਦੀ ਥਾਂ 'ਪੰਥ' ਭਾਵ ਰਾਹ (ਮਾਰਗ) ਵਿਖਾਇਆ। ਮਾਰਗ ਭਾਵ ਮਨੁੱਖੀ ਜੀਵਨ ਜਿਊਣ ਦਾ ਨਵਾਂ ਢੰਗ ਦੱਸਿਆ। ਇਉਂ ਗੁਰੂ ਨਾਨਕ ਸਾਹਿਬ ਨੇ ਮਨੁੱਖਤਾ ਦੇ ਇਤਿਹਾਸ ਵਿਚ ਨਵੇਂ ਯੁੱਗ ਦਾ ਆਰੰਭ ਕੀਤਾ। ਉਨ੍ਹਾਂ ਨੇ ਮਨੁੱਖਤਾ ਦੇ ਅਨੁਭਵੀ ਗਿਆਨ ਨੂੰ ਨਵੀਂ ਦਿਸ਼ਾ ਦਿੱਤੀ। ਕੁਦਰਤ ਦੇ ਭਾਣੇ ਅਤੇ ਹੁਕਮ ਵਿਚ ਰਹਿੰਦਿਆਂ ਹੋਇਆਂ ਕੁਦਰਤ ਦੀ ਅਨਮੋਲ ਦਾਤ ਆਪਣੇ ਮਨ ਨੂੰ ਵਿਕਸਿਤ ਕਰ ਕੇ ਸਰਲ, ਸਾਦੀ, ਸਹਿਜ ਅਤੇ ਸੰਤੁਸ਼ਟ ਜ਼ਿੰਦਗੀ ਜਿਊਣ ਦੀ ਚੇਤਨਾ ਦਿੱਤੀ। ਇਸ ਚੇਤਨਾ ਦਾ ਆਰੰਭ ਹੇਠ ਲਿਖੀ ਧਾਰਨਾ ਤੋਂ ਹੁੰਦਾ ਹੈ:

ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥ (ਪੰਨਾ 292)

ਭਾਵ ਸਾਡੇ ਆਲੇ-ਦੁਆਲੇ ਚਾਰ-ਚੁਫੇਰੇ ਪਸਰਿਆ ਪਸਾਰਾ ਇਕ (ਏਕੋ) ਹੈ। ਹੋਰ ਦੂਜਾ ਕਿਤੇ ਕੋਈ ਨਜ਼ਰ ਨਹੀਂ ਆਉਂਦਾ।

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਪੰਨਾ 350)

ਇਹ ਏਕੋ ਹੀ ਮੇਰਾ ਮਾਲਕ ਹੈ। ਇਸ ਦੀ ਪੁਸ਼ਟੀ ਕਰਨ ਲਈ ਇਕ ਵਾਰ ਫਿਰ ਦੁਹਰਾਇਆ ਗਿਆ ਹੈ ਕਿ ਇਹ ਏਕੋ ਹੀ ਮੇਰਾ ਮਾਲਕ ਹੈ। ਮੇਰੇ ਇਸ ਮਾਲਕ ਤੋਂ ਬਿਨਾਂ ਹੋਰ ਕਿਸੇ ਦੂਜੇ 'ਰੱਬ' ਦੀ ਕੋਈ ਹੋਂਦ ਨਹੀਂ ਤੇ ਮੇਰੇ ਇਸ ਮਾਲਕ ਦਾਤਾਰ ਭਾਵ ਮੈਨੂੰ ਸਾਰੀਆਂ ਦਾਤਾਂ ਦੇਣ ਵਾਲੇ 'ਰੱਬ' ਦੀ ਪਛਾਣ ਕੁਦਰਤ ਵਿਚੋਂ ਹੁੰਦੀ ਹੈ।

ਯਥਾ ਇਹ ਦ੍ਰਿਸ਼ਟਮਾਨ ਕੁਦਰਤ ਹੀ ਦਾਤਾਰ ਭਾਵ ਸਾਰੀਆਂ ਦਾਤਾਂ ਦੇਣ ਵਾਲੀ 'ਰਬੀ' ਹੋਂਦ ਹੈ। ਇਸ ਤੋਂ ਬਗੈਰ ਹੋਰ ਕੋਈ ਦੂਜੀ ਰੱਬੀ ਹੋਂਦ ਨਹੀਂ। ਮਨੁੱਖੀ ਆਤਮਿਕ ਗਿਆਨ ਦੇ ਖੇਤਰ ਵਿਚ ਆਇਆ ਇਹ ਇਕ ਨਵਾਂ ਇਨਕਲਾਬ ਹੈ। ਇਸ ਆਤਮਿਕ ਗਿਆਨ ਨੇ ਮਨੁੱਖ ਨੂੰ ਨਵੀਂ ਚੇਤਨਾ ਦਿੱਤੀ ਹੈ। ਇਸ ਨੇ ਸ੍ਰਿਸ਼ਟੀ ਅਤੇ ਸ੍ਰਿਸ਼ਟੀ ਰਚਨਾ ਬਾਰੇ ਆਪਣੇ ਤੋਂ ਪਹਿਲੀਆਂ ਚਲਦੀਆ ਆ ਰਹੀਆਂ ਸਾਰੀਆਂ ਧਾਰਨਾਵਾਂ ਦਾ ਪੂਰਨ ਰੂਪ ਵਿਚ ਖੰਡਨ ਕਰ ਕੇ ਮਨੁੱਖਤਾ ਨੂੰ ਨਵੀਂ ਜਾਣਕਾਰੀ ਦਿੱਤੀ ਹੈ।

ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਸ੍ਰਿਸ਼ਟੀ ਅਤੇ ਸ੍ਰਿਸ਼ਟੀ ਰਚਨਾ ਬਾਰੇ ਮਨੂੰਵਾਦੀ ਸ਼ੰਕਰਾਚਾਰੀਆ ਦੀ ਇਹ ਮਾਨਤਾ ਭਾਰੂ ਸੀ ਕਿ ਅਦ੍ਰਿਸ਼ਟ 'ਬ੍ਰਹਮ' ਸੱਚ ਹੈ ਪਰ ਦ੍ਰਿਸ਼ਟਮਾਨ ਸੰਸਾਰ ਮਿਥਿਆ ਹੈ। ਆਪਣੀ ਸੀਮਤ ਉਮਰ ਭੋਗ ਕੇ ਜਦੋਂ ਮਨੁੱਖ ਦੀ ਮੌਤ ਅਟਲ ਹੈ, ਤਾਂ ਫਿਰ ਇਹ ਦ੍ਰਿਸ਼ਟਮਾਨ ਸੰਸਾਰ ਮਾਇਆ ਭਾਵ ਇਕ ਛਲਾਵਾ ਹੈ। ਮਨੁੱਖੀ ਮਨ ਦੀ ਕੋਰੀ ਕਲਪਨਾ ਹੈ ਅਤੇ ਸ੍ਰਿਸ਼ਟੀ ਦੀ ਰਚਨਾ ਮਨੂੰ ਮਨ-ਕਲਪਿਤ ਬ੍ਰਹਮਾ ਨੇ ਕੀਤੀ ਹੈ, ਜਿਸ ਨੇ ਮਨੁੱਖਤਾ ਨੂੰ ਚਾਰ ਵਰਨਾਂ ਵਿਚ ਵੰਡਿਆ ਹੈ।

ਗੁਰੂ ਸਾਹਿਬ ਨੇ ਸ਼ੰਕਰਾਚਾਰੀਆ ਦੀ ਇਸ ਧਾਰਨਾ ਦਾ ਪੂਰਨ ਰੂਪ ਵਿਚ ਖੰਡਨ ਕੀਤਾ ਹੈ। ਗੁਰੂ ਸਾਹਿਬ ਨੇ ਬੁਲੰਦ ਐਲਾਨ ਕੀਤਾ ਕਿ ਇਹ ਦ੍ਰਿਸ਼ਟਗੋਚਰ ਹੁੰਦਾ 'ਸੰਸਾਰ' ਅਤੇ ਅੰਤਰੀਨ ਅਦ੍ਰਿਸ਼ਟ 'ਬ੍ਰਹਮ' ਭਾਵ ਇਹ ਅਸੀਮ ਬ੍ਰਹਿਮੰਡੀ ਵਿਸਥਾਰ ਇਕ ਹੈ। ਇਹ ਮਨੁੱਖੀ ਮਨ ਦੀ ਕੋਰੀ ਕਲਪਨਾ ਨਹੀਂ ਬਲਕਿ ਹਕੀਕਤ ਹੈ:

ਕੁਦਰਤਿ ਕਰਨੈਹਾਰ ਅਪਾਰਾ॥ ਕੀਤੇ ਕਾ ਨਾਹੀ ਕਿਹੁ ਚਾਰਾ॥
ਜੀਅ ਉਪਾਇ ਰਿਜਕ ਦੇ ਆਪੇ ਸਿਰਿ ਸਿਰਿ ਹੁਕਮੁ ਚਲਾਇਆ॥ (ਪੰਨਾ 1042)

ਯਥਾ ਇਹ ਅਸੀਮ ਕੁਦਰਤ ਹੀ ਕਰਨ ਕਰਾਵਣਹਾਰ ਹੈ। ਇਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ ਤਥਾ ਇਸ ਬ੍ਰਹਿਮੰਡੀ ਕੁਦਰਤ ਦੇ ਉਰਵਾਰ-ਪਾਰ ਮਨੁੱਖੀ ਮਨ ਦੀ ਪਕੜ ਵਿਚ ਨਹੀਂ ਆ ਸਕਦੇ। ਕੁਦਰਤ ਦੇ ਕੀਤੇ ਦਾ ਕੋਈ ਚਾਰਾ ਨਹੀਂ। ਕੁਦਰਤ ਦੇ ਕੰਮਾਂ ਵਿਚ ਕੋਈ ਮਨੁੱਖ ਦਖਲ ਨਹੀਂ ਦੇ ਸਕਦਾ। ਕੁਦਰਤ ਆਪ ਹੀ ਜੀਆ ਜੰਤ ਪੈਦਾ ਕਰਦੀ ਹੈ ਅਤੇ ਆਪ ਹੀ ਸਾਰਿਆਂ ਨੂੰ ਰਿਜਕ ਦੇਂਦੀ ਹੈ। ਇਹ ਅਸੀਮ ਬ੍ਰਹਿਮੰਡੀ ਹੋਂਦ ਆਪਣੇ ਆਪ ਹੀ ਹੁਕਮ ਭਾਵ ਕੁਦਰਤੀ ਨੇਮਾਂ ਅਨੁਸਾਰ ਚਲਦੀ ਆ ਰਹੀ ਹੈ:

ਬ੍ਰਹਮੋ ਪਸਾਰਾ ਬ੍ਰਹਮ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ॥ (ਪੰਨਾ 792)

ਯਥਾ ਸਾਡੇ ਚਾਰ ਚੁਫੇਰੇ ਫੈਲਿਆ ਇਹ ਸਾਰਾ ਪਸਾਰਾ ਬ੍ਰਹਮ ਹੈ। ਸਭ ਥਾਂ ਬ੍ਰਹਮ ਹੀ ਪਸਰਿਆ ਹੋਇਆ ਹੈ। ਬ੍ਰਹਮ ਹੀ ਸਗਲ ਦ੍ਰਿਸ਼ਟੀ ਵਿਚ ਆਉਂਦਾ ਹੈ ਅਤੇ ਇਸ ਇਕ ਤੋਂ ਬਿਨਾਂ ਬ੍ਰਹਮਾ ਬਿਸਨੁ ਮਹੇਸ ਦੀ ਕੋਈ ਹੋਂਦ ਨਹੀਂ।

ਬ੍ਰਹਮਾ ਬਿਸਨੁ ਮਹੇਸ ਨ ਕੋਈ॥ ਅਵਰ ਨ ਦੀਸੈ ਏਕੋ ਸੋਈ॥ (ਪੰਨਾ 1035)

ਗੁਰੂ ਨਾਨਕ ਸਾਹਿਬ ਦੇ ਆਗਮਨ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਨਮਸਕਾਰੁ ਗੁਰਦੇਵ ਕੋ ਸਤਿ ਨਾਮੁ ਜਿਸ ਮੰਤ੍ਰ ਸੁਣਾਇਆ।
ਭਵਜਲ ਵਿਚੋਂ ਕਢਿ ਕੈ ਮੁਕਤਿ ਪਦਾਰਥਿ ਮਾਹਿ ਸਮਾਇਆ। (ਵਾਰ 1, ਪਉੜੀ 1)

ਭਾਈ ਗੁਰਦਾਸ ਜੀ ਦੇ ਬਚਨ ਹਨ ਕਿ ਗੁਰੂ ਸਾਹਿਬ ਨੇ ਮਨੁੱਖਤਾ ਨੂੰ ਸਤਿ ਨਾਮੁ ਦਾ ਆਤਮਿਕ ਗਿਆਨ ਦੇ ਕੇ ਹਰੇਕ ਤਰ੍ਹਾਂ ਦੇ ਪੂਰਬਲੇ ਭਰਮ ਜਾਲ ਤੋਂ ਮੁਕਤ ਕਰ ਦਿੱਤਾ ਹੈ ਤਥਾ ਸਮੁੱਚੀ ਮਾਨਵਤਾ ਨੂੰ ਮੁਕਤ ਪਦਾਰਥ ਭਾਵ ਇਸ ਦ੍ਰਿਸਟਮਾਨ ਸੰਸਾਰ ਵਿਚ ਨਿਰਭੈ ਹੋ ਕੇ ਵਿਚਰਨ ਦੀ ਜੁਗਤ ਦੱਸੀ ਹੈ।


ਭਾਈ ਗੁਰਦਾਸ ਜੀ ਦੇ ਬਚਨਾਂ ਅਨੁਸਾਰ ਗੁਰੂ ਸਾਹਿਬ ਨੇ ਮਨੁੱਖਤਾ ਨੂੰ ਕਿਹੜੇ ਪੂਰਬਲੇ ਭਰਮਜਾਲ ਤੋਂ ਮੁਕਤ ਕਰਵਾਇਆ?

ਜਨਮ ਮਰਣ ਭਉ ਕਟਿਆ ਸੰਸਾ ਰੋਗੁ ਵਿਯੋਗੁ ਮਿਟਾਇਆ।
ਸੰਸਾ ਇਹੁ ਸੰਸਾਰੁ ਹੈ ਜਨਮ ਮਰਨ ਵਿਚਿ ਦੁਖੁ ਸਵਾਇਆ।
ਜਮ ਦੰਡੁ ਸਿਰੌਂ ਨ ਉਤਰੇ ਸਾਕਤਿ ਦੁਰਜਨ ਜਨਮੁ ਗਵਾਇਆ।
ਚਰਨ ਗਹੇ ਗੁਰਦੇਵ ਦੇ ਸਤਿ ਸਬਦੁ ਦੇ ਮੁਕਤਿ ਕਰਾਇਆ। (ਵਾਰ 1, ਪਉੜੀ1)

ਗੁਰੂ ਨਾਨਕ ਸਾਹਿਬ ਨੇ ਮਨੁੱਖ ਦੀ ਸੋਚ ਅਤੇ ਉਸ ਦੇ ਮਨ ਵਿਚੋਂ ਵਾਰ-ਵਾਰ ਜੰਮਣ ਮਰਨ ਦਾ ਡਰ ਹਮੇਸ਼ਾਂ ਲਈ ਖਤਮ ਕਰ ਦਿੱਤਾ। ਮਰਨ ਤੋਂ ਬਾਅਦ ਪੈਦਾ ਹੋਣ ਵਾਲੇ ਵਿਛੋੜੇ ਦੇ ਸ਼ੰਕੇ (ਨਰਕ-ਸਵਰਗ ਤੇ ਪੁਨਰ ਜਨਮ ਦੇ ਭਰਮਜਾਲ) ਤੇ ਇਨ੍ਹਾਂ ਸ਼ੰਕਿਆਂ ਨਾਲ ਪੈਦਾ ਹੋਣ ਵਾਲੇ ਸਾਰੇ ਮਾਨਸਿਕ ਰੋਗ (ਡਰ) ਵੀ ਸਦਾ ਲਈ ਨਵਿਰਤ ਕਰ ਦਿੱਤੇ। ਇਹ ਸ਼ੰਕਾ ਵੀ ਸਦਾ ਲਈ ਖਤਮ ਕਰ ਦਿੱਤੀ ਕਿ ਇਹ ਸੰਸਾਰ ਇਕ ਭਰਮ (ਮਾਇਆ ਜਾਂ ਛਲਾਵਾ) ਹੈ ਅਤੇ ਜੰਮਣ ਮਰਨ ਵਿਚ ਸਵਾਏ ਦੁਖ ਭਾਵ ਦੁਖ ਹੀ ਦੁਖ ਹਨ। ਸਾਕਤ ਭਾਵ ਸ਼ਕਤੀ ਦੇ ਪੁਜਾਰੀ ਮਨੁੱਖ ਦੇ ਦਿਮਾਗ ਵਿਚ ਹਮੇਸ਼ਾਂ ਮਰਨ ਤੋਂ ਬਾਅਦ ਮਨ ਕਲਪਿਤ ਯਮਾਂ ਦੇ ਦੰਡ ਦੇਣ ਦਾ ਡਰ ਬਣਿਆ ਰਹਿੰਦਾ ਹੈ ਅਤੇ ਉਹ ਆਪਣੀ ਸਾਰੀ ਜ਼ਿੰਦਗੀ ਇਸ ਡਰ ਨਾਲ ਹੀ ਲੰਘਾ ਦੇਂਦਾ ਹੈ। ਭਾਈ ਗੁਰਦਾਸ ਜੀ ਉਸ ਗੁਰੂ ਨੂੰ ਚਰਨ ਬੰਦਨਾ ਕਰਦੇ ਹਨ, ਜਿਸ ਨੇ ਸਤਿ ਸਬਦੁ ਦਾ ਗਿਆਨ ਦੇ ਕੇ ਮਨੁਖ ਨੂੰ ਸਦਾ ਲਈ ਯਮਾਂ ਦੇ ਇਸ ਡਰ ਤੋਂ ਵੀ ਮੁਕਤ ਕਰ ਦਿੱਤਾ।

ਖੋਲਿ ਕਿਵਾਰ ਦਿਖਾਲੇ ਦਰਸਨੁ ਪੁਨਰਪਿ ਜਨਮਿ ਨ ਆਈਐ॥ ਪੰਨਾ 383)
ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥ (ਪੰਨਾ 433)

ਗੁਰੂ ਸਾਹਿਬ ਨੇ ਸਾਡੀ ਅਕਲ ਦੇ ਦਰਵਾਜ਼ੇ ਖੋਲ੍ਹ ਕੇ ਇਹ ਅਨੁਭਵੀ ਸੋਝੀ ਦਿੱਤੀ ਹੈ ਕਿ ਪੁਨਰ ਜਨਮ ਦੀ ਕੋਈ ਹੋਂਦ ਨਹੀਂ। ਸਿਰਜਣਹਾਰ ਕਰਤਾ ਆਪ ਹੀ ਆਪਣੇ ਨਾਲ ਮੇਲ ਕਰਵਾ ਲੈਂਦਾ ਹੈ ਅਤੇ ਪੁਨਰ ਜਨਮ ਨਿਰੋਲ ਭਰਮ ਹੈ। ਕਰਤਾ (ਸਿਰਜਣਹਾਰ) ਦੇ ਹੁਕਮ ਅਨੁਸਾਰ ਹੀ ਸੰਸਾਰ ਵਿਚ ਆਉਣ-ਜਾਣ ਭਾਵ ਜੰਮਣ-ਮਰਨ ਬਣਿਆ ਹੋਇਆ ਹੈ।



ਪ੍ਰੋ. ਪੂਰਨ ਸਿੰਘ ਦੇ ਕਥਨ ਅਨੁਸਾਰ, ''ਸਿਖ ਮਤਿ ਬੁਧ ਮਤਿ ਦੀ ਨਿਆਈਂ ਦ੍ਰਿਸਟਮਾਨ ਤੋਂ ਆਰੰਭ ਕਰ ਕੇ ਇਸ ਦਾ ਅੱਗੇ ਵਿਸਥਾਰ ਕਰਦਾ ਹੈ ਪਰ ਬ੍ਰਾਹਮਣ ਮਤਿ ਅਦ੍ਰਿਸ਼ਟ ਤੋਂ ਆਰੰਭ ਕਰ ਕੇ ਮਾਨਸਿਕ ਕਲਪਨਾ ਵਿਚ ਹੀ ਇਸ ਦੀ ਵਿਆਖਿਆ ਕਰਦਾ ਹੈ।''... ''ਬਾਵਨ-ਅਖਰੀ ਵਿਚ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ 'ਸ੍ਰਿਸ਼ਟੀ ਦਾ ਇਹ ਜੋ ਵਿਸ਼ਾਲ ਅਖਰ ਅਸੀਂ ਵੇਖ ਰਹੇ ਹਾਂ, ਇਹੋ ਹੀ ਸ਼ੁੱਧ ਪਾਰਬ੍ਰਹਮ ਹੈ'।''

ਗੁਰੂ ਨਾਨਕ ਸਾਹਿਬ ਨੇ ਮਨੂੰਵਾਦ (ਬ੍ਰਾਹਮਣ ਮਤਿ) ਨਾਲੋਂ ਇਹੀ ਬੁਨਿਆਦੀ ਨਿਖੇੜਾ ਕੀਤਾ ਹੈ। ਮੂਲ ਮੰਤਰ ਇਸ ਸਚ ਦੀ ਪੁਸ਼ਟੀ ਕਰਦਾ ਹੈ। ਗੁਰੂ ਸਾਹਿਬ ਨੇ ਹਰੇਕ ਕਿਸਮ ਦੇ ਭੇਖੀ ਪਾਖੰਡ ਅਤੇ ਕਰਮਕਾਂਡ ਦਾ ਖੰਡਨ ਕੀਤਾ ਹੈ।

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥
..... ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥ (ਪੰਨਾ 747-48)

ਭਾਵ ਧਰਮ ਦੇ ਨਾਂ ਉਤੇ ਕੀਤਾ ਜਾ ਰਿਹਾ ਇਹ ਸਾਰਾ ਪਾਖੰਡ ਤੇ ਕਰਮਕਾਂਡ ਯਮਾਂ ਦੇ ਡਰ ਦੀ ਨਿਆਈਂ ਸਾਰੇ ਸੰਸਾਰ ਨੂੰ ਲੁੱਟ ਰਿਹਾ ਹੈ। ਭਾਵ ਜਿਵੇਂ ਕਲਪਿਤ ਯਮਾਂ ਦਾ ਡਰ ਫਜ਼ੂਲ ਹੈ, ਇਸੇ ਤਰ੍ਹਾਂ ਧਰਮ ਦੇ ਨਾਂ ਉਤੇ ਕੀਤਾ ਜਾ ਰਿਹਾ ਇਹ ਸਾਰਾ ਕਰਮਕਾਂਡ ਨਿਰੋਲ ਪਾਖੰਡ ਹੈ ਤੇ ਸਮੇਂ ਦੀ ਬਰਬਾਦੀ ਹੈ। ਅਜਿਹੇ ਸਾਰੇ ਭਰਮਜਾਲ ਤੋਂ ਮੁਕਤ ਹੋ ਕੇ ਉਸ ਕਰਤੇ ਦਾ ਨਿਰਬਾਣ ਭਾਵ ਸੁਆਰਥ ਰਹਿਤ ਹੋ ਕੇ ਕੀਰਤਨ ਕਰੋ। ਕੁਦਰਤ ਦੇ ਕਣ-ਕਣ ਵਿਚ ਰਮੇ ਹੋਏ ਸਿਰਜਣਹਾਰ ਕਰਤਾ ਦੇ ਗੁਣ ਗਾਓ, ਜਿਸ ਨੂੰ ਇਕ ਪਲ ਸਿਮਰਨ ਨਾਲ ਇਸ ਸਾਰੇ ਜੰਜਾਲ ਭਾਵ ਭਰਮਜਾਲ ਤੋਂ ਛੁਟਕਾਰਾ ਮਿਲ ਜਾਂਦਾ ਹੈ। ਇਸ ਭਰਮਜਾਲ ਤੋਂ ਮਨੁੱਖੀ ਮਨ ਨੂੰ ਮੁਕਤੀ ਮਿਲ ਜਾਂਦੀ ਹੈ।

ਹੇ ਸੰਤਹੁ! ਭਾਵ ਸਚ ਦਾ ਅੰਤ ਪਾ ਲੈਣ ਵਾਲੇ ਮਹਾਂਪੁਰਖੋ! ਇਉਂ ਕਰਨ ਨਾਲ ਇਸ ਸੰਸਾਰ ਸਾਗਰ ਤੋਂ ਪਾਰ-ਉਤਾਰਾ ਹੋ ਜਾਂਦਾ ਹੈ। ਜੇ ਕੋਈ ਅਜਿਹੇ ਸੰਤਾਂ ਦਾ ਬਚਨ ਆਪਣੇ ਮਨ ਵਿਚ ਵਸਾ ਕੇ ਉਸ ਨੂੰ ਕਮਾਉਂਦਾ ਹੈ, ਉਸ ਉਤੇ ਅਮਲ ਕਰਦਾ ਹੈ, ਤਾਂ ਉਹ ਗੁਰੂ ਦੀ ਹੋਈ ਮਿਹਰ ਨਾਲ ਸੰਸਾਰ ਸਾਗਰ ਤੋਂ ਪਾਰ ਹੋ ਜਾਂਦਾ ਹੈ ਭਾਵ ਆਪਣੀ ਜ਼ਿੰਦਗੀ ਸਹਿਜ ਨਾਲ ਕਟ ਜਾਂਦਾ ਹੈ। ਕਰੋੜਾਂ ਤੀਰਥਾਂ ਉਤੇ ਜਾ ਕੇ ਪੁਰਬਾਂ ਦਾ ਕੀਤਾ ਇਸ਼ਨਾਨ ਇਸ ਕਲਯੁਗ ਵਿਚ ਮਨ ਅੰਦਰ ਮੈਲ ਭਰਨ ਦਾ ਕਾਰਨ ਹੀ ਬਣਦਾ ਹੈ ਅਤੇ ਮਨੁੱਖੀ ਮਨ ਨੂੰ ਗੁੰਮਰਾਹ ਕਰਦਾ ਹੈ। ਮਨ ਵਿਚ ਹੰਕਾਰ ਦਾ ਕਾਰਨ ਬਣਦਾ ਹੈ। ਸੱਜਣ ਪੁਰਖ ਸਾਧ ਸੰਗਤ ਵਿਚ ਬੈਠ ਕੇ ਆਪਣੇ ਚਾਰ-ਚੁਫੇਰੇ ਪਸਰੇ ਹਰਿ ਦੇ ਗੁਣ ਗਾਉਂਦੇ ਹਨ। ਉਨ੍ਹਾਂ ਦਾ ਮਨ ਨਿਰਮਲ ਹੋ ਜਾਂਦਾ ਹੈ ਅਤੇ ਉਨ੍ਹਾਂ ਨੂੰ ਆਪਣੀ ਨਾਸਵੰਤ ਸਰੀਰੀ ਹੋਂਦ ਦਾ ਅਹਿਸਾਸ ਹੋ ਜਾਂਦਾ ਹੈ। ਵੇਦ ਕਤੇਬ ਸਿਮਰਤੀਆਂ ਅਤੇ ਸਾਰੇ ਸ਼ਾਸਤਰ ਪੜ੍ਹ ਕੇ ਵੀ ਇਨ੍ਹਾਂ ਨਾਲ ਮਨ ਦੀ ਮੁਕਤੀ ਨਹੀਂ ਮਿਲਦੀ ਭਾਵ ਇਹ ਸਾਰੇ ਮਨ ਨੂੰ ਹਉਮੈ ਅਤੇ ਤ੍ਰਿਸ਼ਨਾ ਤੋਂ ਮੁਕਤ ਨਹੀਂ ਕਰਦੇ। ਕੁਦਰਤ ਦੇ ਕਣ-ਕਣ ਵਿਚੋਂ ਪ੍ਰਗਟ ਹੁੰਦੇ ਹਰਿ ਦੇ ਅਨੁਭਵ ਨੂੰ ਜਦੋਂ ਤਕ ਮਨੁੱਖ ਆਪਣੇ ਮਨ ਵਿਚ ਨਹੀਂ ਵਸਾਉਂਦਾ, ਉਹ ਹਉਮੈ ਅਤੇ ਤ੍ਰਿਸ਼ਨਾ ਤੋਂ ਛੁਟਕਾਰਾ ਨਹੀਂ ਪਾ ਸਕਦਾ। ਜਿਸ ਮਨੁੱਖ ਨੂੰ ਏਕੁ ਭਾਵ ਏਕੋ ਅਖਰ ਦੇ ਅਨੁਭਵ ਨਾਲ ਗੁਰਮੁਖਤਾਈ ਦਾ ਅਹਿਸਾਸ ਹੋ ਜਾਏ, ਉਸ ਦਾ ਮਨ ਨਿਰਮਲ ਹੋ ਜਾਂਦਾ ਹੈ। ਉਸ ਨੂੰ ਕਰਮ ਕਾਂਡ ਅਤੇ ਧਰਮ ਦੇ ਨਾਂ ਉਤੇ ਕੀਤੇ ਜਾ ਰਹੇ ਸਾਰੇ ਪਾਖੰਡ ਦੇ ਭਰਮਜਾਲ ਤੋਂ ਛੁਟਕਾਰਾ ਮਿਲ ਜਾਂਦਾ ਹੈ। ਇਹ ਉਪਦੇਸ਼ ਚਾਰੇ ਵਰਨਾਂ ਭਾਵ ਖੱਤਰੀ, ਬ੍ਰਾਹਮਣ, ਸ਼ੂਦਰ ਤੇ ਵੈਸ਼ ਸਾਰਿਆਂ ਲਈ ਸਾਂਝਾ ਹੈ। (ਗੁਰੂ) ਨਾਨਕ (ਸਾਹਿਬ) ਦੇ ਬਚਨ ਹਨ ਕਿ ਕਲਯੁਗ ਅੰਦਰ ਇਸ ਏਕੋ ਦੇ ਨਾਮ ਜਪਣ ਭਾਵ ਮੰਨਣ ਵਾਲੇ ਗੁਰਮੁਖ ਦਾ ਪਾਰ ਉਤਾਰਾ ਹੋ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਨੇ ਕੁਦਰਤ ਅਤੇ ਮਨੁੱਖੀ ਰਿਸ਼ਤਿਆਂ ਬਾਰੇ ਪ੍ਰਾਪਤ ਕੀਤੇ ਨਵੇਂ ਗਿਆਨ (ਸੱਚ) ਦੇ ਆਧਾਰ ਉਤੇ ਮਨੁੱਖੀ ਸਮਾਜ ਨੂੰ ਨਵੇਂ ਸਿਰਿਓਂ ਵਿਉਂਤਣ ਦੀ ਜੁਗਤ ਦੱਸੀ। ਗੁਰੂ ਗੋਬਿੰਦ ਸਿੰਘ ਜੀ ਨੇ ਅਜੋਕੇ ਯੁੱਗ ਦੇ ਪੂਰਨ ਮਨੁੱਖ ਵਜੋਂ ਖਾਲਸਾ ਪੰਥ ਦੀ ਸਿਰਜਣਾ ਕਰ ਕੇ ਇਸ ਨਿਰਮਲ ਪੰਥ ਦੀ ਅਗਵਾਈ ਪੰਜ ਪਿਆਰਿਆਂ (ਪੰਚਾਇਤ) ਨੂੰ ਸੌਂਪੀ। ਸਿਰਦਾਰ ਕਪੂਰ ਸਿੰਘ ਨੇ ਲਿਖਿਆ ਹੈ, ''ਗੁਰੂ ਨਾਨਕ ਜੀ ਦੇ ਵਿਚਾਰ ਹੀ ਸੰਸਾਰ ਵਿਚਾਰਧਾਰਾ ਵਿਚ ਇਸ ਆਧੁਨਿਕ ਯੁਗ ਦੀਆਂ ਜੜ੍ਹਾਂ ਹਨ। ... ਉਨ੍ਹਾਂ ਜੋ ਵਿਚਾਰਾਂ ਸੰਸਾਰ ਨੂੰ ਦਿੱਤੀਆਂ, ਉਹ ਬੜੀਆਂ ਨਰੋਈਆਂ, ਇੰਨੀਆਂ ਮਜ਼ਬੂਤ ਅਤੇ ਮੌਲਿਕ ਹਨ ਕਿ ਪਿਛਲੇ ਪੰਜ ਸੌ ਸਾਲਾਂ ਵਿਚ ਜਿੰਨੇ ਵੀ ਸੰਸਾਰ ਵਿਚ ਇਨਕਲਾਬ ਆਏ, ਪਰਿਵਰਤਨ ਹੋਏ, ਉਨ੍ਹਾਂ ਦੀਆਂ ਜੇ ਜੜ੍ਹਾਂ ਫਰੋਲੀਆ ਜਾਣ ਤਾਂ ਤੁਸੀਂ ਦੇਖੋਗੇ ਕਿ ਇਹ ਵਿਚਾਰ-ਕਰੂੰਬਲਾਂ ਕਿੱਥੋਂ ਤੇ ਕਿਵੇਂ ਫੁੱਟੀਆਂ ਤਾਂ ਇਸ ਦਾ ਸਿਹਰਾ ਭਾਰਤ ਤੇ ਇਸ ਦੇ ਪੰਜਾਬ ਪ੍ਰਾਂਤ ਦੇ ਮਹਾਨ ਗੁਰੂ ਨਾਨਕ ਸਾਹਿਬ ਦੇ ਸਿਰ ਉਤੇ ਹੀ ਬਝਦਾ ਹੈ।''

# 'ਖਾਲਿਸਤਾਨ ਦੀ ਸਾਜ਼ਿਸ਼', ਇੰਦਰਾ ਜੁੰਡਲੀ ਅਤੇ ਅਕਾਲੀ ਆਗੂ

'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਹਰਚਰਨ ਸਿੰਘ ਪਰਹਾਰ ਦੀ ਤਿੰਨ ਕਿਸ਼ਤਾਂ ਵਿਚ ਛਪੀ ਲਿਖਤ 'ਖਾਲਿਸਤਾਨ ਦੀ ਸਾਜ਼ਿਸ਼ ਅਤੇ ਸਿੱਖ' ਪੜ੍ਹੀ। ਲਿਖਤ ਜਾਣਕਾਰੀ ਵਧਾਉਣ ਵਾਲੀ ਅਤੇ ਬੜੀ ਮਿਹਨਤ ਨਾਲ ਕਈ ਲਿਖਾਰੀਆਂ ਦੀਆਂ ਕਿਤਾਬਾਂ ਦੇ ਹਵਾਲਿਆਂ ਨਾਲ ਭਰਪੂਰ ਸੀ। ਇਹ ਲਿਖਤ ਇਸ ਸਵਾਲ ਦਾ ਸਪਸ਼ਟ ਉੱਤਰ ਹੈ ਕਿ ਲੰਮੇ ਸਮੇਂ ਤੋਂ ਖਾਲਿਸਤਾਨ ਦੀ ਗੱਲ ਕੇਵਲ ਨਾਹਰੇ ਤੱਕ ਹੀ ਸੀਮਿਤ ਕਿਉਂ ਹੈ? ਕਿਉਂਕਿ ਖਾਲਿਸਤਾਨ ਦੀ ਗੱਲ ਚਲਾਈ ਹੀ ਸਾਜ਼ਿਸ਼ ਨਾਲ ਗਈ ਸੀ। ਖਾਲਿਸਤਾਨ ਦਾ ਨਾਹਰਾ ਕਿਸੇ ਗੰਭੀਰ ਰਾਜਨੀਤਕ ਮੰਥਨ ਦਾ ਨਤੀਜਾ ਨਹੀ ਸੀ ਸਗੋਂ ਇਹ ਨਾਹਰਾ ਤਾਂ ਕਿਸੇ ਹੋਰ ਵੱਲੋਂ ਆਪਣੇ ਰਾਜਨੀਤਕ ਮਨੋਰਥਾਂ ਦੀ ਪੂਰਤੀ ਲਈ ਲਵਾਇਆ ਗਿਆ ਸੀ।

**ਹਜ਼ਾਰਾ ਸਿੰਘ ਮਿਸੀਸਾਗਾ**
ਫੋਨ: (905)795-3428

ਸ. ਪਰਹਾਰ ਅਨੁਸਾਰ ਇਹ ਕੁ-ਚਾਲ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਉਸ ਦੇ ਸਾਥੀਆਂ ਦੀ ਸੀ। ਸਿੱਖ ਵਿਦਵਾਨ ਅਤੇ ਸਿੱਖ ਸਿਆਸਤਦਾਨ ਇਸ ਚਾਲ ਨੂੰ ਸਮਝਣੋਂ ਅਸਮਰੱਥ ਰਹੇ। ਬਹੁਤ ਸਾਰੇ ਅਣਭੋਲ ਨੌਜੁਆਨ ਇਸ ਨਾਅਰੇ ਪਿਛਲੀ ਬਦਨੀਤ ਨੂੰ ਸਮਝੇ ਬਗੈਰ ਹੀ ਖਾਲਿਸਤਾਨ ਦੇ ਸੰਘਰਸ਼ ਵਿਚ ਕੁੱਦ ਪਏ। 'ਸਿੰਘਾਂ' ਭੋਲਿਆਂ ਮੂਲ ਨਾ ਸਹੀ ਕੀਤਾ, ਕੇਹਾ ਚੜ੍ਹੀ ਹੈ ਜ਼ਹਿਰ ਦੇ ਸਾਣ ਮਾਈ', ਅਨੁਸਾਰ ਬਹੁਤ ਸਾਰੇ ਨੌਜੁਆਨ ਇਸ ਨਾਹਰੇ ਵਿਚੋਂ ਉੱਠੀ ਸੰਘਰਸ਼ ਦੀ ਲਾਟ 'ਤੇ ਪ੍ਰਵਾਨਿਆਂ ਵਾਂਗ ਕੁਰਬਾਨ ਹੋ ਗਏ, ਬਹੁਤ ਲੋਕਾਂ ਨੂੰ ਕਸ਼ਟ ਸਹਿਣੇ ਪਏ, ਬਹੁਤ ਸਾਰੇ ਨਿਰਦੋਸ਼ ਮਾਰੇ ਗਏ, ਬਹੁਤ ਸਾਰੇ ਥਾਣਿਆਂ ਵਿਚ ਕੋਹੇ ਗਏ ਅਤੇ ਕਈ ਅਜੇ ਵੀ ਜੇਲ੍ਹਾਂ ਵਿਚ ਹਨ। ਇਸ ਲਿਖਤ ਅਨੁਸਾਰ ਇਸ ਸਾਰੇ ਦੁਖਾਂਤ ਦੇ ਅਸਲ ਖਲਨਾਇਕ ਤੇ ਦੋਸ਼ੀ ਇੰਦਰਾ ਗਾਂਧੀ ਅਤੇ ਉਸ ਦੀ ਪਾਰਟੀ ਦੇ ਲੋਕ ਹਨ ਜਿਨ੍ਹਾਂ 1985 ਦੀਆਂ ਚੋਣਾਂ ਜਿੱਤਣ ਲਈ ਸਿੱਖਾਂ ਦੀਆਂ ਬਲੀਆਂ ਲੈਣ ਵਾਸਤੇ ਮਾਹੌਲ ਵਿਗਾੜਨ ਲਈ ਸਾਰੀ ਸਾਜ਼ਿਸ਼ ਰਚੀ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਸ. ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਤਲਵੰਡੀ ਜਾਂ ਸ. ਬਰਨਾਲਾ ਵਰਗੇ ਸਭ ਅਕਾਲੀ ਨੇਤਾਵਾਂ ਨੇ ਪੂਰੇ ਦੋ ਸਾਲ ਇੰਦਰਾ ਜੁੰਡਲੀ ਦੀ ਚਿੱਟੇ ਦਿਨ ਵਾਂਗ ਸਾਫ ਇਸ ਸਾਜ਼ਿਸ਼ ਨੂੰ ਸਮਝਿਆ ਕਿਉਂ ਨਾ। ਇਨ੍ਹਾਂ ਸਭ 'ਲੂੰਬੜਾਂ' ਨੇ ਸੰਤ ਹਰਚਰਨ ਸਿੰਘ ਲੌਂਗੋਵਾਲ ਇਕੱਲੇ ਨੂੰ ਬਲਦੀ ਦੇ ਬੂਥੇ ਕਿਉਂ ਝੋਕੀ ਰੱਖਿਆ ਤੇ ਆਪ ਖੁਦ ਸਾਰਾ ਸਮਾਂ ਡਰਦੇ ਮਾਰੇ ਕਬੂਤਰਾਂ ਵਾਂਗ ਅੱਖਾਂ ਮੀਚੀ ਕਿਉਂ ਬੈਠੇ ਰਹੇ?

ਇੰਦਰਾ ਗਾਂਧੀ, ਜ਼ੈਲ ਸਿੰਘ ਅਤੇ ਭਾਰਤੀ ਸਟੇਟ ਦੇ ਨੌਕਰਸ਼ਾਹ ਕੈਸੇ ਦੇਸ਼ ਭਗਤ ਸਨ ਜਿਨ੍ਹਾਂ ਬੇਗੁਨਾਹ ਸ਼ਹਿਰੀਆਂ ਦਾ ਘਾਣ ਕਰਨ ਅਤੇ ਦੇਸ਼ ਨੂੰ ਸੰਕਟ ਵਿਚ ਪਾ ਦੇਣ ਵਾਲੀ ਸਥਿਤੀ ਦਾ ਮੁੱਢ ਬੱਧਾ ਪਰ ਇਹ ਕੁ-ਚਾਲ, 'ਗੁੱਝੀ ਰਮਜ਼ ਕਰਕੇ ਆਪ ਰਹੀ ਸੱਚੀ' ਵਾਲੇ ਕਥਨ ਵਾਂਗ ਸਫਲ ਨਾ ਹੋਈ। ਇਹ ਆਪ ਵੀ ਬਚ ਨਾ ਸਕੇ, ਆਪਣੀ ਮਚਾਈ ਅੱਗ ਵਿਚ ਇਨ੍ਹਾਂ ਨੂੰ ਵੀ ਸੜਨਾ ਪਿਆ। ਸੱਚ ਇਹ ਹੈ ਕਿ ਇਸ ਸ਼ਰਾਰਤ ਦੇ ਨਤੀਜੇ ਵਜੋਂ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੇ ਦੁਰਪ੍ਰਭਾਵਾਂ ਵਿਚੋਂ ਭਾਰਤੀ ਸਟੇਟ ਵੀ ਅਜੇ ਤੱਕ ਪੂਰੀ ਤਰ੍ਹਾਂ ਉੱਭਰ ਨਹੀਂ ਸਕੀ। ਭਾਰਤੀ ਸਟੇਟ ਨੇ ਇਸੇ ਬੇਵਕੂਫੀ ਤੋਂ ਸਬਕ ਲੈਂਦਿਆਂ ਹੀ ਕਿਸਾਨ ਸੰਘਰਸ਼ ਦੌਰਾਨ ਸਖਤੀ ਕਰਨ ਤੋਂ ਗੁਰੇਜ਼ ਕੀਤਾ ਹੈ ਜੋ ਚੰਗੀ ਗੱਲ ਹੈ। ਰਾਜਨੀਤਕ ਮਨੋਰਥ ਜੋ ਮਰਜ਼ੀ ਹੋਣ, ਹੁਣ ਦੀ ਭਾਰਤੀ ਸਟੇਟ ਸਿੱਖਾਂ ਨਾਲ ਸਮਝੌਤੇ ਵਾਲੀ ਸਮਝ ਬਣਾ ਕੇ ਰੱਖਣਾ ਚਾਹੁੰਦੀ ਹੈ। ਬਲਵੰਤ ਸਿੰਘ ਰਜੋਆਣਾ ਨੂੰ ਫਾਂਸੀ ਨਾ ਲਾਏ ਜਾਣ ਦੀ ਝਿਜਕ ਪਿੱਛੇ ਇਹੋ ਕਾਰਨ ਹੈ।

ਸ. ਪਰਹਾਰ ਦੀ ਇਸ ਲਿਖਤ ਨਾਲ ਪਾਠਕ ਨੂੰ ਇਹ ਸਮਝਣ ਵਿਚ ਭਰਪੂਰ ਮਦਦ ਮਿਲੇਗੀ ਕਿ ਜੋ ਅੱਜ ਵੀ ਖਾਲਿਸਤਾਨ ਨਾਹਰਾ ਲਾ ਰਹੇ ਹਨ, ਕੀ ਉਹ ਆਪ ਲਾ ਰਹੇ ਹਨ ਜਾਂ ਉਨ੍ਹਾਂ ਕੋਲੋਂ ਲਵਾਇਆ ਜਾ ਰਿਹਾ ਹੈ? 'ਫਰੀਦਾ ਇਹ ਵਿਸੁ ਗੰਦਲਾਂ ਧਰੀਆਂ ਖੰਡਿ ਲਿਵਾੜਿ' ਵਾਲੀ ਖੇਡ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਹੈ। ਆਸ ਹੈ ਕਿ ਇਹ ਲਿਖਤ ਪਿਛਲੇ ਸਮੇਂ ਵਿਚ ਹੋਈ ਸ਼ਰਾਰਤ ਨੂੰ ਸਮਝ ਕੇ 'ਆਗੈ ਸਮਝ ਚਲੋ ਨੰਦ ਲਾਲਾ' ਵਾਲੀ ਸੋਚ ਪੈਦਾ ਕਰਨ ਵਿਚ ਮਦਦ ਕਰੇਗੀ।

# ਆਦਿੱਤਿਆਨਾਥ ਯੋਗੀ ਦਾ ਦਹਿਸ਼ਤੀ ਰਾਜ

**ਖਾਸ ਰਿਪੋਰਟ**

***ਯੋਗੀ ਆਦਿੱਤਿਆਨਾਥ ਨੇ ਪਿਛਲੇ ਪੰਜ ਸਾਲ ਤੋਂ, ਜਦੋਂ ਤੋਂ ਉਹ ਉਤਰ ਪ੍ਰਦੇਸ਼ ਦਾ ਮੁੱਖ ਬਣਿਆ, ਨੇ ਸੂਬੇ ਵਿਚ ਫਿਰਕੂ ਹਨੇਰੀ ਲਿਆਂਦੀ ਹੋਈ ਹੈ। ਉਘੇ ਪੱਤਰਕਾਰ ਧੀਰੇਂਦਰ ਕੇ. ਝਾਅ ਦੀ ਇਹ ਖਾਸ ਰਿਪੋਰਟ ਆਦਿੱਤਿਆਨਾਥ ਦੇ ਇਕ ਸਾਧਾਰਨ ਨੌਜਵਾਨ ਤੋਂ ਗੋਰਖਨਾਥ ਮੱਠ ਦਾ ਮਹੰਤ ਬਣਨ ਅਤੇ ਫਿਰ ਭਾਰਤ ਦੀ ਚੋਣ ਸਿਆਸਤ ਵਿਚ ਸਭ ਤੋਂ ਅਹਿਮ ਸਥਾਨ ਰੱਖਦੇ ਸੂਬੇ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣ ਕੇ ਹਿੰਦੂਤਵ ਦਾ ਮੁੱਖ ਚਿਹਰਾ ਬਣ ਕੇ ਉਭਰਨ ਦੇ ਸਿਆਸੀ ਸਫਰ ਉਪਰ ਝਾਤ ਪੁਆਉਂਦੀ ਹੈ। ਝਾਅ ਮਸ਼ਹੂਰ ਕਿਤਾਬ 'ਸ਼ੈਡੋ ਆਰਮੀਜ਼: ਫਰਿੰਜ ਆਰਗੇਨਾਈਜੇਸਨ ਐਂਡ ਫੁੱਟ ਸੋਲਜਰਜ਼ ਆਫ ਹਿੰਦੂਤਵ' ਦਾ ਲੇਖਕ ਅਤੇ 'ਅਯੁੱਧਿਆ: ਦਿ ਡਾਰਕ ਨਾਈਟ' ਦਾ ਸਹਿ-ਲੇਖਕ ਹੈ। ਉਹਦੀ ਤਾਜ਼ਾ ਕਿਤਾਬ 'ਅਸੈਟਿਕ ਗੇਮਜ਼: ਸਾਧੂ, ਅਖਾੜਾਜ਼ ਐਂਡ ਦਿ ਮੇਕਿੰਗ ਆਫ ਹਿੰਦੂ ਵੋਟ' ਹੈ। 'ਕਾਰਵਾਂ' ਮੈਗਜ਼ੀਨ ਦੇ ਨਵੇਂ ਅੰਕ ਵਿਚ ਛਪੀ ਇਸ ਮਹੱਤਵਪੂਰਨ ਰਿਪੋਰਟ ਦੇ ਲੜੀਵਾਰ ਅਨੁਵਾਦ ਦੀ ਪਹਿਲੀ ਕਿਸ਼ਤ ਪੇਸ਼ ਹੈ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***



**ਧੀਰੇਂਦਰ ਕੇ. ਝਾਅ**
**ਅਨੁਵਾਦ : ਬੂਟਾ ਸਿੰਘ**

ਪੱਤਰਕਾਰ ਤੇ ਸਮਾਜਿਕ ਕਾਰਕੁਨ ਪਰਵੇਜ਼ ਪਰਵਾਜ਼ ਗੋਰਖਪੁਰ ਰੇਲਵੇ ਸਟੇਸ਼ਨ ਤੋਂ ਲੰਘ ਰਿਹਾ ਸੀ ਜਦੋਂ ਉਸ ਨੇ ਮਹਾਰਾਣਾ ਪ੍ਰਤਾਪ ਦੀ ਮੂਰਤੀ ਕੋਲ ਵੱਡਾ ਇਕੱਠ ਦੇਖਿਆ। ਇਹ 27 ਜਨਵਰੀ 2007 ਦੀ ਸ਼ਾਮ ਸੀ। ਭਾਰਤੀ ਜਨਤਾ ਪਾਰਟੀ ਦਾ ਗੋਰਖਪੁਰ ਤੋਂ ਸੰਸਦ ਮੈਂਬਰ ਆਦਿੱਤਿਆਨਾਥ, ਭਗਵੇਂ ਬਸਤਰਾਂ ਵਿਚ ਸਜਿਆ, ਇਕੱਠ 'ਚ ਜੋਸ਼ ਭਰਨ ਲਈ ਭੜਕਾਊ ਭਾਸ਼ਣ ਦੇ ਰਿਹਾ ਸੀ। ਪਰਵਾਜ਼ ਨੂੰ ਹਾਲ ਹੀ ਵਿਚ ਮੁਹੱਰਮ ਦੇ ਜਲੂਸ ਦੌਰਾਨ ਝੜਪ ਕਾਰਨ ਸ਼ਹਿਰ ਵਿਚ ਫੈਲੇ ਤਣਾਅ ਬਾਰੇ ਪਤਾ ਸੀ ਜਿਸ ਵਿਚ ਇਕ ਹਿੰਦੂ ਲੜਕਾ ਜ਼ਖਮੀ ਹੋ ਗਿਆ ਸੀ ਅਤੇ ਬਾਅਦ ਵਿਚ ਉਸ ਦੀ ਮੌਤ ਹੋ ਗਈ ਸੀ। ਉਸ ਨੇ ਮੈਨੂੰ ਦੱਸਿਆ, "ਭੜਕੇ ਹੋਏ ਮਾਹੌਲ ਨੂੰ ਦੇਖਦਿਆਂ ਮੈਂ ਖੁਦ ਭੀੜ ਦਾ ਹਿੱਸਾ ਬਣ ਗਿਆ।" ਭੀੜ ਮੁੱਖ ਤੌਰ 'ਤੇ ਹਿੰਦੂ ਯੁਵਾ ਵਾਹਿਨੀ ਦੇ ਮੈਂਬਰਾਂ ਦੀ ਸੀ, ਇਸ ਯੁਵਾ ਮਿਲੀਸ਼ੀਆ ਦੀ ਸਥਾਪਨਾ ਆਦਿੱਤਿਆਨਾਥ ਨੇ ਪੰਜ ਸਾਲ ਪਹਿਲਾਂ ਕੀਤੀ ਸੀ। ਵੱਡੇ ਇਕੱਠ ਦੇ ਅੰਦਰ ਨਾਮਾਲੂਮ ਪਰਵਾਜ਼ ਨੇ ਇਕ ਹੱਥ ਵਿਚ ਫੜੇ ਕੈਮਰੇ ਨਾਲ ਭਾਸ਼ਣ ਰਿਕਾਰਡ ਕਰਨਾ ਸ਼ੁਰੂ ਕਰ ਦਿੱਤਾ ਜੋ ਉਹ ਹਮੇਸ਼ਾ ਆਪਣੇ ਨਾਲ ਰੱਖਦਾ ਸੀ।

ਆਦਿੱਤਿਆਨਾਥ ਨੇ ਐਲਾਨ ਕੀਤਾ, "ਏਕ ਹਿੰਦੂ ਕੇ ਖੂਨ ਕੇ ਬਦਲੇ ਆਨੇ ਵਾਲੇ ਸਮੇਂ ਮੇਂ ਹਮ ਪ੍ਰਸ਼ਾਸਨ ਸੇ ਐਫ.ਆਈ.ਆਰ. ਦਰਜ ਨਹੀਂ ਕਰਵਾਏਂਗੇ ਬਲਕਿ ਕਮ-ਸੇ-ਕਮ ਦਸ ਐਸੇ ਲੋਗੋਂ ਕੀ ਹੱਤਿਆ ਉਸ ਸੇ ਕਰਵਾਏਂਗੇ।"

ਭੀੜ ਤਾੜੀਆਂ ਨਾਲ ਗੂੰਜ ਉਠੀ।

ਜਿਉਂ ਹੀ ਆਦਿੱਤਿਆਨਾਥ ਨੇ ਆਪਣਾ ਭਾਸ਼ਣ ਸਮਾਪਤ ਕੀਤਾ, ਪਰਵਾਜ਼ ਚੁੱਪ-ਚਾਪ ਘਰ ਪਰਤ ਆਇਆ ਪਰ ਸ਼ਹਿਰ 'ਚ ਵਿਸਫੋਟ ਹੋਣਾ ਸ਼ੁਰੂ ਹੋ ਗਿਆ। ਸੁਨੀਲ ਸਿੰਘ ਨੇ ਮੈਨੂੰ ਦੱਸਿਆ, "ਆਦਿੱਤਿਆਨਾਥ ਦਾ ਭਾਸ਼ਣ ਮੁੱਕਣ ਤੋਂ ਪਹਿਲਾਂ ਹੀ ਮੀਟਿੰਗ ਵਾਲੀ ਥਾਂ ਦੇ ਬਿਲਕੁਲ ਸਾਹਮਣੇ ਹੋਟਲ ਲੁੱਟਿਆ ਗਿਆ ਅਤੇ ਭੰਨਤੋੜ ਕੀਤੀ ਗਈ।" ਉਸ ਵਕਤ ਸੁਨੀਲ ਸਿੰਘ ਆਦਿੱਤਿਆਨਾਥ ਦੇ ਸਭ ਤੋਂ ਭਰੋਸੇਮੰਦ ਲਫਟੈਨਾਂ ਵਿਚੋਂ ਇਕ ਸੀ ਜੋ ਹਿੰਦੂ ਯੁਵਾ ਵਾਹਿਨੀ ਦਾ ਸੂਬਾ ਪ੍ਰਧਾਨ ਸੀ। ਉਹ ਇਸ ਮਾਮਲੇ ਦੇ ਮੁਲਜ਼ਮਾਂ ਵਿਚੋਂ ਇਕ ਹੈ। ਆਦਿੱਤਿਆਨਾਥ ਦੇ ਬੋਲਣ ਤੋਂ ਠੀਕ ਪਹਿਲਾਂ ਸਿੰਘ ਨੇ ਭੀੜ ਨੂੰ ਸੰਬੋਧਨ ਕੀਤਾ ਸੀ। ਹੋਟਲ ਦਾ ਮਾਲਕ ਇਕ ਮੁਕਾਮੀ ਮੁਸਲਮਾਨ ਸੀ। ਉਥੋਂ ਦੰਗਾ ਗੋਰਖਪੁਰ ਦੇ ਹੋਰ ਹਿੱਸਿਆਂ ਵਿਚ ਫੈਲ ਗਿਆ। ਘੱਟੋ-ਘੱਟ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਕਰੋੜਾਂ ਰੁਪਏ ਦੀ ਜਾਇਦਾਦ ਸੜ ਗਈ।

ਅਗਲੇ ਦਿਨ ਜ਼ਿਲ੍ਹਾ ਮੈਜਿਸਟ੍ਰੇਟ ਦੇ ਮਨਾਹੀ ਦੇ ਹੁਕਮਾਂ ਦੇ ਬਾਵਜੂਦ, ਆਦਿੱਤਿਆਨਾਥ ਅਤੇ ਉਸ ਦੇ ਹਮਾਇਤੀਆਂ ਨੇ ਗੋਰਖਪੁਰ ਦੇ ਗੜਬੜ ਵਾਲੇ ਖੇਤਰਾਂ ਵੱਲ ਮਾਰਚ ਕੀਤਾ। ਉਸ ਨੂੰ ਇਕ ਦਰਜਨ ਤੋਂ ਵੱਧ ਹੋਰ ਹਿੰਦੂ ਯੁਵਾ ਵਾਹਿਨੀ ਆਗੂਆਂ ਨਾਲ ਗ੍ਰਿਫਤਾਰ ਕੀਤਾ ਗਿਆ। ਗ੍ਰਿਫਤਾਰੀ ਦਾ ਵਕਤ ਐਸਾ ਸੀ ਕਿ ਮਿਲੀਸ਼ੀਆ 29 ਜਨਵਰੀ ਨੂੰ ਤਾਜ਼ੀਆ ਸਾੜਨ ਦੀ ਆਪਣੀ ਧਮਕੀ ਨੂੰ ਅੰਜਾਮ ਨਹੀਂ ਦੇ ਸਕੀ - ਜੋ ਮੁਸਲਮਾਨਾਂ ਨੇ ਮੁਹੱਰਮ ਦੇ ਜਲੂਸ ਦੇ ਹਿੱਸੇ ਵਜੋਂ ਆਪਣੇ ਮੋਢਿਆਂ 'ਤੇ ਚੁੱਕੇ ਹੁੰਦੇ ਹਨ।

ਆਦਿੱਤਿਆਨਾਥ ਕਈ ਦਿਨ ਗੋਰਖਪੁਰ ਜੇਲ੍ਹ ਵਿਚ ਰਿਹਾ। ਉਸ ਦੀ ਜ਼ਮਾਨਤ 7 ਫਰਵਰੀ ਨੂੰ ਹੋਈ ਸੀ। ਸੁਨੀਲ ਸਿੰਘ ਨੇ ਕਿਹਾ, "ਮੈਨੂੰ ਵੀ ਆਦਿੱਤਿਆਨਾਥ ਨਾਲ ਗ੍ਰਿਫਤਾਰ ਕੀਤਾ ਗਿਆ ਸੀ। ਆਦਿੱਤਿਆਨਾਥ ਤਾਂ 11 ਦਿਨ ਹਿਰਾਸਤ ਵਿਚ ਰਹੇ ਪਰ ਮੈਨੂੰ 66 ਦਿਨਾਂ ਬਾਅਦ ਰਿਹਾਅ ਕੀਤਾ ਗਿਆ।"

ਇਹ ਪਹਿਲਾ ਅਤੇ ਇੱਕੋ-ਇਕ ਮੌਕਾ ਹੋਵੇਗਾ ਜਦੋਂ ਸਥਾਨਕ ਪ੍ਰਸ਼ਾਸਨ ਨੇ ਆਦਿੱਤਿਆਨਾਥ ਅਤੇ ਉਸ ਦੇ ਗੁੰਡਿਆਂ ਵਿਰੁੱਧ ਤੇਜ਼ੀ ਅਤੇ ਸਖਤੀ ਨਾਲ ਕਾਰਵਾਈ ਕੀਤੀ ਹੋਵੇਗੀ। ਮੁਲਾਇਮ ਸਿੰਘ ਯਾਦਵ ਦੀ ਅਗਵਾਈ ਵਾਲੀ ਉਤਰ ਪ੍ਰਦੇਸ਼ ਸਰਕਾਰ ਨੇ ਆਮ ਤੌਰ 'ਤੇ ਉਸ ਦੀਆਂ ਸਰਗਰਮੀਆਂ ਵੱਲ ਅੱਖਾਂ ਬੰਦ ਕਰ ਲਈਆਂ। ਇਹ ਇੱਕੋ-ਇਕ ਦਖਲਅੰਦਾਜ਼ੀ ਇਸ ਕਰਕੇ ਕੀਤੀ ਗਈ ਹੋ ਸਕਦੀ ਹੈ ਕਿਉਂਕਿ ਆਦਿੱਤਿਆਨਾਥ ਹੋਣ ਵਾਲੀਆਂ ਰਾਜ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਇਕ ਸਥਾਨਕ ਜੁਰਮ ਨੂੰ ਭਰਪੂਰ ਫਿਰਕੂ ਯੁੱਧ ਵਿਚ ਬਦਲਣ ਦੀ ਧਮਕੀ ਦੇ ਰਿਹਾ ਸੀ ਜੋ ਉਸੇ ਸਾਲ ਅਪਰੈਲ ਅਤੇ ਮਈ ਵਿਚ ਹੋਣੀਆਂ ਸਨ। ਜਿਨ੍ਹਾਂ ਸਥਾਨਕ ਲੋਕਾਂ ਨਾਲ ਮੈਂ ਗੱਲ ਕੀਤੀ, ਉਨ੍ਹਾਂ ਦੀ ਦਲੀਲ ਸੀ ਕਿ ਫਿਰਕੂ ਲੀਹਾਂ 'ਤੇ ਲੜਾਈ ਨੇ ਮੁਸਲਮਾਨਾਂ ਨੂੰ ਯਾਦਵਾਂ ਦੀ ਮੁੱਖ ਵਿਰੋਧੀ ਬਹੁਜਨ ਸਮਾਜ ਪਾਰਟੀ ਦੀ ਮਾਇਆਵਤੀ ਦੇ ਹੱਕ ਵਿਚ ਵੋਟ ਪਾਉਣ ਲਈ ਮਜਬੂਰ ਕਰਕੇ ਸਮਾਜਵਾਦੀ ਪਾਰਟੀ ਨੂੰ ਚੋਣਾਂ ਵਿਚ ਕਮਜ਼ੋਰ ਕਰ ਦੇਣਾ ਸੀ।



ਕੁਝ ਵੀ ਹੋਵੇ, ਆਦਿੱਤਿਆਨਾਥ ਦੀ ਗ੍ਰਿਫਤਾਰੀ ਅਤੇ ਉਸ ਦੀ ਸੁਰੱਖਿਆ ਲਈ ਨਿਯੁਕਤ ਸੁਰੱਖਿਆ ਗਾਰਡਾਂ ਨੂੰ ਵਾਪਸ ਲੈਣ ਦੇ ਸੂਬਾ ਸਰਕਾਰ ਦੇ ਫੈਸਲੇ ਨੇ ਮਹੰਤ ਨੂੰ ਬੇਚੈਨ ਕਰ ਦਿੱਤਾ। ਇਹ ਚਰਚਿਤ ਹੈ ਕਿ 12 ਮਾਰਚ ਨੂੰ ਉਹ ਲੋਕ ਸਭਾ ਦੇ ਅੰਦਰ ਫੁੱਟ-ਫੁੱਟ ਕੇ ਰੋ ਪਿਆ ਜਿੱਥੇ ਉਸ ਨੇ 1998 ਤੋਂ ਗੋਰਖਪੁਰ ਦੀ ਨੁਮਾਇੰਦਗੀ ਕੀਤੀ ਸੀ। ਜੇਲ੍ਹ ਦੇ ਸੰਤਾਪ ਨੂੰ ਬਿਆਨ ਕਰਦੇ ਵਕਤ ਉਸ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਅਤੇ ਛਲਕ ਕੇ ਉਸ ਦੇ ਚਿਹਰੇ 'ਤੇ ਵਹਿ ਤੁਰੇ। ਉਸ ਦੀ ਆਵਾਜ਼ ਕੰਬਦੀ ਅਤੇ ਭਰੜਾਈ ਹੋਈ ਸੀ ਜੋ ਵਿਚ-ਵਿਚ ਭਾਵਨਾਵਾਂ 'ਚ ਵਹਿ ਜਾਂਦੀ ਸੀ। ਉਸ ਨੇ ਕਿਹਾ, "ਮੈਂ ਆਪਣੇ ਸਮਾਜ ਲਈ ਸੰਨਿਆਸ ਲਿਆ, ਮੈਂ ਆਪਣਾ ਪਰਿਵਾਰ ਛੱਡ ਦਿੱਤਾ, ਆਪਣੇ ਮਾਤਾ-ਪਿਤਾ ਛੱਡ ਦਿੱਤੇ ਪਰ ਮੈਨੂੰ ਮੁਜਰਿਮ ਬਣਾਇਆ ਜਾ ਰਿਹਾ ਹੈ।" ਉਸ ਨੇ 'ਸਿਆਸੀ ਸਾਜ਼ਿਸ਼' ਦੀ ਗੱਲ ਕੀਤੀ ਅਤੇ ਧਮਕੀ ਦਿੱਤੀ ਕਿ ਜੇ ਸੰਸਦ ਨੇ ਉਸ ਨੂੰ ਸੁਰੱਖਿਆ ਮੁਹੱਈਆ ਨਾ ਕੀਤੀ ਤਾਂ ਉਹ ਅਹੁਦਾ ਛੱਡ ਦੇਵੇਗਾ।

ਬਲਵਾਨ ਸਮਝੇ ਜਾਂਦੇ ਬੰਦੇ ਦੇ ਰੋਣ ਅਤੇ ਸੁਰੱਖਿਆ ਲਈ ਜਨਤਕ ਲੇਲ੍ਹੜੀਆਂ ਕੱਢਣ ਦਾ ਉਘੜਵਾਂ ਅਸਰ ਹੋਇਆ। ਉਸ ਦੇ ਪੈਰੋਕਾਰ - ਖਾਸ ਕਰਕੇ ਉਚ ਜਾਤੀ ਦੇ ਠਾਕੁਰ ਜੋ ਆਪਣੇ ਆਪ ਨੂੰ ਯੋਧੇ, ਬਹਾਦਰ ਲੋਕ ਸਮਝਦੇ ਸਨ - ਹੈਰਾਨ ਸਨ। ਉਨ੍ਹਾਂ ਨੇ ਇਸ ਨੂੰ ਉਸ ਦੇ ਨਿਡਰ, ਪ੍ਰਚੰਡ ਹਿੰਦੂ ਯੋਧੇ ਦੇ ਰੂਪ ਵਿਚ ਘੜੇ ਅਕਸ ਦੇ ਪਤਨ ਵਜੋਂ ਦੇਖਿਆ ਪਰ ਬਹੁਤ ਚਿਰ ਪਹਿਲਾਂ ਹੀ ਉਨ੍ਹਾਂ ਨੇ ਇਹ ਦਲੀਲ ਦਿੰਦੇ ਹੋਏ ਉਸ ਦੀ ਤਸਵੀਰ ਦੁਬਾਰਾ ਬਣਾਉਣੀ ਸ਼ੁਰੂ ਕਰ ਦਿੱਤੀ ਸੀ ਕਿ ਉਹ ਭਾਵਨਾਵਾਂ ਨਾਲ ਭਰਿਆ ਸੰਵੇਦਨਸ਼ੀਲ ਆਦਮੀ ਹੈ, ਹਾਲਾਂ ਕਿ ਬਹੁਤ ਸਾਰੇ ਸਥਾਨਕ ਲੋਕਾਂ ਨੇ ਉਸ ਨੂੰ ਐਸਾ ਡਰਪੋਕ ਕਿਹਾ ਜੋ ਸਿਰਫ ਹਜੂਮੀ ਹਿੰਸਾ ਹੀ ਫੈਲਾ ਸਕਦਾ ਸੀ। ਤੇ ਦਸ ਸਾਲ ਬਾਅਦ ਉਹ ਉਤਰ ਪ੍ਰਦੇਸ ਦਾ ਮੁੱਖ ਮੰਤਰੀ ਬਣ ਗਿਆ।

ਉਤਰ ਪ੍ਰਦੇਸ਼ ਉਪਰ ਆਦਿੱਤਿਆਨਾਥ ਦਾ ਰਾਜ ਭਰੋਸੇ ਅਤੇ ਚਿੰਤਾ ਦੇ ਮਿਸ਼ਰਨ ਨਾਲ ਸ਼ੁਰੂ ਹੋਇਆ ਸੀ। ਭਾਰਤੀ ਜਨਤਾ ਪਾਰਟੀ ਨੇ 2017 ਦੀਆਂ ਰਾਜ ਵਿਧਾਨ ਸਭਾ ਚੋਣਾਂ ਵਿਚ ਹੈਰਾਨੀਜਨਕ ਜਿੱਤ ਹਾਸਲ ਕਰਕੇ ਸਦਨ ਦੀਆਂ ਬਹੁਮਤ ਸੀਟਾਂ ਉਤੇ ਕਬਜ਼ਾ ਕਰ ਲਿਆ। ਚੋਣ ਮੁਹਿੰਮ ਦੌਰਾਨ ਇਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਰਮਨਪਿਆਰਤਾ 'ਤੇ ਟੇਕ ਰੱਖੀ ਸੀ ਅਤੇ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਪੇਸ਼ ਨਹੀਂ ਕੀਤਾ ਸੀ। ਫਿਰ ਹਿੰਸਾ ਭੜਕਾਉਣ ਦੇ ਰਿਕਾਰਡ ਵਾਲੇ ਕੱਟੜ ਫਿਰਕੂ ਮਹੰਤ ਨੂੰ ਅਹੁਦੇ 'ਤੇ ਬੈਠਾਉਣ ਦੀ ਭਾਜਪਾ ਦੀ ਚੋਣ ਕੌਮਾਂਤਰੀ ਸੁਰਖੀਆਂ ਬਣੀ। ਉਦੋਂ ਤੋਂ ਲੈ ਕੇ ਆਦਿੱਤਿਆਨਾਥ ਹਿੰਦੂਤਵ ਰਾਜਨੀਤੀ ਦਾ ਸਭ ਤੋਂ ਘਿਨਾਉਣਾ ਚਿਹਰਾ ਬਣ ਗਿਆ ਹੈ। ਚੁਣੇ ਜਾਣ ਤੋਂ ਇਕ ਮਹੀਨਾ ਬਾਅਦ ਆਪਣੀ ਪਹਿਲੀ ਟੈਲੀਵਿਜ਼ਨ ਇੰਟਰਵਿਊ ਵਿਚ ਉਸ ਨੇ ਕਿਹਾ, "ਹਿੰਦੂ ਰਾਸ਼ਟਰ ਦੇ ਵਿਚਾਰ ਵਿਚ ਕੁਝ ਵੀ ਗਲਤ ਨਹੀਂ ਹੈ।" ਜੇ ਅਜਿਹਾ ਕੋਈ ਮੌਕਾ ਸੀ ਕਿ ਭਾਜਪਾ ਆਪਣੇ ਹਿੰਸਕ ਅਤੀਤ ਨੂੰ ਭੁਲਾ ਦੇਣ ਅਤੇ ਰਾਸ਼ਟਰੀ ਸੱਤਾ ਵਿਚ ਮੋਦੀ ਦੇ ਪਹਿਲੇ ਕਾਰਜ ਕਾਲ ਵਿਚ ਵਿਕਾਸਵਾਦੀ ਸਿਆਸਤ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰ ਰਹੀ ਸੀ ਤਾਂ ਆਦਿੱਤਿਆਨਾਥ ਦੇ ਕਾਰਜ ਕਾਲ ਨੇ ਉਸ ਉਮੀਦ 'ਤੇ ਪਾਣੀ ਫੇਰ ਦਿੱਤਾ ਹੈ।

ਪਿਛਲੇ ਪੰਜ ਸਾਲਾਂ ਵਿਚ ਉਤਰ ਪ੍ਰਦੇਸ਼ ਇਕ ਤੋਂ ਬਾਅਦ ਇਕ ਭਿਆਨਕ ਕਹਾਣੀਆਂ ਲਈ ਸੁਰਖੀਆਂ 'ਚ ਰਿਹਾ ਹੈ: ਗਊ-ਸੰਬੰਧੀ ਹਜੂਮੀ ਕਤਲਾਂ ਤੋਂ ਲੈ ਕੇ ਗੈਰ-ਨਿਆਇਕ ਕਤਲਾਂ ਤੱਕ; ਹਾਲ ਹੀ ਵਿਚ ਕੋਵਿਡ-19 ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਅਤੇ ਸੰਖਿਆ ਛੁਪਾਉਣ ਦੀ ਸਰਕਾਰ ਦੀ ਕੋਸ਼ਿਸ਼ ਤੱਕ। ਆਦਿੱਤਿਆਨਾਥ ਸਰਕਾਰ ਨੇ, ਜਦੋਂ ਇਹ ਇਨ੍ਹਾਂ ਮੁੱਦਿਆਂ ਨੂੰ ਲੁਕੋਣ ਜਾਂ ਚਲਾਕੀ ਨਾਲ ਘੁੰਮਾ ਕੇ ਪੇਸ਼ ਨਹੀਂ ਕਰ ਰਹੀ ਸੀ, ਉਦੋਂ ਇਸ ਨੇ ਇਨ੍ਹਾਂ ਮੁੱਦਿਆਂ ਵੱਲ ਧਿਆਨ ਦਿਵਾਉਣ ਵਾਲਿਆਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਰਾਜਕੀ ਤਾਕਤ ਦੀ ਵਰਤੋਂ ਕੀਤੀ ਹੈ। 2017 ਵਿਚ ਡਾ. ਕਫੀਲ ਖਾਨ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ ਅਤੇ ਵਾਰ-ਵਾਰ ਸਤਾਇਆ ਗਿਆ, ਕਿਉਂਕਿ ਉਸ ਨੇ ਗੋਰਖਪੁਰ ਹਸਪਤਾਲ ਵਿਚ ਸਰਕਾਰੀ ਲਾਪਰਵਾਹੀ ਕਾਰਨ ਤੀਹ ਤੋਂ ਵੱਧ ਬੱਚਿਆਂ ਅਤੇ ਕਈ ਬਾਲਗਾਂ ਦੀ ਆਕਸੀਜਨ ਦੀ ਘਾਟ ਕਾਰਨ ਹੋਈਆਂ ਮੌਤਾਂ ਵੱਲ ਉਂਗਲ ਕੀਤੀ ਸੀ। 2019 ਵਿਚ ਪੱਤਰਕਾਰ ਪਵਨ ਜੈਸਵਾਲ ਦਾ ਸਕੂਲ ਦੇ ਦੁਪਹਿਰ ਦੇ ਖਾਣੇ ਵਿਚ ਬੱਚਿਆਂ ਨੂੰ ਲੂਣ ਨਾਲ ਰੋਟੀ ਦਿੱਤੇ ਜਾਣ ਦਾ ਵੀਡੀਓ ਵਾਇਰਲ ਹੋਇਆ ਤਾਂ ਉਸ ਵਿਰੁੱਧ ਫੌਜਦਾਰੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਮੁਕੱਦਮਾ ਦਰਜ ਕਰ ਲਿਆ ਗਿਆ। 2020 ਵਿਚ ਹਾਥਰਸ ਵਿਚ ਉਚ ਜਾਤੀ ਦੇ ਮਰਦਾਂ ਵੱਲੋਂ ਇਕ ਦਲਿਤ ਔਰਤ ਦੇ ਸਮੂਹਿਕ ਬਲਾਤਕਾਰ ਅਤੇ ਬਾਅਦ ਵਿਚ ਹੋਈ ਮੌਤ ਬਾਰੇ ਰਿਪੋਰਟ ਕਰਨ ਦੀ ਕੋਸ਼ਿਸ਼ ਕਰਨ 'ਤੇ ਪੱਤਰਕਾਰ ਸਿੱਦੀਕ ਕੱਪਨ 'ਤੇ ਜਾਬਰ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂ.ਏ.ਪੀ.ਏ.) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ। 2021 ਵਿਚ ਇਕ ਹਸਪਤਾਲ ਨੂੰ ਨਾਮਜ਼ਦ ਕਰਕੇ ਉਸ ਵਿਰੁੱਧ ਐਫ.ਆਈ.ਆਰ. ਦਾਇਰ ਕਰ ਲਈ ਗਈ ਜਿਸ ਨੇ ਕੋਵਿਡ-19 ਮਹਾਮਾਰੀ ਦੀ ਦੂਜੀ ਲਹਿਰ ਦੌਰਾਨ ਆਕਸੀਜਨ ਦੀ ਕਮੀ ਬਾਰੇ ਨੋਟਿਸ ਦਿੱਤਾ ਸੀ।



*ਗੋਰਖਪੁਰ ਵਿਚ ਗੋਰਖਪੁਰ ਮੰਦਰ ਜਿਸ ਦਾ ਮੁਖੀ ਯੋਗੀ ਆਦਿੱਤਿਆਨਾਥ ਹੈ।*

ਉਤਰ ਪ੍ਰਦੇਸ਼ ਪੁਲਿਸ ਹੁਣ ਪੱਤਰਕਾਰਾਂ ਨੂੰ ਅਜਿਹੀਆਂ ਗੱਲਾਂ ਦੀ ਰਿਪੋਰਟ ਕਰਨ ਜਾਂ ਟਵੀਟ ਕਰਨ ਲਈ ਲਗਾਤਾਰ ਨੋਟਿਸ ਭੇਜਦੀ ਰਹਿੰਦੀ ਹੈ ਜੋ ਸਰਕਾਰ ਨੂੰ ਪਸੰਦ ਨਹੀਂ ਹਨ। ਆਦਿੱਤਿਆਨਾਥ ਨੇ ਰਾਜ ਦੀ ਪੁਲਿਸ ਨੂੰ ਸਜ਼ਾ ਤੋਂ ਛੋਟ ਦਿੰਦੇ ਹੋਏ ਪ੍ਰਦਰਸ਼ਨਕਾਰੀਆਂ ਅਤੇ ਪੱਤਰਕਾਰਾਂ ਦੇ ਵਿਰੁੱਧ ਕਾਰਵਾਈ ਕਰਨ ਦਾ ਅਧਿਕਾਰ ਦਿੱਤਾ ਹੋਇਆ ਹੈ, ਜਦੋਂ ਕਿ ਅਕਸਰ ਹੀ ਉਚ-ਜਾਤੀ ਹਿੰਦੂ ਧੌਂਸਬਾਜ਼ੀ ਪ੍ਰਤੀ ਅੱਖਾਂ ਮੀਟਣ ਦੀ ਇਜਾਜ਼ਤ ਦਿੱਤੀ ਹੋਈ ਹੈ। ਇਹ ਕੁਲ ਕਵਾਇਦ ਉਸ ਵੱਲੋਂ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ ਚੁੱਕੇ ਗਏ ਸਖਤ ਕਦਮ ਸਮਝੇ ਜਾਂਦੇ ਹਨ।

ਜਦੋਂ ਉਤਰ ਪ੍ਰਦੇਸ਼ ਵਿਚ 2022 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਆਦਿੱਤਿਆਨਾਥ ਸਰਕਾਰ ਨੇ ਕੁਲ ਨਕਾਰਾਤਮਕ ਪ੍ਰੈੱਸ ਕਵਰੇਜ਼ ਦਾ ਮੁਕਾਬਲਾ ਕਰਨ ਲਈ ਆਪਣੀਆਂ ਕਥਿਤ ਪ੍ਰਾਪਤੀਆਂ ਨੂੰ ਉਜਾਗਰ ਕਰਨ ਵਾਲੇ ਇਸ਼ਤਿਹਾਰਾਂ ਦੀ ਝੜੀ ਲਾਉਣੀ ਸ਼ੁਰੂ ਕਰ ਦਿੱਤੀ ਹੈ। ਮੋਦੀ ਦੇ ਨਾਲ ਯੋਗੀ ਦਾ ਚਿਹਰਾ ਲੱਗਭੱਗ ਰੋਜ਼ਾਨਾ ਵੱਡੇ ਅਖਬਾਰਾਂ ਦੇ ਪਹਿਲੇ ਪੰਨਿਆਂ ਦਾ ਸ਼ਿੰਗਾਰ ਬਣਦਾ ਹੈ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਰਾਜ ਤੋਂ ਬਾਹਰ ਪੜ੍ਹੀਆਂ ਜਾਣ ਵਾਲੀਆਂ ਅਖਬਾਰਾਂ ਵੀ ਸ਼ਾਮਿਲ ਹਨ। ਅਪਰੈਲ 2020 ਤੋਂ ਮਾਰਚ 2021 ਦਰਮਿਆਨ ਉਤਰ ਪ੍ਰਦੇਸ਼ ਸਰਕਾਰ ਨੇ ਟੀ.ਵੀ. ਚੈਨਲਾਂ ਵਿਚ ਇਸ਼ਤਿਹਾਰਾਂ ਉਪਰ 160 ਕਰੋੜ ਰੁਪਏ ਖਰਚ ਕੀਤੇ। ਇਹ ਉਸ ਦੇ ਅਕਸ ਨੂੰ ਸਾਫ-ਸੁਥਰਾ ਬਣਾ ਕੇ ਪੇਸ਼ ਕਰਨ ਅਤੇ ਉਸ ਦੇ ਕਾਰਜਕਾਲ ਦੌਰਾਨ ਰਾਜ ਦੁਆਰਾ ਫੈਲਾਈ ਦਹਿਸ਼ਤ ਅਤੇ ਹਿੰਸਾ ਤੋਂ ਧਿਆਨ ਹਟਾਉਣ ਦੀ ਵਿਉਂਤਬੱਧ ਕੋਸ਼ਿਸ਼ ਹੈ।

ਹੋਰ ਹਿੰਦੂ ਰਾਸ਼ਟਰਵਾਦੀਆਂ ਵਾਂਗ ਆਦਿੱਤਿਆਨਾਥ ਅੰਦਰ ਵੀ ਉਨ੍ਹਾਂ ਥਾਵਾਂ ਦੇ ਨਾਮ ਬਦਲਣ ਦਾ ਜਨੂੰਨ ਦੇਖਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਉਹ ਅਪਮਾਨਜਨਕ ਸਮਝਦਾ ਹੈ। ਗੋਰਖਪੁਰ ਤੋਂ ਸੰਸਦ ਮੈਂਬਰ ਵਜੋਂ ਉਸ ਨੇ ਸ਼ਹਿਰ ਦੇ ਕਈ ਖੇਤਰਾਂ ਦੇ ਨਾਮ ਬਦਲ ਦਿੱਤੇ: ਅਲੀਨਗਰ ਤੋਂ ਆਰੀਆਨਗਰ, ਮੀਆਂ ਰੋਡ ਤੋਂ ਮਾਇਆ ਰੋਡ ਅਤੇ ਉਰਦੂ ਬਾਜ਼ਾਰ ਤੋਂ ਹਿੰਦੀ ਬਾਜ਼ਾਰ। ਮੁੱਖ ਮੰਤਰੀ ਹੋਣ ਦੀ ਹੈਸੀਅਤ ਵਿਚ ਉਹ ਇਸ ਜਨੂੰਨ ਨੂੰ ਸੂਬੇ ਦੇ ਹੋਰ ਹਿੱਸਿਆਂ ਵਿਚ ਲੈ ਗਿਆ। ਫੈਜ਼ਾਬਾਦ ਜ਼ਿਲ੍ਹੇ ਨੂੰ ਅਯੁੱਧਿਆ ਜ਼ਿਲ੍ਹਾ ਬਣਾ ਦਿੱਤਾ ਗਿਆ ਅਤੇ ਅਲਾਹਾਬਾਦ ਦਾ ਨਾਂ ਬਦਲ ਕੇ ਪ੍ਰਯਾਗਰਾਜ ਕਰ ਦਿੱਤਾ ਗਿਆ। ਨਵੰਬਰ 2021 ਵਿਚ ਆਜ਼ਮਗੜ੍ਹ ਵਿਚ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਦੇ ਹੋਏ ਉਸ ਨੇ ਕਿਹਾ, "ਅੱਜ ਜਿਸ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਗਿਆ ਹੈ, ਉਹ ਆਜ਼ਮਗੜ੍ਹ ਨੂੰ ਸੱਚੀਮੁੱਚੀ ਆਰੀਅਮਗੜ੍ਹ ਬਣਾ ਦੇਵੇਗੀ। ਇਸ ਵਿਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ।"

ਆਦਿੱਤਿਆਨਾਥ ਨੂੰ ਅਕਸਰ ਤਸਵੀਰਾਂ ਵਿਚ ਗਾਵਾਂ, ਉਸ ਦੇ ਕੁੱਤਿਆਂ, ਬਾਂਦਰਾਂ ਅਤੇ ਹੋਰ ਜਾਨਵਰਾਂ ਨਾਲ ਦਿਖਾਇਆ ਜਾਂਦਾ ਹੈ ਤਾਂ ਜੋ ਉਸ ਦੀ ਸ਼ਖਸੀਅਤ ਦੇ ਨਰਮ ਪੱਖ ਦੀ ਨੁਮਾਇਸ਼ ਲਾਈ ਜਾ ਸਕੇ; ਹਾਲਾਂਕਿ ਉਸ ਦੀਆਂ ਮੁਸਲਿਮ ਵਿਰੋਧੀ ਭਾਵਨਾਵਾਂ ਦਾ ਸਭ ਤੋਂ ਵੱਧ ਹਿੰਸਕ ਪ੍ਰਗਟਾਵਾ ਗਊ ਰੱਖਿਆ ਨੂੰ ਲੈ ਕੇ ਹੋਇਆ ਹੈ। ਮੁੱਖ ਮੰਤਰੀ ਵਜੋਂ ਉਸ ਦੀ ਪਹਿਲੀ ਪਹਿਲਕਦਮੀ ਰਾਜ ਦੇ ਸਾਰੇ ਗੈਰ-ਕਾਨੂੰਨੀ ਬੁੱਚੜਖਾਨਿਆਂ ਨੂੰ ਬੰਦ ਕਰਨ ਦਾ ਹੁਕਮ ਦੇਣਾ ਅਤੇ ਉਨ੍ਹਾਂ ਵਿਰੁੱਧ ਵੱਡੇ ਪੱਧਰ 'ਤੇ ਪੁਲਿਸ ਕਾਰਵਾਈ ਸ਼ੁਰੂ ਕਰਨਾ ਸੀ। ਉਤਰ ਪ੍ਰਦੇਸ਼ ਵਿਚ ਜ਼ਿਆਦਾਤਰ ਬੁੱਚੜਖਾਨੇ ਕਿਉਂਕਿ ਹਮੇਸਾ ਬਿਨਾ ਸਹੀ ਲਾਇਸੈਂਸ ਦੇ ਚੱਲਦੇ ਸਨ, ਇਸ ਦੇ ਨਤੀਜੇ ਵਜੋਂ ਕਸਾਈ ਅਤੇ ਮੀਟ-ਕਾਰੋਬਾਰ ਦੇ ਮਾਲਕਾਂ ਜਿਨ੍ਹਾਂ ਵਿਚੋਂ ਜ਼ਿਆਦਾਤਰ ਮੁਸਲਮਾਨ ਸਨ, ਦੀ ਰੋਜ਼ੀ-ਰੋਟੀ ਦਾ ਭਾਰੀ ਨੁਕਸਾਨ ਹੋਇਆ। ਉਸ ਨੇ ਹਰ ਜ਼ਿਲ੍ਹੇ ਵਿਚ ਗਊ ਰੱਖਿਆ ਕਮੇਟੀਆਂ ਬਣਾਉਣ ਦਾ ਹੁਕਮ ਦਿੱਤਾ ਜਿਸ ਦੀ ਅਗਵਾਈ ਜ਼ਿਲ੍ਹਾ ਮੈਜਿਸਟਰੇਟ ਅਤੇ ਜ਼ਿਲ੍ਹਾ ਪੁਲਿਸ ਮੁਖੀ ਕਰਦੇ ਹਨ ਅਤੇ ਦੋ ਨਿੱਜੀ 'ਗਊ-ਪ੍ਰੇਮੀ ਵਿਅਕਤੀ' ਉਨ੍ਹਾਂ ਦੀ ਮਦਦ ਕਰਦੇ ਹਨ। ਕਾਗਜ਼ਾਂ ਵਿਚ ਇਸ ਕਦਮ ਦਾ ਉਦੇਸ਼ ਗਊਆਂ ਦੀ ਸਹੀ ਸਾਂਭ-ਸੰਭਾਲ ਯਕੀਨੀ ਬਣਾਉਣਾ ਹੈ ਪਰ ਅਮਲੀ ਤੌਰ 'ਤੇ ਇਸ ਨੇ ਹਿੰਦੂਤਵੀ ਸਮੂਹਾਂ ਦੁਆਰਾ ਗਊ ਰੱਖਿਆ ਨੂੰ ਹੱਲਾਸ਼ੇਰੀ ਦਿੱਤੀ। ਗਊ ਤਸਕਰੀ ਜਾਂ ਗਊ ਹੱਤਿਆ ਦੇ ਦੋਸ਼ੀ ਸਮਝੇ ਜਾਂਦੇ ਮੁਸਲਮਾਨਾਂ ਦੇ ਕਈ ਮਾਮਲਿਆਂ ਦਾ ਦੁਖਦਾਈ ਅੰਤ ਹੋਇਆ ਹੈ।

ਆਦਿੱਤਿਆਨਾਥ ਦਾ ਸਪਸ਼ਟ ਫਿਰਕੂ ਨਜ਼ਰੀਆ ਸ਼ਾਇਦ ਹੀ ਕਦੇ ਲੁਕਿਆ ਹੈ; ਇਹ ਉਸ ਦੇ ਜਨਤਕ ਭਾਸ਼ਣਾਂ ਉਪਰ ਹਾਵੀ ਹੈ। 2020 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਲਈ ਪ੍ਰਚਾਰ ਕਰਦੇ ਹੋਏ ਉਸ ਨੇ ਆਮ ਆਦਮੀ ਪਾਰਟੀ ਦੇ ਨੇਤਾ ਅਰਵਿੰਦ ਕੇਜਰੀਵਾਲ ਨੂੰ 'ਸ਼ਾਹੀਨ ਬਾਗ ਪ੍ਰਦਰਸ਼ਨਕਾਰੀਓਂ ਕੀ ਹਮਾਇਤ ਕਰਨ ਵਾਲੀ ਅਤੇ ਬਰਿਆਨੀ ਖਿਲਾਨੇਂ ਵਾਲੀ ਸਰਕਾਰ' ਕਹਿ ਕੇ ਨਿਸ਼ਾਨਾ ਬਣਾਇਆ। ਉਹ ਨਾਗਰਿਕਤਾ (ਸੋਧ) ਕਾਨੂੰਨ ਵਿਰੁੱਧ ਸਾਂਤਮਈ ਧਰਨੇ ਪ੍ਰਦਰਸ਼ਨ ਦਾ ਹਵਾਲਾ ਦੇ ਰਿਹਾ ਸੀ ਜੋ ਮੁਸਲਮਾਨਾਂ ਨਾਲ ਵਿਤਕਰਾ ਕਰਦਾ ਹੈ। ਉਨ੍ਹਾਂ ਧਰਨਾਕਾਰੀਆਂ ਨੂੰ ਧਮਕੀ ਦਿੰਦੇ ਹੋਏ ਉਸ ਨੇ ਕਿਹਾ, "ਜੋ ਬੋਲੀ ਸੇ ਨਹੀਂ ਮਾਨੇਗਾ, ਵੋਹ ਗੋਲੀ ਸੇ ਤੋ ਮਾਨ ਹੀ ਜਾਏਗਾ।"

ਉਤਰ ਪ੍ਰਦੇਸ਼ ਵਿਚ ਸੀ.ਏ.ਏ. ਵਿਰੋਧੀ ਮੁਜ਼ਾਹਰਿਆਂ ਦਾ ਬੇਕਿਰਕ ਦਮਨ ਆਦਿੱਤਿਆਨਾਥ ਦੀ ਹਕੂਮਤ ਹੇਠ ਉਭਰੇ ਤਾਨਾਸ਼ਾਹ ਨਿਜ਼ਾਮ ਦਾ ਸਭ ਤੋਂ ਸਪਸ਼ਟ ਸਬੂਤ ਸੀ। ਮੁਲਕ ਵਿਚ ਹੋਰ ਕਿਤੇ ਵੀ ਐਨਾ ਬੇਕਿਰਕ ਅਤੇ ਖੁੱਲ੍ਹੇਆਮ ਫਿਰਕੂ

*(ਬਾਕੀ ਅਗਲੇ ਸਫੇ 'ਤੇ)*

ਹਮਲਾ ਨਹੀਂ ਹੋਇਆ ਜਿੰਨਾ ਉਤਰ ਪ੍ਰਦੇਸ਼ ਵਿਚ ਹੋਇਆ। ਉਸ ਦੀ ਸਰਕਾਰ ਨੇ ਜਨਤਕ ਜਾਇਦਾਦ ਨੂੰ ਕਥਿਤ ਤੌਰ 'ਤੇ ਨਸ਼ਟ ਕਰਨ ਲਈ ਪ੍ਰਦਰਸ਼ਨਕਾਰੀਆਂ ਨੂੰ ਬਿਨਾ ਕਿਸੇ ਨਿਆਂਇਕ ਜਾਂਚ ਦੇ ਅੰਨ੍ਹੇਵਾਹ ਜੁਰਮਾਨਾ ਲਗਾਏ। ਉਸ ਨੇ ਲਖਨਊ ਦੀਆਂ ਕੰਧਾਂ ਉਪਰ ਪ੍ਰਦਰਸ਼ਨਕਾਰੀਆਂ ਦੇ ਨਾਮ ਅਤੇ ਫੋਟੋਆਂ ਵਾਲੇ ਪੋਸਟਰ ਲਗਾਉਣ ਦੇ ਆਦੇਸ਼ ਦਿੱਤੇ। ਜਦੋਂ ਇਨ੍ਹਾਂ ਵਿਚੋਂ ਕੋਈ ਵੀ ਕੋਸ਼ਿਸ਼ ਉਨ੍ਹਾਂ ਨੂੰ ਠੱਲ੍ਹ ਪਾਉਂਦੀ ਨਹੀਂ ਜਾਪੀ ਤਾਂ ਪੁਲਿਸ ਦੇ ਛਾਪਿਆਂ ਅਤੇ ਹਮਲਿਆਂ ਦਾ ਸਹਾਰਾ ਲਿਆ ਗਿਆ।

ਨਵੰਬਰ 2020 ਵਿਚ ਉਹ ਲਵ ਜਹਾਦ ਦੀਆਂ ਘਟਨਾਵਾਂ ਕੰਟਰੋਲ ਕਰਨ ਲਈ ਆਰਡੀਨੈਂਸ ਲਿਆਉਣ ਵਾਲਾ ਪਹਿਲਾ ਮੁੱਖ ਮੰਤਰੀ ਬਣਿਆ ਜਿਸ ਨੂੰ ਹਿੰਦੂ ਫਿਰਕਾਪ੍ਰਸਤਾਂ ਵੱਲੋਂ ਮੁਸਲਿਮ ਮਰਦਾਂ ਦੀ ਨੌਜਵਾਨ ਹਿੰਦੂ ਔਰਤਾਂ ਨੂੰ ਵਿਆਹ ਲਈ ਭਰਮਾਉਣ ਅਤੇ ਉਨ੍ਹਾਂ ਦਾ ਧਰਮ ਬਦਲ ਕੇ ਇਸਲਾਮ ਨਾਲ ਜੋੜਨ ਦੀ ਸਾਜ਼ਿਸ਼ ਕਿਹਾ ਗਿਆ ਹੈ। ਉਤਰ ਪ੍ਰਦੇਸ਼ ਗੈਰ-ਕਾਨੂੰਨੀ ਧਰਮ-ਬਦਲੀ ਰੋਕੂ ਕਾਨੂੰਨ-2021 ਵਿਚ ਸ਼ੱਕੀ ਜਾਪਦੇ ਵਿਆਹ ਲਈ ਇਕ ਤੋਂ ਦਸ ਸਾਲ ਦੀ ਕੈਦ ਅਤੇ ਪੰਦਰਾਂ ਹਜ਼ਾਰ ਤੋਂ ਪੰਜਾਹ ਹਜ਼ਾਰ ਰੁਪਏ ਦੇ ਜੁਰਮਾਨੇ ਦੀ ਵਿਵਸਥਾ ਹੈ। ਲਵ ਜਹਾਦ ਦਾ ਮੁੱਦਾ ਆਦਿੱਤਿਆਨਾਥ ਦੇ ਮੁੱਖ ਮੰਤਰੀ ਬਣਨ ਤੋਂ ਬਹੁਤ ਪਹਿਲਾਂ ਉਸ ਦੇ ਏਜੰਡੇ 'ਤੇ ਸੀ। ਹਿੰਦੂ ਯੁਵਾ ਵਾਹਿਨੀ ਨੇ ਗੋਰਖਪੁਰ ਅਤੇ ਆਸ ਪਾਸ ਦੇ ਖੇਤਰਾਂ ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਲਈ ਸਰਗਰਮੀ ਨਾਲ ਇਸ ਦੀ ਵਰਤੋਂ ਕੀਤੀ।

ਨਵੇਂ ਕਾਨੂੰਨ ਨਾਲ ਲੈਸ ਉਤਰ ਪ੍ਰਦੇਸ਼ ਪੁਲਿਸ ਨੇ ਸੂਬੇ ਦੇ ਕਈ ਹਿੱਸਿਆਂ ਵਿਚ ਅੰਤਰ-ਧਾਰਮਿਕ ਵਿਆਹਾਂ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਸਭ ਤੋਂ ਪਰੇਸ਼ਾਨ ਕਰਨ ਵਾਲੀਆਂ ਮਿਸਾਲਾਂ ਵਿਚੋਂ ਇਕ ਮੁਰਾਦਾਬਾਦ ਦੀ 22 ਸਾਲਾ ਔਰਤ ਦੀ ਹੈ ਜਿਸ ਨੂੰ ਉਸ ਦੇ ਪਤੀ ਦੀ ਇਸ ਕਾਨੂੰਨ ਦੇ ਤਹਿਤ ਗ੍ਰਿਫਤਾਰੀ ਤੋਂ ਬਾਅਦ ਸ਼ੈਲਟਰ ਹੋਮ ਵਿਚ ਭੇਜੇ ਜਾਣ ਤੋਂ ਬਾਅਦ ਗਰਭਪਾਤ ਦਾ ਸੰਤਾਪ ਝੱਲਣਾ ਪਿਆ। ਬਾਅਦ ਵਿਚ ਪਤੀ ਨੂੰ ਛੱਡ ਦਿੱਤਾ ਗਿਆ ਕਿਉਂਕਿ ਪੁਲਿਸ, ਔਰਤ ਦਾ ਜ਼ਬਰਦਸਤੀ ਧਰਮ ਬਦਲੀ ਕੀਤੇ ਜਾਣ ਦੇ ਦੋਸ਼ਾਂ ਦੇ ਹੱਕ ਵਿਚ ਕੋਈ ਸਬੂਤ ਨਹੀਂ ਲੱਭ ਸਕੀ ਸੀ।

ਮੁਰਾਦਾਬਾਦ ਮਾਮਲੇ ਵਿਚ ਪੁਲਿਸ ਦੀ ਬੇਰਹਿਮੀ ਦਾ ਜ਼ਿਕਰ 104 ਸੇਵਾਮੁਕਤ ਨੌਕਰਸ਼ਾਹਾਂ ਦੇ ਸਮੂਹ ਵੱਲੋਂ ਦਸੰਬਰ 2020 ਵਿਚ ਆਦਿੱਤਿਆਨਾਥ ਨੂੰ ਲਿਖੀ ਚਿੱਠੀ ਵਿਚ ਕੀਤਾ ਗਿਆ ਸੀ। ਇਸ ਵਿਚ ਕਿਹਾ ਗਿਆ- "ਉਤਰ ਪ੍ਰਦੇਸ਼ ਦੀ ਪੂਰੀ ਪੁਲਿਸ ਫੋਰਸ ਨੂੰ ਸਾਰੇ ਨਾਗਰਿਕਾਂ ਦੇ ਅਧਿਕਾਰਾਂ ਦਾ ਸਨਮਾਨ ਕਰਨ ਲਈ ਬਿਨਾ ਦੇਰੀ ਦੇ ਸਿਖਲਾਈ ਦੇਣ ਦੀ ਜ਼ਰੂਰਤ ਹੈ; ਅਤੇ 'ਤੁਹਾਡੇ' ਸਮੇਤ ਯੂ.ਪੀ. ਦੇ ਰਾਜ ਨੇਤਾਵਾਂ ਨੂੰ ਆਪਣੇ ਆਪ ਨੂੰ ਸੰਵਿਧਾਨ ਦੀਆਂ ਵਿਵਸਥਾਵਾਂ ਬਾਰੇ ਮੁੜ ਸਿੱਖਿਅਤ ਹੋਣ ਦੀ ਜ਼ਰੂਰਤ ਹੈ ਜਿਸ ਨੂੰ ਤੁਸੀਂ ਅਤੇ ਹੋਰ ਕਾਨੂੰਨ ਘਾੜਿਆਂ ਨੇ ਬਰਕਰਾਰ ਰੱਖਣ ਦੀ ਸਹੁੰ ਚੁੱਕੀ ਹੈ।"

ਅਜਿਹੇ ਇਤਰਾਜ਼ਾਂ ਨੂੰ ਦਰਕਿਨਾਰ ਕਰਕੇ ਆਦਿੱਤਿਆਨਾਥ ਨੇ ਅਜਿਹੇ ਕਦਮਾਂ ਦਾ ਵੱਡੇ ਪੱਧਰ 'ਤੇ ਸਿਆਸੀ ਲਾਹਾ ਲਿਆ। ਉਹ ਆਪਣੇ ਵਿਰੋਧੀਆਂ ਦੀਆਂ ਨਜ਼ਰਾਂ ਵਿਚ ਤਾਨਾਸ਼ਾਹੀ ਦੀ ਨੁਮਾਇੰਦਗੀ ਕਰਦੇ ਹਨ ਪਰ ਹਿੰਦੂਆਂ ਦੇ ਉਸ ਹਿੱਸੇ ਲਈ ਜੋ ਭਾਜਪਾ ਅਤੇ ਇਸਦੇ ਮਾਤਾ-ਪਿਤਾ, ਰਾਸ਼ਟਰੀ ਸਵੈਮਸੇਵਕ ਸੰਘ ਦਾ ਮੁੱਖ ਹਮਾਇਤੀ ਆਧਾਰ ਹੈ, ਇਹ ਮੁਸਲਮਾਨਾਂ ਲਈ ਉਸ ਦੀ ਨਫਰਤ ਦਾ ਸਬੂਤ ਹਨ - ਸੰਘ ਪਰਿਵਾਰ ਦੇ ਹਿੰਦੂਤਵ ਏਜੰਡੇ ਦਾ ਚਹੇਤਾ ਚਿਹਰਾ ਬਣਨ ਦੀ ਬਿਹਤਰੀਨ ਸੰਭਵ ਕਾਬਲੀਅਤ। ਹਾਲਾਂਕਿ ਸੱਚੇ ਮਾਇਨਿਆਂ 'ਚ ਆਦਿੱਤਿਆਨਾਥ ਨੇ ਉਤਰ ਪ੍ਰਦੇਸ਼ 'ਚ ਆਪਣੇ ਹਿੰਦੂ ਵੋਟਰਾਂ ਨੂੰ ਵੀ ਕੋਈ ਠੋਸ ਲਾਭ ਨਹੀਂ ਦਿੱਤਾ ਹੈ, ਫਿਰ ਵੀ ਮੁਸਲਮਾਨਾਂ ਦੀ ਜ਼ਿੰਦਗੀ ਨੂੰ ਤਰਸਯੋਗ ਬਣਾਉਣ ਦੇ ਉਸ ਦੇ ਯਤਨਾਂ ਨੇ ਇਸ ਰਾਜ ਦੇ ਨਾਲ-ਨਾਲ ਮੁਲਕ ਦੇ ਬਾਕੀ ਹਿੱਸਿਆਂ ਵਿਚ ਹਿੰਦੂ ਫਿਰਕਾਪ੍ਰਸਤਾਂ ਨੂੰ ਖੁਸ਼ ਕੀਤਾ ਹੈ।

ਉਸ ਦੀ ਕਾਮਯਾਬੀ ਦਾ ਮੁੱਖ ਸਿਹਰਾ ਉਸ ਦੇ ਯੋਗੀਆਂ ਵਾਲੇ ਆਡੰਬਰ ਸਿਰ ਬੱਝਦਾ ਹੈ। ਉਹ ਹਮੇਸ਼ ਗੇਰੂਏ ਬਸਤਰ ਪਹਿਨਦਾ ਹੈ ਅਤੇ ਸਦਾ ਸਿਰ ਘੋਨਮੋਨ ਕਰਾ ਕੇ ਰੱਖਦਾ ਹੈ। ਉਸ ਨੇ ਸ਼ਰਧਾਲੂ ਹਿੰਦੂਆਂ ਦੇ ਚੋਖੇ ਹਿੱਸੇ ਨੂੰ ਯਕੀਨ ਦਿਵਾਇਆ ਹੋਇਆ ਹੈ ਕਿ ਉਹ ਐਸਾ ਵਿਅਕਤੀ ਹੈ ਜੋ ਗੈਰ-ਸਿਆਸੀ ਜੀਵਨ ਜੀਅ ਸਕਦਾ ਹੈ - ਭਾਵੇਂ ਉਹ ਰਾਜ ਵਿਚ ਸਭ ਤੋਂ ਉਚੇ ਰਾਜਨੀਤਿਕ ਅਹੁਦੇ 'ਤੇ ਬੈਠਾ ਹੈ - ਤੇ ਜੋ ਹਿੰਦੂ ਪਰੰਪਰਾਵਾਂ ਬਹਾਲ ਜਾਂ ਮਜ਼ਬੂਤ ਕਰਨ ਲਈ ਯਤਨਸ਼ੀਲ ਹੈ। ਹਿੰਦੂ ਜਨਤਾ ਦੀ ਕਲਪਨਾ ਵਿਚ ਉਹ ਪਹਿਲ ਪ੍ਰਿਥਮੇ ਮੱਠ ਦਾ ਮੁਖੀ ਹੈ। ਇਹ ਅਕਸਰ ਕਿਹਾ ਜਾਂਦਾ ਹੈ ਕਿ ਮੁੱਖ ਮੰਤਰੀ ਬਣਨ ਤੋਂ ਬਾਅਦ ਵੀ ਉਸ ਨੇ ਤਪੱਸਵੀ ਤਰਜ਼ੇ-ਜ਼ਿੰਦਗੀ ਦੀ ਪਾਲਣਾ ਕੀਤੀ ਹੈ: ਉਹ ਸਵੇਰੇ ਸਾਝਰੇ ਉਠਦਾ ਹੈ, ਯੋਗ ਅਭਿਆਸ ਕਰਦਾ ਹੈ ਅਤੇ ਫਿਰ ਲੰਮੀ-ਚੌੜੀ ਪੂਜਾ ਤੋਂ ਬਾਅਦ ਆਪਣੀਆਂ ਦੁਨਿਆਵੀ ਡਿਊਟੀਆਂ ਸਾਂਭ ਲੈਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਗਊਸ਼ਾਲਾ ਜਾਣਾ ਉਸ ਦੇ ਨਿੱਤਨੇਮ ਦਾ ਹਿੱਸਾ ਹੈ। ਫਿਰ ਵੀ ਆਮ ਧਾਰਨਾ ਦੇ ਉਲਟ, ਉਸ ਦੇ ਜੀਵਨ ਵਿਚ ਇਕ ਵਕਤ ਐਸਾ ਆਇਆ ਜਦੋਂ ਮੱਠ ਦਾ ਜੀਵਨ ਉਸ ਦੇ ਭਾਗਾਂ 'ਚ ਨਹੀਂ ਜਾਪਦਾ ਸੀ।

ਪੰਡਤਾਊ ਆਡੰਬਰ ਰਚਦੇ ਹੋਏ ਆਦਿੱਤਿਆਨਾਥ ਨੇ ਆਪਣੇ ਆਪ ਨੂੰ ਹਿੰਦੂ ਸੰਨਿਆਸੀ ਅਤੇ ਕੱਟੜ ਹਿੰਦੂਤਵੀ ਕਾਰਕੁਨ ਦੇ ਸੁਮੇਲ ਵਜੋਂ ਪੇਸ਼ ਕੀਤਾ ਹੈ। ਉਸ ਦੇ ਇਸ਼ਾਰੇ ਅਤੇ ਫਿਰਕੂ ਨਫਰਤ ਦੇ ਐਲਾਨ ਐਨੇ ਸ਼ਰੇਆਮ ਅਤੇ ਅਕਸਰ ਹੁੰਦੇ ਹਨ ਕਿ ਨਰਿੰਦਰ ਮੋਦੀ ਅਤੇ ਉਸ ਦਾ ਸਭ ਤੋਂ ਨਜ਼ਦੀਕੀ ਲਫਟੈਣ ਅਮਿਤ ਸ਼ਾਹ ਵੀ ਉਸ ਦੇ ਮੁਕਾਬਲੇ ਉਦਾਰਵਾਦੀ ਦਿਖਾਈ ਦੇ ਸਕਦੇ ਹਨ। ਜਦੋਂ ਇਕ ਵਾਰ ਉਸ ਨੂੰ ਮੁੱਖ ਮੰਤਰੀ ਵਜੋਂ ਪੈਰ ਜਮਾਉਣ ਦਾ ਪੱਕਾ ਆਧਾਰ ਮਿਲ ਗਿਆ, ਫਿਰ ਉਸ ਦੇ ਤੌਰ-ਤਰੀਕਿਆਂ ਅਤੇ ਨੀਤੀਆਂ ਨੇ ਇਹ ਬਹਿਸ ਭਖਾ ਦਿੱਤੀ ਕਿ ਕੀ ਉਹ ਆਖਿਰਕਾਰ ਮੋਦੀ ਨਾਲੋਂ ਵੱਡੇ ਹਿੰਦੂਤਵੀ ਚਿੰਨ੍ਹ ਵਜੋਂ ਉਭਰ ਸਕਦਾ ਹੈ।

ਨਿਸ਼ਚੇ ਹੀ ਮੋਦੀ ਆਪਣੀ ਪਾਰਟੀ ਦੇ ਕਿਸੇ ਵੀ ਐਸਾ ਹਮਰੁਤਬਾ ਨੂੰ ਬਰਦਾਸ਼ਤ ਨਾ ਕਰਨ ਲਈ ਮਸ਼ਹੂਰ ਹੈ ਜਿਸ ਦੀ ਪ੍ਰਸਿੱਧੀ ਜਾਂ ਸ਼ਖਸੀਅਤ ਦੀ ਤਾਕਤ ਨਾਲ ਉਸ ਦਾ ਆਪਣਾ ਜਲੌਅ ਫਿੱਕਾ ਪੈਂਦਾ ਹੋਵੇ। ਉਹ ਤਾਂ ਖੁਦ ਨੂੰ ਹਿੰਦੂਤਵ ਨੂੰ ਸਮਰਪਿਤ ਤਪੱਸਵੀ ਸਿਆਸਤਦਾਨ ਵਜੋਂ ਪੇਸ਼ ਕਰਦਾ ਹੈ। ਕਈਆਂ ਦਾ ਮੰਨਣਾ ਹੈ ਕਿ ਜਨਤਕ ਅਕਸ ਦੀ ਲੜਾਈ ਵਿਚ, ਮੋਦੀ ਨੂੰ ਆਦਿੱਤਿਆਨਾਥ ਦੀ ਚੁਣੌਤੀ ਦਾ ਸਾਹਮਣਾ ਕਰਨ ਪੈ ਰਿਹਾ ਹੈ ਜਿਸ ਨੂੰ ਦੀਕਸ਼ਿਤ ਯੋਗੀ ਹੋਣ ਦਾ ਲਾਭ ਹੈ - ਇਕ ਸੰਨਿਆਸੀ ਜਿਸ ਲਈ ਭਗਵਾਂ ਉਸ ਦੇ ਸਿਆਸੀ ਬੈਨਰ ਦਾ ਰੰਗ ਨਹੀਂ ਹੈ, ਜਿਵੇਂ ਇਹ ਹੋਰ ਬੀ.ਜੇ.ਪੀ. ਆਗੂਆਂ ਲਈ ਹੋ ਸਕਦਾ ਹੈ ਸਗੋਂ ਇਹ ਉਸ ਦੀ ਫਿਰਕੂ ਸ਼ਨਾਖਤ ਵੀ ਹੈ।

ਆਦਿੱਤਿਆਨਾਥ (ਅਜੈ ਮੋਹਨ ਸਿੰਘ ਬਿਸ਼ਟ) ਦਾ ਜਨਮ 5 ਜੂਨ 1972 ਨੂੰ ਉਤਰਕਾਸ਼ੀ ਜ਼ਿਲ੍ਹੇ ਦੇ ਪਿੰਡ ਮਸਲਗਾਓਂ ਦੇ ਇਕ ਠਾਕੁਰ ਪਰਿਵਾਰ ਵਿਚ ਹੋਇਆ ਜੋ ਹੁਣ ਉਤਰਾਖੰਡ ਵਿਚ ਹੈ। ਉਹ ਜੰਗਲਾਤ ਵਿਭਾਗ ਦੇ ਜੂਨੀਅਰ ਅਧਿਕਾਰੀ ਆਨੰਦ ਸਿੰਘ ਬਿਸ਼ਟ ਅਤੇ ਘਰੇਲੂ ਔਰਤ ਸਾਵਿੱਤਰੀ ਦੇਵੀ ਦੇ ਘਰ ਪੈਦਾ ਹੋਏ ਸੱਤ ਬੱਚਿਆਂ ਵਿਚੋਂ ਪੰਜਵਾਂ ਸੀ। ਆਨੰਦ ਸਿੰਘ ਦੀ ਨੌਕਰੀ ਵਿਚ ਅਕਸਰ ਤਬਾਦਲੇ ਹੁੰਦੇ ਰਹਿੰਦੇ ਸਨ, ਇਸ ਲਈ ਉਸ ਦੇ ਕਰੀਅਰ ਦੇ ਅਖੀਰਲੇ ਹਿੱਸੇ ਵਿਚ ਅਜੈ ਦੇ ਜਨਮ ਤੋਂ ਕੁਝ ਸਾਲ ਬਾਅਦ ਸਾਵਿਤਰੀ ਦੇਵੀ ਅਤੇ ਬੱਚੇ ਜ਼ਿਆਦਾ ਕਰਕੇ ਪੌੜੀ-ਗੜ੍ਹਵਾਲ ਜ਼ਿਲ੍ਹੇ ਵਿਚ ਆਪਣੇ ਪਰਿਵਾਰ ਦੇ ਜੱਦੀ ਪਿੰਡ ਪੰਚੂਰ 'ਚ ਹੀ ਰਹੇ ਜਿੱਥੇ ਉਹ ਛੁੱਟੀਆਂ ਵਿਚ ਉਨ੍ਹਾਂ ਨੂੰ ਆ ਕੇ ਮਿਲ ਜਾਂਦਾ ਸੀ।

ਅਜੈ ਦੇ ਸ਼ੁਰੂਆਤੀ ਜੀਵਨ ਬਾਰੇ ਜੋ ਵੀ ਸਬੂਤ ਮੌਜੂਦ ਹਨ, ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਸ ਦਾ ਬਚਪਨ ਬਹੁਤ ਸਾਧਾਰਨ ਸੀ। ਉਸ ਦੇ ਮਾਪਿਆਂ ਨੇ ਇਹ ਯਕੀਨੀ ਬਣਾਇਆ ਕਿ ਉਹ ਸਕੂਲ ਜਾਂਦਾ ਰਹੇ ਅਤੇ ਉਹ ਅੱਠਵੀਂ ਜਮਾਤ ਤੱਕ ਥੰਗਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਪੜ੍ਹਿਆ। ਮੁਕਾਮੀ ਗ੍ਰਾਮ ਪੰਚਾਇਤ ਵਿਚ ਕੋਈ ਸੈਕੰਡਰੀ ਸਕੂਲ ਨਹੀਂ ਸੀ, ਇਸ ਲਈ ਉਹ ਟੀਹਰੀ ਜ਼ਿਲ੍ਹੇ ਵਿਚ ਚਲਾ ਗਿਆ ਜਿੱਥੇ ਉਸ ਦਾ ਪਿਤਾ ਨੌਕਰੀ ਕਰਦਾ ਸੀ। ਉਸ ਨੇ ਗਾਜਾ ਦੇ ਇਕ ਸਰਕਾਰੀ ਸਕੂਲ ਤੋਂ ਆਪਣੀ ਸਕੂਲੀ ਪੜ੍ਹਾਈ ਪੂਰੀ ਕੀਤੀ। ਫਿਰ ਉਸ ਨੂੰ ਰਿਸ਼ੀਕੇਸ਼ ਭੇਜ ਦਿੱਤਾ ਗਿਆ ਜਿੱਥੇ ਉਹ ਆਪਣੇ ਵੱਡੇ ਭਰਾ ਨਾਲ ਰਹਿੰਦਾ ਸੀ। ਉਸ ਨੇ ਸ੍ਰੀ ਭਾਰਤ ਮੰਦਰ ਇੰਟਰ ਕਾਲਜ ਵਿਚ ਦਾਖਲਾ ਲਿਆ ਅਤੇ ਅੰਗਰੇਜ਼ੀ ਤੇ ਹਿੰਦੀ ਦੇ ਨਾਲ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਦੀ ਪੜ੍ਹਾਈ ਦੀ ਲਾਈਨ ਚੁਣੀ।

1989 'ਚ ਅਜੈ ਨੇ ਵਿਗਿਆਨ ਦੀ ਡਿਗਰੀ ਕਰਨ ਲਈ ਪੀ.ਜੀ. ਸਰਕਾਰੀ ਕਾਲਜ, ਕੋਟਦਵਾਰ 'ਚ ਦਾਖਲਾ ਲੈ ਲਿਆ। ਭਾਜਪਾ ਅਤੇ ਹਿੰਦੂ ਰਾਸ਼ਟਰਵਾਦ ਦੀ ਖੁੱਲ੍ਹ ਕੇ ਵਕਾਲਤ ਕਰਨ ਵਾਲੇ ਲੇਖਕ ਸ਼ਾਂਤਨੂ ਗੁਪਤਾ ਦੀ ਲਿਖੀ ਹਾਲੀਆ ਗੁਣਗਾਣ ਨੁਮਾ ਜੀਵਨੀ ਦਾਅਵਾ ਕਰਦੀ ਹੈ ਕਿ ਅਜੈ ਦੀ ਰਾਜਨੀਤੀ ਅਤੇ ਜੋ ਅਧਿਆਤਮਿਕ ਜੀਵਨ ਉਸ ਨੇ ਚੁਣਿਆ, ਉਸ ਵਿਚ ਕਈ ਤਰੀਕਿਆਂ ਨਾਲ ਸਦਾ ਹੀ ਦਿਲਚਸਪੀ ਸੀ। ਇਹ "ਉਤਰਾਖੰਡ ਦੇ ਦੂਰ-ਦਰਾਜ ਇਲਾਕੇ ਦੇ ਨੌਜਵਾਨ ਅਜੈ ਸਿੰਘ ਬਿਸ਼ਟ ਦੀ ਪਰਵਰਿਸ਼ ਦੀ ਕਹਾਣੀ ਹੈ ਜੋ ਗਾਵਾਂ, ਖੇਤਾਂ, ਪਹਾੜਾਂ ਤੇ ਦਰਿਆਵਾਂ ਦਰਮਿਆਨ ਵੱਡਾ ਹੋਇਆ ਅਤੇ ਬਾਅਦ ਵਿਚ ਮਹੰਤ, ਸੰਸਦ ਮੈਂਬਰ ਅਤੇ ਮੁੱਖ ਮੰਤਰੀ ਬਣਿਆ।"

ਕਾਲਜ ਵਿਚ ਅਜੈ ਆਰ.ਐੱਸ.ਐੱਸ. ਦੇ ਵਿਦਿਆਰਥੀ ਵਿੰਗ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦਾ ਮੈਂਬਰ ਬਣ ਗਿਆ। ਆਪਣੇ ਅੰਤਿਮ ਸਾਲ, 1992 ਵਿਚ ਉਸ ਨੇ ਸਕੱਤਰ ਦੇ ਅਹੁਦੇ ਲਈ ਵਿਦਿਆਰਥੀ ਯੂਨੀਅਨ ਦੀ ਚੋਣ ਲੜੀ। ਉਹ ਆਜ਼ਾਦ ਉਮੀਦਵਾਰ ਸੀ ਅਤੇ ਬੁਰੀ ਤਰ੍ਹਾਂ ਹਾਰਿਆ। ਅਰੁਣ ਤਿਵਾੜੀ ਜਿਸ ਨੇ ਉਹ ਚੋਣ ਜਿੱਤੀ ਸੀ ਅਤੇ ਜੋ ਹੁਣ ਸਮਾਜਵਾਦੀ ਪਾਰਟੀ ਦਾ ਮੈਂਬਰ ਹੈ, ਨੇ ਮੈਨੂੰ ਦੱਸਿਆ, "ਉਹ ਸਾਧਾਰਨ ਵਿਦਿਆਰਥੀ ਸੀ ਅਤੇ ਵਿਦਿਆਰਥੀ ਸਿਆਸਤ ਵਿਚ ਸ਼ਾਇਦ ਹੀ ਸਰਗਰਮ ਸੀ। ਉਸ ਸਾਲ ਸਕੱਤਰ ਦੇ ਅਹੁਦੇ ਲਈ ਨੌਂ ਉਮੀਦਵਾਰ ਮੈਦਾਨ ਵਿਚ ਸਨ। ਮੈਨੂੰ ਯਾਦ ਨਹੀਂ ਹੈ ਕਿ ਉਸ ਨੂੰ ਕਿੰਨੀਆਂ ਵੋਟਾਂ ਪਈਆਂ। ਗਿਣਤੀ ਬਹੁਤ ਘੱਟ ਹੋਣੀ ਚਾਹੀਦੀ ਹੈ ਕਿਉਂਕਿ ਉਹ ਗਿਣਤੀ 'ਚ ਛੇਵੇਂ ਸਥਾਨ 'ਤੇ ਆਇਆ ਸੀ।"

ਇਹ ਅਜੈ ਲਈ ਪਰੇਸ਼ਾਨ ਕਰਨ ਵਾਲਾ ਪਲ ਰਿਹਾ ਹੋਵੇਗਾ। ਲੱਕ ਤੋੜਵੀਂ ਹਾਰ ਤੋਂ ਥੋੜ੍ਹੀ ਦੇਰ ਬਾਅਦ ਉਸ ਦੀ ਜ਼ਿੰਦਗੀ ਨਾਟਕੀ ਢੰਗ ਨਾਲ ਬਦਲ ਜਾਵੇਗੀ। ਅਜੈ ਗ੍ਰੈਜੂਏਟ ਹੋ ਗਿਆ ਅਤੇ ਰਿਸ਼ੀਕੇਸ ਚਲਾ ਗਿਆ ਜਿੱਥੇ ਉਸ ਨੇ ਪੰਡਿਤ ਲਲਿਤ ਮੋਹਨ ਸ਼ਰਮਾ ਪੀ.ਜੀ. ਕਾਲਜ ਵਿਚ ਵਿਗਿਆਨ 'ਚ ਮਾਸਟਰ ਡਿਗਰੀ ਲਈ ਦਾਖਲਾ ਲਿਆ ਪਰ ਲੱਗਦਾ ਹੈ ਕਿ ਉਹ ਆਪਣੀ ਇਕਾਗਰਤਾ ਗੁਆ ਚੁੱਕਾ ਸੀ।

ਸ਼ਾਂਤਨੂ ਗੁਪਤਾ ਲਿਖਦਾ ਹੈ- "ਜਦੋਂ ਉਹ ਐੱਮਐੱਸ.ਸੀ. ਦੇ ਪਹਿਲੇ ਸਾਲ ਵਿਚ ਸੀ, ਉਸ ਨੇ ਗੋਰਖਪੁਰ ਜਾਣਾ ਸ਼ੁਰੂ ਕਰ ਦਿੱਤਾ ਅਤੇ ਮਹੰਤ ਅਵੈਦਿਆਨਾਥ ਨੂੰ ਮਿਲਣ ਲੱਗਾ। ਕੁਝ ਮੁਲਾਕਾਤਾਂ ਤੋਂ ਬਾਅਦ ਅਜੈ ਨੇ ਗੋਰਖਨਾਥ ਮੱਠ ਵਿਚ ਮਹੰਤ ਅਵੈਦਿਆਨਾਥ ਨਾਲ ਪੂਰੇ ਸਮੇਂ ਦੇ ਚੇਲੇ ਵਜੋਂ ਸ਼ਾਮਲ ਹੋਣ ਦਾ ਮਨ ਬਣਾ ਲਿਆ।" ਅਵੈਦਿਆਨਾਥ ਉਦੋਂ ਗੋਰਖਨਾਥ ਮੱਠ ਦਾ ਮੁਖੀ ਸੀ।

ਮੈਂ ਅਜੈ ਦੇ ਕਾਲਜ ਸਮੇਂ ਦੇ ਕਈ ਸਾਬਕਾ ਸਹਿਪਾਠੀਆਂ ਨਾਲ ਗੱਲ ਕੀਤੀ, ਉਨ੍ਹਾਂ ਮੁਤਾਬਿਕ ਉਸ ਸਮੇਂ ਉਸ ਦਾ ਸੰਨਿਆਸੀ ਜੀਵਨ ਵੱਲ ਕੋਈ ਝੁਕਾਅ ਨਹੀਂ ਸੀ। ਅਰੁਣ ਤਿਵਾੜੀ ਅਨੁਸਾਰ, ਅਜੈ ਤਾਂ ਸਗੋਂ ਪੜ੍ਹਾਈ ਤੋਂ ਦੂਰ ਜਾ ਰਿਹਾ ਸੀ ਕਿਉਂਕਿ ਉਸ ਉਪਰ 'ਆਪਣੇ ਲਈ ਆਰਾਮਦਾਇਕ ਜੀਵਨ ਲੱਭਣ' ਦਾ ਭੂਤ ਸਵਾਰ ਸੀ। ਤਿਵਾੜੀ ਨੇ ਕਿਹਾ ਕਿ ਇਸ ਦੀ ਪ੍ਰਾਪਤੀ ਲਈ 'ਉਹ ਆਪਣੇ ਦੂਰ ਦੇ ਚਾਚਾ ਅਵੈਦਿਆਨਾਥ ਪਿੱਛੇ ਗਿਆ'।

ਕੋਟਦਵਾਰ ਵਿਚ ਅਜੈ ਦੇ ਇਕ ਸਾਥੀ ਵਿਦਿਆਰਥੀ ਨੇ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਮੈਨੂੰ ਦੱਸਿਆ, "ਹਾਲਾਂਕਿ ਉਹ ਏ.ਬੀ.ਵੀ.ਪੀ. ਦਾ ਮੈਂਬਰ ਸੀ ਪਰ ਉਹ ਉਸ ਸਮੇਂ ਦੀਆਂ ਘਟਨਾਵਾਂ ਤੋਂ ਜ਼ਿਆਦਾ ਪ੍ਰਭਾਵਿਤ ਨਹੀਂ ਸੀ ਅਤੇ ਬੇਖਬਰ ਸੀ। ਮੈਂ ਤਾਂ ਹੈਰਾਨ ਹੀ ਰਹਿ ਗਿਆ, ਜਦੋਂ ਮੈਂ ਸੁਣਿਆ ਕਿ ਉਹ ਯੋਗੀ ਬਣ ਗਿਆ ਹੈ, ਕਿਉਂਕਿ ਉਸ ਸਮੇਂ ਉਹ ਨਿਸ਼ਚਿਤ ਤੌਰ 'ਤੇ ਕਿਸੇ ਵੀ ਰੂਹਾਨੀ ਪ੍ਰਵਿਰਤੀ ਵਾਲਾ ਬੰਦਾ ਨਹੀਂ ਸੀ।" ਇਸ ਗੁਪਤ ਬੰਦੇ ਨੂੰ ਯਾਦ ਹੈ ਕਿ 1992 ਵਿਚ ਜਦੋਂ ਰਾਮ ਮੰਦਰ ਅੰਦੋਲਨ ਸਿਖਰ 'ਤੇ ਸੀ, ਉਦੋਂ ਵੀ ਉਹ ਕਿਤੇ ਨਜ਼ਰ ਨਹੀਂ ਆ ਰਿਹਾ ਸੀ। ਜਿੱਥੋਂ ਤੱਕ ਮੈਨੂੰ ਯਾਦ ਹੈ, ਉਹ ਉਸ ਸਾਲ ਦਸੰਬਰ ਵਿਚ ਅਯੁੱਧਿਆ ਨਹੀਂ ਗਿਆ ਸੀ, ਸਿਰਫ 1993 ਵਿਚ ਜਾ ਕੇ ਉਸ ਦਾ ਝੁਕਾਅ ਅਚਾਨਕ ਗੋਰਖਪੁਰ ਵੱਲ ਹੋ ਗਿਆ।

ਇਹ ਸਪਸ਼ਟ ਨਹੀਂ ਹੈ ਕਿ ਅਜੈ ਨੂੰ ਯੋਗੀ ਬਣਨ ਲਈ ਕਿਸ ਗੱਲ ਨੇ ਪ੍ਰੇਰਿਆ। ਕਾਲਜ ਦੇ ਸਾਥੀ ਨੇ ਕਿਹਾ, "1993 ਵਿਚ ਉਹ ਨੌਕਰੀ ਦੀ ਭਾਲ ਵਿਚ ਦਿੱਲੀ ਗਿਆ ਸੀ। ਹਾਲਾਂਕਿ ਉਹ ਆਪਣੀ ਕੋਸ਼ਿਸ਼ ਵਿਚ ਅਸਫਲ ਰਿਹਾ, ਉਹ ਅਵੈਦਿਆਨਾਥ ਨੂੰ ਮਿਲਿਆ ਜਿਸ ਨੂੰ ਕਿਸੇ ਇਲਾਜ ਲਈ ਦਿੱਲੀ ਦੇ ਇਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਉਸ ਨੇ ਕੁਝ ਸਮੇਂ ਲਈ ਅਵੈਦਿਆਨਾਥ ਦੀ ਸੇਵਾ ਕੀਤੀ ਅਤੇ ਮਹੰਤ ਨੂੰ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਅਦ ਰਿਸ਼ੀਕੇਸ਼ ਵਾਪਸ ਆ ਗਿਆ। ਕੁਝ ਮਹੀਨਿਆਂ ਬਾਅਦ ਉਹ ਚੁੱਪਚਾਪ ਗੋਰਖਪੁਰ ਚਲਾ ਗਿਆ।"

ਗੁਪਤਾ ਦੀ ਲਿਖੀ ਜੀਵਨੀ ਵਿਚ ਇਹ ਜ਼ਿਕਰ ਥੋੜ੍ਹਾ ਵੱਖਰੀ ਤਰ੍ਹਾਂ ਪੇਸ਼ ਕੀਤਾ ਗਿਆ ਹੈ: ਜਦੋਂ ਉਹ ਉਸ ਨੂੰ ਦਿੱਲੀ ਦੇ ਹਸਪਤਾਲ ਵਿਚ ਮਿਲਿਆ ਸੀ, ਅਜੈ ਅਵੈਦਿਆਨਾਥ ਲਈ ਕੋਈ ਅਜਨਬੀ ਨਹੀਂ ਸੀ, ਉਸ ਦਾ ਰਾਮ ਮੰਦਰ ਅੰਦੋਲਨ ਲਈ ਪਹਿਲਾਂ ਹੀ ਝੁਕਾਅ ਬਣ ਗਿਆ ਸੀ ਅਤੇ ਉਸ ਨੇ ਗੋਰਖਨਾਥ ਦੇ ਮਹੰਤ ਨਾਲ ਸੰਖੇਪ ਮੁਲਾਕਾਤ ਵੀ ਕੀਤੀ ਸੀ ਜਿਸ ਨੇ ਉਸ ਨੂੰ ਦੱਸਿਆ ਕਿ "ਉਹ ਜਨਮ ਤੋਂ ਯੋਗੀ ਸੀ ਅਤੇ ਉਸ ਨੇ ਇਕ ਦਿਨ ਉਥੇ ਆਉਣਾ ਸੀ।" ਅਜੈ ਦੀ ਗੋਰਖਪੁਰ ਯਾਤਰਾ ਦੇ ਇਸ ਬਿਰਤਾਂਤ ਦਾ ਸਰੋਤ ਅਨਿਸ਼ਚਿਤ ਹੈ; ਗੁਪਤਾ ਨੇ ਆਪਣੇ ਦਾਅਵੇ ਨੂੰ ਸਾਬਤ ਕਰਨ ਲਈ ਕਿਸੇ ਇੰਟਰਵਿਊ ਜਾਂ ਦਸਤਾਵੇਜ਼ ਦਾ ਕੋਈ ਹਵਾਲਾ ਨਹੀਂ ਦਿੱਤਾ ਪਰ ਗੁਪਤਾ ਇਹ ਵੀ ਲਿਖਦਾ ਹੈ ਕਿ ਅਜੈ ਦੇ ਮਾਤਾ-ਪਿਤਾ ਹੈਰਾਨ ਰਹਿ ਗਏ, ਜਦੋਂ ਉਨ੍ਹਾਂ ਨੂੰ 'ਅਖਬਾਰ ਤੋਂ ਉਸ ਦੇ ਸੰਨਿਆਸ ਬਾਰੇ ਪਤਾ ਲੱਗਾ'। ਉਨ੍ਹਾਂ ਨੇ ਇਹ ਸਮਝਿਆ ਸੀ ਕਿ ਉਹ ਰੁਜ਼ਗਾਰ ਦੇ ਮੌਕਿਆਂ ਦੀ ਭਾਲ ਵਿਚ ਗੋਰਖਪੁਰ ਗਿਆ ਸੀ।

ਕੁਝ ਵੀ ਹੋਵੇ, ਅਜੈ ਨਵੰਬਰ 1993 ਵਿਚ ਬਿਨਾ ਕਿਸੇ ਨੂੰ ਦੱਸੇ ਰਿਸ਼ੀਕੇਸ਼ ਛੱਡ ਕੇ ਚਲਾ ਗਿਆ ਅਤੇ ਇਹ ਨਿਰਾਸ਼ ਨੌਜਵਾਨ ਗੋਰਖਪੁਰ ਪਹੁੰਚ ਗਿਆ। ਉਹ 21 ਸਾਲਾਂ ਦਾ ਸੀ ਜਿਸ ਵਿਚ ਉਦੋਂ ਤੱਕ ਉਸ ਦੇ ਸਹਿਪਾਠੀਆਂ ਨੂੰ ਕੋਈ ਰੂਹਾਨੀ ਝੁਕਾਅ ਨਹੀਂ ਦਿਸਿਆ ਸੀ ਅਤੇ ਉਹ ਮੰਦਰ ਵਿਚ ਆਪਣੇ ਕਰੀਅਰ ਦੀਆਂ ਅਸਪਸ਼ਟ ਉਮੀਦਾਂ ਪਾਲ ਰਿਹਾ ਸੀ।

ਅਗਲੇ ਸਾਲ 15 ਫਰਵਰੀ ਨੂੰ ਅਵੈਦਿਆਨਾਥ ਨੇ ਉਸ ਨੂੰ ਬਾਕਾਇਦਾ ਰਸਮ ਕਰਕੇ ਸਾਧੂ ਬਣਾਇਆ, ਉਸ ਦਾ ਨਾਮ ਆਦਿੱਤਿਆਨਾਥ ਰੱਖਿਆ ਅਤੇ ਉਸ ਨੂੰ ਆਪਣਾ ਜਾਨਸ਼ੀਨ ਐਲਾਨਿਆ। 2011 ਦੇ ਸਿਆਲ ਵਿਚ ਮੈਂ ਅਯੁੱਧਿਆ ਬਾਰੇ ਕਿਤਾਬ ਲਈ ਖੋਜ ਕਰਨ ਲਈ ਗੋਰਖਨਾਥ ਮੰਦਿਰ ਗਿਆ ਜੋ ਮੈਂ ਆਪਣੇ ਇਕ ਸਾਥੀ ਨਾਲ ਮਿਲ ਕੇ ਲਿਖ ਰਿਹਾ ਸੀ। ਮੈਂ ਅਵੈਦਿਆਨਾਥ ਦੀ ਇੰਟਰਵਿਊ ਦਾ ਇੰਤਜ਼ਾਰ ਕਰ ਰਿਹਾ ਸੀ, ਜਦੋਂ ਮੈਂ ਨੇੜੇ ਹੀ ਮਾਮੂਲੀ ਅਤੇ ਗੰਭੀਰ ਦਿੱਖ ਵਾਲਾ ਆਦਮੀ ਦੇਖਿਆ। ਇਹ ਆਦਿੱਤਿਆਨਾਥ ਹੀ ਸੀ ਜੋ ਮੰਦਰ ਦੇ ਗਲਿਆਰੇ ਵਿਚ ਲੱਕੜ ਦੀ ਕੁਰਸੀ 'ਤੇ ਬੈਠਾ ਸੀ। ਇੰਵ ਜਾਪਦਾ ਸੀ ਕਿ ਉਹ ਮੇਜ 'ਤੇ ਪਏ ਕਾਗਜ਼ ਪੜ੍ਹਨ ਵਿਚ ਰੁੱਝਿਆ ਹੋਇਆ ਸੀ। ਮੈਨੂੰ ਸ਼ਾਇਦ ਹੀ ਉਹ ਐਨਾ ਕੁ ਵੱਡਾ ਜਾਂ ਐਨਾ ਕੁ ਮਜ਼ਬੂਤ ਲੱਗਿਆ ਕਿ ਉਹ ਹਿੰਦੂਤਵ ਦੇ ਭੜਕਾਊ ਅਕਸ 'ਚ ਫਿੱਟ ਹੋ ਸਕਦਾ। ਇਕ ਅੱਧਖੜ ਉਮਰ ਦਾ ਆਦਮੀ ਜੋ ਉਸ ਤੋਂ ਕੁਝ ਫੁੱਟ ਦੂਰ ਖੜ੍ਹਾ ਸੀ, ਉਸ ਦੇ ਮੁਕਾਬਲੇ ਲੰਬਾ ਅਤੇ ਮਜ਼ਬੂਤ ਦਿਖਾਈ ਦਿੰਦਾ ਸੀ। ਮੈਂ ਆਦਿੱਤਿਆਨਾਥ ਨੂੰ ਅਵੈਦਿਆਨਾਥ ਨੂੰ ਮਿਲਣ ਦੀ ਗੁਜ਼ਾਰਿਸ਼ ਕੀਤੀ ਅਤੇ ਉਨ੍ਹਾਂ ਦੇ ਸੰਗਠਨ ਹਿੰਦੂ ਯੁਵਾ ਵਾਹਿਨੀ ਬਾਰੇ ਕੁਝ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਕੁਝ ਨਹੀਂ ਬੋਲਿਆ। ਮੈਂ ਜ਼ੋਰ ਨਹੀਂ ਪਾਇਆ, ਕਿਉਂਕਿ ਮੇਰਾ ਮੁੱਖ ਉਦੇਸ਼ ਉਸ ਦੇ ਗੁਰੂ ਦੀ ਇੰਟਰਵਿਊ ਲੈਣਾ ਸੀ। ਅੱਧਖੜ ਉਮਰ ਦਾ ਆਦਮੀ ਮੈਨੂੰ ਮੰਦਰ ਦੇ ਨਾਲ ਲੱਗਦੀ ਦੋ ਮੰਜ਼ਿਲਾ ਇਮਾਰਤ ਵਿਚ ਅਵੈਦਿਆਨਾਥ ਦੇ ਪਹਿਲੀ ਮੰਜ਼ਿਲ ਦੇ ਅਪਾਰਟਮੈਂਟ ਵਿਚ ਲੈ ਗਿਆ।

ਗੋਰਖਨਾਥ ਮੰਦਿਰ ਦਾ ਨਾਮ ਗਿਆਰ੍ਹਵੀਂ ਸਦੀ ਦੇ ਰਹੱਸਵਾਦੀ ਗੋਰਕਸ਼ਾਨਾਥ ਤੋਂ ਲਿਆ ਗਿਆ ਹੈ ਜਿਸ ਨੇ ਵਿਆਪਕ ਯਾਤਰਾ ਕੀਤੀ ਸੀ ਅਤੇ ਕਿਹਾ ਜਾਂਦਾ ਹੈ ਕਿ ਉਸ ਨੇ ਬਹੁਤ ਸਾਰੇ ਗ੍ਰੰਥ ਲਿਖੇ ਸਨ ਜੋ ਨਾਥ ਮੱਠ ਪ੍ਰਣਾਲੀ ਦਾ ਆਧਾਰ-ਚੌਖਟਾ ਹਨ। ਗੋਰਖਨਾਥ ਮੱਠ ਨੇ ਬਰਤਾਨਵੀ ਰਾਜ ਤੋਂ ਬਾਅਦ ਸੱਜੇ-ਪੱਖੀ ਰਾਜਨੀਤੀ ਵਿਚ ਕੇਂਦਰੀ ਭੂਮਿਕਾ ਨਿਭਾਈ ਹੈ ਅਤੇ ਆਦਿੱਤਿਆਨਾਥ ਨੂੰ ਇਹ ਵਿਰਾਸਤ ਵਿਚ ਮਿਲੀ ਹੈ। ਅਵੈਦਿਆਨਾਥ ਅਤੇ ਉਸ ਦਾ ਪੂਰਵਜ ਤੇ ਗੁਰੂ ਦਿਗਵਿਜੇ ਨਾਥ ਰਾਮ ਜਨਮ ਭੂਮੀ ਅੰਦੋਲਨ ਦੇ ਮਹੱਤਵਪੂਰਨ ਪੜਾਵਾਂ 'ਚ ਉਸ ਦੀ ਪ੍ਰਧਾਨਗੀ ਕਰਦਾ ਰਿਹਾ ਜਿਸ ਨੇ ਮੁਲਕ ਵਿਚ ਹਿੰਦੂ ਰਾਸ਼ਟਰਵਾਦ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਆਦਿੱਤਿਆਨਾਥ ਦੀ ਅਗਵਾਈ ਵਿਚ ਅਯੁੱਧਿਆ ਵਿਚ ਰਾਮ ਮੰਦਿਰ ਦੇ ਨਿਰਮਾਣ ਦੀ ਸ਼ੁਰੂਆਤ ਲਗਭਗ ਇਕ ਸਦੀ ਤੱਕ ਫੈਲੇ ਇਕ ਹਿੰਸਕ ਅਤੇ ਵਿਨਾਸ਼ਕਾਰੀ ਅੰਦੋਲਨ ਦੀ ਸਮਾਪਤੀ ਨੂੰ ਦਰਸਾਉਂਦੀ ਹੈ ਜੋ ਤਿੰਨ ਮਹੰਤਾਂ ਦੀ ਨਿਗਰਾਨੀ ਹੇਠ ਚੱਲਦਾ ਰਿਹਾ। **(ਚੱਲਦਾ)**



*'ਲਵ ਜਹਾਦ' ਦੇ ਨਾਂ 'ਤੇ ਵਧੀਕੀਆਂ ਖਿਲਾਫ ਰੋਸ ਪ੍ਰਗਟ ਕਰ ਰਹੇ ਲੋਕ।*

***ਨਵੇਂ ਕਾਨੂੰਨ ਨਾਲ ਲੈਸ ਉਤਰ ਪ੍ਰਦੇਸ਼ ਪੁਲਿਸ ਨੇ ਸੂਬੇ ਦੇ ਕਈ ਹਿੱਸਿਆਂ ਵਿਚ ਅੰਤਰ-ਧਾਰਮਿਕ ਵਿਆਹਾਂ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਸਭ ਤੋਂ ਪਰੇਸ਼ਾਨ ਕਰਨ ਵਾਲੀਆਂ ਮਿਸਾਲਾਂ ਵਿਚੋਂ ਇਕ ਮੁਰਾਦਾਬਾਦ ਦੀ 22 ਸਾਲਾ ਔਰਤ ਦੀ ਹੈ ਜਿਸ ਨੂੰ ਉਸ ਦੇ ਪਤੀ ਦੀ ਇਸ ਕਾਨੂੰਨ ਦੇ ਤਹਿਤ ਗ੍ਰਿਫਤਾਰੀ ਤੋਂ ਬਾਅਦ ਸ਼ੈਲਟਰ ਹੋਮ ਵਿਚ ਭੇਜੇ ਜਾਣ ਤੋਂ ਬਾਅਦ ਗਰਭਪਾਤ ਦਾ ਸੰਤਾਪ ਝੱਲਣਾ ਪਿਆ। ਬਾਅਦ ਵਿਚ ਪਤੀ ਨੂੰ ਛੱਡ ਦਿੱਤਾ ਗਿਆ ਕਿਉਂਕਿ ਪੁਲਿਸ, ਔਰਤ ਦਾ ਜ਼ਬਰਦਸਤੀ ਧਰਮ ਬਦਲੀ ਕੀਤੇ ਜਾਣ ਦੇ ਦੋਸ਼ਾਂ ਦੇ ਹੱਕ ਵਿਚ ਕੋਈ ਸਬੂਤ ਨਹੀਂ ਲੱਭ ਸਕੀ ਸੀ।***

# ਜਿੱਤ ਦੇ ਅਰਥ ਪੁੱਛਦੇ ਹੋ?

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਕਿਸਾਨ ਅੰਦੋਲਨ ਦੇ ਸੰਦਰਭ ਨਾਲ ਜਿੱਤ ਦੇ ਅਰਥ ਸਮਝਾਏ ਹਨ। ਉਨ੍ਹਾਂ ਲਿਖਿਆ ਹੈ ਕਿ ਇਸ ਜਿੱਤ ਨੇ ਦੁਨੀਆ ਨੂੰ ਦਰਸਾ ਦਿੱਤਾ ਹੈ ਕਿ ਜਦ ਆਮ ਵਿਅਕਤੀ ਜਾਗਰੂਕ ਹੋ ਕੇ ਤਰਕ ਅਤੇ ਸਮਝ ਨਾਲ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਦਾ ਨਿਰਣਾ ਕਰ ਲਵੇ ਤਾਂ ਕੋਈ ਵੀ ਹਾਕਮ ਉਨ੍ਹਾਂ ਨੂੰ ਆਪਣੇ ਅਡੋਲ ਪ੍ਰਣ ਤੋਂ ਨਹੀਂ ਡੁਲਾ ਸਕਦਾ।***

ਤੁਸੀਂ ਇਸ ਜਿੱਤ ਦੇ ਅਰਥ ਪੁੱਛਦੇ ਹੋ, ਜਿੱਤ ਜੋ ਸਾਡੇ ਸਮਿਆਂ ਦਾ ਹਾਸਲ ਏ ਅਤੇ ਜ਼ਮੀਂ ਦੇ ਜਾਇਆਂ ਨੇ ਆਪਣੇ ਨਾਮ ਕੀਤੀ। ਜਿੱਤ ਜਿਸ ਬਾਰੇ ਵਕਤ ਦੇ ਹਾਕਮਾਂ ਦੀਆਂ ਫੋਕੀਆਂ ਧਾਰਨਾਵਾਂ ਟੁੱਟੀਆਂ। ਉਨ੍ਹਾਂ ਦੀ ਭਰਮਾਈ ਹੈਂਕੜ ਨੂੰ ਖ਼ੁਦ ਦੇ ਰੂਬਰੂ ਹੋਣਾ ਹੀ ਪਿਆ।

ਜਿੱਤ ਦੇ ਅਰਥ ਸਮਝਣ ਲਈ ਸਿਦਕ, ਸਬਰ, ਸਿਰੜ, ਸਾਧਨਾ, ਸਹਿਜ, ਸਹਿਯੋਗ, ਸਾਂਝੀਵਾਲਤਾ, ਸੂਹੀ ਸੋਚ, ਸਿਆਣਪ, ਸਾਂਝੀਵਾਲਤਾ, ਸਦਭਾਵਨਾ ਅਤੇ ਸੱਚ ਦਾ ਸਾਥ ਮਾਨਣਾ ਬਹੁਤ ਜ਼ਰੂਰੀ ਹੈ, ਜੋ ਇਨ੍ਹਾਂ ਜਿੱਤਾਂ ਵਾਲਿਆਂ ਦੇ ਸਿਰ ਦਾ ਤਾਜ ਆ। ਇਹ ਜਿੱਤ ਹੀ ਹੈ ਜੋ ਚਿਰਾਂ ਬਾਅਦ ਆਪਣੇ ਘਰਾਂ ਨੂੰ ਪਰਤਦਿਆਂ ਦੇ ਮੁਖੜਿਆਂ ਦਾ ਨੂਰ, ਬਿਆਈਆਂ ਵਾਲੇ ਪੈਰਾਂ ਦਾ ਸਰੂਰ, ਰੱਟਨਾਂ ਵਾਲੇ ਹੱਥਾਂ ਦਾ ਗਰੂਰ ਅਤੇ ਖੇਤਾਂ ਵਿਚ ਉਗੀਆਂ ਖੁਸ਼ੀਆਂ ਦਾ ਪੂਰਨੂਰ ਏ।

ਜਿੱਤ, ਜਿਸ ਨੇ ਆਮ ਲੋਕਾਂ ਨੂੰ ਉਨ੍ਹਾਂ ਦੀ ਹਿੰਮਤ, ਹੱਕ, ਹੱਠ ਅਤੇ ਦਲੇਰੀ ਦੇ ਦਰਸ਼ ਕਰਵਾਏ। ਜੇ ਤੁਸੀਂ ਫਿਰ ਵੀ ਇਸ ਜਿੱਤ ਦੇ ਮਾਅਨੇ ਪੁੱਛਦੇ ਹੋ? ਇਸ ਨੂੰ ਜਾਨਣਾ ਚਾਹੁੰਦੇ ਹੋ ਤਾਂ ਇਸ ਜਿੱਤ ਨੂੰ ਸਮਝਣ ਅਤੇ ਇਸ ਦੀਆਂ ਤਹਿਆਂ ਫਰੋਲਣ ਲਈ ਖ਼ੁਦ ਨੂੰ ਇਸ ਦਾ ਹਾਣੀ ਬਣਾਉਣਾ ਪਵੇਗਾ। ਇਸ ਦੀਆਂ ਪੈੜਾਂ ਨੂੰ ਫਰੋਲਣ ਲਈ ਖ਼ੁਦ ਨੂੰ ਉਨ੍ਹਾਂ ਹਾਲਤਾਂ ਬਾਰੇ ਕਿਆਸਣਾ ਹੋਵੇਗਾ ਤੇ ਪਿੱਛਲਪੁਰੀ ਵਿਚਾਰਨਾ ਪਵੇਗਾ। ਇਸ ਜਿੱਤ ਦੇ ਅਰਥ ਰਾਹਾਂ ਵਿਚ ਉਗੀਆਂ ਕੰਡਿਆਲੀਆਂ ਵਾੜਾਂ, ਠੋਕੇ ਹੋਏ ਕਿੱਲਾਂ ਅਤੇ ਰੋਕਾਂ ਦੀ ਹਿੱਕ 'ਤੇ ਉਗੇ ਹੋਏ ਸਫ਼ਰ ਨੂੰ ਪੁੱਛਣਾ ਜਿਨ੍ਹਾਂ ਨੂੰ ਆਪਣੀ ਹੋਛੀ ਹਰਕਤ 'ਤੇ ਸ਼ਾਇਦ ਹੁਣ ਨਮੋਸ਼ੀ ਜ਼ਰੂਰ ਆਉਂਦੀ ਹੋਵੇਗੀ।

ਜਿੱਤ ਦੇ ਮਾਅਨੇ ਜਾਣਨ ਲਈ ਪਾਣੀਆਂ ਦੀਆਂ ਬੁਛਾਰਾਂ ਵਿਚ ਪੰਜ ਇਸ਼ਨਾਨ ਕਰ ਕੇ ਸੋਚ ਨੂੰ ਸੁੱਚਾ ਕਰਦੇ ਅਤੇ ਵਰ੍ਹਦੀਆਂ ਡਾਗਾਂ ਤੇ ਅੱਥਰੂ ਗੈਸ ਦੇ ਗੋਲਿਆਂ ਵਿਚੋਂ ਆਪਣੀ ਜਿੱਤ ਦੀ ਨਿਸ਼ਾਨਦੇਹੀ ਕਰਦੀਆਂ ਉਨ੍ਹਾਂ ਅੱਖਾਂ ਵਿਚੋਂ ਦੇਖਣਾ ਜਿਨ੍ਹਾਂ ਲਈ ਆਪਣੀ ਤੋਰ ਵਿਚ ਪਕਿਆਈ ਅਤੇ ਤਕੜਾਈ ਉਨ੍ਹਾਂ ਦਾ ਹਾਸਲ ਬਣਨ ਲਈ ਉਤਾਵਲੀ ਸੀ। ਜਿੱਤ ਨੂੰ ਸਮਝਣ ਲਈ ਗਿੱਟਿਆਂ 'ਤੇ ਸੋਟੀਆਂ ਨਾਲ ਉਗੀ ਹੋਈ ਚੀਸ, ਪਾਟੇ ਹੋਏ ਸਿਰ ਅਤੇ ਵਾਲਾਂ 'ਚੋਂ ਵਗਦੀਆਂ ਲਹੂ ਦੀਆਂ ਤਤੀਰੀਆਂ ਦੇ ਰੰਗ ਨੂੰ ਸਮਝਣਾ। ਪੀੜ ਨੂੰ ਅੰਤਰੀਵ ਵਿਚ ਜ਼ੀਰ ਕੇ ਆਪਣੇ 'ਤੇ ਤਸ਼ੱਦਦ ਢਾਹੁਣ ਵਾਲਿਆਂ ਨੂੰ ਲੰਗਰ ਛਕਾਉਣ ਦੀ ਸ਼ੁਭ ਕਰਮਨ ਵਾਲੀ ਧਾਰਨਾ ਨੂੰ ਸਮਝਣ ਦੀ ਲੋੜ ਹੈ। ਤਾਂ ਹੀ ਪਤਾ ਲੱਗੇਗਾ ਕਿ ਜ਼ੁਲਮ ਢਾਹੁਣ ਵਾਲਿਆਂ ਦੇ ਹੱਥਾਂ 'ਤੇ ਰੱਖੇ ਲੰਗਰ ਦੇ ਫੁਲਕੇ 'ਤੇ ਤਾਂ ਪਹਿਲੇ ਦਿਨ ਹੀ ਜਿੱਤ ਦੇ ਸ਼ਿਲਾਲੇਖ ਉਕਰੇ ਗਏ ਸਨ। ਸਿਰਫ਼ ਹਾਕਮਾਂ ਕੋਲ ਇਨ੍ਹਾਂ ਨੂੰ ਪੜ੍ਹਨ ਦੀ ਹੀ ਵਿਹਲ ਨਹੀਂ ਸੀ ਅਤੇ ਨਾ ਹੀ ਉਹ ਇਸ ਲਿਖਤ ਨੂੰ ਸਮਝ ਕੇ ਇਸ ਦੀ ਸੁੱਚਮਤਾ ਨੂੰ ਨਤਮਸਕਤ ਹੋਣ ਲਈ ਤਿਆਰ ਸਨ।

ਜਿੱਤ ਤਾਂ ਦੀਦਿਆਂ ਵਿਚ ਤਰਲ ਹੋਏ ਸੁਪਨਿਆਂ 'ਚੋਂ ਉਸ ਦਿਨ ਹੀ ਵਹਿ ਤੁਰੀ ਸੀ, ਜਿਸ ਦਿਨ ਖੇਤਾਂ ਦੇ ਜਾਇਆਂ ਨੇ ਧਰਤ ਮਾਂ ਦੇ ਹੱਕਾਂ ਲਈ ਚਾਲੇ ਪਾਏ ਸਨ। ਉਨ੍ਹਾਂ ਨੂੰ ਪਤਾ ਸੀ ਕਿ ਨੈਣਾਂ ਵਿਚ ਤਰਲ ਹੋਏ ਸੁਪਨਿਆਂ ਨੇ ਉਨਾ ਚਿਰ ਚੈਨ ਨਾਲ ਟਿਕਣ ਨਹੀਂ ਦੇਣਾ, ਜਿੰਨਾ ਚਿਰ ਉਹ ਆਪਣੀ ਵਿਰਾਸਤ ਅਤੇ ਮਿੱਟੀ ਦੀ ਮਹਿਕ ਨੂੰ ਪਿੰਡੇ 'ਤੇ ਮਹਿਕਾਉਂਦੇ ਰਹਿਣਗੇ।

ਇਸ ਜਿੱਤ ਦੇ ਅਰਥ ਤਾਂ ਤੁਹਾਨੂੰ ਵਿਰਸੇ ਵਿਚ ਬੜੀ ਜਲਦੀ ਹੀ ਲੱਭ ਜਾਣਗੇ। ਜਦ ਕੋਈ ਕੌਮ ਆਪਣੇ ਹੱਕਾਂ ਲਈ ਜਾਨ ਦੀ ਬਾਜ਼ੀ ਲਾਉਣ ਅਤੇ ਸ਼ਾਂਤ ਰਹਿ ਕੇ ਜਾਬਰਾਂ ਨੂੰ ਝੁਕਾਉਣਾ ਜਾਣਦੀ ਹੋਵੇ ਤਾਂ ਉਨ੍ਹਾਂ ਦੇ ਮੱਥਿਆਂ 'ਤੇ ਜਿੱਤਾਂ ਦੇ ਨਕਸ਼ ਜ਼ਰੂਰ ਉਘੜਨਗੇ।

ਇਸ ਜਿੱਤ ਨੇ ਦੁਨੀਆ ਨੂੰ ਦਰਸਾ ਦਿੱਤਾ ਕਿ ਜਦ ਆਮ ਵਿਅਕਤੀ ਜਾਗਰੂਕ ਹੋ ਕੇ ਤਰਕ ਅਤੇ ਸਮਝ ਨਾਲ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਦਾ ਨਿਰਣਾ ਕਰ ਲਵੇ ਤਾਂ ਕੋਈ ਵੀ ਹਾਕਮ ਉਨ੍ਹਾਂ ਨੂੰ ਆਪਣੇ ਅਡੋਲ ਪ੍ਰਣ ਤੋਂ ਨਹੀਂ ਡੁਲਾ ਸਕਦਾ। ਉਹ ਦੁਨੀਆ ਦੀ ਤਵਾਰੀਖ਼ ਵਿਚ ਇਕ ਅਜਿਹਾ ਵਰਕਾ ਜੋੜ ਦਿੰਦੇ ਨੇ, ਜਿਸ 'ਤੇ ਆਉਣ ਵਾਲੀਆਂ ਨਸਲਾਂ ਮਾਣ ਵੀ ਕਰਨਗੀਆਂ ਅਤੇ ਆਪਣੇ ਪੁਰਖ਼ਿਆਂ ਦੇ ਮਾਰਗ 'ਤੇ ਚੱਲਣ ਦਾ ਤਹੱਈਆ ਵੀ ਕਰਨਗੀਆਂ।

ਇਸ ਜਿੱਤ ਦੀ ਤਹਿ ਫਰੋਲਣੀ ਹੈ ਤਾਂ ਧਰਨਿਆਂ ਦੇ ਆਲ਼ੇ-ਦੁਆਲੇ ਵਸਦੇ ਰੇਹੜੀ ਤੇ ਖੋਖੇ ਵਾਲਿਆਂ ਤੋਂ ਲੈ ਕੇ ਵੱਡੇ ਅਦਾਰਿਆਂ ਵਾਲਿਆਂ ਤੋਂ ਪੁੱਛੀਂ ਕਿ ਕਿਵੇਂ ਇਨ੍ਹਾਂ ਬਾਰੇ ਮੀਡੀਆ ਵਲੋਂ ਬਣਾਈ ਧਾਰਨਾ ਟੁੱਟਦੀ ਹੈ? ਕਿਵੇਂ ਹਰ ਵਿਅਕਤੀ ਇਸ ਨੂੰ ਆਪਣੀ ਜੱਦੋ-ਜਹਿਦ ਸਮਝ ਕੇ ਇਸ ਦਾ ਹਿੱਸਾ ਬਣ ਕੇ ਮਾਣਮੱਤਾ ਮਹਿਸੂਸ ਕਰਦਾ ਹੈ ਪਰ ਵਿਕਾਊ ਮੀਡੀਆ ਨੂੰ ਆਪਣੀ ਬੇਸ਼ਰਮੀ 'ਤੇ ਵੀ ਰਤਾ ਸ਼ਰਮ ਨਹੀਂ ਆਉਂਦੀ।

ਜਿੱਤ ਦੀ ਤਫ਼ਸੀਲ ਲਈ ਨੱਕ 'ਤੇ ਟਿਕਾਈਆਂ ਐਨਕਾਂ ਹੇਠ ਮਘਦੇ ਦੀਦਿਆਂ, ਹਿੱਕ ਵਿਚ ਉਜਵਲ ਹੋਈ ਜਜ਼ਬੇ ਦੀ ਜਵਾਲਾ, ਸੋਚ ਵਿਚ ਸ਼ਾਂਤੀ ਤੇ ਸਹਿਜ ਦਾ ਸੁਖ਼ਨ ਅਤੇ ਕਰਮ ਵਿਚਲੀ ਧਰਮ-ਕੀਰਤੀ ਵਿਚ ਉਤਰਨ ਦੀ ਜ਼ਰਾ ਕੁ ਕੋਸ਼ਿਸ਼ ਕਰੀਂ, ਸਭ ਕੁਝ ਆਪਣੇ ਆਪ ਹੀ ਸਮਝ ਆ ਜਾਵੇਗਾ। ਜਿੱਤ ਦੇ ਅਰਥ ਤਾਂ ਉਸ ਸਮੇਂ ਸਪੱਸ਼ਟ ਹੀ ਹੋ ਗਏ ਸਨ ਜਦ ਤਰਕ ਸਾਹਵੇਂ ਕਿਰ ਗਈਆਂ ਸਨ ਥੋਥੀਆਂ ਦਲੀਲਾਂ, ਪਾਖੰਡਬਾਜ਼ੀ ਦੀਆਂ ਦੁਰਕਾਰੀਆਂ ਗਈਆਂ ਸਨ ਅਪੀਲਾਂ। ਸਾਬਤ ਕਦਮਾਂ ਵਾਲੀ ਤੋਰ ਦੀ ਸੰਜੀਦਗੀ, ਸਿਆਣਪ, ਸਮਝ ਅਤੇ ਸਮਰੱਥਾ ਨੇ ਆਪਣੇ ਸਿਰੜ ਵਿਚੋਂ ਨਵੇਂ ਸਿਰਨਾਵਿਆਂ ਵਾਲੀ ਪੈੜ ਨੂੰ ਰੁਸ਼ਨਾਇਆ ਸੀ। ਸੁਪਨਿਆਂ ਦਾ ਸੱਚ ਹਾਸਲ ਕਰਨ ਲਈ ਖ਼ੁਦ ਨੂੰ ਸੁਪਨਿਆਂ ਦੇ ਹਾਣ ਦਾ ਕਰਨਾ ਪੈਂਦਾ ਅਤੇ ਸੁਪਨਿਆਂ ਦੀ ਸਰਦਲ 'ਤੇ ਖ਼ੁਦ ਨੂੰ ਅਰਪਿਤ ਕਰਨਾ ਪੈਂਦਾ ਹੈ।

ਜਿੱਤ ਦੇ ਅਰਥਾਂ ਲਈ ਮਿੱਟੀ ਦੇ ਜਾਇਆਂ ਦੀ ਤਹਿਰੀਕ ਦੀਆਂ ਤਹਿਆਂ ਫਰੋਲੀਂ। ਇਨ੍ਹਾਂ ਦੀ ਪੁਰਖ਼ੀ ਵਿਰਾਸਤ ਵਿਚਾਰੀਂ। ਇਨ੍ਹਾਂ ਦੀ ਜੀਵਨ-ਸ਼ੈਲੀ ਨੂੰ ਵਿਚਾਰੀਂ, ਜੋ ਦਿਨ-ਰਾਤ ਆਪਣੇ ਜੀਵਨ ਨੂੰ ਖੇਤਾਂ ਦੇ ਨਾਮ ਲਾਉਂਦੇ। ਸਾਹਾਂ ਵਰਗੀਆਂ ਫਸਲਾਂ ਨੂੰ ਬੱਚਿਆਂ ਵਾਂਗ ਪਾਲਦੇ ਅਤੇ ਇਨ੍ਹਾਂ ਦੀਆਂ ਸੁੱਖਣਾਂ ਸੁੱਖਦਿਆਂ, ਸਰਬੱਤ ਲਈ ਸਕੂਨ ਅਤੇ ਸਬਰ ਦਾ ਸਬਕ ਪੜ੍ਹਾਉਂਦੇ।

ਜਿੱਤ ਦੇ ਅਰਥ ਮਾਵਾਂ, ਦਾਦੀਆਂ, ਚਾਚੀਆਂ, ਤਾਈਆਂ, ਭੈਣਾਂ ਅਤੇ ਧੀਆਂ ਨੂੰ ਪੁੱਛਣਾ, ਜਿਨ੍ਹਾਂ ਨੇ ਖੇਤਾਂ ਦੇ ਵਾਰਸਾਂ ਨੂੰ ਮੋਰਚੇ 'ਤੇ ਤੋਰ ਖ਼ੁਦ ਖੇਤ ਸੰਭਾਲੇ। ਜਿਨ੍ਹਾਂ ਦੀਆਂ ਝੁਰੜੀਆਂ ਵਿਚ ਜਿੱਤ ਦੇ ਨਕਸ਼ ਸਨ, ਜਿਨ੍ਹਾਂ ਨੇ ਮੋਰਚਿਆਂ 'ਤੇ ਡਟਿਆਂ ਲਈ ਹੀ ਰੋਟੀ ਨਹੀਂ ਸੀ ਪਕਾਈ ਸਗੋਂ ਆਸ-ਪਾਸ ਵੱਸਦੀ ਲੋਕਾਈ ਨੂੰ ਵੀ ਆਪਣੇ ਨਾਲ ਜੋੜ ਲਿਆ ਸੀ। ਜਿਨ੍ਹਾਂ ਨੇ ਲੋਕ-ਸੰਸਦ ਵੀ ਚਲਾਈ। ਜਿਨ੍ਹਾਂ ਨੇ ਦਿਹਾੜੀਦਾਰ ਹੋਣ ਦੀਆਂ ਤੁਹਮਤਾਂ ਨੂੰ ਪਿੰਡੇ ਤੋਂ ਪੂੰਝ, ਚਿਕਨੇ ਚਿਹਰਿਆਂ ਨੂੰ ਦੱਸ ਦਿਤਾ ਕਿ ਖੇਤਾਂ ਦੇ ਜਾਇਆਂ ਜਿੰਨੀਆਂ ਹੀ ਜ਼ੋਰਾਵਰ ਅਤੇ ਜ਼ਿੰਦਾਦਿਲ ਨੇ ਘਰ ਵਿਚ ਰਹਿਣ ਵਾਲੀਆਂ ਸਾਡੀਆਂ ਮਾਵਾਂ। ਜਿਹੜੀਆਂ ਮੌਕਾ ਪੈਣ 'ਤੇ ਸਿਰ 'ਤੇ ਮੜ੍ਹਾਸਾ ਬੰਨ੍ਹ, ਮੁਹਰੈਲ ਬਣ, ਦੁਸ਼ਮਣ ਦੀ ਅੱਖ ਵਿਚ ਅੱਖ ਪਾ ਕੇ ਉਸ ਨੂੰ ਉਸ ਦੀ ਔਕਾਤ ਦੇ ਰੂਬਰੂ ਵੀ ਕਰ ਸਕਦੀਆਂ ਨੇ। ਇਨ੍ਹਾਂ ਦੀ ਲਲਕਾਰ ਛੇੜਦੀ ਸੀ ਹਾਕਮਾਂ ਨੂੰ ਕੰਬਣੀ ਅਤੇ ਘੁਰਨਿਆਂ ਵਿਚ ਲੱਭਦੇ ਸਨ ਆਪਣੀ ਠਾਹਰ।



ਇਸ ਜਿੱਤ ਨੂੰ ਸਮਝਣ ਲਈ ਤੁਹਾਨੂੰ ਸੜਕਾਂ ਦੇ ਕੰਢਿਆਂ 'ਤੇ ਉਗੇ ਹੋਏ ਸ਼ਹਿਰ, ਟਰਾਲੀਆਂ ਵਿਚ ਬਣੇ ਹੋਏ ਘਰ ਅਤੇ ਪਾਣੀ 'ਚ ਡੁੱਬੇ ਤੰਬੂਆਂ ਵਿਚ ਔਕੜਾਂ ਨੂੰ ਮਖ਼ੌਲਾਂ ਕਰਨ ਵਾਲਿਆਂ ਨੂੰ ਮਿਲਣਾ ਪਵੇਗਾ। ਨਿੱਕੇ-ਨਿੱਕੇ ਖ਼ਾਨਿਆਂ ਵਿਚ ਜਾਗਦੀਆਂ ਕਿਤਾਬਾਂ ਨੂੰ ਘੋਖ਼ਦੀਆਂ ਅੱਖਾਂ ਦੇਖੀਂ। ਪੋਹ ਦੀ ਰਾਤੇ ਮਾਛੀਵਾੜੇ ਨੂੰ ਧਿਆਉਂਦੇ ਬਜ਼ੁਰਗਾਂ ਅਤੇ ਨੌਜਵਾਨਾਂ ਦੇ ਦੀਦਿਆਂ ਵਿਚ ਸਾਹਿਬਜ਼ਾਦਿਆਂ ਦੀ ਦੀਦਾ-ਦਲੇਰੀ ਨੂੰ ਚਿਤਵਣਾ ਬਹੁਤ ਜ਼ਰੂਰੀ। ਤਾਂ ਹੀ ਇਸ ਜਿੱਤ ਨੂੰ ਉਸ ਦੇ ਸਹੀ ਤੇ ਸੱਚੇ ਸੰਦਰਭ ਵਿਚ ਸਮਝਣ ਵਿਚ ਸੌਖ ਹੋਵੇਗੀ।

ਜਿੱਤ ਦੇ ਪਾਸਾਰ ਜਾਨਣੇ ਨੇ ਤਾਂ ਝੰਡਿਆਂ ਦੀ ਛਾਂ ਹੇਠ ਮਾਵਾਂ ਦਾ ਕਾਫ਼ਲਾ, ਸਵਾਣੀਆਂ ਵਲੋਂ ਮੁੱਠੀ ਬੰਦ ਕਰ ਕੇ ਲਾਏ ਜੈਕਾਰਿਆਂ ਦੀ ਗੂੰਜ, ਚੌਂਕੇ ਤੋਂ ਚੌਕ ਤੀਕ ਦੀ ਯਾਤਰਾ ਅਤੇ ਬਾਪੂਆਂ ਦੇ ਬਰੋਬਰ ਤੁਰਦੀਆਂ ਧੀਆਂ ਦੀਆਂ ਤਸਵੀਰਾਂ ਨੂੰ ਚੰਗੀ ਤਰ੍ਹਾਂ ਨਿਹਾਰਨਾ, ਤੁਹਾਨੂੰ ਉਨ੍ਹਾਂ ਦੀ ਤੋਰ ਵਿਚਲੀ ਮੜਕ ਤੇ ਨਿਰਭੈਤਾ, ਬੋਲਾਂ ਵਿਚਲੀ ਬੇਲਿਹਾਜ਼ਤਾ ਅਤੇ ਅੱਖਾਂ ਵਿਚ ਦਗਦੇ ਚੰਗਿਆੜੇ ਵਿਚੋਂ ਆਪਣੇ ਟੀਚੇ ਨੂੰ ਪੂਰਾ ਕਰਨ ਦਾ ਪ੍ਰਤੱਖ ਪ੍ਰਮਾਣ ਨਜ਼ਰੀਂ ਪਵੇਗਾ।

ਜਿੱਤ ਦੇ ਅਰਥ ਪੁੱਛਣੇ ਤਾਂ ਉਨ੍ਹਾਂ ਨੂੰ ਜ਼ਰੂਰ ਪੁੱਛੀਂ ਜਿਨ੍ਹਾਂ ਨੇ ਘਰ-ਪਰਿਵਾਰ ਨੂੰ ਬੇਦਾਵਾ ਦਿੱਤਾ, ਜਿਨ੍ਹਾਂ ਆਪਣਾ ਸਭ ਕੁਝ ਵੇਚ ਵੱਟ ਕੇ ਲੋਕ-ਲਹਿਰ ਦੇ ਲੇਖੇ ਲਾਇਆ, ਜਿਨ੍ਹਾਂ ਭਰਮ-ਭੁਲੇਖਿਆਂ ਨੂੰ ਤਿਆਗ ਕੇ ਹੱਕ-ਸੱਚ ਦੀ ਲਹਿਰ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਇਆ ਅਤੇ ਲੋਕਾਂ ਦਾ ਪਿਆਰ ਕਮਾਇਆ। ਇਹ ਲੋਕ ਹੀ ਨੇ ਜਿਨ੍ਹਾਂ ਨੇ ਤਵਾਰੀਖ਼ ਦਾ ਇਕ ਵਰਕਾ ਆਪਣੇ ਨਾਮ ਦਾ ਲਿਖਵਾਇਆ ਅਤੇ ਨਵੀਂ ਤਹਿਜ਼ੀਬ ਨੂੰ ਲੋਕ-ਮਨਾਂ ਵਿਚ ਸਮਾਇਆ ਕਿ ਲੋਕਾਂ ਦੀਆਂ ਵੰਡੀਆਂ ਸਿਰਫ਼ ਹਾਕਮਾਂ ਦੀ ਚਾਲ ਹੁੰਦੀ ਹੈ। ਜਦ ਲੋਕ ਇਕੱਠੇ ਹੋ ਕੇ ਲੋਕ-ਲਹਿਰ ਬਣਦੇ ਨੇ ਤਾਂ ਇਹ ਚਾਲਾਂ ਰੇਤ ਦੀਆਂ ਦੀਵਾਰਾਂ ਵਾਂਗ ਪਲ ਭਰ ਵਿਚ ਢਹਿ-ਢੇਰੀ ਹੋ ਜਾਂਦੀਆਂ ਨੇ।

ਜਿੱਤ ਦੇ ਅਰਥ ਪੁੱਛਣੇ ਨੇ ਤਾਂ ਕਾਰਪੋਰੇਟਾਂ ਦੇ ਚਿਹਰਿਆਂ 'ਤੇ ਚਿਪਕੀ ਉਦਾਸੀ, ਜ਼ਮੀਨਾਂ ਹਥਿਆਉਣ ਦੀ ਲੋਚਾ ਪਾਲਣ ਵਾਲਿਆਂ ਦੀ ਨਮੋਸ਼ੀ, ਵੱਡੇ ਮਹਿਲਾਂ ਵਿਚ ਖਾਮੋਸ਼ ਹੋ ਗਈਆਂ ਮਹਿਫ਼ਲਾਂ ਅਤੇ ਉਨ੍ਹਾਂ ਦੀਆਂ ਕੂੜ-ਕਮਾਈਆਂ, ਕੁਰਹਿਤਾਂ ਅਤੇ ਕਮੀਨਗੀਆਂ ਨੂੰ ਮਿਲੀ ਕਰੁਣਾ ਦਾ ਅੰਦਾਜ਼ਾ ਜ਼ਰੂਰ ਲਾ ਲੈਣਾ।

ਜਿੱਤ ਦੇ ਅਰਥ ਤਾਂ ਸਪੱਸ਼ਟ ਹੀ ਹੋ ਜਾਣਗੇ ਜਦ ਗੀਤਾਂ ਦੇ ਬਦਲੇ ਮੁੱਖੜੇ ਅਤੇ ਲੋਕ-ਸੰਗੀਤ ਦੇ ਨਵੇਂ ਸਿਰਨਾਵੇਂ ਨੂੰ ਦੇਖਣਾ। ਕਲਮਾਂ ਵਲੋਂ ਕੋਰੇ ਵਰਕਿਆਂ 'ਤੇ ਉਕਰੀ ਉਸ ਇਬਾਰਤ ਨੂੰ ਪੜ੍ਹਨਾ, ਜਿਸ ਨੇ ਇਬਾਦਤ ਵਾਂਗ ਨਵੀਂ ਪੀੜ੍ਹੀ ਦਾ ਮਾਰਗ-ਦਰਸ਼ਨ ਕਰਨਾ ਹੈ। ਨੌਜਵਾਨਾਂ ਦੇ ਸੁਪਨਿਆਂ ਨੂੰ ਮਿਲੀ ਨਵੀਂ ਪਰਵਾਜ਼, ਜਿਊਣ ਤੋਂ ਆਕੀ ਹੋ ਚੁੱਕਿਆਂ ਨੂੰ ਮਿਲਿਆ ਨਵਾਂ ਜਿਊਣ ਅੰਦਾਜ਼ ਅਤੇ ਉਨ੍ਹਾਂ ਦੇ ਸਾਹਸੱਤ ਹੀਣ ਸਾਹਾਂ ਵਿਚ ਉਗਿਆ ਸਾਹਾਂ ਦਾ ਰਿਆਜ਼ ਦੇਖਣਾ। ਪਤਾ ਲੱਗੇਗਾ ਕਿ ਜਿੱਤ ਵਿਚੋਂ ਜ਼ਿੰਦਗੀ ਦੀ ਕਿਵੇਂ ਨਿਸ਼ਾਨਦੇਹੀ ਹੁੰਦੀ ਏ ਅਤੇ ਇਹ ਜਿੱਤਾਂ ਮਰਨਾਊ ਬੰਦਿਆਂ ਨੂੰ ਕਿਵੇਂ ਜਿਊਣ ਜੋਗਾ ਕਰਦੀਆਂ ਨੇ? ਕਿਵੇਂ ਖੇਤਾਂ ਵਿਚ ਫ਼ਸਲਾਂ ਟਹਿਕਦੀਆਂ ਅਤੇ ਕਿਵੇਂ ਆੜਾਂ ਦੇ ਪਾਣੀਆਂ ਵਿਚੋਂ ਹਰਿਆਲੀ ਦਾ ਝਾਉਲਾ ਪੈਂਦਾ ਹੈ?

ਜਿੱਤ ਦੇ ਅਰਥ ਜਾਨਣ ਲਈ ਜ਼ਰੂਰੀ ਹੈ ਕਿ ਤੂੰ ਖੇਤਾਂ ਦਾ ਗੇੜਾ ਲਾਵੀਂ ਅਤੇ ਦੇਖੀਂ ਕਿ ਖੇਤ ਹੁਣ ਕਿੰਨੇ ਖੁਸ਼ ਨੇ, ਜਦ ਉਨ੍ਹਾਂ ਦੇ ਰਾਖ਼ੇ ਫਿਰ ਖੇਤਾਂ ਨੂੰ ਪਰਤੇ ਨੇ, ਖ਼ੇਤਾਂ ਵਿਚ ਰੌਣਕਾਂ ਪਰਤੀਆਂ ਨੇ ਅਤੇ ਉਨ੍ਹਾਂ ਦੇ ਦਰਾਂ 'ਤੇ ਮੌਲਤਾ ਨੇ ਦਸਤਕ ਦਿੱਤੀ ਏ। ਹੁਣ ਖੇਤ ਆਪਣੇ ਭਵਿੱਖ ਤੋਂ ਸੁਰਖ਼ਰੂ ਹੋ, ਆਪਣੇ ਜਾਇਆਂ ਲਈ ਅੰਨ ਦੇ ਅੰਬਾਰ ਲਾਉਣਗੇ। ਉਨ੍ਹਾਂ ਦੀਆਂ ਰੀਝਾਂ ਦੀ ਪੂਰਤੀ ਲਈ ਖ਼ੁਦ ਨੂੰ ਅਰਪਿਤ ਕਰਨਗੇ। ਖ਼ੇਤਾਂ ਵਿਚ ਖੁਸ਼ਹਾਲੀ ਦਾ ਖ਼ੁਆਬ ਅੰਗੜਾਈ ਭਰੇਗਾ।

ਜਿੱਤ ਦੇ ਅਰਥਾਂ ਵਿਚ ਉਗੀ ਲੋਅ ਨੂੰ ਦੇਖਣ ਲਈ ਹਾਕਮਾਂ ਦੇ ਨੈਣਾਂ ਵਿਚ ਉਗੀ ਹੋਈ ਨਮੋਸ਼ੀ, ਉਨ੍ਹਾਂ ਦੇ ਬੋਲਾਂ ਵਿਚ ਰਚੀ ਹੋਈ ਬੇਹਯਾਈ ਅਤੇ ਝੁਕੀਆਂ ਅੱਖਾਂ ਨਾਲ ਪਛਤਾਵਾ ਕਰਦਿਆਂ ਵੀ ਹੈਂਕੜ ਨੂੰ ਪਾਲਣ ਦੀ ਧਾਰਨਾ ਅਤੇ ਹਾਰ ਦੀ ਕਰੁਣਾ ਨੂੰ ਜ਼ਰਾ ਕੁ ਗਹੁ ਨਾਲ ਦੇਖਣਾ। ਪਤਾ ਲੱਗੇਗਾ ਕਿ ਲੋਕ-ਰੋਹ ਸਾਹਵੇਂ ਕਿਵੇਂ ਅਰਥਹੀਣ ਹੋ ਜਾਂਦੀਆਂ ਨੇ ਆਕੜਾਂ, ਕਿਵੇਂ ਖ਼ਾਮੋਸ਼ ਹੋ ਜਾਂਦੀਆਂ ਨੇ ਉੱਚੀਆਂ ਬੜ੍ਹਕਾਂ ਅਤੇ ਕਿਵੇਂ ਰਸਾਤਲ ਵਿਚ ਗਰਕ ਜਾਂਦੀਆਂ ਨੇ ਅੰਬਰ ਵਰਗੀਆਂ ਟਾਹਰਾਂ।

ਜਿੱਤ ਦੇ ਅਰਥ ਨੂੰ ਖੰਖੜੀਆਂ-ਕਰੇਲੇ ਹੋਏ ਭਾਈਚਾਰੇ ਨੂੰ ਮਿਲੀ ਨਵੀਂ ਪਛਾਣ ਦੇ ਨਕਸ਼ਾਂ ਵਿਚੋਂ ਜ਼ਰੂਰ ਪੜ੍ਹਨਾ, ਜਿਸ ਨੇ ਆਪਸੀ ਸਹਿਯੋਗ, ਮਿਲਵਰਤਨ, ਸਮੂਹਕਿਤਾ, ਸਾਂਝੀਵਾਲਤਾ ਅਤੇ ਭਾਈਚਾਰਕ ਤੰਦਾਂ ਨੂੰ ਮਜ਼ਬੂਤੀ ਬਖਸ਼ੀ। ਇਕ ਦੂਜੇ ਵਿਚ ਦੁਖ-ਸੁਖ ਦੀ ਸਾਂਝ ਬਣੀ। ਸਮਝ ਆਈ ਕਿ ਮਾਨਵਤਾ ਹੀ ਸਭ ਤੋਂ ਵੱਡਾ ਧਰਮ ਹੈ ਅਤੇ ਇਸ ਦੀ ਅਕੀਦਤ ਵਿਚੋਂ ਹੀ ਜ਼ਿੰਦਗੀ ਨੂੰ ਸੁਰਖ਼-ਸਿਰਨਾਵਿਆਂ ਦਾ ਨਾਮਕਰਨ ਕੀਤਾ ਜਾ ਸਕਦਾ ਹੈ।

ਇਸ ਜਿੱਤ ਦੇ ਅਰਥ ਹੁਣ ਬਣਨਗੇ ਦੁਨੀਆ ਦੇ ਇਤਿਹਾਸ ਦਾ ਉਹ ਸੁਰਖ਼ ਵਰਕਾ, ਜਿਸ ਵਿਚ ਦੁਨੀਆ ਭਰ ਦੇ ਦਾਨਸ਼ਵਰਾਂ ਅਤੇ ਅਦੀਬਾਂ ਨੇ ਨਰੋਏ ਅਰਥ ਕੱਢਣੇ ਨੇ। ਇਸ ਜਿੱਤ ਦੇ ਨਕਸ਼ਾਂ ਵਿਚੋਂ ਇਸ ਦੀਆਂ ਉਨ੍ਹਾਂ ਪਰਤਾਂ ਨੂੰ ਫਰੋਲਣਾ ਏ ਜਿਹੜੀਆਂ ਅਲੋਪ ਰਹਿ ਕੇ ਅਜਿਹਾ ਕੁਝ ਕਰ ਗਈਆਂ, ਜਿਸ ਦਾ ਰਾਜ-ਸੰਸਥਾ ਨੇ ਕਦੇ ਕਿਆਸ ਵੀ ਨਹੀਂ ਸੀ ਕੀਤਾ। ਸੰਸਾਰ ਭਰ ਦੇ ਚੇਤੰਨ ਲੋਕ ਇਸ ਦੇ ਅਰਥਾਂ ਨੂੰ ਤਲਾਸ਼ਣ, ਤਰਤੀਬਾਂ ਅਤੇ ਤਦਬੀਰਾਂ ਨੂੰ ਘੋਖ਼ਦਿਆਂ, ਸਾਲ ਤੋਂ ਜ਼ਿਆਦਾ ਚੱਲੀ ਜੱਦੋ-ਜਹਿਦ ਵਿਚ ਉਸ ਹੰਝੂ ਨੂੰ ਅਕੀਦਤ ਜ਼ਰੂਰ ਭੇਟ ਕਰਨਗੇ, ਜਿਸ ਹੰਝੂ ਨੇ ਦਰਸਾ ਦਿੱਤਾ ਕਿ ਹੰਝੂ ਦੀ ਕਿੰਨੀ ਤਾਕਤ ਹੁੰਦੀ ਏ। ਇਕ ਹੀ ਹੰਝੂ ਤਾਜਾਂ ਤੇ ਤਖ਼ਤਾਂ ਨੂੰ ਡੇਗ ਸਕਦਾ। ਛਿਣ ਭਰ ਵਿਚ ਜ਼ਰਜ਼ਰੀ ਵਕਤ ਦੇ ਇਤਿਹਾਸ ਤੇ ਸੁਨਹਿਰੀ ਇਬਾਰਤ ਖੁਣੀ ਜਾ ਸਕਦੀ ਏ। ਇਕ ਹੀ ਹੰਝੂ ਜਿੱਤ ਦੇ ਜਸ਼ਨ ਆਪਣੀ ਝੋਲੀ ਵਿਚ ਪਵਾ ਸਕਦਾ ਹੈ।

ਇਸ ਜਿੱਤ ਦੇ ਅਰਥ ਬਹੁ-ਪਰਤੀ, ਅਸੀਮ ਤੇ ਡੂੰਘੇ ਹਨ। ਬਹੁਤ ਸਾਰੀਆਂ ਨੇ ਇਸ ਦੀਆਂ ਰਮਜ਼ਾਂ। ਤਹਿਆਂ ਵਿਚ ਸਮੋਇਆ ਏ ਭਵਿੱਖ ਦਾ ਮੁਹਾਂਦਰਾ। ਇਸ ਜਿੱਤ ਨੇ ਹੀ ਨਿਸ਼ਚਿਤ ਕਰ ਦਿਤਾ ਕਿ ਜਿੱਤਣ ਲਈ ਮਰਨ ਨੂੰ ਤਰਜੀਹ ਦੇਣੀ ਪੈਂਦੀ। ਇਸ ਤਰਜੀਹ ਨੂੰ ਪਾਲਣ ਲਈ ਗਿਆਨ-ਗਠੜੀ ਨੂੰ ਮਨ-ਮਸਤਕ 'ਤੇ ਟਿਕਾਉਣਾ ਪੈਂਦਾ। ਮਾਨਵੀ ਹੱਕਾਂ ਪ੍ਰਤੀ ਜਾਗਰੂਕ ਹੋਣਾ ਪੈਂਦਾ। ਆਪਣੇ ਫ਼ਰਜ਼ਾਂ ਪ੍ਰਤੀ ਸੰਜੀਦਗੀ ਦਿਖਾ ਕੇ ਹੀ ਖ਼ੁਦਦਾਰੀ ਨਾਲ ਜ਼ਿੰਦਗੀ ਦੇ ਨੈਣਾਂ ਵਿਚ ਝਾਕਿਆ ਜਾ ਸਕਦਾ ਹੈ ਅਤੇ ਜ਼ਿੰਦਗੀ ਨੂੰ ਆਪਣੀਆਂ ਸ਼ਰਤਾਂ 'ਤੇ ਜੀਵਿਆ ਜਾ ਸਕਦਾ ਹੈ। ਬਿਗਾਨੀਆਂ ਸ਼ਰਤਾਂ 'ਤੇ ਜਿਊਣਾ ਨਹੀਂ ਸਗੋਂ ਸਿਰਫ਼ ਸਾਹ-ਪੂਰਤੀ ਹੁੰਦੀ ਹੈ।

ਜਿੱਤ ਦੇ ਇਹ ਅਰਥ ਤਾਂ ਹੁਣ ਜਿੱਤ ਦੇ ਸ਼ਿਲਾਲੇਖ ਬਣ ਗਏ ਨੇ, ਜਿਨ੍ਹਾਂ ਦੀ ਜ਼ਿਆਰਤ ਭਵਿੱਖ ਨੇ ਕਰਦੇ ਰਹਿਣਾ ਹੈ। ਤੁਸੀਂ ਵੀ ਕਦੇ-ਕਦਾਈਂ ਇਸ ਜ਼ਿਆਰਤ ਦਾ ਹਿੱਸਾ ਬਣਦੇ ਰਹਿਣਾ ਤਾਂ ਕਿ ਤੁਹਾਨੂੰ ਆਪਣਾ ਅਤੀਤ ਯਾਦ ਰਹੇ ਅਤੇ ਤੁਸੀਂ ਆਪਣੇ ਵਰਤਮਾਨ ਨੂੰ ਸੰਭਾਲਦੇ, ਆਪਣੇ ਭਵਿੱਖ ਬਾਰੇ ਫ਼ਿਕਰਮੰਦੀ ਨੂੰ ਚਿੰਤਾ ਤੇ ਚੇਤਨਾ ਦਾ ਹਿੱਸਾ ਬਣਾਈ ਰੱਖੋ।

# ਪੰਜਾਬੀ ਭਾਸ਼ਾ ਦਾ ਦੀਵਾਨਾ ਆਸ਼ਕ ਜੋਗਿੰਦਰ ਸਿੰਘ ਪੁਆਰ-3

**ਪੰਜਾਬ ਦੇ ਸਾਹਿਤਕ ਅਤੇ ਬੌਧਿਕ ਹਲਕਿਆਂ ਅੰਦਰ ਡਾ. ਜੋਗਿੰਦਰ ਸਿੰਘ ਪੁਆਰ ਦਾ ਆਪਣਾ ਸਥਾਨ ਹੈ। ਮੁੱਖ ਰੂਪ ਵਿਚ ਭਾਸ਼ਾ ਉਨ੍ਹਾਂ ਦਾ ਕਾਰਜ ਖੇਤਰ ਸੀ। ਕੋਈ ਉਨ੍ਹਾਂ ਦੀ ਰਾਇ ਨਾਲ ਸਹਿਮਤ ਹੁੰਦਾ ਜਾਂ ਨਾ ਪਰ ਉਨ੍ਹਾਂ ਨੂੰ ਆਪਣੀ ਗੱਲ ਕਹਿਣ ਦਾ ਵੱਲ ਸੀ ਅਤੇ ਇਸ ਵੱਲ ਵਿਚ ਉਨ੍ਹਾਂ ਨੇ ਜ਼ਿੱਦ ਵੀ ਜੋੜੀ ਹੋਈ ਸੀ। ਉਘੇ ਲਿਖਾਰੀ ਵਰਿਆਮ ਸਿੰਘ ਸੰਧੂ ਨੇ ਉਨ੍ਹਾਂ ਬਾਰੇ ਲਿਖੀ ਲੰਮੀ ਰਚਨਾ ‘ਪੰਜਾਬ ਟਾਈਮਜ਼’ ਲਈ ਭੇਜੀ ਹੈ। ਇਸ ਵਿਚ ਡਾ. ਪੁਆਰ ਦੇ ਸੱਭੇ ਰੰਗ ਨਸ਼ਰ ਹੋਏ ਹਨ। ਇਸ ਲੰਮੇ, ਬੇਲਿਹਾਜ਼ ਲੇਖ ਦੀ ਤੀਜੀ ਅਤੇ ਆਖਰੀ ਕਿਸ਼ਤ ਹਾਜ਼ਰ ਹੈ।**

ਡਾ. ਜੋਗਿੰਦਰ ਸਿੰਘ ਪੁਆਰ ਦੇ ਮੁਹੱਬਤੀ ਸੁਭਾਅ ਦੀਆਂ ਕੁਝ ਹੋਰ ਗੱਲਾਂ ਯਾਦ ਆ ਰਹੀਆਂ ਹਨ।

ਪੁਆਰ 1992 ਵਿਚ ਪ੍ਰੋ-ਵਾਈਸ ਚਾਂਸਲਰ ਲੱਗਾ ਸੀ ਤੇ ਅਗਲੇ ਸਾਲ 1993 ਵਿਚ ‘ਮੁਕੰਮਲ’ ਵਾਈਸ ਚਾਂਸਲਰ ਬਣਿਆ। ਪੁਆਰ ਦੇ ਵਾਈਸ ਚਾਂਸਲਰ ਬਣਨ ਦੀ ਖੁਸ਼ੀ ਸਾਂਝੀ ਕਰਨ ਲਈ ਉਸ ਦੇ ਕੁਝ ਨਜ਼ਦੀਕੀ ਦੋਸਤ ਸ਼ਾਮ ਨੂੰ ਉਹਦੇ ਯੂਨੀਵਰਸਿਟੀ ਵਾਲੇ ਘਰ ਬੈਠੇ ਹੋਏ ਸਾਂ। ਪੁਆਰ ਨੇ ਵਿਸਕੀ ਦੀ ਬੋਤਲ ਆਪਣੇ ਹੱਥ ਵਿਚ ਫੜੀ ਤੇ ਖੱਬੇ ਹੱਥ ਨਾਲ ਹਰ ਇਕ ਦੇ ਗਿਲਾਸ ਵਿਚ ਪੈਗ ਪਾਉਣ ਲੱਗਾ। ਮੇਰੇ ਕੋਲ ਆਇਆ ਤਾਂ ਮੈਨੂੰ ਕਹਿੰਦਾ, “ਆਪਣਾ ਗਲਾਸ ਅੱਗੇ ਕਰ।”

“ਪਾਓ, ਪਾਓ ਇਹਨੂੰ।” ਹੱਸਦਿਆਂ ਹੋਇਆਂ ਸਭ ਨੇ ਸ਼ੋਰ ਚੁੱਕ ਦਿੱਤਾ।



ਪੁਆਰ ਸਮੇਤ ਸਾਰੇ ਜਾਣਦੇ ਸਨ ਕਿ ਮੈਂ ਪੀਂਦਾ ਨਹੀਂ। ਬੋਤਲ ਵਾਲੀ ਖੱਬੀ ਬਾਂਹ ਉਹਨੇ ਇੰਝ

**ਵਰਿਆਮ ਸਿੰਘ ਸੰਧੂ**
**ਫੋਨ: 98726-02296**

ਉਤਾਂਹ ਕੀਤੀ ਹੋਈ ਸੀ, ਜਿਵੇਂ ਵਾਰ ਕਰਨ ਲਈ ਤਲਵਾਰ ਉਠਾਈ ਹੋਵੇ ਤੇ ਮੈਂ ਜਾਨ ਬਚਾਉਣ ਲਈ ਤਰਲਾ ਲੈਣ ਵਾਲਿਆਂ ਵਾਂਗ ਕਿਹਾ, “ਡਾਕਟਰ ਸਾਬ੍ਹ! ਤੁਸੀਂ ਜਾਣਦੇ ਤਾਂ ਹੋ, ਮੈਂ ਨਹੀਂ ਪੀਂਦਾ।”

ਆਵਾਜ਼ਾਂ ਉਠੀਆਂ, “ਪੀ ਲੈਂਦਾ, ਪੀ ਲੈਂਦਾ ਇਹ। ਐਵੇਂ ਨਖਰੇ ਕਰਦਾ। ਪਾਓ ਪੈਗ ਪੁਆਰ ਸਾਹਿਬ ਤੁਸੀਂ।”

ਮਰਦਾ ਕੀ ਨਾ ਕਰਦਾ! ਮੈਂ ਹੱਥ ਜੋੜ ਦਿੱਤੇ।

“ਇਸ ਵਾਰ ਰਹਿਣ ਦਿਓ, ਜਦ ਅਗਲੀ ਵਾਰ ਤੁਹਾਨੂੰ ਐਕਸਟੈਨਸ਼ਨ ਮਿਲੀ, ਉਸ ਦਿਨ ਮੈਂ ਕੁਝ ਵੀ ਹੋਵੇ, ਭਾਵੇਂ ਢੱਕਣ ਵਿਚ ਪਾ ਕੇ ਹੀ ਇੱਕ ਪੈਗ ਲਵਾਂ, ਲੈ ਲਵਾਂਗਾ।”

“ਲੈ, ਕਦੋਂ ਤਿੰਨ ਸਾਲ ਹੋਏ, ਕਦੋਂ ਐਕਸਟੈਨਸ਼ਨ ਮਿਲੀ ਤੇ ਕਦੋਂ ਤੂੰ ਪੀਤੀ?”

ਟਲਣ ਵਾਲੇ ਨਹੀਂ ਸਨ ਟਲ ਰਹੇ, “ਖੁਸ਼ੀ ਦਾ ਦਿਨ ਤਾਂ ਅੱਜ ਏ।”

ਪਰ ਪੁਆਰ ਨੇ ਆਪਣੀ ਬੋਤਲ ਅਗਲੇ ਸਾਥੀ ਦੇ ਗਲਾਸ ਵੱਲ ਵਧਾਉਂਦਿਆਂ ਟੇਢੀ ਅੱਖ ਮੇਰੇ ਵੱਲ ਕੀਤੀ ਤੇ ਕਿਹਾ, “ਲੈ ਹੁਣ ਯਾਦ ਰੱਖੀਂ ਫੇਰ।”

“ਯਾਦ ਰੱਖੂੰਗਾ ਜੀ, ਬਰ ਜ਼ਰੂਰ ਯਾਦ ਰਖੂੰਗਾ।” ‘ਜਾਨ-ਬਖਸ਼ੀ’ ਸਮਝ ਕੇ ਮੈਂ ਹੱਥ ਜੋੜੇ।

ਅਗਲੇ ਤਿੰਨ ਸਾਲ ਗੁਜ਼ਰਨ ਤੋਂ ਪਹਿਲਾਂ ਹੀ 1995 ਵਿਚ ਉਹਦੀ ਸਭ ਤੋਂ ਵੱਡੀ ਧਿਰ ਮੁੱਖ ਮੰਤਰੀ ਬੇਅੰਤ ਸਿੰਘ ਦਾ ਕਤਲ ਹੋ ਗਿਆ। ਬੇਅੰਤ ਸਿੰਘ ਦੀ ਮੌਤ ਤੋਂ ਬਾਅਦ ਯੂਨੀਵਰਸਿਟੀ ਵਿਚ ਉਸ ਤੋਂ ‘ਔਖੀ ਧਿਰ’ ਮੁੜ ਤੋਂ ‘ਸ਼ੇਰ’ ਹੋ ਗਈ। ਉਹਦੇ ਖਿਲਾਫ ਸ਼ੋਰ ਚੁੱਕ ਦਿੱਤਾ। ਇਸ ਤਿੱਖੇ ਵਿਰੋਧ ਨੂੰ ਦੇਖ ਕੇ ਲੱਗਣ ਲੱਗਾ ਸੀ ਕਿ ਉਹਨੂੰ ਐਕਸਟੈਨਸ਼ਨ ਨਹੀਂ ਮਿਲਣ ਲੱਗੀ। ਉਹਦੇ ਦੁਆਲੇ ਹਰ ਵੇਲੇ ਚੱਕਰ ਕੱਟਦੇ ਰਹਿਣ ਵਾਲੇ ਚਾਪੂਲੂਸ ‘ਭਮੱਕੜਾਂ’ ਨੇ ਵੀ ਉਹਦੇ ਦੁਆਲੇ ‘ਭਿਣ-ਭਿਣਾਉਣਾ’ ਬੰਦ ਕਰ ਦਿੱਤਾ ਸੀ। ਇਨ੍ਹਾਂ ਦਿਨਾਂ ਵਿਚ ਉਹ ਇਕੱਲਾ ਮਹਿਸੂਸ ਕਰਨ ਲੱਗਾ ਪਰ ਉਹਨੇ ਦਿਲ ਨਹੀਂ ਸੀ ਛੱਡਿਆ। ਉਹਦੀ ਦੂਜੀ ਵੱਡੀ ਧਿਰ, ਉਹਦੇ ‘ਸਾਈਂ’ ਹਰਕਿਸ਼ਨ ਸਿੰਘ ਸੁਰਜੀਤ ਦਾ ਅਜੇ ਭਾਰਤ ਦੀ ਸਿਆਸਤ ਵਿਚ ਸਿੱਕਾ ਚੱਲਦਾ ਸੀ। ‘ਸੁਰਜੀਤ’ ਨਾਲ ਵੀ ਉਹਦੀ ਵਰ੍ਹਿਆਂ ਲੰਮੀ ਨੇੜਲੀ ਸਾਂਝ ਸੀ। ਜਦੋਂ ਉਹ ਲੰਡਨ ਪੜ੍ਹਦਾ ਸੀ ਤਾਂ ਪਾਰਟੀ ਸਾਥੀਆਂ ਨਾਲ ਮਿਲ ਕੇ ਪਾਰਟੀ ਫੰਡ ਇਕੱਠਾ ਕਰ ਕੇ ‘ਸੁਰਜੀਤ’ ਨੂੰ ਦਿੰਦਾ ਰਿਹਾ ਸੀ। ਪਾਰਟੀ ਪ੍ਰਤੀਬੱਧਤਾ ਕਾਰਨ ਉਹ ਉਦੋਂ ਤੋਂ ਹੀ ਸੁਰਜੀਤ ਦੇ ਦਿਲ ਦੇ ਨੇੜੇ ਹੋ ਗਿਆ ਸੀ। ਤੇ ‘ਜਾ ਕੋ ਰਾਖੇ ‘ਸਾਈਆਂ’, ਮਾਰ ਸਕੇ ਨਾ ਕੋਇ!’ ਭਖਵੇਂ ਵਿਰੋਧ ਦੇ ਬਾਵਜੂਦ ਉਹਦੇ ਕਾਰਜਕਾਲ ਵਿਚ ਤਿੰਨ ਸਾਲ ਦਾ ਵਾਧਾ ਹੋ ਗਿਆ।

ਯਾਰਾਂ ਨੇ ਤਾਂ ਖੁਸ਼ ਹੋਣਾ ਹੀ ਸੀ। ਤਿੰਨ ਸਾਲ ਪਹਿਲਾਂ ਵਾਂਗ ਹੀ ਸ਼ਾਮ ਨੂੰ ਦੋਸਤਾਂ ਦਾ ਇਕੱਠ ਸੀ। ਉਹੋ ਘਰ, ਉਹੋ ਥਾਂ। ਦੋ-ਚਹੁੰ ਨੂੰ ਛੱਡ ਕੇ ਯਾਰ ਦੋਸਤ ਵੀ ਲਗਭਗ ਉਹੋ ਹੀ।

ਡਾ. ਪੁਆਰ ਨੇ ਉਸ ਸ਼ਾਮ ਵਾਂਗ ਹੀ ਆਪਣੇ ਖਾਸ ਅੰਦਾਜ਼ ਵਿਚ ਖੱਬੇ ਹੱਥ ਵਿਚ ਬੋਤਲ ਚੁੱਕੀ ਤੇ ਦਾਰੂ ਵਰਤਾਉਣ ਲੱਗਾ। ਮੇਰੇ ਕੋਲ ਆਇਆ ਤਾਂ ਮੈਂ ਸਦਾ ਵਾਂਗ ਕਿਹਾ, “ਡਾ ਸਾਬ੍ਹ, ਤੁਹਾਨੂੰ ਤਾਂ ਪਤੈ ਕਿ ਮੈਂ ਨਹੀਂ ਪੀਂਦਾ।”

ਇਸ ਤੋਂ ਪਹਿਲਾਂ ਕਿ ਕੋਈ ਹੋਰ ਕੁਝ ਕਹਿੰਦਾ, ਪੁਆਰ ਬੋਲਿਆ, “ਤਿੰਨ ਸਾਲ ਪਹਿਲਾਂ ਏਸੇ ਥਾਂ ’ਤੇ ਕੀਤਾ ਆਪਣਾ ਵਾਅਦਾ ਯਾਦ ਕਰ ਤੇ ਬੰਦਾ ਬਣ ਕੇ ਬੋਤਲ ਦਾ ਢੱਕਣ ਚੁੱਕ ਲੈ। ਢੱਕਣ ਤੋਂ ਵੱਧ ਮੈਂ ਤੈਨੂੰ ਪਾਉਂਦਾ ਨਹੀਂ।”

ਉਹਨੂੰ ਮੇਰਾ ‘ਢੱਕਣ ਜਿੰਨੀ ਪੀਣ ਦਾ ਵਾਅਦਾ’ ਯਾਦ ਸੀ। ਸਾਰੇ ਉਹਦੀ ਯਾਦ-ਦਾਸ਼ਤ ’ਤੇ ਹੈਰਾਨ ਸਨ।

“ਬੜਾ ਯਾਦ ਰੱਖਿਆ ਜੇ ਪੁਆਰ ਸਾਬ੍ਹ!”

ਮੈਂ ਢੱਕਣ ਵਿਚ ਸ਼ਰਾਬ ਪੁਆਈ ਤੇ ਪਾਣੀ ਨਾਲ ਭਰੇ ਗਲਾਸ ਵਿਚ ਉਲੱਦ ਲਈ। ਸਾਰਿਆਂ ਰੌਲਾ ਚੁੱਕ ਲਿਆ, “ਲਓ, ਏਨੇ ਨਾਲ ਕੀ ਬਣਦਾ ਜੀ। ਪੂਰਾ ਪੈਗ ਪਾਓ ਉਹਨੂੰ।”

“ਨਹੀਂ ਭਈ! ਇਹਦਾ ਢੱਕਣ ਜਿੰਨੀ ਪੀਣ ਦਾ ਵਾਅਦਾ ਹੀ ਸੀ, ਉਹ ਇਹਨੇ ਨਿਭਾਅ ਦਿੱਤਾ। ਹੁਣ ਇਹਦੇ ਨਾਲ ਧੱਕਾ ਨਹੀਂ ਕਰਨਾ!”

——


ਪੁਆਰ ਦੇ ਕਾਰਜਕਾਲ ਦੇ ਅਗਲੇ ਸਾਲ ਸੌਖੇ ਨਹੀਂ ਸਨ ਪਰ ਉਹ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੀ ਤਰੱਕੀ ਲਈ ਵਚਨਬੱਧ ਸੀ। ਉਹਨੇ ਇਨ੍ਹਾਂ ਸਾਲਾਂ ਵਿਚ ਕਈ ਕਾਨਫਰੰਸਾਂ ਤੇ ਸੈਮੀਨਾਰ ਕਰਵਾਏ। ਦੋ ਭਾਰਤ ਪੱਧਰੀ ਹਿਸਟਰੀ ਕਾਂਗਰਸਾਂ ਵੀ ਕਰਵਾਈਆਂ। 1996 ਵਿਚ ਉਹਨੇ ਭਾਰਤੀ ਸਾਇੰਸ ਕਾਂਗਰਸ ਕਰਵਾਈ। 1997 ਵਿਚ ਅਕਾਲੀ ਸਰਕਾਰ ਬਣਨ ’ਤੇ ਉਸ ਉਤੇ ਅਜਿਹਾ ਦਬਾਓ ਬਣਾਇਆ ਜਾਣ ਲੱਗਾ ਕਿ ਉਹ ਅਸਤੀਫਾ ਦੇਣ ਲਈ ਮਜਬੂਰ ਹੋ ਜਾਵੇ ਪਰ ਉਹ ਡਟਿਆ ਰਿਹਾ। ਬਾਦਲ ਸਰਕਾਰ ਨੇ ਉਸ ਨੂੰ ਸਾਇੰਸ ਕਾਂਗਰਸ ’ਤੇ ਕੀਤੇ ਖਰਚਿਆਂ ਵਿਚ ਬੁਰੀ ਤਰ੍ਹਾਂ ਉਲਝਾ-ਫਸਾ ਕੇ ਅਦਾਲਤਾਂ ਦੇ ਚੱਕਰ ਕੱਟਣ ਲਈ ਮਜਬੂਰ ਕਰ ਦਿੱਤਾ। ਇਹ ਉਹਦੀ ਕਿਰਦਾਰ-ਕੁਸ਼ੀ ਕਰਨ ਦਾ ਯਤਨ ਸੀ। ਇਹਦਾ ਅਸਰ ਵੀ ਪਿਆ। ਜੇ ਕੇਸ ਚੱਲਿਆ ਏ ਤਾਂ ਇਸ ਵਿਚ ‘ਕੁਝ ਤਾਂ ਹੋਊ!’ ਆਖਣ ਵਾਲੇ ਵੀ ਬਥੇਰੇ ਸਨ।

ਜਲੰਧਰ ਦੀ ਦੇਸ਼ ਭਗਤ ਯਾਦਗਾਰ ਕਮੇਟੀ ਵਿਚ ਮੂਲ ਤੌਰ ’ਤੇ ਵੱਖ-ਵੱਖ ਕਮਿਊਨਿਸਟ ਧਿਰਾਂ ਦਾ ਹੀ ਬੋਲਬਾਲਾ ਹੈ। ਇਸ ਵਿਚ ਪੁਆਰ ਦੀ ਪਾਰਟੀ ਦੀ ਧਿਰ ਵੀ ਸੀ। ਉਹ ‘ਧਿਰ’ ਤਾਂ ਚਾਹੁੰਦੀ ਹੀ ਸੀ, ਕਮੇਟੀ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਅਤੇ ਜਨਰਲ ਸਕੱਤਰ ਗੰਧਰਵ ਸੈਨ ਦੀ ਵੀ ਇੱਛਾ ਸੀ ਕਿ ਵਾਈਸ ਚਾਂਸਲਰ ਦੇ ਅਹੁਦੇ ਤੋਂ ਸੇਵਾ-ਮੁਕਤ ਹੋਣ ਬਾਅਦ ਉਹਨੂੰ ਪ੍ਰਬੰਧਕ ਕਮੇਟੀ ਵਿਚ ਸ਼ਾਮਲ ਕਰ ਲਿਆ ਜਾਵੇ। ਬਾਬਾ ਬਿਲਗਾ ਨੇ ਪੁਆਰ ਦੇ ਕੰਮਾਂ ਦੀ ਪ੍ਰਸ਼ੰਸਾ ਕਰਦਿਆਂ ਕਮੇਟੀ ਵਿਚ ਉਹਦੀ ਸ਼ਮੂਲੀਅਤ ਦਾ ਜ਼ਿਕਰ ਮੇਰੇ ਨਾਲ ਇੱਕ ਤੋਂ ਵੱਧ ਵਾਰ ਕੀਤਾ ਸੀ ਪਰ ਸਾਇੰਸ ਕਾਂਗਰਸ ਵਾਲੇ ਕੇਸ ਤੋਂ ਬਾਅਦ ਦੋਵੇਂ ਆਗੂ ਚੁੱਪ ਵੱਟ ਗਏ ਕਿਉਂਕਿ ਕਮੇਟੀ ਵਿਚ ਬੈਠੀ ਇੱਕ ਹੋਰ ਕਮਿਊਨਿਸਟ ਧਿਰ ਦਾ ਇੱਕ ਸਿਰਕਰਦਾ ਮੈਂਬਰ ਪੁਆਰ ਨੂੰ ‘ਦਾਗੀ’ ਗਰਦਾਨ ਕੇ ਕਮੇਟੀ ਵਿਚ ਉਹਦੀ ਸ਼ਮੂਲੀਅਤ ਦਾ ਵਿਰੋਧੀ ਸੀ। ਅਗਲੇ ਸਾਲਾਂ ਵਿਚ ਕਮੇਟੀ ਦੀ ਵਾਗਡੋਰ ਉਸੇ ਸਿਰਕਰਦਾ ਮੈਂਬਰ ਦੇ ਹੱਥਾਂ ਵਿਚ ਹੀ ਆ ਗਈ ਤਾਂ ਡਾ. ਪੁਆਰ ਦੇ ਕਮੇਟੀ ਮੈਂਬਰ ਬਣਨ ਦੀ ਕਹਾਣੀ ਅੱਗੇ ਪੂਰਨ ਵਿਰਾਮ ਲੱਗ ਗਿਆ।

ਪਰ ਪੁਆਰ ਨੂੰ ਇਹਦੀ ਕੋਈ ਪ੍ਰਵਾਹ ਨਹੀਂ ਸੀ। ਉਹ ਵੀ ਮੂੰਹ ਉਤੇ ‘ਬਾਈ! ਬਾਈ!’ ਕਹਿਣ ਵਾਲੀਆਂ ਤੇ ਅੰਦਰੋਂ ਮਿੱਠੀਆਂ ਛੁਰੀਆਂ ਦਾ ਭਲੀ-ਭਾਂਤ ਜਾਣੂ ਸੀ। ਉਹਦਾ ਕਹਿਣਾ ਸੀ ਕਿ ਅਜਿਹੇ ‘ਮੀਸਣੇ’ ਤੇ ‘ਯਾਰ-ਮਾਰ’ ਲੋਕਾਂ ਦੀ ਸਰਦਾਰੀ ਵਿਚ ਉਹਨੂੰ ਮੈਂਬਰ ਬਣਨ ਦਾ ਕੋਈ ਸ਼ੌਕ ਵੀ ਨਹੀਂ ਸੀ!

ਉਹ ਤਾਂ ਆਪ ਦੋ ਕਾਰਜਸ਼ੀਲ ਅਕਾਦਮੀਆਂ ਦਾ ਪ੍ਰਧਾਨ ਸੀ। ਉਹਦੀ ਅਗਵਾਈ ਵਿਚ ਤਿੰਨਾਂ-ਚਹੁੰ ਮਹੀਨਿਆਂ ਬਾਅਦ ਹੀ ਦੇਸ਼ ਭਗਤ ਯਾਦਗਾਰ ਹਾਲ ਵਿਚ ਕਿਸੇ ਨਾ ਕਿਸੇ ਕਾਨਫਰੰਸ/ਸੈਮੀਨਾਰ ਦੀ ਰੌਣਕ ਲੱਗੀ ਹੁੰਦੀ। ਪੰਜਾਬ ਦੇ ਨਾਮਵਰ ਬੁੱਧੀਜੀਵੀ ‘ਅੱਧੀ ਜ਼ਬਾਨ’ ਨਾਲ ਦਿੱਤੇ ਉਹਦੇ ਸੱਦੇ ’ਤੇ ਭੱਜੇ ਆਉਂਦੇ।

ਪਰ ਇਹ ਵੀ ਸੱਚ ਹੈ ਕਿ ‘ਚੱਲਦੀ’ ਦਾ ਨਾਂ ਹੀ ‘ਗੱਡੀ’ ਹੁੰਦਾ ਹੈ! ਸੱਤ ਸਾਲ ਉਹਨੇ ਪੰਜਾਬੀ



ਯੂਨੀਵਰਸਿਟੀ ਵਿਚ ‘ਸਰਦਾਰੀ’ ਕੀਤੀ। ਬਾਅਦ ਵਿਚ ਹਰਕਿਸ਼ਨ ਸਿੰਘ ਸੁਰਜੀਤ ਨੇ ਉਹਨੂੰ ਪਾਰਟੀ ਦੇ ਅਖਬਾਰ ‘ਰੋਜ਼ਾਨਾ ਦੇਸ਼ ਸੇਵਕ’ ਦਾ ਸੰਪਾਦਕ ਲਾ ਦਿੱਤਾ। ਅਖਬਾਰ ਭਾਵੇਂ ਛੋਟਾ ਹੀ ਹੋਵੇ ਪਰ ਰਾਜਨੀਤਕ ਹਲਕਿਆਂ ਵਿਚ ਉਹਦੇ ਸੰਪਾਦਕ ਨੂੰ ‘ਮੰਨਿਆ’ ਜਾਂਦਾ ਹੈ। ਪੁਆਰ ਤਾਂ ਉਂਝ ਵੀ ‘ਸੁਰਜੀਤ’ ਦਾ ਖਾਸ ਬੰਦਾ ਸੀ। ਜ਼ਾਹਿਰ ਹੈ; ਪੁਆਰ ਅਜੇ ਬਹੁਤ ਸਾਰਿਆਂ ਲਈ ‘ਕੰਮ ਦਾ ਬੰਦਾ’ ਸੀ। ਅਜੇ ਵੀ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਬੁੱਧੀਜੀਵੀ ਉਹਦੇ ਸੱਦੇ ’ਤੇ ਅਕਾਦਮੀਆਂ ਵੱਲੋਂ ਕੀਤੇ ਸਮਾਗਮਾਂ ’ਤੇ ਹੁੱਬ ਕੇ ਪਹੁੰਚਦੇ। ਪੁਆਰ ਦੇ ਸਮਾਗਮ ਸਥਾਨ ’ਤੇ ਪਹੁੰਚਣ ਤੋਂ ਪਹਿਲਾਂ ਹੀ ਉਹ ਕਤਾਰ ਬੰਨ੍ਹ ਕੇ ਉਹਦੇ ‘ਸਵਾਗਤ’ ਲਈ ਖੜ੍ਹੇ ਹੁੰਦੇ।

2007 ਵਿਚ ਮੈਨੂੰ ਬੜੀ ਹਰਫਲੀ ਕਾਹਲੀ ਵਿਚ ਕੈਨੇਡਾ ਜਾਣਾ ਪਿਆ। ਮੇਰਾ ਪੁੱਤਰ ਸਾਡੇ ਪਰਿਵਾਰ ਦੇ ਵੀਜ਼ੇ ਲੱਗਣ ਤੋਂ ਬਾਅਦ ‘ਤੁਰਤ’ ਟਿਕਟ ਕਟਾ ਕੇ ਕੈਨੇਡਾ ਪਹੁੰਚਣ ਲਈ ਹਰ ਰੋਜ਼ ਜ਼ੋਰ ਪਾ ਰਿਹਾ ਸੀ। ਉਹਨੇ ਮੇਰੀ ਸੁਰਤ ਮਾਰੀ ਹੋਈ ਸੀ ਪਰ ਮੇਰੇ ਲਈ ਇੱਕ ਤਰ੍ਹਾਂ ‘ਪੱਕੇ ਤੌਰ’ ’ਤੇ ਘਰ ਛੱਡਣ ਤੋਂ ਪਹਿਲਾਂ ਕਈ ਜ਼ਰੂਰੀ ਕੰਮ ਕਰਨ ਵਾਲੇ ਰਹਿੰਦੇ ਸਨ। ਜ਼ਮੀਨ ਅਤੇ ਘਰ ਦੀ ਸਾਂਭ-ਸੰਭਾਲ ਤੋਂ ਇਲਾਵਾ ਹੋਰ ਕਈ ਘਰੇਲੂ ਮਸਲੇ ਨਿਜੱਠਣ ਵਾਲੇ ਸਨ। ਮੈਂ ਡਾਢੇ ਮਾਨਸਿਕ ਦਬਾਅ ਵਿਚੋਂ ਲੰਘ ਰਿਹਾ ਸਾਂ। ਮੇਰੇ ਕੋਲ ਯਾਰਾਂ-ਦੋਸਤਾਂ ਨਾਲ ਆਪਣੇ ਕੈਨੇਡਾ ਜਾਣ ਬਾਰੇ ਸਲਾਹ-ਮਸ਼ਵਰੇ ਕਰਨ ਅਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇ ਸਕਣ ਦੀ ਫੁਰਸਤ ਨਹੀਂ ਸੀ।

ਕੈਨੇਡਾ ਪਹੁੰਚਣ ਤੋਂ ਬਾਅਦ ਮੈਂ ਪੁਆਰ ਨੂੰ ਚਿੱਠੀ ਲਿਖ ਕੇ ਕਾਹਲੀ ਨਾਲ, ਉਹਨੂੰ ਬਿਨਾ ਮਿਲੇ-ਦੱਸੇ ਕੈਨੇਡਾ ਆਉਣ ਦੀ ਮੁਆਫੀ ਮੰਗੀ ਤੇ ‘ਪੰਜਾਬ ਅਕਾਦਮੀ ਆਫ ਸੋਸ਼ਲ ਸਾਇੰਸਜ਼, ਲਿਟਰੇਚਰ ਐਂਡ ਕਲਚਰ’ ਦੇ ਜਨਰਲ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਭੇਜ ਦਿੱਤਾ।

ਅਗਲੇ ਸਾਲ ਜਦੋਂ ਮੈਂ ਪੰਜਾਬ ਗਿਆ ਤਾਂ ਪਤਾ ਲੱਗਾ ਕਿ ਅਕਾਦਮੀ ਦੇਸ਼ ਭਗਤ ਯਾਦਗਾਰ ਹਾਲ ਵਿਚ ਕੋਈ ਸਮਾਗਮ ਕਰਵਾ ਰਹੀ ਸੀ। ਮੈਨੂੰ ਖੁਸ਼ੀ ਹੋਈ ਕਿ ਸਭ ਯਾਰਾਂ-ਦੋਸਤਾਂ ਨੂੰ ਮਿਲ ਸਕਾਂਗਾ। ਮੈਂ ਹੁਣ ਕਿਹੜਾ ਅਕਾਦਮੀ ਦਾ ਅਹੁਦੇਦਾਰ ਸਾਂ ਜਿਸ ਨੇ ਸਵੇਰੇ ਵੇਲੇ ਸਿਰ ਜਾ ਕੇ ਸਾਥੀਆਂ ਨਾਲ ਮਿਲ ਕੇ, ਸਟੇਜ ਦੇ ਪ੍ਰਬੰਧ ਦੇਖਣ ਅਤੇ ਆਏ ਮਹਿਮਾਨਾਂ ਨੂੰ ‘ਜੀ ਆਇਆਂ’ ਆਖਣ ਦੀ ਜ਼ਿੰਮੇਵਾਰੀ ਨਿਭਾਉਣੀ ਸੀ! ਮੈਂ ਸਹਿਜ-ਭਾਅ ਨਾਲ ਯਾਰਾਂ ਵਜੇ ਦੇ ਕਰੀਬ ਦੇਸ਼ ਭਗਤ ਹਾਲ ਵਿਚ ਪਹੁੰਚਿਆ। ਮੇਰੇ ਮਨ ਵਿਚ ਸੀ ਕਿ ਹੁਣ ਤੱਕ ਸਮਾਗਮ ਸ਼ੁਰੂ ਹੋ ਚੁੱਕਾ ਹੋਵੇਗਾ ਪਰ ਪਤਾ ਲੱਗਾ ਕਿ ਅਜੇ ਤਾਂ ਮਹਿਮਾਨ ਦੂਜੇ ਵੱਡੇ ਹਾਲ ਵਿਚ ਨਾਸ਼ਤਾ ਕਰ ਰਹੇ ਹਨ। ਮੈਂ ਉਸ ਹਾਲ ਵਿਚ ਪਹੁੰਚਿਆ ਤਾਂ ਜਲੰਧਰ ਵਾਲੇ ਸਾਥੀਆਂ ਤੋਂ ਇਲਾਵਾ ਪੰਜਾਬੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੁਆਰ ਦੇ ‘ਪੱਕੇ’ ਪੰਜ-ਸੱਤ ਬੰਦੇ ਹੀ ਉਥੇ ਹਾਜ਼ਰ ਸਨ। ਸਾਰੇ ਬੜੇ ਉਤਸ਼ਾਹ ਨਾਲ ਮਿਲੇ। ਪੁਆਰ ਵੀ ਮਿਲਿਆ। ਮੈਂ ਹਾਸੇ ਨਾਲ ਆਖਿਆ, “ਡਾਕਟਰ ਸਾਹਿਬ! ਮੇਰੇ ਵੇਲੇ ਤਾਂ ਇਸ ਵੇਲੇ ਏਥੇ ਰੌਣਕਾਂ ਲੱਗੀਆਂ ਹੁੰਦੀਆਂ ਸਨ...।”

ਗੱਲ ਅਜੇ ਮੇਰੇ ਮੂੰਹ ਵਿਚ ਹੀ ਸੀ ਕਿ ਪੁਆਰ ਬੜੇ ਰੁੱਖੇ ਅੰਦਾਜ਼ ਵਿਚ ਬੋਲਿਆ, “ਸਾਨੂੰ ਤੇਰੇ ਵਾਂਗ ’ਕੱਠੇ ਕੀਤੇ ਬੰਦਿਆਂ ਦੀ ਲੋੜ ਵੀ ਨਹੀਂ!”

ਉਹਦਾ ਅਜਿਹਾ ਰੁੱਖਾ ਜਵਾਬ ਸੁਣ ਕੇ ਮੈਂ ਹੈਰਾਨ ਰਹਿ ਗਿਆ। ਸਾਡੀ ਗੱਲਬਾਤ ਅੱਗੇ ਵਧਣ ਤੋਂ ਇਸ ਕਰ ਕੇ ਬਚਾਅ ਹੋ ਗਿਆ ਕਿਉਂਕਿ ਏਨੇ ਚਿਰ ਵਿਚ ਮੈਨੂੰ ਹੱਥ ਮਿਲਾਉਣ ਲਈ ਕੋਈ ਨਵਾਂ ਮਹਿਮਾਨ ਅੱਗੇ ਵਧ ਆਇਆ ਸੀ।

ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਪੁਆਰ ਮੇਰੇ ’ਤੇ ਇਸ ਗੱਲੋਂ ਬਹੁਤ ਹੀ ਨਾਰਾਜ਼ ਸੀ ਕਿ ਮੈਂ ਕੈਨੇਡਾ ਜਾਣ ਤੋਂ ਪਹਿਲਾਂ ਉਹਦੇ ਨਾਲ ਗੱਲ ਜਾਂ ਸਲਾਹ ਕਿਉਂ ਨਹੀਂ ਸੀ ਕੀਤੀ। ਉਹਦੀ ਨਾਰਾਜ਼ਗੀ ਸੱਚੀ ਸੀ। ਮੈਂ ‘ਉਹਦੀ ਅਕਾਦਮੀ’ ਦਾ ਉਹਦੀ ‘ਬਖਸ਼ਿਸ਼’ ਨਾਲ ਬਣਾਇਆ ਜਨਰਲ ਸਕੱਤਰ ਤਾਂ ਸਾਂ ਹੀ, ਇਸ ਤੋਂ ਵੱਧ ਉਹਨੂੰ ਆਪਣੇ ਨਾਲ ਨੇੜਲੀ ਦੋਸਤੀ ਦਾ ਵੀ ਮੇਰੇ ’ਤੇ ਮਾਣ ਸੀ। ਮੈਂ ਉਹਦਾ ਇਹ ਮਾਣ ਤੋੜ ਦਿੱਤਾ ਸੀ! ਉਹ ਕਈ ਚਿਰ ਮੇਰੇ ਨਾਲ ਵੱਟਿਆ ਰਿਹਾ।

ਪਰ ਸਮਾਗਮ ਵਿਚ ਏਨੀ ਘੱਟ ਹਾਜ਼ਰੀ ਦਾ ਕਾਰਨ ਸ਼ਾਇਦ ਇਹ ਸੀ ਕਿ ਹੁਣ ਉਹ ਨਾ ਵਾਈਸ ਚਾਂਸਲਰ ਸੀ, ਨਾ ਅਖਬਾਰ ਦਾ ਸੰਪਾਦਕ ਸੀ ਤੇ ਨਾ ਹੀ ਹਰਕਿਸ਼ਨ ਸਿੰਘ ਸੁਰਜੀਤ ਦਾ ਉਹਦੇ ਸਿਰ ’ਤੇ ਸਾਇਆ ਰਹਿ ਗਿਆ ਸੀ। ‘ਸੁਰਜੀਤ’ ਪਿਛਲੇ ਮਹੀਨੇ ਸੰਸਾਰ ਨੂੰ ਸਦੀਵੀ ਅਲਵਿਦਾ ਕਹਿ ਗਿਆ ਸੀ! ਸਮਾਗਮ ਤੋਂ ਪਹਿਲਾਂ ਹੀ ਪਟਿਆਲਿਓਂ, ਚੰਡੀਗੜ੍ਹੋਂ ਤੇ ਅੰਬਰਸਰੋਂ ਕਤਾਰ ਬਣਾ ਕੇ ਖਲੋਣ ਵਾਲੇ ‘ਲੋੜਵੰਦ’ ਵਿਦਵਾਨਾਂ ਲਈ ਪੁਆਰ ਹੁਣ ਸ਼ਾਇਦ ਬਹੁਤੇ ‘ਕੰਮ ਦੀ ਸ਼ੈਅ’ ਨਹੀਂ ਸੀ ਰਹਿ ਗਿਆ!

——

1991 ਵਿਚ ਜਦੋਂ ਅਜੇ ਪੰਜਾਬ ਕਾਲੇ ਦੌਰ ਦੇ ਪ੍ਰਛਾਵੇਂ ਹੇਠ ਸੀ। ਮੈਂ ਜਲੰਧਰ ਦੀ ਲੇਖਕ ਸਭਾ ਦੇ ਪ੍ਰਧਾਨ ਜਗਦੀਸ਼ ਸਿੰਘ ਵਰਿਆਮ ਅਤੇ ਜਨਰਲ ਸਕੱਤਰ ਬਾਬਾ ਗੁਰਬਖਸ਼ ਸਿੰਘ ਬੰਨੋਆਣਾ ਦੇ ਸਹਿਯੋਗ ਨਾਲ ਦੋ-ਦਿਨਾ ਕਹਾਣੀ ਗੋਸ਼ਟੀ ਕਰਵਾਈ। ਅਤਿਵਾਦ ਦਾ ਜ਼ੋਰ ਹੋਣ ਅਤੇ ‘ਖਾੜਕੂਆਂ’ ਵੱਲੋਂ ‘ਪੰਜਾਬ ਬੰਦ’ ਦੇ ਸੱਦੇ ਦੇ ਬਾਵਜੂਦ ਪੰਜਾਬ ਅਤੇ ਪੰਜਾਬੋਂ ਬਾਹਰਲੇ ਚਾਰ ਸੌ ਦੇ ਲਗਭਗ ਕਹਾਣੀਕਾਰ, ਆਲੋਚਕ ਤੇ ਵਿਦਵਾਨ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਚ ਪਹੁੰਚ ਗਏ। ਇਹ ਕਹਾਣੀਕਾਰਾਂ ਦਾ ਅਨੂਠਾ ਇਤਿਹਾਸਕ ਇਕੱਠ ਸੀ। ਯਾਰ-ਦੋਸਤ ਮਿਲ ਰਹੇ ਸਨ। ਹਾਲ ਦੇ ਅੰਦਰ-ਬਾਹਰ ਰੌਣਕਾਂ ਲੱਗੀਆਂ ਹੋਈਆਂ ਸਨ। ਕਹਾਣੀਕਾਰਾਂ ਵੱਲੋਂ ਆਪਣੀਆਂ ਬਿਹਤਰੀਨ ਕਹਾਣੀਆਂ ਪੜ੍ਹੀਆਂ ਜਾ ਰਹੀਆਂ ਸਨ। ਉਨ੍ਹਾਂ ’ਤੇ ਬਹਿਸ-ਮੁਬਾਹਿਸਾ ਹੋ ਰਿਹਾ ਸੀ। ਦੋ-ਦਿਨਾ ਗੋਸ਼ਟੀ ਦੀ ਅਪਾਰ ਸਫਲਤਾ ਤੋਂ ਬਾਅਦ ਲੇਖਕ ਜੱਫੀਆਂ ਪਾਉਂਦੇ, ਮਿੱਠੀਆਂ ਯਾਦਾਂ ਲੈ ਕੇ, ਇੱਕ-ਦੂਜੇ ਤੋਂ ਵਿਛੜੇ।

ਉਸੇ ਹਫਤੇ ਜੋਗਿੰਦਰ ਸਿੰਘ ਪੁਆਰ ਦਾ ਰੋਜ਼ਾਨਾ ‘ਅਜੀਤ’ ਦੇ ਸੰਪਾਦਕੀ ਸਫੇ ’ਤੇ ਇਸ ਕਹਾਣੀ ਸਮਾਗਮ ਬਾਰੇ ਲੰਮਾ ਲੇਖ ਛਪਿਆ। ਉਹ ਦੋਵੇਂ ਦਿਨ ਸਮਾਗਮ ਵਿਚ ਹਾਜ਼ਰ ਰਿਹਾ ਸੀ। ਲੇਖ ਵਿਚ ਉਹਨੇ ਇਸ ਸਮਾਗਮ ਵਿਚ ‘ਸੈਮੀਨਾਰ ਕਲਚਰ’ ਦੀ ਅਣਹੋਂਦ ਵੱਲ ਦਾ ਵਿਸ਼ੇਸ਼ ਇਸ਼ਾਰਾ ਕਰਦਿਆਂ ਇਸ ਨੂੰ ਨਿਰੋਲ ‘ਲੇਖਕਾਂ ਦਾ ਮੇਲਾ’ ਆਖ ਕੇ ਛੁਟਿਆਉਣ ਦੀ ਕੋਸ਼ਿਸ਼ ਕੀਤੀ ਸੀ। ਉਹਦੀ ਗੱਲ ਕੁਝ ਹੱਦ ਤੱਕ ਤਾਂ ਠੀਕ ਹੀ ਕਿ ਜਦੋਂ ਹਾਲ ਅੰਦਰ ਗੰਭੀਰ ਚਰਚਾ ਹੋ ਰਹੀ ਹੋਵੇ ਤਾਂ ਲੇਖਕਾਂ ਦੀ ਵੱਡੀ ਗਿਣਤੀ ਹਾਲ ਤੋਂ ਬਾਹਰ ਟੋਲੀਆਂ ਬਣਾ ਕੇ ਗੱਪਾਂ ਮਾਰਨ ਵਿਚ ਨਹੀਂ ਲੱਗੀ ਹੋਣੀ ਚਾਹੀਦੀ। ਮੇਰਾ ਖੁਦ ਵੀ ਇਸ ਗੱਲ ਵੱਲ ਧਿਆਨ ਸੀ। ਅਗਲੇ ਦਿਨ ਮੈਂ ਲੇਖਕਾਂ ਨੂੰ ਕਿਹਾ ਕਿ ਉਹ ਹਾਲ ਵਿਚੋਂ ਉਠ ਕੇ ਬਾਹਰ ਨਾ ਜਾਣ ਸਗੋਂ ਹਾਲ ਵਿਚ ਬਹਿ ਕੇ ਹੋਰਨਾਂ ਦੇ ਵਿਚਾਰ ਸੁਣਨ ਤੇ ਆਪਣੇ ਵਿਚਾਰ ਸਾਂਝੇ ਕਰਨ। ਜੇ ਕੋਈ ਲੇਖਕ ਬਾਹਰ ਜਾਂਦੇ ਵੀ ਤਾਂ ਮੈਂ ਜਾ ਕੇ ਉਨ੍ਹਾਂ ਨੂੰ ਅੰਦਰ ਲੈ ਆਉਂਦਾ। ਅਗਲੇ ਦਿਨ ਪਿਛਲੇ ਦਿਨ ਵਾਲੀ ਸ਼ਿਕਾਇਤ ਨਾ ਰਹੀ।

ਡਾ. ਪੁਆਰ ਦਾ ਲੇਖ ਪੜ੍ਹ ਕੇ ਮੈਨੂੰ ਖੁੰਧਕ ਆਈ। ਉਹ ਏਨੇ ਵੱਡੇ ਸਮਾਗਮ ਦੀ ਸਫਲਤਾ ਨੂੰ ਮੂਲੋਂ ਹੀ ਘਟਾ ਕੇ ਦੇਖ ਰਿਹਾ ਸੀ। 1991 ਵਿਚ ਹੋਏ ਕਹਾਣੀ ਸਮਾਗਮ ਦੀ ਸਫਲਤਾ ਤੋਂ ਬਾਅਦ ਲੇਖਕਾਂ ਦੀ ਪੁਰਜ਼ੋਰ ਮੰਗ ’ਤੇ ਮੈਂ 1993 ਤੇ 1995 ਵਿਚ ਵੀ ਕਹਾਣੀ ਦੇ ਦੋ ਹੋਰ ਮਹਾ-ਸਮਾਗਮ ਕਰਵਾਏ। ਬੇਹੱਦ ਸਫਲ ਤੇ ਯਾਦਗਾਰੀ। ਮੈਂ ਜਾਣ-ਬੁੱਝ ਕੇ ਇਨ੍ਹਾਂ ਕਹਾਣੀ ਸਮਾਗਮਾਂ ਨੂੰ ‘ਕਹਾਣੀ ਉਤਸਵ’ ਦਾ ਨਾਂ ਦਿੱਤਾ। ਜੇ ਪੁਆਰ ਕਹਿੰਦਾ ਹੈ ਕਿ ਇਹ ਸਮਾਗਮ ‘ਮੇਲਾ’ ਜਾਂ ‘ਉਤਸਵ’ ਨੇ ਤਾਂ ਇੰਝ ਹੀ ਸਹੀ! ਪਰ ਇਹ ਵੀ ਸਚਾਈ ਸੀ ਕਿ ਪੁਆਰ ਦੇ ਲੇਖ ਵਿਚ ਪੇਸ਼ ਵਿਚਾਰਾਂ ਦੇ ਅਸਰ ਹੇਠ ਮੈਂ ਅਗਲੇ ਦੋਵਾਂ ਸਮਾਗਮ ਨੂੰ ਸਹੀ ਅਰਥਾਂ ਵਿਚ ‘ਸੈਮੀਨਾਰ ਕਲਚਰ’ ਦੀਆਂ ਬੁਨਿਆਦੀ ਲੋੜਾਂ ਨੂੰ ਮੁੱਖ ਰੱਖ ਕੇ ਹੀ ਚਲਾਇਆ ਸੀ।

ਪਰ ਜਦੋਂ ਪੁਆਰ ਨੇ ਮੈਨੂੰ ‘ਪੰਜਾਬ ਅਕਾਦਮੀ ਆਫ ਸੋਸ਼ਲ ਸਾਇੰਸਜ਼’ ਦਾ ਜਨਰਲ ਸਕੱਤਰ ਬਣਾਇਆ ਤਾਂ ਉਦੋਂ ਉਹਦੇ ਮਨ ’ਤੇ ਕਹਾਣੀ ਬਾਰੇ ਤਿੰਨ ਮਹਾ-ਸਮਾਗਮ ਕਰਾ ਲੈਣ ਵਾਲੀ ਮੇਰੀ ‘ਮੇਲੇ ਕਰਾ ਲੈਣ ਵਾਲੀ ਸਮਰੱਥਾ’ ਦਾ ਹੀ ਪ੍ਰਭਾਵ ਸੀ; ਤੇ ਉਹਨੂੰ ਲੱਗਦਾ ਸੀ ਕਿ ਮੈਂ ਅਕਾਦਮੀ ਦਾ ਜਨਰਲ ਸਕੱਤਰ ਬਣ ਕੇ ਆਪਣੀ ਇਸ ਸਮਰੱਥਾ ਦਾ ਸਹੀ ਪ੍ਰਯੋਗ ਕਰ ਸਕਾਂਗਾ; ਤੇ ਸ਼ਾਇਦ ਮੈਂ ਕੀਤਾ ਵੀ!

ਇਸ ਮੁੱਦੇ ’ਤੇ ‘ਵੱਖਰੇ’ ਵਿਚਾਰ ਰੱਖਦੇ ਹੋਏ ਵੀ ਅਸੀਂ ਇੱਕ ਦੂਜੇ ਦੇ ਕਿੰਨੇ ਕਰੀਬ ਸਾਂ! ਵੱਖਰੇ ਵੀ ਕਾਹਦੇ! ਐਵੇਂ ਈਗੋ ਦਾ ਅੜਿੱਕਾ ਜਿਹਾ ਸੀ। ਸੱਚਾਈ ਤਾਂ ਇਹ ਹੈ ਕਿ ਅਜਿਹੇ ਸਮਾਗਮ ਵਿਚਾਰ ਚਰਚਾ ਦਾ ਮਾਧਿਅਮ ਵੀ ਬਣਦੇ ਨੇ ਤੇ ਮੇਲ-ਗੇਲ ਦਾ ਵੀ। ਵਿਛੜੇ ਯਾਰ-ਬੇਲੀ ਚਿਰਾਂ ਬਾਅਦ ਮਿਲਦੇ ਨੇ। ਸੈਮੀਨਾਰ ਕਲਚਰ ਦੀਆਂ ਬੁਨਿਆਦੀ ਧਾਰਨਾਵਾਂ ਦੀ ਪੂਰਤੀ ਕਰਦੇ ਹੋਏ ਵੀ ਇਸ ਵਿਚੋਂ ‘ਮੇਲੇ’ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ! ਅਗਲੇ ਸਾਲਾਂ ਵਿਚ ਜਦੋਂ ਅਸੀਂ ਆਪਣੀਆਂ ਅਕਾਦਮੀਆਂ ਵੱਲੋਂ ਕਾਨਫਰੰਸਾਂ ਤੇ ਸੈਮੀਨਾਰ ਕਰਦੇ ਰਹੇ ਤਾਂ ਦਿਨੇ ‘ਸੈਮੀਨਾਰ ਕਲਚਰ’

*(ਬਾਕੀ ਸਫਾ 28 ’ਤੇ)*

ਕਹਾਣੀ

# ਅਲੇਹਾ

**ਗੁਰਮੀਤ ਕੜਿਆਲਵੀ ਨੇ ਸਮਾਜ ਦੇ ਵੱਢੇ-ਟੁੱਕੇ ਪਾਤਰਾਂ ਬਾਰੇ ਯਾਦਗਾਰੀ ਕਹਾਣੀ ਲਿਖੀਆਂ ਹਨ। 'ਅਲੇਹਾ' ਕਹਾਣੀ ਰਿਸ਼ਤਿਆਂ ਦੀ ਪਰਿਕਰਮਾ ਤਾਂ ਕਰਦੀ ਹੀ ਹੈ, ਵੱਖ-ਵੱਖ ਕਾਰਨਾਂ ਕਰਕੇ ਸਮਾਜ ਵਿਚ ਪਈਆਂ ਵੰਡੀਆਂ ਦੀ ਕਥਾ ਵੀ ਬਹੁਤ ਸੂਖਮਤਾ ਨਾਲ ਬਿਆਨ ਕਾਰਦੀ ਹੈ। ਇਸ ਕਥਾ ਵਿਚ ਮਨੁੱਖ ਫਿਤਰਤ ਵੀ ਬਹੁਤ ਮਹੀਨ ਰੂਪ ਵਿਚ ਪਰੋਈ ਹੋਈ ਹੈ ਅਤੇ ਕਹਾਣੀ ਪਾਠਕ ਨੂੰ ਬੁਰੀ ਤਰ੍ਹਾਂ ਹਲੂਣ ਸੁੱਟਦੀ ਹੈ।**

'ਕੁਮਾਰ ਸਰ ਮੈਂ ਪਰਿੰਸ ਜੌਰਜ ਤੋਂ ਬੋਲਦੀ ਹਾਂ-ਮਨਦੀਪ'

'ਹਾਂ ਮਨਦੀਪ ਕੀ ਹਾਲ ਹੈ?'

'ਸਰ ਸਿਆਣ ਲਿਆ ਮੈਨੂੰ?'

'ਨਹੀਂ?'

'ਫਿਰ ਤੁਸੀਂ ਪੁੱਛਿਆ ਕਿਉਂ ਨਹੀਂ?'

'ਮੈਂ ਸੋਚਦਾ ਹੁੰਨਾ ਜੇ ਫੋਨ ਕਰਨ ਵਾਲਾ ਮਿੱਤਰ ਬੇਲੀ ਹੋਇਆ ਤਾਂ ਪਿਆਰ ਭਰੀਆਂ ਗੱਲਾਂ ਕਰੇਗਾ, ਜੇ ਵੈਰੀ ਦੁਸ਼ਮਣ ਹੋਇਆ ਤਾਂ ਚਾਰ ਗਾਲ੍ਹਾਂ ਕੱਢ ਦੇਵੇਗਾ। ਜੇ ਨਾ ਮਿੱਤਰ ਹੋਇਆ ਨਾ ਦੁਸ਼ਮਣ ਤਾਂ ਦੋ ਚਾਰ ਗੱਲਾਂ ਕਰਨ ਉਪਰੰਤ 'ਸੌਰੀ ਰੌਂਗ ਨੰਬਰ' ਕਹਿ ਕੇ ਫੋਨ ਕੱਟ ਜਾਵੇਗਾ।'

'ਸਰ, ਤੁਹਾਡਾ ਫੋਨ ਸ਼ੋਸ਼ਲ ਮੀਡੀਏ ਤੋਂ ਲੱਭਿਆ। ਕਈ ਦਿਨ ਤਾਂ ਸੋਚਾਂ 'ਚ ਪਈ ਰਹੀ ਕਿ ਕੁਮਾਰ ਸਾਹਿਬ ਹੁਣ ਬਹੁਤ ਵੱਡੇ ਸ਼ਾਇਰ ਤੇ ਕਹਾਣੀਕਾਰ ਨੇ, ਕੀ ਪਤਾ ਫੋਨ ਚੁੱਕਣ ਕਿ ਨਾ। ਉਨ੍ਹਾਂ ਕੋਲ ਕਿੱਥੇ ਟਾਈਮ ਮੇਰੀਆਂ ਯੱਭ੍ਲੀਆਂ ਸੁਣਣ ਲਈ। ਫੇਰ ਜਕਦਿਆਂ-ਜਕਾਉਂਦਿਆਂ ਰਿੰਗ ਕਰ ਹੀ ਦਿੱਤੀ। ਤੁਸੀਂ ਤਾਂ ਫੋਨ 'ਤੇ ਵੀ ਉਹੋ ਜਿਹੀਆਂ ਗੱਲਾਂ ਕਰਦੇ ਹੋ ਜਿਹੋ ਜਿਹੀਆਂ ਚਿੱਠੀਆਂ 'ਚ ਕਰਦੇ ਸੀਗੇ।'



'ਹਾ ਹਾ ਹਾ ਹੁਣ ਤਾਂ ਯਕੀਨ ਹੋ ਗਿਆ ਹੋਊ ਕਿ ਕੁਮਾਰ ਕੋਲ ਯੱਬਲੀਆਂ ਸੁਣਨ ਦਾ ਵਕਤ ਵੀ ਹੈ ਤੇ ਸਬਰ ਵੀ।'

**ਗੁਰਮੀਤ ਕੜਿਆਲਵੀ**
**ਫੋਨ: 98726-40994**

'ਹਾਂ ਲੱਗ ਗਿਆ ਪਤਾ ਕਿ ਮੇਰੇ ਵਰਗੀ ਦੀਆਂ ਦੋ ਦੋ ਮੀਟਰ ਲੰਮੀਆਂ ਊਲ ਜਲੂਲ ਚਿੱਠੀਆਂ ਦੇ ਲੰਮੇ ਲੰਮੇ ਜੁਆਬ ਦੇਣ ਵਾਲੇ ਕੁਮਾਰ ਸਰ ਨੂੰ ਲੰਮੇ ਲੰਮੇ ਫੋਨ ਵੀ ਕੀਤੇ ਜਾ ਸਕਦੇ।'

'ਔਫ ਕੋਰਸ!'

'ਸਰ! ਤੁਸੀਂ ਤਾਂ ਪੁੱਛਿਆ ਹੀ ਨਹੀਂ, ਚੱਲੋ ਮੈਂ ਹੀ ਦੱਸ ਦਿੰਨੀ ਹਾਂ-ਮੈਂ ਆਰ ਐਨ ਐਮ ਕਾਲਜ ਵਾਲੀ ਮਨਦੀਪ ਹਾਂ। ਤੁਸੀਂ ਹੁਣ ਦਿਮਾਗ 'ਤੇ ਕੁੱਝ ਜ਼ੋਰ ਪਾਓ ਕਿ ਕਿਹੜੀ ਮਨਦੀਪ ਹਾਂ। ਮੈਂ ਫੇਰ ਕਿਸੇ ਦਿਨ ਫੋਨ ਕਰੂੰ।' ਮੇਰੇ ਜੁਆਬ ਦੀ ਉਡੀਕ ਕੀਤੇ ਬਗੈਰ ਹੀ ਉਸਨੇ ਫੋਨ ਕੱਟ ਦਿੱਤਾ।

ਪੂਰੇ ਪੱਚੀ ਸਾਲ ਪਹਿਲਾਂ ਉਸਦੇ ਲੰਬੇ ਲੰਬੇ ਖਤ ਆਉਂਦੇ ਹੁੰਦੇ, ਜਿਸ ਵਿੱਚ ਕਿੰਨੀਆਂ ਹੀ ਨਿੱਕੀਆਂ-ਨਿੱਕੀਆਂ ਗੱਲਾਂ ਲਿਖੀਆਂ ਹੁੰਦੀਆਂ। ਉਹ ਖਤ ਦੀ ਸ਼ੁਰੂਆਤ ਮੇਰੀ ਕਿਸੇ ਮੈਗਜ਼ੀਨ ਵਿੱਚ ਛਪੀ ਕਹਾਣੀ ਦੀ ਤਾਰੀਫ਼ ਨਾਲ ਕਰਦੀ।

'ਕੁਮਾਰ ਸਰ! ਤੁਹਾਡੀ ਕਹਾਣੀ ਨੇ ਤਾਂ ਰੁਆ ਹੀ ਦਿੱਤਾ। ਮੈਨੂੰ ਤਾਂ ਇਹ ਆਪਣੀਓ ਕਹਾਣੀ ਲੱਗੀ। ਤੁਸੀਂ ਐਨੀ ਸੋਹਣੀ ਕਹਾਣੀ ਲਿਖ ਕਿਵੇਂ ਲੈਨੇ ਓਂ? ਸਾਡੇ ਤੋਂ ਤਾਂ ਚਿੱਠੀ ਦੇ ਦੋ ਪੈਰ੍ਹੇ ਹੀ ਬੜੀ ਮੁਸ਼ਕਲ ਨਾਲ ਲਿਖ ਹੁੰਦੇ।'

ਦੋ ਪੈਰ੍ਹਿਆਂ ਦੀ ਚਿੱਠੀ ਲਿਖਣ ਨੂੰ ਮੁਸ਼ਕਲ ਦੱਸਣ ਵਾਲੀ ਨੇ ਚਿੱਠੀ ਲਿਖਣ ਲਈ ਕਾਪੀ ਦੇ ਕਈ ਵਰਕੇ ਭਰੇ ਹੁੰਦੇ। ਕਹਾਣੀ ਦੀ ਤਰੀਫ਼ ਦੀਆਂ ਦੋ ਲਾਈਨਾਂ ਲਿਖਣ ਤੋਂ ਬਾਅਦ ਆਪਣੀ ਚੱਲ ਰਹੀ ਪ੍ਰੇਮ ਕਹਾਣੀ ਵਿੱਚ ਆਏ ਦੁਖਾਂਤਕ ਜਾਂ ਸੁਖਾਂਤਕ ਮੋੜ ਬਾਰੇ ਪੈਰ੍ਹਿਆਂ ਦੇ ਪੈਰ੍ਹੇ ਲਿਖ ਦਿੰਦੀ। ਜੇ ਪਿਆਰ ਕਹਾਣੀ ਸੁਖਾਂਤਕ ਦੌਰ 'ਚ ਲੰਘ ਰਹੀ ਹੁੰਦੀ ਤਾਂ ਉਹਦੇ ਖਤ ਦੀਆਂ ਸਤਰਾਂ ਕਿਸੇ ਕਵਿਤਾ ਵਰਗੀਆਂ ਲੱਗਦੀਆਂ।

'ਕੁਮਾਰ ਸਰ! ਮੈਨੂੰ ਲੱਗਦਾ ਮੇਰੇ ਸਰੀਰ 'ਤੇ ਖੰਭ ਉੱਗ ਆਏ ਨੇ। ਮੈਂ ਅਬਾਬੀਲ ਵਾਂਗ ਉੱਚੇ ਉੱਡਦੀ-ਉੱਡਦੀ ਦੂਰ ਕਿਸੇ ਦੇਸ਼ ਚਲੀ ਗਈ ਹੋਵਾਂ। ਜਣੀਦਾ ਉੱਡਦੀ ਜਾਂਦੀ ਹਾਂ-ਉੱਡਦੀ ਜਾਂਦੀ ਹਾਂ। ਪਹਾੜਾਂ-ਸਮੁੰਦਰਾਂ-ਝੀਲਾਂ-ਝਰਨਿਆਂ-ਬਾਗ ਬਗੀਚਆਂ-ਮਾਰੂਥਲਾਂ ਤੇ ਜੰਗਲਾਂ ਦੇ ਉੱਪਰ ਦੀ। ਪਤਾ ਨ੍ਹੀ ਕਿਹੜੇ ਦੇਸ਼ ਤੁਰੀ ਜਾਂਦੀ ਹਾਂ।'

ਉਨ੍ਹਾਂ ਦਿਨਾਂ 'ਚ ਲੇਖਕ ਤੇ ਪਾਠਕ ਦਾ ਰਿਸ਼ਤਾ ਅੱਜ ਨਾਲੋਂ ਕਈ ਗੁਣਾ ਵੱਧ ਪੀਡਾ ਹੁੰਦਾ ਸੀ। ਪਾਠਕ ਆਪਣੀਆਂ ਨਿੱਜੀ ਗੱਲਾਂ ਵੀ ਆਪਣੇ ਮਹਿਬੂਬ ਲੇਖਕ ਨਾਲ ਕਰ ਲੈਂਦੇ ਸਨ।

'ਕੁਮਾਰ ਸਰ! ਘਰ 'ਚ ਮੈਂ ਸਭ ਤੋਂ ਵੱਡੀ ਹਾਂ। ਮੇਰੇ ਤੋਂ ਤਿੰਨ ਸਾਲ ਛੋਟੀ ਭੈਣ ਭੁਪਿੰਦਰ ਹੈ। ਅਸੀਂ ਤਾਂ ਸਾਰੇ ਭੂਪੀ ਆਂਹਦੇ ਹਾਂ। ਭਰਾ ਜਿੰਦ ਉਸ ਤੋਂ ਦੋ ਕੁ ਸਾਲ ਛੋਟਾ ਹੈ। ਦੋਵੇਂ ਪੜ੍ਹਨ ਵੱਲੋਂ ਠੀਕ-ਠਾਕ ਹੀ ਨੇ। ਪਾਪਾ ਜੀ ਫੌਜ ਵਿੱਚੋਂ ਪੈਨਸ਼ਨ ਆਏ ਨੇ। ਜ਼ਮੀਨ ਬੱਸ ਠੀਕ-ਠਾਕ ਹੀ ਹੈ। ਮੰਮੀ ਤਾਂ ਅੱਗੇ ਪੜ੍ਹਾਉਣ ਲਈ ਤਿਆਰ ਨ੍ਹੀ ਸੀ ਪਰ ਮੈਂ ਜਿਵੇਂ-ਕਿਵੇਂ ਪਾਪਾ ਜੀ ਨੂੰ ਰਾਜ਼ੀ ਕਰ ਲਿਆ। ਜੱਸ ਵੀ ਮੈਨੂੰ ਇੱਥੇ ਆਰ ਐਨ ਐਮ ਕਾਲਜ 'ਚ ਈ ਮਿਲਿਆ। ਤਿੰਨ ਸਾਲ ਹੋਗੇ ਇਕੱਠੇ ਤੁਰਦਿਆਂ। ਹੁਣ ਤਾਂ ਜੀਅ ਕਰਦੈ, ਹੱਥਾਂ 'ਚ ਹੱਥ ਪਾਈ ਜ਼ਿੰਦਗੀ ਦੇ ਰਾਹਾਂ 'ਤੇ ਆਏਂ ਤੁਰੇ ਜਾਈਏ-ਤੁਰੇ ਜਾਈਏ।'

ਮਨਦੀਪ ਬਹੁਤ ਸਾਰੀਆਂ ਘਰੇਲੂ ਗੱਲਾਂ ਵੀ ਮੇਰੇ ਨਾਲ ਸਾਂਝੀਆਂ ਕਰਦੀ। ਉਚੇਰੀ ਪੜ੍ਹਾਈ ਬਾਰੇ ਮੇਰੀ ਸਲਾਹ ਪੁੱਛਦੀ। ਗਰੈਜੂਏਸ਼ਨ ਤੋਂ ਬਾਅਦ ਛੇਤੀ ਤੋਂ ਛੇਤੀ ਨੌਕਰੀ ਲੱਗ ਕੇ ਮਾਪਿਆਂ ਦੀ ਮੱਦਦ ਕਰਨ ਦੀਆਂ ਸਕੀਮਾਂ ਘੜਦੀ। ਉਹ ਸੋਚਦੀ ਕਿ ਜੱਸ ਨਾਲ ਉਸ ਦਾ ਰਿਸ਼ਤਾ ਆਰਥਿਕਤਾ ਨਾਲ ਬੱਝਾ ਹੋਇਆ ਹੈ। ਜੇਕਰ ਉਸਨੂੰ ਵਕਤ ਸਿਰ ਨੌਕਰੀ ਮਿਲ ਜਾਵੇ ਤਾਂ ਮਾਪਿਆਂ ਨੂੰ ਰਾਜ਼ੀ ਕਰਨਾ ਸੌਖਾ ਹੋ ਜਾਵੇਗਾ। ਮੈਂ ਉਸ ਨੂੰ ਆਪਣੀ ਸਮਝ ਅਨੁਸਾਰ ਰਾਇ ਦਿੰਦਾ। ਮੈਂ ਉਸ ਨੂੰ ਬੀ ਏ ਤੋਂ ਬਾਅਦ ਬੀ ਐੱਡ ਅਤੇ ਫੇਰ ਨੌਕਰੀ ਪ੍ਰਾਪਤ ਕਰਨ ਉਪਰੰਤ ਪੱਤਰ ਵਿਹਾਰ ਰਾਹੀਂ ਐਮ ਏ ਕਰਨ ਦੀ ਸਲਾਹ ਦਿੱਤੀ।

-ਕੁਮਾਰ ਸਰ! ਜੱਸ ਦੀ ਤਾਂ ਯੂਨੀਵਰਸਿਟੀ ਹੋਸਟਲ 'ਚ ਰਹਿ ਕੇ ਐਮ ਏ ਕਰਨ ਦੀ ਪਲਾਨਿੰਗ ਸੀ ਪਰ ਮੇਰੇ ਆਖੇ ਬੀ ਐੱਡ ਕਰਨ ਲਈ ਮੰਨ ਗਿਆ। ਜੇ ਉਹ ਐਮ ਏ ਕਰਨ ਲਈ ਪਟਿਆਲੇ ਚਲਾ ਜਾਂਦਾ, ਮੈਥੋਂ ਤਾਂ ਉਹਦੇ ਬਿਨਾ ਇੱਕ ਦਿਨ ਵੀ ਨ੍ਹੀਂ ਸੀ ਰਹਿ ਹੋਣਾ। ਨਾਲੇ ਸਰ ਮੈਂ ਮੰਮੀ ਨੂੰ ਆਪਣੇ ਤੇ ਜੱਸ ਬਾਰ ਸਾਰਾ ਕੁੱਝ ਦੱਸ ਦਿੱਤੈ। ਉਹ ਵਕਤ ਆਉਣ 'ਤੇ ਪਾਪਾ ਨਾਲ ਗੱਲ ਕਰ ਲੈਣਗੇ। ਲੱਗਦਾ ਗੱਡੀ ਲੀਹ 'ਤੇ ਈ ਐ।' ਉਸਦੇ ਖ਼ਤ ਦੇ ਅੱਖਰ ਖੁਸ਼ੀ 'ਚ ਨੱਚਦੇ ਜਾਪਦੇ। 'ਜੱਸ ਨੇ ਆਹ ਕਿਹਾ-ਜੱਸ ਨੇ ਅਹੁ ਕਿਹਾ।' ਕਿੰਨੇ ਹੀ ਸਫ਼ੇ ਜੱਸ ਦੀਆਂ ਤਾਰੀਫ਼ਾਂ ਨਾਲ ਭਰੇ ਹੁੰਦੇ।



ਫੇਰ ਉਸ ਦੇ ਉਦਾਸੀ ਨਾਲ ਭਰੇ ਪੱਤਰ ਆਉਣ ਲੱਗੇ।

'ਸਰ ਪਤਾ ਨਹੀਂ ਕੀ ਬਣੂ ਸਾਡੀ ਲਵ ਸਟੋਰੀ ਦਾ? ਮੈਨੂੰ ਤਾਂ ਨ੍ਹੀਂ ਲੱਗਦਾ ਸਿਰੇ ਚੜ੍ਹੇ। ਇਹ ਧਰਮਾਂ ਜਾਤਾਂ ਵਾਲੀਆਂ ਵੰਡਾਂ ਪਤਾ ਨਹੀਂ ਕਦੋਂ ਟੁੱਟਣਗੀਆਂ? ਇਹ ਸਮਾਜ ਪਿਆਰ ਕਰਨ ਵਾਲਿਆਂ ਦਾ ਦੁਸ਼ਮਣ ਕਿਉਂ ਹੋ ਜਾਂਦਾ? ਜੱਸ ਤਾਂ ਜਿਵੇਂ ਮੇਰੇ ਹੱਡਾਂ 'ਚ ਰਚ ਗਿਆ। ਜੇ ਸਾਡਾ ਪਿਆਰ ਸਿਰੇ ਨਾ ਚੜ੍ਹਿਆ, ਮੈਥੋਂ ਤਾਂ ਉੱਕਾ ਜਿਉਂ ਨਹੀਂ ਹੋਣਾ। ਉਹਦੇ ਬਗੈਰ ਜ਼ਿੰਦਗੀ ਦਾ ਕੀ ਅਰਥ? ਸਰ ਤੁਸੀਂ ਸਾਡੇ ਆਈਡੀਅਲ ਹੋ। ਤੁਸੀਂ ਦੱਸੋ ਅਸੀਂ ਕੀ ਕਰੀਏ?' ਇਸ ਪੱਤਰ ਤੋਂ ਬਾਅਦ, ਮਨਦੀਪ ਦੇ ਖ਼ਤ ਆਉਣੇ ਬੰਦ ਹੋ ਗਏ।

ਮੈਂ ਕਈ ਦਿਨ ਮਨਦੀਪ ਅਤੇ ਜੱਸ ਦੀ ਪ੍ਰੇਮ ਕਹਾਣੀ 'ਚ ਉਲਝਿਆ ਰਿਹਾ ਸਾਂ। ਕਦੇ ਉਨ੍ਹਾਂ ਦੀ ਪਿਆਰ ਦੇ ਅੱਧਵਾਟੇ ਟੁੱਟ ਜਾਣ ਬਾਰੇ ਸੋਚਦਿਆਂ ਉਦਾਸ ਹੋ ਜਾਂਦਾ ਤੇ ਕਦੇ ਆਪਣੇ ਆਪ ਨੂੰ ਤਸੱਲੀ ਦੇ ਲੈਂਦਾ ਕਿ ਦੋਵਾਂ ਨੂੰ ਬੀ ਐੱਡ ਕਰਨ ਬਾਅਦ ਨੌਕਰੀ ਮਿਲ ਗਈ ਹੋਊ ਤੇ ਉਨ੍ਹਾਂ ਨੇ ਵਿਆਹ ਕਰਾ ਲਿਆ ਹੋਊ। ਵਿਆਹ ਬਾਅਦ ਕਿਸ ਕੁੜੀ ਕੋਲ ਵਕਤ ਹੁੰਦੈ, ਕਹਾਣੀਆਂ ਪੜ੍ਹਨ ਅਤੇ ਲੇਖਕ ਨੂੰ ਲੰਬੀਆਂ-ਲੰਬੀਆਂ ਚਿੱਠੀਆਂ ਲਿਖਣ ਦਾ? ਮੈਂ ਵੀ ਉਸਦੇ ਖ਼ਤਾਂ ਦੀ ਉਡੀਕ ਛੱਡ ਦਿੱਤੀ। ਕਈ ਵਰ੍ਹੇ ਗੁਜ਼ਰ ਗਏ। ਮਨਦੀਪ ਤੇ ਮਨਦੀਪ ਦੀ ਪ੍ਰੇਮ ਕਹਾਣੀ ਭੁੱਲ ਭੁਲਾ ਗਈ।

ਮਨਦੀਪ ਦੇ ਪਹਿਲੇ ਫੋਨ ਤੋਂ ਬਾਅਦ ਅਗਲੇ ਦੀ ਜ਼ਿਆਦਾ ਦਿਨ ਉਡੀਕ ਨਾ ਕਰਨੀ ਪਈ। ਤੀਜੇ ਦਿਨ ਉਸ ਦਾ ਫੋਨ ਆ ਗਿਆ।

'ਕੁਮਾਰ ਸਰ! ਮੇਰੇ ਗੁਆਂਢ ਇੱਕ ਆਇਰਸ਼ ਗੋਰੀ ਰਹਿੰਦੀ। ਮੇਰੀ ਬੜੀ ਪਿਆਰੀ ਦੋਸਤ ਹੈ। ਮੈਂ ਜਦੋਂ ਵੀ ਲਿੰਡਾ ਨੂੰ ਮਿਲਦੀ ਹਾਂ, ਮੈਨੂੰ ਤੁਹਾਡੀ ਯਾਦ ਆ ਜਾਂਦੀ ਹੈ।' ਮਨਦੀਪ ਨੇ ਗੱਲ ਦੇ ਸ਼ੁਰੂ 'ਚ ਹੀ ਸਸਪੈਂਸ ਭਰ ਦਿੱਤਾ। ਆਪਣੇ ਖ਼ਤਾਂ 'ਚ ਵੀ ਕਈ ਵਾਰ ਇੰਜ ਕਰਦੀ ਹੁੰਦੀ ਸੀ।

'ਲਿੰਡਾ ਨੂੰ ਮਿਲ ਕੇ ਮੇਰੀ ਯਾਦ ਆ ਜਾਂਦੀ ਹੈ? ਇਹ ਕੀ ਮੇਲ ਹੋਇਆ ਵਈ? ਕਿੱਥੇ ਗੋਰੀ ਲਿੰਡਾ-ਕਿੱਥੇ ਇੱਕ ਪੰਜਾਬੀ ਕਹਾਣੀਕਾਰ?'

'ਲਿੰਡਾ ਬੜਾ ਅਜੀਬ ਕਰੈਕਟਰ ਹੈ ਕੁਮਾਰ ਸਰ। ਸਮਝ ਲਓ ਤੁਹਾਡੀ ਕਹਾਣੀ ਦੀ ਪਾਤਰ ਹੈ। ਉਹਨੂੰ ਉਮਰ ਤਾਂ ਨ੍ਹੀਂ ਪੁੱਛੀ ਕਦੇ ਪਰ ਸੱਠ ਸਾਲ ਤੋਂ ਵੀ ਵੱਧ ਦੀ ਹੋਊ। ਥੋਨੂੰ ਪਤਾ ਏਧਰ ਕਿਸੇ ਨੂੰ ਉਮਰ ਤੇ ਆਮਦਨ ਪੁੱਛਣਾ ਚੰਗਾ ਨ੍ਹੀ ਸਮਝਿਆ ਜਾਂਦਾ। ਸਰ ਲਿੰਡਾ ਅਜੇ ਤਕ ਕੁਆਰੀ ਹੈ। ਜ਼ਿੰਦਗੀ ਨੂੰ ਕਿਵੇਂ ਜਿਉਣਾ ਚਾਹੀਦੈ-ਕੋਈ ਲਿੰਡਾ ਤੋਂ ਸਿੱਖੇ। ਮੇਰਾ ਤਾਂ ਆਪ ਜੀਅ ਕਰਦੈ, ਲਿੰਡਾ ਵਾਂਗੂੰ ਰਹਾਂ। ਉਹਦੇ ਵਾਂਗ ਘੁੰਮਾ ਫਿਰਾਂ, ਜ਼ਿੰਦਗੀ ਦੇ ਰੰਗ ਮਾਣਾਂ ਪਰ ਐਨੀ ਚੰਗੀ ਲੱਕ ਕਿੱਥੋਂ?' ਮਨਦੀਪ ਮੈਨੂੰ ਬੋਲਣ ਦਾ ਤਾਂ ਵਕਤ ਹੀ ਨਹੀਂ ਦਿੰਦੀ।

'ਸਰ! ਲਿੰਡਾ ਕਰੋੜਪਤੀ ਹੈ। ਉਹਦਾ ਤਾਂ ਘਰ ਹੀ ਬੜਾ ਲੰਮਾ ਚੌੜਾ ਹੈਗਾ। ਕਈ ਮਿਲੀਅਨਜ਼ ਦਾ ਹੋਊ। ਪਰ ਵੇਖਲੋ ਇਕੱਲੀ ਰਹੀ ਜਾਂਦੀ। ਘਾਹ ਵੀ ਆਪ ਹੀ ਕੱਟਦੀ ਮਸ਼ੀਨ ਨਾਲ। ਪਲਾਂਟਸ ਦੀ ਦੇਖਭਾਲ ਕਰਦੀ ਐ ਜਾਂ ਸਾਰੀ ਦਿਹਾੜੀ ਪੜ੍ਹਦੀ ਰਹਿੰਦੀ। ਮੈਂ ਤਾਂ ਹੈਰਾਨ ਹਾਂ ਕਿ ਐਨਾ ਪੜ੍ਹ ਕਿਵੇਂ ਲੈਂਦੀ ਐ?'

'ਕੀ ਪੜ੍ਹਦੀ ਹੈ?' ਮੈਂ ਸ਼ੁਕਰ ਕਰਦਾ ਹਾਂ ਕਿ ਮੈਨੂੰ ਵੀ ਤਿੰਨ ਸ਼ਬਦ ਮੂੰਹੋਂ ਕੱਢਣ ਦੀ ਵਿਰਲ ਮਿਲ ਜਾਂਦੀ ਹੈ।

'ਇਹ ਪੁੱਛੋ ਪੜ੍ਹਦੀ ਕੀ ਨਹੀਂ? ਲਿਟਰੇਚਰ, ਹਿਸਟਰੀ, ਸਾਈਕੋਲੋਜੀ-ਸਾਇੰਸ ਜਨਰਲ, ਪੋਲੀਟੀਕਲ ਈਵੈਂਟਸ, ਸਪੋਰਟਸ-ਹਰ ਤਰ੍ਹਾਂ ਦੇ ਵਿਸ਼ੇ ਬਾਰੇ। ਦੁਨੀਆ ਜਹਾਨ ਦੀਆਂ ਪੁਸਤਕਾਂ ਇਕੱਠੀਆਂ ਕਰਨ ਦਾ ਖ਼ਬਤ ਹੈ ਉਹਨੂੰ। ਨਵੀਂ ਪੁਸਤਕ ਪਬਲਿਸ਼ ਪਿੱਛੋਂ ਹੁੰਦੀ ਹੈ-ਲਿੰਡਾ ਆਨਲਾਈਨ ਆਰਡਰ ਪਹਿਲਾਂ ਕਰ ਦਿੰਦੀ। ਸਾਰਾ ਦਿਨ ਜਾਂ ਪੜ੍ਹਦੀ ਹੈ ਜਾਂ ਘੁੰਮਦੀ ਹੈ-ਹੋਰ ਕੰਮ ਵੀ ਕੀ ਉਹਨੂੰ?'

'ਕਿਸ ਨਾਲ ਘੁੰਮਦੀ ਹੈ?' ਮੈਂ ਆਖ ਤਾਂ ਦਿੱਤਾ ਪਰ ਮਹਿਸੂਸ ਹੋਇਆ ਕਿ ਬੜਾ ਬੇਲੋੜਾ ਸਵਾਲ ਕੀਤਾ ਹੈ। ਸ਼ਬਦ ਹੁਣ ਮੂੰਹ 'ਚ ਵਾਪਸ ਥੋੜਾ ਪੈ ਸਕਦੇ ਸਨ?

'ਆਪਣੇ ਬੁਆਏ ਫਰੈਂਡ ਨਾਲ। ਹੋਰ ਕੀਹਦੇ ਨਾਲ ਘੁੰਮਣਾ ਹੋਇਆ?'

'ਬੁਆਏ-?'

'ਉਸਦਾ ਬੁਆਏ ਫਰੈਂਡ ਹੈ ਜੌਹਨ। ਜੌਹਨ ਆਇਰਸ਼ ਨਹੀਂ ਹੈ। ਉਹ ਇੰਗਲੈਂਡ ਦਾ ਹੈ। ਲਿੰਡਾ ਦੱਸਦੀ ਹੁੰਦੀ ਹੈ, 'ਸਾਡੇ ਵੱਡੇ-ਵਡੇਰੇ ਜੌਹਨ ਦੇ ਵੱਡੇ-ਵਡੇਰਿਆਂ ਨਾਲ ਸਦੀਆਂ ਤੱਕ ਲੜਦੇ ਰਹੇ ਨੇ। ਇੰਗਲੈਂਡ ਵਾਲੇ ਆਇਰਲੈਂਡ ਵਾਲਿਆਂ ਨੂੰ ਹਮੇਸ਼ਾਂ ਦਬਾ ਕੇ ਰੱਖਣ ਦਾ ਯਤਨ ਕਰਦੇ ਰਹੇ ਪਰ ਆਇਰਸ਼ ਲੋਕ ਸ਼ੁਰੂ ਤੋਂ ਹੀ ਬਾਗੀ ਸੁਭਾਅ ਦੇ ਰਹੇ ਨੇ। ਅਸੀਂ ਕਿਸੇ ਦੀ ਗੁਲਾਮੀ ਨਹੀਂ ਕਰ ਸਕਦੇ। ਪਰ ਮੈਂ ਤੇ ਜੌਹਨ ਆਪਣੀ ਦੋਸਤੀ 'ਚ ਸਦੀਆਂ ਦੀ ਦੁਸ਼ਮਣੀ ਨੂੰ ਨਹੀਂ ਆਉਣ ਦਿੰਦੇ।' ਸੱਚੀਂ ਸਰ ਲਿੰਡਾ ਬੜੀ ਖੁਸ਼ਮਿਜ਼ਾਜ ਹੈ' ਦੱਸਦਿਆਂ ਹੱਸਣ ਲੱਗਦੀ ਹੈ।

ਮਨਦੀਪ ਦੀ ਗੱਲ ਸੁਣਦਿਆਂ ਮੇਰਾ ਜੀਅ ਤਾਂ ਕੀਤਾ ਕਿ ਉਸਨੂੰ ਪੁੱਛਾਂ, 'ਤੂੰ ਆਪਣੇ ਬਾਰੇ ਦੱਸ। ਤੇਰੇ ਜੌਹਨ ਦਾ ਕੀ ਬਣਿਆ? ਜਾਤੀਵਾਦ ਦੀਆਂ ਹੱਦਾਂ ਟੁੱਟੀਆਂ? ਆਪਣੇ ਜੌਹਨ ਦੇ ਹੱਥਾਂ 'ਚ ਹੱਥ ਪਾਈ ਜ਼ਿੰਦਗੀ ਦੇ ਰਾਹਾਂ 'ਤੇ ਤੁਰੀ ਜਾਨੀ ਏਂ ਕਿ ਨਹੀਂ?' ਪਰ ਮੈਂ ਕੁੱਝ ਨਹੀਂ ਪੁੱਛਦਾ। ਮੈਂ ਉਸ ਦੀਆਂ ਗੱਲਾਂ 'ਚੋਂ ਹੀ ਉਸਦੇ ਜੌਹਨ ਬਾਰੇ ਕਨਸੋਅ ਲੈਣ ਦਾ ਫੈਸਲਾ ਕਰਦਾ ਹਾਂ।

'ਅੱਛਾ! ਫੇਰ ਤਾਂ ਬੜੀ ਮਜ਼ੇਦਾਰ ਜ਼ਿੰਦਗੀ ਗੁਜ਼ਾਰ ਰਹੇ ਨੇ ਦੋਵੇਂ।'

'ਸਰ, ਇਹ ਲੋਕ ਲੱਕ-ਲੁੱਕ ਨੂੰ ਮੰਨਦੇ ਤਾਂ ਹੈਨੀ ਪਰ ਰੀਅਲੀ ਲਿੰਡਾ ਹੈ ਬਹੁਤ ਲੱਕੀ। ਅਸੀਂ ਇੰਡੀਅਨ ਲੋਕ ਤਾਂ ਬੱਸ...।'

'ਹਾਂ! ਤੇਰੀ ਲਿੰਡਾ ਹੈ ਤਾਂ ਲੱਕੀ...।' ਮੈਨੂੰ ਰਸੋਈ 'ਚੋਂ ਖਿਝੀ ਖਪੀ ਪਤਨੀ ਦੇ ਬੁੜ-ਬੁੜ ਕਰਨ ਦੀ ਆਵਾਜ਼ ਸੁਣਾਈ ਦਿੰਦੀ ਹੈ। ਉਸ ਦੇ ਕੰਨ ਮੇਰੇ ਫੋਨ ਵੱਲ ਹੀ ਲੱਗੇ ਹੋਏ ਨੇ। ਮੈਨੂੰ ਪਤਾ ਫੋਨ ਬੰਦ ਹੁੰਦਿਆਂ ਹੀ ਉਸ ਦੇ ਕਈ ਸੁਆਲ ਹੋਣਗੇ-ਕਿਸ ਦਾ ਫੋਨ ਸੀ? ਕਿੱਥੋਂ ਸੀ? ਕੌਣ ਸੀ? ਤੈਨੂੰ ਕਿਵੇਂ ਜਾਣਦੀ ਹੈ? ਕਿਵੇਂ ਫੋਨ ਕੀਤਾ? ਕਿਉਂ ਫੋਨ ਕੀਤਾ? ਵੈਸੇ ਤਾਂ ਸਰਲਾ ਨੇ ਸਾਰੀ ਉਮਰ ਹੀ ਮੈਨੂੰ ਟਿੰਡੀ ਵਾਲੇ ਬੀਅ 'ਤੇ ਚੜ੍ਹਾਈ ਰੱਖਿਆ ਹੈ ਪਰ ਜਿਵੇਂ-ਜਿਵੇਂ ਉਮਰ ਵਧਦੀ ਜਾਂਦੀ ਹੈ, ਉਸਦਾ ਸੁਭਾਅ ਹੋਰ ਵੱਧ ਸ਼ੱਕੀ ਹੁੰਦਾ ਜਾਂਦਾ ਹੈ। ਉਸਦੇ ਅੰਦਰੋਂ ਹਰ ਵੇਲੇ ਪੁਲਸੀਏ ਬਾਪ ਦੀ ਹਰਾਮ ਨਾਲ ਕਮਾਈ ਦੌਲਤ ਹੀ ਬੋਲਦੀ ਰਹੀ। ਮੈਂ ਤਾਂ ਸਾਰੀ ਉਮਰ ਉਸ ਤੋਂ ਪਿੱਛਾ ਛੁਡਾ ਲੈਣ ਬਾਰੇ ਹੀ ਸੋਚਦਾ ਰਿਹਾਂ।

'ਸਰ, ਲਿੰਡਾ ਤੇ ਜੌਹਨ ਜਦੋਂ ਜੀਅ ਕਰੇ ਵਰਲਡ ਟੂਰ 'ਤੇ ਨਿਕਲ ਜਾਂਦੇ ਆ। ਪੂਰੀ ਦੀ ਪੂਰੀ ਦੁਨੀਆ ਗਾਹ ਦਿੱਤੀ ਹੋਣੀ ਉਨ੍ਹਾਂ ਨੇ। ਜਿਵੇਂ ਕਹਿੰਦੇ ਹੁੰਦੇ ਨੇ-ਯਾਰੀ ਪੱਕੀ ਪਰ ਖਰਚਾ ਅੱਧੋ ਅੱਧ। ਜੌਹਨ ਤੇ ਲਿੰਡਾ ਵੀ ਆਪੋ-ਆਪਣਾ ਖਰਚਾ ਕਰਦੇ। ਇੱਕ ਦੂਜੇ 'ਤੇ ਬੋਝ ਨਹੀਂ ਬਣਦੇ।'

'ਕਾਸ਼! ਸਾਨੂੰ ਵੀ ਤੇਰੀ ਲਿੰਡਾ ਵਰਗੀ ਜ਼ਿੰਦਗੀ ਜਿਉਣ ਦਾ ਮੌਕਾ ਮਿਲਦਾ।'

'ਲਿੰਡਾ ਵਰਗੀ ਕਿਸਮਤ ਸਾਰਿਆਂ ਦੀ ਕਿੱਥੇ?' ਮਨਦੀਪ ਦੀ ਆਵਾਜ਼ ਜਿਵੇਂ ਡੂੰਘੇ ਖੂਹ 'ਚੋਂ ਆਈ ਹੋਵੇ।

'ਐਗਜ਼ੈਕਟਲੀ...! ਜਿਹੜਾ ਸ਼ੇਅਰ ਹੈ ਨਾ-ਕਭੀ ਕਿਸੀ ਕੋ ਮੁਕੰਮਲ ਜਹਾਂ ਨਹੀਂ ਮਿਲਤਾ। ਨਿਦਾ ਫਾਜ਼ਲੀ ਨੇ ਸਾਡੇ ਵਰਗੇ ਲੋਕਾਂ ਵਾਸਤੇ ਹੀ ਲਿਖਿਆ ਹੈ।'

'ਹਾਂ ਕੁਮਾਰ ਸਰ! ਮੇਰੇ ਵਰਗੇ ਦੇ ਤਾਂ ਜਹਾਨ ਦੀ ਨਿੱਕੀ ਮੋਟੀ ਕੰਨੀ ਵੀ ਹੱਥ ਨਹੀਂ ਆਉਂਦੀ।' ਉਸ ਦੀ ਆਵਾਜ਼ ਤੋਂ ਅੰਦਾਜ਼ਾ ਲਾਇਆ, ਉਹ ਅੰਦਰ-ਅੰਦਰ ਰੋ ਰਹੀ ਸੀ।

'ਕੁਮਾਰ ਸਰ! ਮੈਂ ਕੱਲ੍ਹ ਨੂੰ ਏਸੇ ਵਕਤ ਫੋਨ ਕਰੂੰ।' ਉਸਦਾ ਫੋਨ ਬੰਦ ਹੋਣ ਦੀ ਦੇਰ ਸੀ ਕਿ ਪਤਨੀ ਦੀ ਗਰਜ ਸੁਣਾਈ ਦਿੱਤੀ।

'ਰੋਟੀ ਲਿਆਵਾਂ?' ਸਰਲਾ ਨੇ ਕਿਹਾ ਤਾਂ ਇੰਨਾ ਹੀ, ਪਰ ਜਿਸ ਤਰ੍ਹਾਂ ਕਿਹਾ, ਉਸ ਦਾ ਭਾਵ, 'ਜੇ ਰਾਮਾਇਣ ਖ਼ਤਮ ਹੋ ਗਈ ਤਾਂ ਰੋਟੀ ਲਿਆਵਾਂ' ਵਾਲਾ ਹੀ ਸੀ।

'ਬਾਹਰੋਂ ਵਿਦੇਸ਼ ਤੋਂ ਫੋਨ ਸੀ, ਮਨਦੀਪ ਦਾ। ਬਹੁਤ ਵਰ੍ਹੇ ਪਹਿਲਾਂ ਉਸਦੀਆਂ ਚਿੱਠੀਆਂ ਆਉਂਦੀਆਂ ਹੁੰਦੀਆਂ ਸਨ ਬਤੌਰ ਪਾਠਕ। ਆਪਣੇ ਆਪ ਨੂੰ ਮਨਦੀਪ ਰੂਹੀ ਲਿਖਦੀ ਹੁੰਦੀ ਸੀ। ਹੁਣ ਕਿੰਨੇ ਵਰ੍ਹਿਆਂ ਬਾਅਦ ਉਸਨੇ ਦੁਬਾਰਾ ਸੰਪਰਕ ਜੋੜਿਆ। ਬੜੀ ਚੰਗੀ ਤੇ ਸਾਊ ਕੁੜੀ।' ਮੈਂ ਉਸ ਦੇ ਬਿਨਾਂ ਪੁੱਛਿਆਂ ਹੀ ਸਫਾਈ ਦੇਣ ਲੱਗਾ।

'ਮੈਂ ਰੋਟੀ ਲਿਆਈ ਹੱਥ ਧੋ ਲੋ। ਕੀ ਪਤਾ ਅੰਦਰੋਂ-ਬਾਹਰੋਂ ਹੋਰ ਕਿਹੜੀ ਰੂਹ ਅਫਜ਼ਾ ਦਾ ਫੋਨ ਆਜੇ?' ਮੇਰੀ ਸਫਾਈ ਨੇ ਜਿਵੇਂ ਪਤਨੀ ਨੂੰ ਸੰਤੁਸ਼ਟ ਨਹੀਂ ਸੀ ਕੀਤਾ।

ਅਗਲੇ ਦਿਨ ਦਿੱਤੇ ਵਕਤ ਤੋਂ ਪਹਿਲਾਂ ਹੀ ਮਨਦੀਪ ਦਾ ਫੋਨ ਆ ਗਿਆ।

'ਹਾਂ ਵ੍ਹੀ ਮਨਦੀਪ, ਸੁਣਾ ਕੀ ਹਾਲ ਹੈ ਤੇਰੀ ਲਿੰਡਾ ਮੈਡਮ ਦਾ?' ਮੇਰਾ ਸੁਆਲ ਅਜੇ ਪੂਰਾ ਵੀ ਨਹੀਂ ਸੀ ਹੋਇਆ ਕਿ ਮਨਦੀਪ ਮਸ਼ੀਨ ਵਾਂਗ ਬੋਲਣਾ ਸ਼ੁਰੂ ਕਰਦੀ ਹੈ।

'ਕੁਮਾਰ ਸਰ! ਸ਼ਾਇਦ ਉਸ ਦਿਨ ਮੈਂ ਦੱਸਣਾ ਭੁੱਲ ਹੀ ਗਈ। ਲਿੰਡਾ ਨੇ ਸਾਲ ਕੁ ਪਹਿਲਾਂ ਇੱਕ ਬੱਚੀ ਗੋਦ ਲੈ ਲਈ ਸੀ। ਕਿਸੇ ਅਫਰੀਕਨ ਦੇਸ਼ 'ਚੋਂ ਹੈ। ਘੁੰਗਰਾਲੇ ਵਾਲਾਂ ਵਾਲੀ ਸ਼ਾਹ ਰੰਗ ਵਾਲੀ ਕਾਲੀ ਕੁੜੀ। ਲਿੰਡਾ ਬੜੀ ਖੁਸ਼ ਹੈ ਬੇਟੀ ਨਾਲ। ਉਸੇ ਨਾਲ ਰੁੱਝੀ ਰਹਿੰਦੀ ਹੈ। ਆਪਣੇ ਆਪ ਨੂੰ 'ਕੁਆਰੀ ਮਾਂ' ਆਖ ਕੇ ਖੂਬ ਹੱਸਦੀ ਹੈ। ਵੇਖਲੋ ਸਰ ਕਾਲੀ ਕੁੜੀ ਦੀ ਕਿਸਮਤ। ਪਤਾ ਨਹੀਂ ਕਿਸ ਗਰੀਬ ਘਰ ਦੀ ਹੋਵੇਗੀ। ਲਿੰਡਾ ਦੀ ਮੌਤ ਬਾਅਦ ਉਸਨੇ ਮਿਲੀਅਨ ਬਿਲੀਅਨ ਦੀ ਜਾਇਦਾਦ ਦੀ ਮਾਲਕ ਬਣ ਜਾਣੈ।'

'ਕਿਸੇ ਦੀ ਕਿਸਮਤ ਦਾ ਕੋਈ ਸ਼ਰੀਕ ਨਹੀਂ ਹੁੰਦਾ। ਸਾਨੂੰ ਕੀ ਮਿਲਣਾ, ਕਦੋਂ ਮਿਲਣਾ ਤੇ ਕਿੰਨਾ ਮਿਲ ਜਾਣਾ-ਕੋਈ ਨਹੀਂ ਜਾਣਦਾ ਹੁੰਦਾ।' ਮੈਂ ਆਦਤ ਦੇ ਉਲਟ ਅਧਿਆਤਮਵਾਦੀ ਭਾਸ਼ਨ ਝਾੜ ਦਿੰਦਾ ਹਾਂ।

'ਲਿੰਡਾ ਆਪਣੀ ਬੱਚੀ ਨੂੰ 'ਮਾਈ ਯੂਨੀਵਰਸ' ਆਖਦੀ ਹੈ। ਬੜੀ ਚੰਗੀ ਲੱਗਦੀ ਹੈ ਇੰਜ ਕਹਿੰਦਿਆਂ। ਮੈਂ ਸੋਚਣ ਲੱਗਦੀ ਹਾਂ-ਮੇਰਾ ਯੂਨੀਵਰਸ ਕਿਹੜਾ ਹੈ?'

'ਲਿੰਡਾ ਸਹੀ ਆਖਦੀ ਹੈ।'

ਮੈਂ ਜਵਾਬ ਦੇਣ ਲਈ ਹੀ ਜਵਾਬ ਦਿੱਤਾ। ਉਂਜ ਪਤਾ ਨਹੀਂ ਲੱਗਦਾ ਕਿ ਮਨਦੀਪ ਦਾ ਕੀ ਜੁਆਬ ਦਿਆਂ? ਉਹ ਐਹੋ ਜਿਹੀਆਂ ਗੱਲਾਂ ਕਿਉਂ ਕਰੀ ਜਾਂਦੀ ਸੀ? ਉਸ ਦਾ ਪਤੀ? ਪਰਿਵਾਰ? ਬੱਚੇ? ਘਰ-ਬਾਰ? ਮੈਨੂੰ ਕੁੱਝ ਵੀ ਸਮਝ ਨਹੀਂ ਲੱਗਦੀ।

'ਕੀ ਤੂੰ ਵੀ ਲਿੰਡਾ ਵਾਂਗ ਇਕੱਲੀ ਰਹਿੰਦੀ ਏਂ?'

'ਰਹਿੰਦੀ ਤਾਂ ਪਤੀ ਨਾਲ ਹਾਂ...ਪਰ ਇਕੱਲੀ ਹਾਂ।' ਉਹ ਲੰਬਾ ਹਓਕਾ ਭਰਦੀ ਹੈ। ਮੈਂ ਬੈੱਡ ਰੂਮ 'ਚ ਅੱਧ ਲੇਟੀ ਪਤਨੀ ਵੱਲ ਚੋਰ ਅੱਖ ਨਾਲ ਵੇਖਦਿਆਂ ਆਪਣੇ ਅੰਦਰਲਾ ਹਓਕਾ ਅੰਦਰੇ ਘੁੱਟ ਲੈਂਦਾ ਹਾਂ।

'ਮੈਂ ਤਾਂ ਪਿਛਲੇ ਪੱਚੀ ਵਰਿਆਂ ਤੋਂ ਗਿੱਲੀ ਲੱਕੜ ਵਾਂਗ ਧੁਖੀ ਹਾਂ। ਹੁਣ ਵੀ ਧੁਖੀ ਜਾਂਦੀ ਹਾਂ।' ਮਨਦੀਪ ਦੇ ਲੰਬਾ ਸਾਹ ਲੈਣ ਦੀ ਆਵਾਜ਼ ਆਉਂਦੀ ਹੈ।


'ਸਾਡੀ ਉਮਰ ਦਾ ਅੱਧੋ-ਅੱਧ ਦਾ ਫਰਕ ਹੈ। ਹਰੀਸ਼ ਕੰਮ ਤੋਂ ਬਹੁਤ ਪਹਿਲਾਂ ਦਾ ਰਿਟਾਇਰ ਹੋ ਚੁੱਕਾ ਹੈ। ਬੇਥਾਹ ਧਨ ਦੌਲਤ ਹੈ। ਕਿੰਨੇ ਸਾਰੇ ਅਪਾਰਟਮੈਂਟ ਨੇ। ਵੱਡੇ ਵੱਡੇ ਘਰ ਨੇ। ਕਈ ਸਟੋਰ ਨੇ। ਅੰਨ੍ਹੀ ਜਾਇਦਾਦ ਹੈ। ਮੇਰੇ ਨਾਂ ਵੀ ਬਥੇਰੀ ਜਾਇਦਾਦ ਕੀਤੀ ਹੋਈ ਪਰ...।' ਮੇਰੇ ਵਲੋਂ ਕੋਈ ਸਵਾਲ ਨਾ ਕੀਤੇ ਜਾਣ 'ਤੇ ਉਹ ਆਪ ਹੀ ਅੱਗੇ ਦੱਸਣ ਲੱਗਦੀ ਹੈ।

'ਸਾਡੇ 'ਚ ਕੁੱਝ ਵੀ ਤਾਂ ਐਹੋ ਜਿਹਾ ਹੈਨੀ ਜਿਸ ਆਸਰੇ ਜ਼ਿੰਦਗੀ ਜਿਉਣ ਨੂੰ ਜੀਅ ਕਰੇ। ਉਸਦੀ ਉਮਰ ਬਿਰਧ ਆਸ਼ਰਮ ਜਾਣ ਵਾਲੀ ਹੈ।'

'ਤੇਰੇ ਦੇਸ਼ 'ਚ ਤਾਂ ਤਲਾਕ ਆਮ ਗੱਲ ਹੈ...ਮੈਂ ਸਮਝਦਾਂ, ਸਾਰਿਆਂ ਨੂੰ ਲਿੰਡਾ ਵਾਂਗ ਆਪਣੀਆਂ ਸ਼ਰਤਾਂ 'ਤੇ ਹੀ ਜ਼ਿੰਦਗੀ ਜਿਉਣੀ ਚਾਹੀਦੀ ਹੈ।' ਮੈਨੂੰ ਆਪਣੇ ਕੋਰੇ ਝੂਠੇ ਪ੍ਰਵਚਨ 'ਤੇ ਸ਼ਰਮ ਆਉਣ ਲੱਗਦੀ ਹੈ। ਮੇਰਾ ਜੀਅ ਤਾਂ ਕੀਤਾ ਉਸ ਨੂੰ ਆਖਾਂ, ਤੇਰੇ ਨਾਲੋਂ ਤਾਂ ਮੇਰੇ ਪਿੰਡ ਦੀ ਅਨਪੜ੍ਹ ਔਰਤ ਜੀਤੋ ਕਿਤੇ ਦਲੇਰ ਤੇ ਸਿਆਣੀ ਹੈ ਜਿਸਦੇ ਮਾਪਿਆਂ ਨੇ ਉਸ ਨੂੰ ਪੈਸੇ ਲੈ ਕੇ ਦੁੱਗਣੀ ਉਮਰ ਦੇ ਨਿੱਕੇ ਨਾਲ ਤੋਰ ਦਿੱਤਾ ਸੀ ਪਰ ਇੱਥੇ ਆ ਕੇ ਉਸ ਨੇ ਵਲਗਣਾਂ ਤੋੜ ਕੇ ਨਿੱਕੇ ਦੇ ਸਭ ਤੋਂ ਛੋਟੇ ਭਰਾ ਤੇ ਆਪਣੇ ਹਾਣੀ ਪੰਮੇ ਨਾਲ ਰਹਿਣਾ ਸ਼ੁਰੂ ਕਰ ਦਿੱਤਾ ਸੀ। ਜੀਤੋ ਨੂੰ ਹੁਣ ਕੋਈ ਵੀ 'ਨਿੱਕੇ ਵਾਲੀ' ਨਹੀਂ ਆਖਦਾ ਸਗੋਂ

***(ਬਾਕੀ ਅਗਲੇ ਸਫੇ 'ਤੇ)***

# ਊੜੇ-ਐੜੇ ਵਾਲਾ ਕਾਇਦਾ



ਇੰਦਰਜੀਤ ਚੁਗਾਵਾਂ

ਗੱਲ ਤਾਂ ਕੁਝ ਵੀ ਨਹੀਂ ਸੀ, ਘੱਟੋ-ਘੱਟ ਮੇਰੇ ਵਾਸਤੇ ਤਾਂ ਕੋਈ ਖਾਸ ਗੱਲ ਨਹੀਂ ਸੀ ਪਰ ਇਸ ਘਟਨਾ ਨੇ ਆਪਣਿਆਂ ਦੀ ਜ਼ਹਿਨੀਅਤ ਬਾਰੇ ਸੋਚਣ ਲਈ ਮਜਬੂਰ ਜ਼ਰੂਰ ਕਰ ਦਿੱਤਾ ਸੀ ਤੇ ਮੈਂ ਕਾਫ਼ੀ ਦੇਰ ਨਾਪ-ਤੋਲ 'ਚ ਜੁਟਿਆ ਰਿਹਾ ਕਿ ਸਭ ਤੋਂ ਪੁਰਾਣੀ ਸੱਭਿਅਤਾ ਦਾ ਦਮ ਭਰਨ ਵਾਲੇ ਅਸੀਂ ਲੋਕ ਕਿੱਥੇ ਖੜ੍ਹੇ ਹਾਂ।

ਇਨਸਾਨ ਦੀ ਜ਼ਹਿਨੀਅਤ ਉਸ ਦਾ ਆਲਾ-ਦੁਆਲਾ ਤੈਅ ਕਰਦਾ ਹੈ। ਜਦ ਉਹ ਫੁੱਲਾਂ ਸੰਗ ਰਹੇਗਾ, ਉਸ ਦਾ ਮਿਜ਼ਾਜ ਕੋਮਲ ਹੋਣਾ ਤੈਅ ਹੈ। ਪੱਥਰ-ਲੋਹੇ ਨਾਲ ਰੋਜ਼ਾਨਾ ਘੁਲਣ ਵਾਲਾ ਮਨੁੱਖ ਸਖ਼ਤ ਜਾਨ ਹੋ ਜਾਂਦਾ ਹੈ। ਹਸਪਤਾਲ 'ਚ ਕੰਮ ਕਰਦੇ ਮੁਲਾਜ਼ਮ ਲਈ ਕਿਸੇ ਇਨਸਾਨ ਦੀ ਮੌਤ ਆਮ ਗੱਲ ਹੋ ਜਾਂਦੀ ਹੈ। ਜਦ ਤੁਹਾਡੇ ਦੁਆਲੇ ਨਿੱਤ ਦਿਨ ਹਾਦਸੇ ਵਾਪਰਦੇ ਰਹਿੰਦੇ ਹਨ ਤਾਂ ਤੁਸੀਂ ਥੱਕ ਹਾਰ ਕੇ 'ਹਊ ਪਰੇ' ਕਰਨ ਲੱਗ ਜਾਂਦੇ ਓ! ਐਪਰ ਇਸ ਦਾ ਅਰਥ ਇਹ ਨਹੀਂ ਹੁੰਦਾ ਕਿ ਤੁਹਾਡੇ ਅੰਦਰਲਾ ਇਨਸਾਨ ਮਰ-ਮੁੱਕ ਗਿਆ ਹੈ। ਉਹ ਜਿਊਂਦਾ ਹੁੰਦੈ, ਲੋੜ ਉਸ ਨੂੰ ਜਗਾਉਣ ਦੀ ਹੁੰਦੀ ਹੈ। ਲੋੜ ਉਸ ਨੂੰ ਬਚਾ ਕੇ ਰੱਖਣ ਦੀ ਹੁੰਦੀ ਹੈ ਤੇ ਇਹ ਕੋਈ ਸੌਖਾ ਕੰਮ ਨਹੀਂ, ਬਹੁਤ ਟੇਢਾ ਕਾਰਜ ਹੈ। ਤੁਹਾਡੇ ਆਲੇ-ਦੁਆਲੇ ਸਿਰਜਿਆ ਮਾਹੌਲ ਤੁਹਾਡੀਆਂ ਸੰਵੇਦਨਾਵਾਂ ਨੂੰ ਖਤਮ ਕਰਨ 'ਤੇ ਤੁਲਿਆ ਹੁੰਦੈ। ਤੁਸੀਂ ਇਸ ਗੁੱਝੇ ਹਮਲੇ ਤੋਂ ਕਿਵੇਂ ਬਚਣਾ ਹੈ, ਇਸ ਦੇ ਢੰਗ-ਤਰੀਕੇ ਤੁਹਾਨੂੰ ਖ਼ੁਦ ਲੱਭਣੇ ਪੈਂਦੇ ਹਨ।

ਗੱਲ ਪਿਛਲੇ ਦਿਨਾਂ ਦੀ ਹੈ। ਮੈਂ ਮਨਟਿਕਾ (ਕੈਲੀਫੋਰਨੀਆ ਦਾ ਇਕ ਸ਼ਹਿਰ) ਗਿਆ ਹੋਇਆ ਸਾਂ ਲੋਡ ਲੈ ਕੇ। ਕੰਪਲੈਕਸ ਬਹੁਤ ਵੱਡਾ ਸੀ। ਟਰੱਕ ਪਾਰਕਿੰਗ ਪੂਰਬ-ਪੱਛਮ ਵਾਲੇ ਪਾਸੇ ਸੀ। ਓਥੇ ਟਰੱਕ ਪਾਰਕ ਕਰ ਕੇ ਚੈੱਕ-ਇਨ ਵਾਸਤੇ ਕਾਫ਼ੀ ਦੂਰ ਸਥਿਤ ਦਫਤਰ ਤੁਰ ਕੇ ਜਾਣਾ ਪੈਣਾ ਸੀ। ਸਮੇਂ ਦੀ ਬੱਚਤ ਲਈ ਮੂੰਹ 'ਤੇ ਮਾਸਕ ਪਾ ਕੇ, ਛੋਹਲੇ ਕਦਮੀਂ ਪੈਦਲ ਚੱਲਣ ਲਈ ਬਣੀ ਪੱਟੀ ਦੀ ਵਰਤੋਂ ਕਰਦਿਆਂ ਆਪਣੇ ਧਿਆਨ ਜਾ ਰਿਹਾ ਸਾਂ ਕਿ ਅਚਾਨਕ ਇਕ ਕਾਰ ਮੇਰੇ ਬਿਲਕੁਲ ਨਾਲ ਦੀ ਹੋ ਕੇ ਲੰਘੀ। ਮੈਂ ਸੋਚਿਆ ਕਿ ਗਲਤੀ ਮੇਰੀ ਸੀ, ਮੈਨੂੰ ਦੇਖ ਕੇ ਤੁਰਨਾ ਚਾਹੀਦਾ ਸੀ। ਏਨੇ ਨੂੰ ਕਾਰ ਚਾਲਕ ਨੇ ਬ੍ਰੇਕ ਮਾਰੀ। ਵਿਚੋਂ ਉਤਰ ਕੇ ਉਹ ਮੇਰੇ ਵੱਲ ਆਉਣ ਲੱਗਾ। ਮੈਂ ਸੋਚਿਆ ਕਿ ਮੇਰੇ ਗਲ਼ ਪਵੇਗਾ ਕਿ ਕਿੱਧਰ ਮੂੰਹ ਚੁੱਕਿਆ ਤੇਰਾ, ਦੇਖ ਕੇ ਨਹੀਂ ਤੁਰ ਹੁੰਦਾ। ਅਜਿਹੇ ਮੌਕੇ ਆਪਾਂ ਸਭ ਅਜਿਹੇ ਦ੍ਰਿਸ਼ ਦੀ ਆਸ ਹੀ ਕਰ ਸਕਦੇ ਹਾਂ। ਕਾਰ ਵਾਲਾ ਸਾਈਕਲ ਸਵਾਰ ਦੇ ਗਲ਼ ਹੀ ਪਵੇਗਾ, ਗਲਤੀ ਭਾਵੇਂ ਖ਼ੁਦ ਉਸੇ ਦੀ ਹੋਵੇ। ਗੱਲ ਔਕਾਤ ਦੀ ਹੁੰਦੀ ਹੈ, ਕਾਰ ਸਵਾਰ ਅੱਗੇ ਆਮ ਬੰਦੇ ਦੀ ਕੀ ਔਕਾਤ! ਮੈਂ ਆਪਣੇ ਆਪ ਨੂੰ ਹਾਲਾਤ ਦਾ ਸਾਹਮਣਾ ਕਰਨ ਲਈ ਤਿਆਰ ਕਰ ਰਿਹਾ ਸੀ। ਸੋਚਿਆ, ਗੁਜ਼ਾਰੇ ਯੋਗ ਅੰਗਰੇਜ਼ੀ ਆਉਂਦੀ ਐ, ਡਰਨ ਦੀ ਕੀ ਲੋੜ ਐ! ਪਰ ਇਹ ਕੀ! ਤਸਵੀਰ ਅਸਲੋਂ ਵੱਖਰੀ ਸੀ।



ਕੋਟ-ਪੈਂਟ ਵਾਲਾ ਇਕ ਬਨਦਾ-ਫੱਬਦਾ ਮਨੁੱਖ ਮੇਰੇ ਅੱਗੇ ਇਕ ਹੱਥ ਛਾਤੀ 'ਤੇ ਰੱਖ ਕੇ ਲਿਫਿਆ ਖੜ੍ਹਾ ਸੀ। ਕਾਰ 'ਚੋਂ ਉੱਤਰ ਕੇ ਇਕ ਸੋਹਣੀ ਸੁਨੱਖੀ ਬੀਬੀ ਵੀ ਉਸ ਨਾਲ ਉਸੇ ਮੁਦਰਾ 'ਚ ਆ ਖੜੋਈ ਸੀ। ਮੈਂ ਸਗੋਂ ਉਨ੍ਹਾਂ ਨੂੰ ਕਹਿ ਰਿਹਾ ਸਾਂ, 'ਨੋ ਨੋ ਸਰ, ਇਟ ਵਾਜ਼ ਮਾਈ ਫ਼ਾਲਟ ... ਕੁੱਡ ਨਾਟ ਨੋਟਿਸ ਯੂਅਰ ਕਾਰ!" ਪਰ ਉਹ ਦੋਵੇਂ ਫੇਰ ਵੀ ਵਾਰ-ਵਾਰ ਮੈਥੋਂ ਮੁਆਫ਼ੀ ਮੰਗ ਰਹੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਕਾਰ 'ਚ ਸਨ ਤੇ ਇਕ ਪੈਦਲ ਵਿਅਕਤੀ ਦੀ ਸੁਰੱਖਿਆ ਉਨ੍ਹਾਂ ਦੀ ਜ਼ਿੰਮੇਵਾਰੀ ਸੀ! ਮੈਂ ਉਨ੍ਹਾਂ ਨੂੰ ਇਹ ਕਹਿ ਕੇ ਸ਼ਾਂਤ ਕੀਤਾ ਕਿ ਇਹ ਕੋਈ ਵੱਡਾ ਮਸਲਾ ਨਹੀਂ, ਉਹ ਆਰਾਮ ਨਾਲ ਜਾ ਸਕਦੇ ਹਨ। ਮੇਰਾ ਸਾਰਾ ਧਿਆਨ ਜਲਦੀ ਤੋਂ ਜਲਦੀ ਚੈੱਕ-ਇਨ ਕਰਵਾ ਕੇ ਸਮਾਂ ਬਚਾਉਣ ਵੱਲ ਸੀ। ਉਹ ਖੁਸ਼ ਸਨ ਕਿ ਮੈਂ ਉਨ੍ਹਾਂ ਨੂੰ ਮੁਆਫ ਕਰ ਦਿੱਤਾ ਹੈ।

ਜਦ ਮੈਂ ਚੈੱਕ-ਇਨ ਕਰਵਾ ਕੇ ਦਫਤਰ 'ਚੋਂ ਵਾਪਸ ਪੌੜੀਆਂ ਉੱਤਰਿਆ ਤਾਂ ਉੱਥੇ ਬੈਠਾ ਕੰਪਨੀ ਮੁਲਾਜ਼ਮ ਮੈਨੂੰ ਕਹਿਣ ਲੱਗਾ ਕਿ ਤੂੰ ਖੁਸ਼ਕਿਸਮਤ ਰਿਹਾ ਕਿ ਬਚ ਗਿਆ। ਮੈਂ ਫੇਰ ਕਿਹਾ ਕਿ ਇਹ ਕੋਈ ਵੱਡੀ ਗੱਲ ਨਹੀਂ। ਉਸ ਕੋਲ਼ੋਂ ਮੈਨੂੰ ਪਤਾ ਲੱਗਾ ਕਿ ਕਾਰ ਸਵਾਰ ਉਸ ਕੰਪਨੀ ਦਾ ਕੋਈ ਸੀਨੀਅਰ ਅਫਸਰ ਸੀ। ਅਹੁਦਾ ਉਸ ਨੇ ਦੱਸਿਆ ਸੀ ਪਰ ਮੈਨੂੰ ਯਾਦ ਨਹੀਂ ਰਿਹਾ।

ਮੈਂ ਆਪਣੇ ਟਰੱਕ 'ਚ ਆ ਕੇ ਲੰਮਾ ਪੈ ਗਿਆ ਤੇ ਵਾਪਰੀ ਇਸ ਘਟਨਾ ਬਾਰੇ ਸੋਚਣ ਲੱਗਾ। ਸੋਚਾਂ ਦੀ ਤੰਦ ਗੁਰੂ ਨਾਨਕ ਚੌਕ ਜਲੰਧਰ ਤਕ ਚਲੇ ਗਈ। ਤਕੜਾ ਜਾਮ ਲੱਗਾ ਹੋਇਆ ਸੀ। ਦੂਸਰੇ ਨੂੰ ਮਿੱਧ ਕੇ ਆਪਣਾ ਰਾਹ ਪੱਧਰਾ ਕਰਨ ਦੀ ਭਾਵਨਾ ਹਾਲਾਤ ਨੂੰ ਹੋਰ ਵੀ ਪੇਚੀਦਾ ਬਣਾ ਰਹੀ ਸੀ। ਆਪਣੇ ਮੋਟਰ ਸਾਈਕਲ 'ਤੇ ਇਕ ਪਾਸੇ ਖੜ੍ਹੇ ਹੋਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਸੀ। ਅਚਾਨਕ ਇੱਕ ਐੱਸ.ਯੂ.ਵੀ. ਨੇ ਮੈਨੂੰ ਟੱਕਰ ਮਾਰ ਦਿੱਤੀ ਤੇ ਮੋਟਰ ਸਾਈਕਲ ਡਿੱਗ ਪਿਆ। ਮੈਂ ਕਿਉਂਕਿ ਖੜ੍ਹਾ ਸੀ, ਇਸ ਲਈ ਸੱਟ ਲੱਗਣ ਦਾ ਤਾਂ ਸੁਆਲ ਈ ਨਹੀਂ ਸੀ। ਮੈਂ ਦੇਖਿਆ ਕਿ ਇਕ ਅਮੀਰਜ਼ਾਦਾ ਆਪਣੀ ਨਵ-ਵਿਆਹੀ ਨਾਲ ਬੈਠਾ ਮੇਰੇ ਵੱਲ ਹਿਕਾਰਤ ਭਰੀ ਨਜ਼ਰ ਨਾਲ ਦੇਖ ਰਿਹਾ ਸੀ। ਏਥੇ ਈ ਬਸ ਨਹੀਂ, ਉਹ ਹੌਲੀ-ਹੌਲੀ ਆਪਣੀ ਗੱਡੀ ਦਾ ਦਬਾਅ ਮੇਰੇ ਮੋਟਰਸਾਈਕਲ 'ਤੇ ਵਧਾਈ ਜਾ ਰਿਹਾ ਸੀ।

ਗੱਲ ਜਲਦੀ ਮੇਰੀ ਸਮਝ 'ਚ ਆ ਗਈ। ਉਸ ਦੀ ਨਜ਼ਰ 'ਚ ਮੈਂ ਇਕ ਪੇਂਡੂ ਅਨਪੜ੍ਹ ਸੀ, ਜੋ ਸ਼ਹਿਰ ਦੁੱਧ ਵੇਚਣ ਆਇਆ ਹੋਇਐ। ਮੇਰੇ ਮੋਟਰ ਸਾਈਕਲ ਨਾਲ ਟੰਗੀ ਦੁੱਧ ਵਾਲੀ ਕੇਨੀ ਉਲਟ ਗਈ ਸੀ ਤੇ ਸਾਰਾ ਦੁੱਧ ਵਾਹਨਾਂ ਨਾਲ ਹਫੀ ਪਈ ਸੜਕ ਦਾ ਮੂੰਹ ਥੰਦਾ-ਤਰ ਕਰ ਰਿਹਾ ਸੀ। ਮੇਰੇ ਲਈ ਇਹ ਕੇਵਲ ਦੁੱਧ ਨਹੀਂ ਸੀ! ਇਹ ਮੇਰੀ ਹਮਸਫ਼ਰ ਪੰਮ ਦੇ ਪਸੀਨੇ ਦੀ ਪੈਦਾਵਾਰ ਸੀ! ਪਰਛਾਵੇਂ ਵਾਂਗ ਮੱਝਾਂ-ਗਾਂਵਾਂ ਦੇ ਨਾਲ ਰਹਿ ਕੇ, ਉਨ੍ਹਾਂ ਦੀ ਦੇਖਭਾਲ ਕਰ ਕੇ ਬਾਲ਼ਟੀ ਦਾ ਸ਼ਿੰਗਾਰ ਬਣੇ ਦੁੱਧ ਦੀ ਕੀਮਤ ਇੱਕ ਪਸ਼ੂ-ਪਾਲਕ ਈ ਜਾਣਦੈ। ਦੂਸਰੇ ਲੋਕ ਸਿਰਫ ਦੁੱਧ ਦੀ ਕੁਆਲਟੀ ਤੇ ਕੀਮਤ ਈ ਜਾਣ ਸਕਦੇ ਹਨ।

ਮੇਰੀ ਮਦਦ ਲਈ ਬਹੁੜੇ ਆਸ-ਪਾਸ ਖੜ੍ਹੇ ਦੋ-ਚਾਰ ਨੌਜਵਾਨਾਂ ਨੇ ਮੈਨੂੰ ਕਿਹਾ, 'ਅੰਕਲ, ਤੂੰ ਇਛਾਰਾ ਤਾਂ ਕਰ..!" ਪਰ ਨਹੀਂ, ਮੈਂ ਹੰਗਾਮਾ ਨਹੀਂ ਸੀ ਚਾਹੁੰਦਾ। ਲੋਕ ਪਹਿਲਾਂ ਈ ਜਾਮ ਨੇ ਪ੍ਰੇਸ਼ਾਨ ਕਰ ਰੱਖੇ ਸਨ ਪਰ ਇਹ ਹੈਂਕੜਬਾਜ਼ ਸੁੱਕਾ ਚਲੇ ਜਾਵੇ, ਇਹ ਵੀ ਨਹੀਂ ਸੀ ਚਾਹੁੰਦਾ। ਮੋਟਰ ਸਾਈਕਲ ਉਨ੍ਹਾਂ ਨੌਜਵਾਨਾਂ ਨੇ ਸਾਂਭ ਲਿਆ। ਮੈਂ ਬਿਨ ਭੜਕਾਹਟ ਉਸ ਅਮੀਰਜ਼ਾਦੇ ਕੋਲ ਗਿਆ ਤੇ ਜੇਬ 'ਚੋਂ ਆਪਣਾ ਸ਼ਨਾਖ਼ਤੀ ਕਾਰਡ ਕੱਢ ਕੇ ਉਸ ਦੀ ਨਵ-ਵਿਆਹੀ ਦੇ ਹੱਥ ਦੇ ਕੇ ਪਿੱਛੇ ਹੋ ਗਿਆ। ਉਸ ਨੇ ਸ਼ਨਾਖ਼ਤੀ ਕਾਰਡ ਆਪਣੇ ਪਤੀ ਸਾਹਿਬ ਅੱਗੇ ਕਰ ਦਿੱਤਾ ਤੇ ਕੰਨ ਫੜ ਕੇ ਬੈਠ ਗਈ। ਕੋਈ ਕੁੜਤਾ-ਪਜਾਮਾ ਧਾਰੀ, ਇਕ ਪੇਂਡੂ ਜਿਹਾ ਕਿਸੇ ਅਖਬਾਰ ਦਾ ਸਮਾਚਾਰ ਸੰਪਾਦਕ ਵੀ ਹੋ ਸਕਦੈ, ਇਹ ਗੱਲ ਉਸ ਦੇ ਸੁਪਨੇ 'ਚ ਵੀ ਨਹੀਂ ਆਈ ਹੋਣੀ।

ਪੈਂਟ-ਕਮੀਜ਼ ਮੇਰੀ ਪਹਿਲੀ ਪਸੰਦ ਨਹੀਂ। ਮੈਂ ਕੁੜਤੇ-ਪਜਾਮੇ 'ਚ ਵਧੇਰੇ ਸਹਿਜ ਮਹਿਸੂਸ ਕਰਦਾ ਹਾਂ। ਪੈਂਟ-ਕਮੀਜ਼ ਸਰਦੀਆਂ ਦੇ ਮੌਸਮ 'ਚ ਈ ਪਹਿਨੀ ਦੀ ਸੀ। 'ਨਵਾਂ ਜ਼ਮਾਨਾ' ਆਉਣ ਲੱਗੇ ਆਪਣੇ ਦੋਸਤ ਲਾਭ ਸਿੰਘ ਵਾਸਤੇ ਪਿੰਡੋਂ ਦੁੱਧ ਲੈ ਆਉਣਾ ਕਿਉਂਕਿ ਖ਼ਾਲਸ ਦੁੱਧ ਸ਼ਹਿਰ 'ਚ ਭਾਲਿਆਂ ਨਹੀਂ ਮਿਲਦਾ। ਜਦ ਸੁਸ਼ੀਲ-ਕਮਲ ਦੁਸਾਂਝ ਜਲੰਧਰ ਰਹਿੰਦੇ ਸਨ, ਉਨ੍ਹਾਂ ਨੂੰ ਵੀ ਮੈਂ ਦੁੱਧ ਲਿਆ ਕੇ ਦਿੰਦਾ ਸੀ। ਲਾਭ ਸਿੰਘ ਦੇ ਨਾਲ ਦੇ ਘਰ 'ਚ ਜਾਗਰਣ ਵਾਲਾ ਰਿਸ਼ੀ ਨਾਗਰ ਰਹਿੰਦਾ ਸੀ। ਉਸ ਨੇ ਮਜ਼ਾਕ 'ਚ ਮੈਨੂੰ ਦੇਖ ਕੇ ਉੱਚੀ ਆਵਾਜ਼ 'ਚ ਕਹਿਣਾ, 'ਦੋਧੀ ਆ ਗਿਆ ਬਈ ਓਏ..!" ਇਹ ਕੰਮ ਕੋਈ ਮਾੜਾ ਨਹੀਂ ਪਰ ਮੈਂ ਸਿਰਫ ਆਪਣੇ ਦੋਸਤਾਂ ਖ਼ਾਤਰ ਇਹ ਸੇਵਾ ਨਿਭਾਉਂਦਾ ਸੀ। ਜੋ ਲੋਕ ਮੈਨੂੰ ਨਹੀਂ ਸੀ ਜਾਣਦੇ, ਉਨ੍ਹਾਂ ਵਾਸਤੇ ਤਾਂ ਮੈਂ ਇਕ ਦੋਧੀ ਹੀ ਸੀ ਤੇ ਇਸ ਅਮੀਰਜ਼ਾਦੇ ਨੇ ਵੀ ਮੈਨੂੰ ਦੋਧੀ ਹੀ ਸਮਝਿਆ ਹੋਣੈਂ! ਦੋਧੀ ਦਾ ਕੀ ਐ, ਜਿਹੜਾ ਚਾਹੇ ਬੇਇੱਜ਼ਤ ਕਰ ਕੇ ਤੁਰਦਾ ਬਣੇ...ਕੌਣ ਐ ਰੋਕਣ ਵਾਲਾ।

ਇਸ ਨਵ-ਵਿਆਹੇ ਜੋੜੇ ਵੱਲ ਕੌੜ ਨਾਲ ਦੇਖਦਿਆਂ ਮੈਂ ਕਿਹਾ, 'ਬੁਲਾਵਾਂ ਮੀਡੀਆ..?' ਦੇਖਿਆ ਭਾਵੇਂ ਮੈਂ ਕੌੜ ਨਾਲ ਸੀ ਪਰ ਆਪਾ ਬੇਕਾਬੂ ਨਹੀਂ ਹੋਣ ਦਿਤਾ। ਨਵ-ਵਿਆਹੀ ਤਰਲੇ ਕਰਨ ਲੱਗੀ, ਉਹ ਖ਼ੁਦ ਜਿਵੇਂ ਮਿੱਟੀ ਹੋ ਗਿਆ ਹੋਵੇ। ਕੋਈ ਬੋਲ ਨਹੀਂ, ਨੀਵੀਂ ਪਾਈ ਸਟੀਅਰਿੰਗ ਫੜੀ ਬੈਠਾ ਰਿਹਾ। ਉਸ ਨਵ-ਵਿਆਹੀ ਨੇ ਇਹ ਕਹਿ ਕੇ ਮੈਨੂੰ ਗੁੱਸਾ ਚੜ੍ਹਾ ਦਿੱਤਾ, 'ਅੰਕਲ, ਜੇ ਸਾਨੂੰ ਪਤਾ ਹੁੰਦਾ ਕਿ ਤੁਸੀਂ ਪੱਤਰਕਾਰ ਓ, ਅਸੀਂ ਭਲਾ ਇਸ ਤਰ੍ਹਾਂ ਕਰ ਸਕਦੇ ਸੀ!" ਕਮਾਲ ਦੀ ਗੱਲ ਨਹੀਂ ...ਉਹ ਮੁਆਫ਼ੀ ਇਸ ਕਰਕੇ ਨਹੀਂ ਸੀ ਮੰਗ ਰਹੀ ਕਿ ਉਨ੍ਹਾਂ ਨੇ ਇਕ ਮਨੁੱਖ ਨੂੰ ਗੱਡੀ ਹੇਠ ਦੇਣ ਦੀ ਭੁੱਲ ਕੀਤੀ ਹੈ, ਮੁਆਫ਼ੀ ਇਸ ਕਰ ਕੇ ਮੰਗੀ ਜਾ ਰਹੀ ਸੀ ਕਿ ਉਨ੍ਹਾਂ ਇਕ ਰਸੂਖਦਾਰ ਸਮਝੇ ਜਾਂਦੇ ਭਾਈਚਾਰੇ ਦੇ ਇਕ ਮੈਂਬਰ ਨਾਲ ਆਢਾ ਲੈ ਲਿਆ ਹੈ।

ਖਿਝ ਤਾਂ ਬਹੁਤ ਆਈ ਪਰ ਹਾਲਾਤ ਜ਼ਬਤ 'ਚ ਰਹਿਣ ਦੀ ਮੰਗ ਕਰ ਰਹੇ ਸਨ। ਆਪਣਾ ਗੁੱਸਾ ਕੱਢਣ ਲਈ ਮੈਂ ਉਨ੍ਹਾਂ ਦੋਹਾਂ ਨੂੰ ਸੁਆਲ ਕੀਤਾ, 'ਸਕੂਲੇ ਵੀ ਗਏਂ ਓਂ ਕਦੇ?' ਉਹ ਤਾਂ ਘੁੱਗੂ-ਬਾਟਾ ਬਣਿਆ ਬੈਠਾ ਸੀ, ਨਵ-ਵਿਆਹੀ ਨੇ ਈ ਜੁਆਬ ਦਿੱਤਾ, 'ਅੰਕਲ, ਮੈਂ ਐਮ ਐੱਸ ਸੀ ਹਾਂ ਤੇ ਇਹ ਵੀ ਪੋਸਟ ਗ੍ਰੈਜੂਏਟ ਹਨ।' ਮੈਂ ਇਹ ਕਹਿ ਕੇ ਆਪਣਾ ਮੋਟਰ ਸਾਈਕਲ ਸਾਂਭਿਆ, 'ਪੋਸਟ ਗ੍ਰੈਜੂਏਟ ਭਾਵੇਂ ਤੁਸੀ ਦੋਵੇਂ ਈ ਓ ਪਰ ਸਕੂਲੇ ਤੁਸੀਂ ਇਕ ਦਿਨ ਵੀ ਨਹੀਂ ਗਏ। ਬਾਜ਼ਾਰੋਂ ਕਾਇਦਾ ਲੈ ਕੇ ਊੜਾ-ਐੜਾ ਮੁੜ ਤੋਂ ਪੜ੍ਹਿਓ...!' ਉਹ ਮੇਰੇ ਵੱਲ ਸਵਾਲੀਆ ਨਜ਼ਰ ਨਾਲ ਤੱਕ ਰਹੀ ਸੀ। ਉਹ ਨੂੰ ਸ਼ਾਇਦ ਕੈਦੇ ਦਾ ਮਤਲਬ ਈ ਨਹੀਂ ਸੀ ਸਮਝ ਆਇਆ, ਊੜਾ ਐੜਾ ਤਾਂ ਦੂਰ ਦੀ ਗੱਲ ਸੀ। ਇਹ ਸਭ ਕਾਫ਼ੀ ਦੇਰ ਫਿਲਮ ਵਾਂਗ ਜ਼ਿਹਨ 'ਚ ਚੱਲਦਾ ਰਿਹਾ। ਮੈਂ ਸੋਚ ਰਿਹਾ ਹਾਂ ਕਿ ਚੱਜ-ਆਚਾਰ, ਸ਼ਿਸ਼ਟਾਚਾਰ ਸਾਡੇ ਸੱਭਿਆਚਾਰ 'ਚੋਂ ਖੰਭ ਲਾ ਕੇ ਕਿੱਥੇ ਉਡ ਗਏ ਹਨ। ਕੋਠੀਆਂ, ਕਾਰਾਂ ਤਾਂ ਖ਼ੂਬ ਨਜ਼ਰੀਂ ਪੈਂਦੀਆਂ ਹਨ ਪਰ ਘਰ ਨਹੀਂ ਨਜ਼ਰ ਆ ਰਹੇ, ਜਿਸ ਦੀ ਛੱਤ ਹੇਠ ਮਨੁੱਖ ਦਾ ਵਾਸਾ ਹੁੰਦਾ ਸੀ ..! ਇਹ ਸਵਾਲ ਵਾਰ-ਵਾਰ ਸਿਰ ਚੁੱਕ ਰਿਹੈ ਕਿ ਸਾਨੂੰ ਊੜੇ-ਐੜੇ ਵਾਲੇ ਕੈਦੇ ਵੱਲ ਫੇਰ ਤੋਂ ਮੁੜਨ ਦੀ ਲੋੜ ਤਾਂ ਨਹੀਂ ਹੈ?

---

## ਅਲੇਹਾ

***(ਪਿਛਲੇ ਸਫੇ ਦਾ ਬਾਕੀ)***

ਸਾਰੇ 'ਪੰਮੇ ਵਾਲੀ' ਹੀ ਆਖਦੇ ਹਨ।' ਪਰ ਮੈਂ ਚੁੱਪ ਹੀ ਰਿਹਾ।

'ਸੋਚਿਆ ਤਾਂ ਮੈਂ ਵੀ ਸੀ ਕਿਸੇ ਵਕਤ ਇਸ ਬੁੱਢੇ ਨੂੰ ਤਲਾਕ ਦੇ ਕੇ ਇੰਡੀਆ ਤੋਂ ਜੱਸ ਨੂੰ ਬੁਲਾ ਲਵਾਂ। ਫੇਰ ਸੋਚਿਆ-ਮਨਾ ਜਿਸ ਨੂੰ ਅੱਧਵਾਟੇ ਛੱਡ ਕੇ ਆ ਗਈ-ਹੁਣ ਉਹਨੂੰ ਕਿਹੜੇ ਮੂੰਹ ਨਾਲ ਬੁਲਾਵੇਂਗੀ? ਗੱਲ ਆਈ-ਗਈ ਹੋਗੀ।'

'ਇਸਦਾ ਮਤਲਬ...?' ਮੈਂ ਗੱਲ ਅਧੂਰੀ ਛੱਡ ਦਿੱਤੀ ਜਾਂ ਅਧੂਰੀ ਰਹਿ ਗਈ।

'ਹਾਂ! ਇਸਦਾ ਮਤਲਬ ਉਹੀ ਹੈ ਜੋ ਤੁਸੀਂ ਸੋਚਦੇ ਓਂ। ਮੇਰੇ ਤੇ ਜੱਸ ਵਿਚਕਾਰ ਉਹ ਸਾਰਾ ਕੁੱਝ ਆ ਗਿਆ ਸੀ ਜੋ ਪਿਆਰ ਮੁਹੱਬਤ ਕਰਨ ਵਾਲੀਆਂ ਰੂਹਾਂ ਅੱਗੇ ਆਉਂਦਾ ਹੁੰਦਾ। ਨੱਕ-ਨਮੂਜ, ਊਚ-ਨੀਚ, ਜਾਤ-ਪਾਤ, ਬਾਪ ਦੀ ਪੱਗ, ਸ਼ਰੀਕਾਚਾਰੀ-ਸਮਾਜ। ਬਾਪ ਪੈਰੀਂ ਪੱਗਾਂ ਰੱਖਣ ਲੱਗਾ ਸੀ। ਉਹ ਉਨ੍ਹੀਂ ਦਿਨੀਂ ਦੁੱਧ ਚਿੱਟੀ ਪੱਗ ਬੰਨ੍ਹਦਾ ਹੁੰਦਾ ਸੀ। ਮਾਂ ਅੰਦਰ ਵਾੜ ਕੇ ਸਮਝਾਉਂਦੀ ਰਹਿੰਦੀ-ਚਿੱਟੀ ਪੱਗ 'ਤੇ ਦਾਗ ਬੜੀ ਛੇਤੀ ਲੱਗ ਜਾਂਦਾ। ਜੇ ਲੱਗ ਜਾਵੇ ਫਿਰ ਲਹਿੰਦਾ ਵੀ ਨਹੀਂ।'

'ਓਹ! ਸੈਡ!' ਮੈਂ ਟੇਡੀ ਅੱਖ ਨਾਲ ਬੈੱਡ ਰੂਮ 'ਚ ਝਾਕਿਆ। ਪਤਨੀ ਮੋਬਾਈਲ ਕੰਨ ਨਾਲ ਲਾਈ ਬੈਠੀ ਸੀ। ਜ਼ਰੂਰ ਮੋਹਾਲੀ ਵਾਲੀ ਭੈਣ ਨਾਲ ਗੱਲਾਂ ਕਰਦੀ ਹੋਵੇਗੀ। ਉਸਦੇ ਘਰਵਾਲਾ ਐਕਸਾਈਜ਼ ਵਿਭਾਗ 'ਚੋਂ ਏ ਟੀ ਸੀ ਰਿਟਾਇਰ ਹੋਇਆ ਹੈ। ਪਤਨੀ ਦਿਨ 'ਚ ਦੋ ਤਿੰਨ ਵਾਰ ਉਨ੍ਹਾਂ ਦੀ ਮੋਹਾਲੀ ਵਾਲੀ ਆਲੀਸ਼ਾਨ ਕੋਠੀ ਦੀ ਗੱਲ ਜ਼ਰੂਰ ਛੇੜਦੀ ਹੈ।

'ਬਾਪ ਦੀ ਚਿੱਟੀ ਪੱਗ ਨੂੰ ਦਾਗ ਨਾ ਲੱਗੇ, ਇਹ ਸੋਚ ਕੇ ਮੈਂ ਆਪਣੇ ਚਾਵਾਂ ਦਾ ਗਲ਼ਾ ਘੁੱਟ ਲਿਆ। ਉਦੋਂ ਹੀ ਹਰੀਸ਼ ਵਲੋਂ ਅਖਬਾਰ 'ਚ ਇਸ਼ਤਿਹਾਰ ਆਇਆ। ਇਹ ਦਿੱਲੀ ਦੇ ਹਿੰਦੂ ਪਰਿਵਾਰ 'ਚੋਂ ਨੇ। ਪਹਿਲੀ ਪਤਨੀ ਮਰ ਚੁੱਕੀ ਸੀ। ਮਾਂ-ਬਾਪ ਤੇ ਭੈਣ-ਭਰਾ ਦੀਆਂ ਆਪਣੀਆਂ ਗਿਣਤੀਆਂ-ਮਿਣਤੀਆਂ ਸਨ। ਉਹ ਸੋਚਦੇ, ਮਨਦੀਪ ਬਾਹਰ ਚਲੀ ਜਾਊ। ਫੇਰ ਛੋਟੀ ਭੈਣ ਤੇ ਭਰਾ ਵੀ ਚਲੇ ਜਾਣਗੇ। ਹੁਣ ਨਾ ਧਰਮ ਸੀ-ਨਾ ਕੋਈ ਜਾਤ ਸੀ ਤੇ ਨਾ ਹੀ ਉਮਰ। ਬਾਪ ਦਿੱਲੀ ਏਅਰਪੋਰਟ 'ਤੇ ਚੜ੍ਹਾਉਣ ਆਇਆ। ਉਸ ਦਿਨ ਵੀ ਉਸ ਨੇ ਚਿੱਟੀ ਪੱਗ ਬੰਨ੍ਹੀ ਹੋਈ ਸੀ ਪਰ ਮੈਨੂੰ ਇਹ ਬਹੁਤ ਹੀ ਮੈਲ਼ੀ ਮੈਲ਼ੀ ਲੱਗੀ ਸੀ। ਮੈਂ ਖ਼ੁਸ਼ਕ ਅੱਖਾਂ ਲਈ ਜਹਾਜ਼ੇ ਚੜ੍ਹ ਗਈ। ਜੰਮਣ ਭੌਂਇ ਛੱਡਦਿਆਂ ਮੇਰੀਆਂ ਅੱਖਾਂ 'ਚੋਂ ਇੱਕ ਵੀ ਹੰਝੂ ਨਾ ਡਿੱਗਿਆ। ਮੈਂ ਤਾਂ ਪਿੱਛਾ ਭੌਂਅ ਕੇ ਵੀ ਨਾ ਦੇਖਿਆ।' ਮਨਦੀਪ ਦੇ ਸਿਸਕਣ ਦੀ ਆਵਾਜ਼ ਸੁਣਾਈ ਦੇਣ ਲੱਗੀ।

'ਭੈਣ-ਭਰਾ ਨੂੰ ਬੁਲਾ ਲਿਆ ਸੀ ਬਾਹਰ?'

'ਭਰਾ ਆ ਗਿਆ ਸੀ। ਮੇਰੇ ਤੋਂ ਥੋੜੀਓ ਦੂਰ ਰਹਿੰਦਾ। ਕੋਈ ਕੰਮਕਾਰ ਨਹੀਂ ਕਰਦਾ। ਘਰਵਾਲੀ ਉਸਨੂੰ ਛੱਡ ਕੇ ਚਲੀ ਗਈ ਹੈ। ਇੱਕ ਕੁੜੀ ਹੈ ਉਸਦੀ, ਉਸਨੂੰ ਵੀ ਨਾਲ ਲੈ ਗਈ ਹੈ। ਸਾਰਾ ਦਿਨ ਅੰਦਰੇ ਪਿਆ ਸ਼ਰਾਬ ਪੀਂਦਾ ਰਹਿੰਦੈ। ਦੀਨ-ਦੁਨੀਆ ਦੀ ਕੋਈ ਖਬਰ ਸਾਰ ਨਹੀਂ।'

'ਤੇ ਭੈਣ?'

'ਭੈਣ ਲਈ ਇੱਥੋਂ ਮੁੰਡਾ ਵੇਖਿਆ ਸੀ। ਇੰਡੀਆ ਜਾ ਕੇ ਵਿਆਹ ਕੀਤਾ। ਲੱਖਾਂ ਰੁਪਏ ਵਿਆਹ 'ਤੇ ਲਾਏ। ਕਈ ਦਿਨ ਦੋਵੇਂ ਜੀਅ ਇਕੱਠੇ ਰਹੇ। ਪਹਾੜਾਂ ਦੀਆਂ ਸੈਰਾਂ ਕੀਤੀਆਂ। ਗੋਆ ਦੇ ਸਮੁੰਦਰੀ ਬੀਚ 'ਤੇ ਮੌਜ ਮਸਤੀ। ਕਦੇ ਕੁੱਲੂ ਕਦੇ ਮਨਾਲ਼ੀ-ਕਦੇ ਆਗਰੇ ਕਦੇ ਦਿੱਲੀ। ਘੁੰਮਣ ਫਿਰਨ ਦਾ ਸਾਰਾ ਖਰਚਾ ਸਾਡਾ। ਚੰਗਾ ਭਲਾ ਵਾਪਸ ਆਇਆ। ਸਾਰਾ ਟੱਬਰ ਚਾਵਾਂ ਮਲ੍ਹਾਰਾਂ ਨਾਲ ਦਿੱਲੀ ਏਅਰ ਪੋਰਟ 'ਤੇ ਜਹਾਜ਼ੇ ਚੜ੍ਹਾ ਕੇ ਗਿਆ। ਵਾਪਸ ਇੱਥੇ ਆ ਕੇ ਮੁਕਰ ਗਿਆ। ਉਹ ਪੰਦਰ੍ਹਾਂ ਸਾਲਾਂ ਤੋਂ ਘਰ ਬੈਠੀ ਹੈ। ਨਾ ਵਿਆਹੀ-ਨਾ ਕੁਆਰੀ ਤੇ ਨਾ ਹੀ ਵਿਧਵਾ।'

'ਸੋ ਸੈਡ!'

'ਬਾਪ ਟੈਨਸ਼ਨ ਦਾ ਸ਼ਿਕਾਰ ਹੋ ਕੇ ਮੰਜੇ 'ਤੇ ਪੈ ਗਿਆ। ਕਈ ਸਾਲ ਹੱਡ-ਗੋਡੇ ਰਗੜਦਾ ਰਿਹਾ। ਮੈਨੂੰ ਉਸ 'ਤੇ ਉੱਕਾ ਤਰਸ ਨਹੀਂ ਸੀ ਆਉਂਦਾ। ਆਖਰ ਹਾਰਟ ਅਟੈਕ ਨਾਲ ਮਰ ਗਿਆ। ਮੇਰੀ ਅੱਖ 'ਚੋਂ ਇੱਕ ਵੀ ਹੰਝੂ ਨ੍ਹੀ ਕਿਰਿਆ। ਕੁਮਾਰ ਸਰ, ਰਿਸ਼ਤੇ ਤਾਂ ਮੇਰੇ ਲਈ ਗਾਰਬੇਜ ਬਣ ਗਏ ਨੇ।'

'ਗਾਰਬੇਜ' ਸ਼ਬਦ ਮੇਰੇ ਅੰਦਰ ਰੋੜ ਵਾਂਗ ਰੜਕਿਆ। ਸਰਲਾ ਮੇਰੀ ਇਮਾਨਦਾਰੀ ਨੂੰ ਪੁਣਦਿਆਂ, ਮੇਰੀਆਂ ਇਕੱਠੀਆਂ ਕੀਤੀਆਂ ਕਿਤਾਬਾਂ ਨੂੰ ਅਕਸਰ ਗਾਰਬੇਜ ਆਖਦੀ ਰਹਿੰਦੀ ਹੈ, 'ਲੋਕ ਆਪਣੀ ਸਰਵਿਸ 'ਚ ਰੁਪਈਆ-ਪੈਸਾ ਜੋੜਦੇ, ਅਸੀਂ ਆਹ ਗਾਰਬੇਜ ਇਕੱਠਾ ਕੀਤਾ।' ਕਦੇ ਕਦੇ ਤਾਂ ਕਿਤਾਬਾਂ ਦੇ ਰੈਕਾਂ ਵੱਲ ਇਸ਼ਾਰਾ ਕਰਦਿਆਂ ਵਿਅੰਗ ਨਾਲ ਆਖਦੀ ਹੁੰਦੀ, 'ਸਾਡਾ ਤਾਂ ਆਹੀ ਸੰਸਾਰ ਹੈ।'

ਮੈਂ ਕੰਨ ਲਾ ਕੇ ਸਰਲਾ ਦੀਆਂ ਗੱਲਾਂ ਸੁਣੀਆਂ। ਉਹ ਆਪਣੀ ਭੈਣ ਨਾਲ ਉਸਦੇ ਘਰਵਾਲੇ ਦੀ ਜਾਇਦਾਦ ਦੇ ਗੁਣਗਾਣ ਕਰਦਿਆਂ ਮੇਰੇ ਅਗਲਿਆਂ-ਪਿਛਲਿਆਂ ਨੂੰ ਨੌਲੀ ਜਾਂਦੀ ਸੀ। ਉਸ ਦੀ ਬੁੜ-ਬੁੜ ਤੋਂ ਬੇਧਿਆਨਾ ਹੋ ਕੰਨ ਦੁਬਾਰਾ ਮਨਦੀਪ ਦੀਆਂ ਗੱਲਾਂ ਨਾਲ ਜੋੜ ਲੈਂਦਾ ਹਾਂ।

'ਸਰ, ਹੁਣ ਤਾਂ ਮੇਰੇ ਸਬਰ ਦਾ ਪਿਆਲਾ ਭਰ ਗਿਆ ਹੈ। ਥੋਨੂੰ ਪਤੈ, ਪਿੰਡ ਹੁਣ ਮਾਂ ਤੇ ਭੈਣ ਹੀ ਰਹਿੰਦੀਆਂ। ਮੈਂ ਕਈ ਵਾਰ ਫੋਨ 'ਤੇ ਉਨ੍ਹਾਂ ਨੂੰ ਆਖਿਆ ਕਿ ਹਰੀਸ਼ ਨਾਂ ਦੇ ਇਸ ਬੰਦੇ ਨਾਲ ਹੋਰ ਨਹੀਂ ਰਹਿ ਸਕਦੀ।'

'ਉਹ ਕੀ ਆਂਹਦੇ?'

'ਕਹਿੰਦੇ-ਪਹਿਲਾਂ ਇਹਦਾ ਸਾਰਾ ਪੈਸਾ ਮੋੜ। ਫੇਰ ਇੰਡੀਆ ਆ ਜਾ। ਉਨ੍ਹਾਂ ਦੇ ਕਹਿਣ ਦਾ ਮਤਲਬ ਨੰਗ-ਮਲੰਗ ਹੋ ਕੇ ਵਾਪਸ ਇੰਡੀਆ ਆ ਜਾਵਾਂ।'

'ਇਹ ਕੀ ਗੱਲ ਹੋਈ? ਇੱਥੇ ਆਉਣ ਦਾ ਕੀ ਮਤਲਬ?'

'ਬੱਸ ਐਵੇਂ ਵਲ਼ ਪਾਉਣ ਵਾਲੀ ਗੱਲ। ਦਰਅਸਲ ਘਰਦਿਆਂ 'ਚੋਂ ਕੋਈ ਨਹੀਂ ਚਾਹੁੰਦਾ ਕਿ ਮੈਂ ਇਹਨੂੰ ਛੱਡਾਂ। ਦਰਅਸਲ ਸਾਰੇ ਦਾਅ 'ਤੇ ਬੈਠੇ। ਉਹ ਤਾਂ ਹਰੀਸ਼ ਦੀ ਮੌਤ ਉਡੀਕਦੇ। ਸਾਰਿਆਂ ਨੂੰ ਪਤੈ, ਉਹਦੀ ਸਾਰੀ ਜਾਇਦਾਦ ਮੈਨੂੰ ਮਿਲੇਗੀ। ਅੱਗੋਂ ਮੇਰੇ ਔਲਾਦ ਹੈਨੀ, ਏਸ ਕਰਕੇ ਮੇਰੇ ਤੋਂ ਬਾਅਦ ਸਾਰੀ ਜਾਇਦਾਦ ਇਨ੍ਹਾਂ ਨੂੰ ਮਿਲਜੂ। ਗੱਲ ਕੀ, ਸਾਰਿਆਂ ਦੀ ਅੱਖ ਜਾਇਦਾਦ 'ਤੇ ਹੈ।'

'ਤੂੰ ਏਥੋਂ ਵਾਲੀਆਂ ਵਲਗਣਾ ਨਾਲ ਕਿਉਂ ਚੁੱਕੀ ਫਿਰਦੀ ਰਹੀ ਏਂ? ਉਲੰਘ ਕਿਉਂ ਨਹੀਂ ਜਾਂਦੀ?'

'ਪਤਾ ਨਹੀਂ ਸਰ...ਮੈਥੋਂ ਕਿਉਂ ਨਹੀਂ ਉਲੰਘ ਹੋਈਆਂ? ਵਲਗਣਾਂ ਉਲੰਘਣ ਲਈ ਤਾਂ ਜੱਸ ਵੀ ਬਥੇਰੇ ਤਰਲੇ ਪਾਉਂਦਾ ਰਿਹਾ। ਵਲਗਣਾਂ ਤਾਂ ਮੈਨੂੰ ਉਦੋਂ ਹੀ ਉਲੰਘ ਲੈਣੀਆਂ ਚਾਹੀਦੀਆਂ ਸਨ।'

'ਤੂੰ ਸਾਰੀ ਜ਼ਿੰਦਗੀ ਇਉਂ ਹੀ ਕੱਢ ਲਈ?' ਮੈਂ ਕਹਿਣਾ ਤਾਂ ਕੁੱਝ ਹੋਰ ਚਾਹੁੰਦਾ ਸੀ ਪਰ ਕਹਿ ਨਾ ਸਕਿਆ। ਸ਼ਬਦਾਂ ਨੇ ਮੇਰਾ ਸਾਥ ਨਾ ਦਿੱਤਾ। ਮੈਨੂੰ ਲੱਗਾ ਇਹ ਮਰਿਆਦਾ ਤੋਂ ਨੀਵੀਂ ਗੱਲ ਹੋਣੀ ਸੀ।

'ਜਦੋਂ ਮੈਂ ਵਿਆਹ ਕੇ ਆਈ ਸਾਂ, ਪੁੱਤ ਐੱਵ ਉੱਨੀ ਸਾਲ ਦਾ ਸੀ। ਮੈਂ ਲੂਣਾ ਬਨਣ ਦੀ ਕੋਸ਼ਿਸ਼ ਕੀਤੀ। ਸੋਚਿਆ ਘਰ ਦੀ ਗੱਲ ਘਰ 'ਚ ਹੀ ਰਹਿ ਜਾਵੇ ਤਾਂ ਚੰਗਾ। ਪਰ ਇਹ ਗੋਰਿਆਂ ਦੀ ਧਰਤੀ ਹੈ, ਰਾਜੇ ਸਲਵਾਨ ਦਾ ਸਿਆਲਕੋਟ ਨਹੀਂ। ਉਹ ਪੂਰਨ ਜਤੀ-ਸਤੀ ਨਹੀਂ ਸੀ, ਸਗੋਂ ਪਹਿਲਾਂ ਹੀ ਕਿਸੇ ਸੁੰਦਰਾਂ ਦੀਆਂ ਬਾਹਾਂ 'ਚ ਜਕੜਿਆ ਪਿਆ ਸੀ, 'ਆਈ ਹੈਵ ਆਲਰੈਡੀ ਏ ਫਰੈਂਡ। ਇਫ ਯੂ ਨਾਟ ਹੈਪੀ ਵਿਦ ਦਿਸ ਓਲਡ ਮੈਨ, ਸੀ ਐਨੀ ਅਦਰ ਯੰਗ ਵੰਨ।' ਆਖਦਿਆਂ ਉਹ ਤਾਂ ਬੜੀ ਨਫ਼ਾਸਤ ਨਾਲ ਬਚ ਕੇ ਨਿਕਲ ਗਿਆ।'

ਮੈਂ ਕੇਵਲ ਸੁਣ ਸਕਦਾ ਸਾਂ। ਮੇਰੇ ਕੋਲ ਮਨਦੀਪ ਨੂੰ ਕਹਿਣ ਲਈ ਹੁਣ ਕੁੱਝ ਨਹੀਂ ਸੀ।

'ਕੁਮਾਰ ਸਰ! ਮੈਂ ਸਰੀਰ ਦੀ ਲੋੜ ਤਾਂ ਜਿਵੇਂ-ਕਿਵੇਂ ਮਾਰ ਲਈ ਪਰ ਮਨ ਦੀ ਲੋੜ ਨੂੰ ਕਿਵੇਂ ਮਾਰਦੀ? ਮੈਂ ਚਾਹੁੰਨੀ ਹਾਂ ਕਿ ਮੇਰਾ ਵੀ ਕੋਈ ਯੂਨੀਵਰਸ ਹੋਵੇ। ਮੈਂ ਲਿੰਡਾ ਵਾਂਗ ਬੱਚੀ ਅਡੌਪਟ ਕਰਨ ਦਾ ਫੈਸਲਾ ਕਰ ਲਿਆ। ਮੈਂ ਵੀ ਕਿਸੇ ਨੂੰ ਆਪਣਾ ਯੂਨੀਵਰਸ ਕਹਿ ਸਕਾਂਗੀ।'

'ਗੁੱਡ!' ਮੈਂ ਉਸ ਦੇ ਫੈਸਲੇ ਦੀ ਤਾਰੀਫ਼ ਕਰਦਾ ਹਾਂ।

'ਸਰ ਤੁਸੀਂ ਤਾਂ ਤੁਰੇ ਫਿਰਦੇ ਰਹਿਨੇ ਓਂ, ਨਿਗਾਹ 'ਚ ਰੱਖਿਓ ਜੇ ਕੋਈ ਬੱਚੀ ਹੋਵੇ ਤਾਂ।'

'ਮੈਂ ਜ਼ਰੂਰ ਦੇਖਾਂਗਾ। ਅਦਰਵਾਈਜ਼ ਮੇਰੀ ਇੱਕ ਜਾਣੂ ਹੈਲਥ ਡਿਪਾਰਟਮੈਂਟ 'ਚ ਜੌਬ ਕਰਦੀ ਹੈ। ਉਨ੍ਹਾਂ ਕੋਲ ਅਕਸਰ ਅਜਿਹੇ ਕੇਸ ਆਉਂਦੇ ਰਹਿੰਦੇ ਨੇ। ਕਈ ਲੋਕ ਮੁੰਡੇ ਦੀ ਉਡੀਕ 'ਚ ਕੁੜੀਆਂ ਪੈਦਾ ਕਰੀ ਜਾਂਦੇ ਆ। ਆਮ ਤੌਰ 'ਤੇ ਇਹ ਪਰਿਵਾਰ ਹੁੰਦੇ ਵੀ ਬੜੇ ਗਰੀਬ ਤੇ ਪਛੜੇ ਨੇ। ਮੁੰਡੇ ਦੀ ਆਸ 'ਚ ਚਾਰ-ਚਾਰ ਕੁੜੀਆਂ ਪੈਦਾ ਕਰ ਲੈਂਦੇ। ਕਿਸੇ ਅਜਿਹੀ ਫੈਮਲੀ ਤੋਂ ਬੱਚਾ ਲਿਆ ਜਾ ਸਕਦੈ।'

'ਸਰ ਜੇ ਕਿਸੇ ਨੂੰ ਵੈਸੇ ਵੀ ਕੁੱਝ ਦੇਣਾ-ਦੁਆਉਣਾ ਪਿਆ ਤਾਂ ਵੀ ਕੋਈ ਗੱਲ ਨਹੀਂ। ਆਪਾਂ ਪੇਅ ਕਰ ਦਿਆਂਗੇ। ਮੈਂ ਤਾਂ ਹੁਣ ਪੱਕਾ ਧਾਰੀ ਬੈਠੀ ਹਾਂ ਕਿ ਲਿੰਡਾ ਵਾਂਗ ਬੱਚੀ ਨੂੰ ਹੀ ਆਪਣਾ ਸੰਸਾਰ ਬਣਾ ਲੈਣੈ।'

'ਬਹੁਤ ਅੱਛੇ ਬਹੁਤ ਅੱਛੇ!' ਮੈਂ ਘਰਵਾਲੀ ਦੇ ਸੁਣ ਲੈਣ ਤੋਂ ਡਰਦਿਆਂ ਬੜੀ ਮੱਧਮ ਸੁਰ 'ਚ ਆਖਦਾ ਹਾਂ।

'ਮੈਂ ਦੋ ਕੁ ਮਹੀਨੇ ਪਹਿਲਾਂ ਆਈ ਸੀ ਇੰਡੀਆ। ਇੱਕ ਬੱਚੀ ਦੇਖੀ ਵੀ ਸੀ। ਉਸਦੇ ਪੇਰੈਂਟਸ ਵੀ ਰਾਜ਼ੀ ਸਨ। ਰਾਜ਼ੀ ਕਿਉਂ ਉਹ ਤਾਂ ਸਗੋਂ ਖ਼ੁਸ਼ ਸੀਗੇ।'

'ਫਿਰ ਕਰ ਲੈਣੀ ਸੀ ਅਡੋਪਟ-ਹੋਰ ਕੀ ਚਾਹੀਦਾ ਸੀ?'

'ਸਰ, ਕੁੜੀ ਕੁੱਝ ਜ਼ਿਆਦਾ ਹੀ ਸਾਂਵਲੇ ਰੰਗ ਦੀ ਸੀ। ਕਮ-ਸੇ-ਕਮ ਬੱਚਾ ਪਰਿਵਾਰ 'ਚ ਰਲਦਾ ਮਿਲਦਾ ਤਾਂ ਹੋਵੇ। ਆਖਰ ਬੰਦੇ ਨੇ ਸੁਸਾਇਟੀ 'ਚ ਵੀ ਤਾਂ ਵਿਚਰਨਾ ਹੁੰਦੈ।' ਮਨਦੀਪ ਅੱਗੇ ਕੀ ਕਹਿੰਦੀ ਰਹੀ, ਮੈਨੂੰ ਕੁੱਝ ਸੁਣਾਈ ਨਾ ਦਿੱਤਾ। ਮੈਂ ਤਾਂ ਲਿੰਡਾ ਦੇ ਯੂਨੀਵਰਸ ਬਾਰੇ ਹੀ ਸੋਚੀ ਜਾਂਦਾ ਸਾਂ।

# ਗੰਗਾ ਰਾਮ, ਗੰਗੂ ਤੇ ਗੰਗ ਦਾਸ

ਗੁਰਮਤਿ ਪ੍ਰਚਾਰ ਹਿਤ ਚੰਡੀਗੜ੍ਹੋਂ ਛਪਦੀ 'ਭਾਈ ਦਿੱਤ ਸਿੰਘ ਪੱਤ੍ਰਿਕਾ' ਦੇ ਦਸੰਬਰ 2021 ਵਾਲ਼ੇ ਅੰਕ ਵਿਚ ਸਫਾ 38 ਉਤੇ ਸ੍ਰੀ ਅਮਰਜੀਤ ਜੋਸ਼ੀ (ਨਾਹਨ) ਜੀ ਦਾ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਸਬੰਧਤ ਘ੍ਰਿਣਤ ਪਾਤਰ ਗੰਗੂ ਬਾਰੇ ਇਕ ਲੇਖ ਛਪਿਆ ਹੈ, ਜਿਸ ਵਿਚ ਉਨ੍ਹਾਂ ਸ਼ੰਕਾ ਜ਼ਾਹਰ ਕੀਤਾ ਹੈ ਕਿ ਸਾਹਿਬਜ਼ਾਦਿਆਂ ਦੇ ਖ਼ੂਨੀ ਇਤਿਹਾਸ ਵਿਚ ਗੰਗੂ ਦਾ ਨਾਮ ਕਿਸੇ ਨੇ ਇਸ ਕਰਕੇ ਜੋੜਿਆ ਜਾਪਦਾ ਹੈ ਕਿ ਸਿੱਖਾਂ ਅਤੇ ਹਿੰਦੂਆਂ ਵਿਚਕਾਰ ਪਾੜਾ ਪਵੇ। ਇਸ ਲੇਖ ਵਿਚ ਸ੍ਰੀ ਜੋਸ਼ੀ ਨੇ ਇਹ ਨਿਰਣਾ ਵੀ ਕੱਢ ਦਿੱਤਾ ਕਿ 'ਪਾੜਾ ਪਾਉਣ ਵਾਲ਼ੇ ਪਾਤਰ ਨੂੰ ਸਫਲਤਾ ਵੀ ਮਿਲ਼ੀ ਹੈ!'

ਇਸ ਲੇਖ ਬਾਰੇ ਮੈਂ ਕੁੱਝ ਸਤਰਾਂ ਲਿਖ

ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: 408-915-1268

ਰਿਹਾ ਹਾਂ। ਮੇਰੀ ਬੇਨਤੀ ਹੈ ਕਿ ਮੈਂ ਕੋਈ ਇਤਿਹਾਸਕਾਰ ਨਹੀਂ ਹਾਂ, ਕੇਵਲ ਸਿੱਖ ਇਤਿਹਾਸ ਦਾ ਪਾਠਕ ਹੋਣ ਨਾਤੇ ਕੁੱਝ ਵਿਚਾਰ ਲਿਖ ਰਿਹਾ ਹਾਂ। ਪਾਠਕਾਂ ਨੂੰ ਸ਼ਾਇਦ ਪਤਾ ਹੀ ਹੋਵੇਗਾ ਕਿ ਗੰਗੂ ਦੇ ਨਾਲ-ਨਾਲ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਵੇਲੇ ਦੇ ਚੰਦੂ ਨੂੰ ਵੀ ਇਤਹਾਸ 'ਚੋਂ ਖਾਰਜ ਕਰਨ ਦੇ ਯਤਨ ਅਕਸਰ ਹੁੰਦੇ ਰਹਿੰਦੇ ਹਨ। ਇਹਦੇ ਬਾਰੇ ਸਿੱਕੇ-ਬੰਦ ਨਿਰਣਾ ਤਾਂ ਤਾਰੀਖ ਦੇ ਖੋਜੀ ਵਿਦਵਾਨ ਕਰਦੇ ਆਏ ਹਨ ਤੇ ਇਹ ਖੋਜ ਕਾਰਜ ਅਗਾਂਹ ਵੀ ਹੁੰਦੇ ਰਹਿਣਗੇ ਪਰ ਮੌਜੂਦਾ ਪ੍ਰਚੱਲਿਤ (ਇਕ ਤਰ੍ਹਾਂ ਨਾਲ ਪ੍ਰਮਾਣਿਕ ਵੀ) ਇਤਿਹਾਸਕ ਸ੍ਰੋਤਾਂ ਦੇ ਤੱਥਾਂ ਨੂੰ ਸ਼ੱਕੀ ਜਿਹੇ ਬਣਾਉਣਾ ਜਾਂ ਤੋੜਿਆ-ਮਰੋੜਿਆ ਜਾਣਾ ਸਹੀ ਨਹੀਂ ਹੋਵੇਗਾ।

ਸਿੱਖ ਇਤਿਹਾਸ ਵਿਚ ਰਲਾ ਪਾਉਣ ਬਾਰੇ ਇੱਥੇ ਮੈਂ ਗਿਆਨੀ ਸੋਹਣ ਸਿੰਘ 'ਸੀਤਲ' ਵਲੋਂ ਲਿਖੀ ਕਿਤਾਬ 'ਸਿੱਖ ਇਤਿਹਾਸ ਦੇ ਸੋਮੇ' (ਭਾਗ ਪਹਿਲਾ) ਦੇ ਸਫਾ ਨੰਬਰ 13-14 ਉਤੇ ਛਪੀ ਸਮੱਗਰੀ ਦਾ ਹਵਾਲਾ ਦੇ ਰਿਹਾ ਹਾਂ:

'19 ਜੂਨ 1716 ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜੰਗੀ ਸਿੰਘ ਤਾਂ ਵਧੇਰੇ ਕਰਕੇ ਜੰਗਲਾਂ ਵਿਚ ਜਾ ਟਿਕੇ...ਉਹ ਨਾ ਖੁੱਲ੍ਹ ਮਖੁੱਲ੍ਹਾ ਗੁਰਦੁਆਰਿਆਂ ਵਿਚ ਆ ਸਕਦੇ ਤੇ ਨਾ ਹੀ ਉਨ੍ਹਾਂ ਵਲੋਂ ਕੋਈ ਚੜ੍ਹਾਵਾ ਆਉਂਦਾ। ਗੁਰਦੁਆਰਿਆਂ ਦੇ ਪੁਜਾਰੀਆਂ ਸਾਹਮਣੇ ਵੱਡੀ ਸਮੱਸਿਆ ਖੜ੍ਹੀ ਹੋ ਗਈ। ਗੁਜ਼ਾਰਾ ਕਿਵੇਂ ਚੱਲੇ...ਉਨ੍ਹਾਂ ਪੂਜਾ ਪਾਠ ਤੇ ਸਿੱਖੀ ਮਰਿਆਦਾ ਦੇ ਨਿਯਮ ਕੁੱਝ ਢਿੱਲੇ ਕਰਨੇ ਸ਼ੁਰੂ ਕਰ ਦਿੱਤੇ!'

ਸਮਾਜਿਕ ਤੌਰ 'ਤੇ ਹਿੰਦੂਆਂ ਤੇ ਸਿੱਖਾਂ ਦਾ ਨਹੁੰ ਮਾਸ ਵਾਲਾ ਰਿਸ਼ਤਾ ਹੈ। ਸਿੱਖ ਬਣੇ ਵੀ ਵਧੇਰੇ ਹਿੰਦੂਆਂ ਵਿਚੋਂ ਹੀ ਹਨ, ਸੋ ਪੁਜਾਰੀਆਂ ਨੇ ਸਿੱਖੀ ਦੇ ਅਸੂਲਾਂ ਵਿਚ ਕੁਝ ਹਿੰਦੂ ਮਰਯਾਦਾ ਵੀ ਮਿਲਾਉਣੀ ਸ਼ੁਰੂ ਕਰ ਦਿੱਤੀ। ਇਸ ਪ੍ਰੇਰਣਾ ਨਾਲ ਹਿੰਦੂ ਵੀ ਵਧੇਰੇ ਆਉਣ ਲੱਗ ਪਏ। ਇਹ ਵੇਖ ਕੇ ਚਲਾਕ ਪੰਡਤਾਂ ਨੇ ਸਿੱਖਾਂ ਵਿਚ ਵੀ ਆਪਣਾ ਅਸਰ ਵਧਾਉਣਾ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬਾਨ ਦੇ ਨਾਲ-ਨਾਲ ਦੇਵੀ ਦੇਵਤਿਆਂ ਦੀ ਅਰਾਧਨਾ ਵੀ ਹੋਣ ਲੱਗ ਪਈ। ਦੇਵੀ ਦੇਵਤਿਆਂ ਦੇ ਨਾਲ ਦੇਵਤਿਆਂ ਦੇ ਜਨਮ ਦਾਤਾ ਪੰਡਤਾਂ ਦਾ ਸਤਿਕਾਰ ਆਪਣੇ ਆਪ ਹੀ ਕਾਇਮ ਹੋ ਗਿਆ। ਇਹੀ ਪੰਡਤਾਂ ਨੂੰ ਚਾਹੀਦਾ ਸੀ। ਛੂਤ-ਛਾਤ 'ਤੇ ਪੰਡਤ ਪੂਜਾ ਸ਼ੁਰੂ ਹੋ ਗਈ।'

ਇਸ ਹਵਾਲੇ ਦੇ ਹੁੰਦਿਆਂ ਕੀ ਕੋਈ ਮੰਨ ਸਕਦਾ ਹੈ ਕਿ ਓਸ ਵੇਲੇ ਦੇ ਵਿਦਵਾਨ ਪੰਡਤਾਂ ਨੂੰ ਸਿੱਖ ਇਤਿਹਾਸ ਵਿਚ ਗੰਗੂ ਦਿਸਿਆ ਹੀ ਨਾ ਹੋਵੇਗਾ? ਜਦੋਂ ਉਨ੍ਹਾਂ ਨੇ ਇਕ ਅਕਾਲ ਦੀ ਉਪਾਸਨਾ ਵਾਲੇ ਸਿੱਖ ਫਲਸਫੇ ਵਿਚ ਆਪਣੇ ਦੇਵੀ-ਦੇਵਤਿਆਂ ਦੀ ਪੂਜਾ ਅਰਚਨਾ 'ਫਿੱਟ' ਕਰ ਦਿੱਤੀ ਤਾਂ ਉਨ੍ਹਾਂ ਲਈ ਗੰਗੂ ਨੂੰ ਨਿਰਦੋਸ਼ ਸਿੱਧ ਕਰਨਾ ਕੋਈ ਔਖਾ ਨਹੀਂ ਸੀ। ਰਹੀ ਗੱਲ ਸਿੱਖਾਂ ਤੇ ਹਿੰਦੂਆਂ ਵਿਚ ਸਮਾਜੀ ਪਾੜਾ ਪਾਉਣ ਜਾਂ ਵਧਾਉਣ ਦੀ, ਵਾਹਿਗੁਰੂ ਦੀ ਕਿਰਪਾ ਸਦਕਾ ਅਜਿਹਾ ਪਾੜਾ ਦੋਹਾਂ ਧਰਮ-ਉਪਾਸ਼ਕਾਂ ਵਿਚ ਕਦੇ ਵੀ ਨਹੀਂ ਪਿਆ ਤੇ ਨਾ ਹੀ ਰੱਬ ਕਦੇ ਪਾਵੇ। ਹਾਂ, ਸਿਆਸੀ ਲੋਕ ਆਪਣੇ ਸੌੜੇ ਹਿੱਤਾਂ ਕਾਰਨ ਪਾੜੇ ਪਾਉਣ ਦੀਆਂ ਕੋਸ਼ਿਸ਼ਾਂ ਗਾਹੇ-ਬਗਾਹੇ ਕਰਦੇ ਆਏ ਹਨ।

ਮਿਸਾਲ ਵਜੋਂ ਇਕ ਸਮੇਂ ਪੰਜਾਬ ਵਿਚ ਵਸਦੇ ਹਿੰਦੂ ਵੀਰਾਂ ਨੂੰ ਵਰਗਲਾਇਆ ਗਿਆ ਸੀ ਕਿ ਉਹ ਆਪਣੀ ਮਾਤ ਭਾਸ਼ਾ ਪੰਜਾਬੀ ਦੀ ਜਗ੍ਹਾ ਹਿੰਦੀ ਲਿਖਾਉਣ। ਜੇ ਹਿੰਦੂ-ਸਿੱਖਾਂ ਵਿਚ ਕੋਈ ਅਜਿਹਾ ਪਾੜਾ ਜਾਂ ਸਾੜਾ ਹੁੰਦਾ ਤਾਂ ਲਾਲਾ ਖੁਸ਼ਵਕਤ ਰਾਏ, ਸ੍ਰੀ ਗੋਕਲ ਚੰਦ ਨਾਰੰਗ, ਡਾਕਟਰ ਇੰਦੂ ਭੂਸ਼ਨ ਬੈਨਰਜੀ, ਡਾਕਟਰ ਹਰੀ ਰਾਮ ਗੁਪਤਾ, ਸਰ ਜਾਦੂ ਨਾਥ ਸਰਕਾਰ ਅਤੇ ਲਾਲਾ ਦੌਲਤ ਰਾਏ ਵਰਗੇ ਗੈਰ-ਸਿੱਖ ਲੇਖਕ ਬੜੇ ਮੋਹ ਸਤਿਕਾਰ ਨਾਲ ਸਿੱਖਾਂ ਦਾ ਇਤਿਹਾਸ ਕਦੇ ਨਾ ਲਿਖਦੇ।

ਮੰਨ ਲਓ ਜੇ ਗੰਗੂ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਪ੍ਰਸੰਗ ਵਿਚੋਂ ਕੱਢ ਵੀ ਦੇਈਏ ਤਾਂ ਸੂਬਾ ਸਰਹਿੰਦ ਦੀ ਭਰੀ ਕਚਹਿਰੀ ਵਿਚ ਗੁਰੂ ਕੇ ਲਾਲਾਂ ਨੂੰ 'ਸੱਪ ਦੇ ਬੱਚੇ ਸਪੋਲ਼ੀਏ' ਕਹਿਣ ਵਾਲੇ ਸੁੱਚਾ ਨੰਦ (ਝੂਠਾ ਨੰਦ) ਦੀ ਕਰਤੂਤ ਉਤੇ ਪਰਦੇ ਕਿਵੇਂ ਪਾਏ ਜਾਣਗੇ? ਬਾਈਧਾਰ ਦੇ ਪਹਾੜੀ ਰਾਜਿਆਂ ਨੂੰ ਕਿਸ ਖਾਨੇ ਵਿਚ ਰੱਖਾਂਗੇ? ਜਿਸ ਰਾਜੇ ਕੇਸਰੀ ਚੰਦ ਦਾ ਸਿਰ ਵੱਢ ਕੇ ਨੇਜੇ ਉਤੇ ਟੰਗ ਕੇ ਸਿੰਘ ਅਨੰਦਪੁਰ ਸਾਹਿਬ ਲੈ ਕੇ ਆਏ ਸਨ, ਉਹਨੂੰ ਕਿਸ ਧਰਮ ਦਾ ਪੈਰੋਕਾਰ ਦੱਸਾਂਗੇ?

ਅਸਲ ਵਿਚ ਇਤਿਹਾਸ ਵਿਚ ਜੋ ਵੀ ਹੋਇਆ, ਉਸ ਨੂੰ ਇਤਿਹਾਸ ਦਾ ਹਿੱਸਾ ਹੀ ਰਹਿਣ ਦੇਣਾ ਚਾਹੀਦੈ। ਔਰੰਗਜ਼ੇਬ ਦੇ ਧਰਮੀ ਭਰਾਵਾਂ ਵਿਚ ਹੀ ਸਾਈਂ ਮੀਆਂ ਮੀਰ, ਪੀਰ ਬੁੱਧੂ ਸ਼ਾਹ ਤੇ ਗਨੀ ਖਾਂ ਨਬੀ ਖਾਂ ਵੀ ਹੋਏ ਹਨ ਅਤੇ ਇਸੇ ਤਰ੍ਹਾਂ ਗੰਗੂ ਜਾਂ ਸੁੱਚਾ ਨੰਦ ਦੇ ਧਰਮ ਦੇ ਪੈਰੋਕਾਰਾਂ ਵਿਚ ਮੋਤੀ ਮਹਿਰਾ, ਦੀਵਾਨ ਟੋਡਰ ਮੱਲ ਅਤੇ ਦੀਵਾਨ ਕੌੜਾ ਮੱਲ ਵਰਗੇ ਵੀ ਹੋਏ ਹਨ, ਜਿਸ ਨੂੰ ਅਠ੍ਹਾਰਵੀਂ ਸਦੀ ਦੇ ਸਿੱਖ ਬੜੇ ਮੋਹ ਨਾਲ 'ਮਿੱਠਾ ਮੱਲ' ਕਹਿੰਦੇ ਸਨ! ਇਹ ਵੀ ਗਿਆਤ ਰਹੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 1430 ਅੰਗਾਂ ਵਾਲਾ ਅਜੋਕਾ ਸਿੱਕੇ-ਬੰਦ ਸਰੂਪ ਪਹਿਲੀ ਵਾਰ ਸ੍ਰੀ ਅੰਮ੍ਰਿਤਸਰ ਦੇ ਹਿੰਦੂ ਲਾਲਾ ਧਨੀ ਰਾਮ ਚਾਤ੍ਰਿਕ ਦੀ ਪ੍ਰੈੱਸ ਵਿਚ ਹੀ ਛਪਿਆ ਸੀ, ਜਿਸਦੀ ਸਾਰੀ ਵਿਉਂਤਬੰਦੀ ਬ੍ਰਾਹਮਣ ਪਿਛੋਕੜ ਵਾਲੇ ਵਿਦਵਾਨ ਸਿੱਖ ਭਾਈ ਮਹਿੰਦਰ ਸਿੰਘ 'ਰਤਨ' ਜੀ ਦੀ ਸੀ! ਅਜਿਹੇ ਵੇਰਵੇ ਹੋਰ ਵੀ ਅਨੇਕਾਂ ਹਨ ਪਰ ਵਿਸਥਾਰ ਦੇ ਡਰੋਂ ਨਹੀਂ ਲਿਖੇ ਜਾ ਰਹੇ!

ਅਖੀਰ ਵਿਚ ਮੈਂ ਆਪਣੀ ਜਾਣਕਾਰੀ ਅਨੁਸਾਰ ਗੰਗਾ ਨਾਮ ਵਾਲੇ ਕੁੱਝ ਅਜਿਹੇ ਇਤਿਹਾਸਕ ਜਿਊੜਿਆਂ ਦਾ ਵੇਰਵਾ ਦੇ ਰਿਹਾ ਹਾਂ, ਜਿਨ੍ਹਾਂ ਦੀ ਕੀਰਤੀ, ਗੰਗੂ ਦੀ ਕਮੀਨੀ ਕਰਤੂਤ ਨੇ ਢੱਕ ਲਈ, ਜਦਕਿ ਇਹ ਵੀ ਸਿੱਖ ਤਵਾਰੀਖ਼ ਦੇ ਅਮੁੱਲੇ ਹੀਰੇ ਹਨ:

1. ਸਿੱਖ ਇਤਿਹਾਸ ਵਿਚ ਪਹਿਲਾ ਗੰਗਾ ਰਾਮ ਬਠਿੰਡੇ ਦਾ ਇਕ ਬ੍ਰਾਹਮਣ ਹੋਇਆ ਹੈ, ਜੋ ਪੰਜਵੇਂ ਪਾਤਸ਼ਾਹ ਜੀ ਦਾ ਸਿੱਖ ਸੀ। ਉਸ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਣਾ ਸਮੇਂ ਲੰਗਰ ਵਾਸਤੇ ਅੰਨ ਅਰਪਣ ਕੀਤਾ ਸੀ। ਕਹਿੰਦੇ ਨੇ ਇਹ ਗੰਗਾ ਰਾਮ ਵਪਾਰੀ ਊਠਾਂ 'ਤੇ ਬਾਜਰੀ ਲੱਦ ਕੇ ਅਫਗਾਨਿਸਤਾਨ ਵੱਲ ਜਾ ਰਿਹਾ ਸੀ ਜਦ ਅੰਮ੍ਰਿਤਸਰ ਵਿਚੋਂ ਲੰਘਦਿਆਂ ਇਸ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਣਾ ਦਾ ਪਤਾ ਲੱਗਾ ਤਾਂ ਉਸ ਨੇ ਆਪਣੇ ਸਾਰੇ ਊਠਾਂ 'ਤੇ ਲੱਦੀ ਹੋਈ ਬਾਜਰੀ ਸੰਗਤ ਲਈ ਅਰਪਣ ਕਰ ਦਿੱਤੀ।

2. ਦੂਜਾ ਗੰਗਾ ਰਾਮ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਭੂਆ, ਬੀਬੀ ਵੀਰੋ ਦਾ ਪੁੱਤਰ ਸੀ, ਜੋ ਭੰਗਾਣੀ ਦੀ ਲੜਾਈ ਵਿਚ ਵੱਡੀ ਵੀਰਤਾ ਨਾਲ ਲੜਿਆ।

3. ਤੀਸਰਾ ਗੰਗੂ ਹੋਇਆ ਹੈ, ਦੂਸਰੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਦਾ ਆਤਮ-ਗਿਆਨੀ ਸਿੱਖ।

4. ਚੌਥਾ ਗੰਗੂ ਨਾਈ, ਜਿਸ ਨੇ ਪੰਜਵੇਂ ਸਤਿਗੁਰੂ ਅਰਜਨ ਦੇਵ ਜੀ ਦੀ ਦਿਨ ਰਾਤ ਸੇਵਾ ਕਰ ਕੇ ਵੱਡਾ ਮਾਣ ਪਾਇਆ।

5. ਪੰਜਵਾਂ ਗੰਗੂ ਸ਼ਾਹ ਅਜੋਕੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਗੜ੍ਹਸ਼ੰਕਰ ਦਾ ਵਸਨੀਕ ਹੋਇਆ ਹੈ, ਜਿਸ ਨੂੰ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਪ੍ਰਚਾਰ ਹਿਤ ਮੰਜੀ ਬਖਸ਼ੀ ਸੀ।

6. ਛੇਵਾਂ ਗੰਗਾ ਰਾਮ ਲਾਹੌਰ ਸ਼ਹਿਰ ਦਾ ਇਕ ਅਮੀਰ ਹਿੰਦੂ ਹੋਇਆ ਹੈ, ਜਿਸ ਨੇ 16 ਨਵੰਬਰ, 1922 ਨੂੰ ਗੁਰੂ ਕੇ ਬਾਗ ਵਿਚ ਸਿੰਘਾਂ ਉਤੇ ਅੰਗਰੇਜ਼ ਪੁਲਿਸ ਵਲੋਂ ਕੀਤਾ ਜਾ ਰਿਹਾ ਤਸ਼ੱਦਦ ਦੇਖ ਕੇ ਗੁਰਦੁਆਰੇ ਦੇ ਮਹੰਤ ਕੋਲੋਂ ਬਾਗ ਲੀਜ਼ 'ਤੇ ਲੈ ਲਿਆ ਸੀ। ਇਹ ਬਾਗ ਉਸ ਨੇ ਸਿੰਘਾਂ ਨੂੰ ਅਰਪਣ ਕਰ ਦਿੱਤਾ ਸੀ, ਇੰਜ ਗੁਰੂ ਕੇ ਬਾਗ ਵਾਲੇ ਮੋਰਚੇ ਦਾ ਅੰਤ ਹੋਇਆ ਸੀ।

(ਸ੍ਰੋਤ-ਮਹਾਨ ਕੋਸ਼ ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ)

## ਪੰਜਾਬੀ ਭਾਸ਼ਾ ਦਾ ਦੀਵਾਨਾ ਆਸ਼ਕ ਜੋਗਿੰਦਰ ਸਿੰਘ ਪੁਆਰ-3

*(ਸਫਾ 25 ਦਾ ਬਾਕੀ)*

ਦੀ ਪਾਲਣਾ ਕਰਦੇ ਤੇ ਸ਼ਾਮ ਨੂੰ 'ਯਾਰਾਂ ਦਾ ਮੇਲਾ' ਵੀ ਲੱਗਦਾ। ਬਾਹਰੋਂ ਆਏ ਤੇ ਸਥਾਨਕ ਵਿਦਵਾਨਾਂ ਵਾਸਤੇ 'ਖਾਣ-ਪਾਣ' ਚੱਲਦਾ। ਪੁਆਰ ਦੇ ਖੱਬੇ ਹੱਥ ਵਿਚ ਬੋਤਲ ਹੁੰਦੀ ਤੇ ਅੱਗੇ ਯਾਰਾਂ ਦੇ ਗਿਲਾਸ। ਅੱਧੀ-ਅੱਧੀ ਰਾਤ ਤੱਕ ਗੱਪ-ਗੋਸ਼ਟੀਆਂ ਚੱਲਦੀਆਂ। ਪੁਆਰ ਦੇ ਸੁਭਾਅ ਦੀ ਇਕ ਹੋਰ ਖੂਬਸੂਰਤ ਗੱਲ ਇਹ ਸੀ ਕਿ ਉਹ ਆਪਣੇ ਸਹਾਇਕਾਂ (ਸੁਖਵਿੰਦਰ ਸੰਘਾ, ਬਲਦੇਵ ਚੀਮਾ, ਵੇਦ ਅਗਨੀਹੋਤਰੀ ਤੇ ਮੇਰੇ ਸਮੇਤ) ਨੂੰ ਰਾਤ ਦੀ 'ਪਾਰਟੀ' ਵਾਸਤੇ ਖਰਚ ਕਰਨ ਦਾ ਪੂਰਾ ਅਧਿਕਾਰ ਦਿੰਦਾ। ਸੈਮੀਨਾਰ ਤੋਂ ਬਾਅਦ ਵੀ ਉਹ ਕਦੀ ਨਿਨਵਾਂ ਨਾ ਲੈਂਦਾ ਕਿ ਏਨਾ ਖਰਚ ਕਿੱਥੇ ਤੇ ਕਿਉਂ ਕੀਤਾ ਗਿਆ! ਪਾਰਟੀ ਤੋਂ 'ਵਧ ਗਿਆ ਮਾਲ' ਬੇਲੀਆਂ ਦੇ ਅਗਲੇ ਦਿਨਾਂ ਵਿਚ ਵੀ ਕੰਮ ਆਉਂਦਾ ਰਹਿੰਦਾ!

ਦੇਖਿਆ ਜਾ ਸਕਦਾ ਹੈ ਕਿ ਜਿਹੜਾ ਪੁਆਰ 'ਸਾਹਿਤਕ ਮੇਲਿਆਂ' ਦੇ ਉਤੋਂ-ਉਤੋਂ ਹੀ ਖਿਲਾਫ ਸੀ; ਉਹਦੀ ਹਾਜ਼ਰੀ ਵਿਚ ਵੀ 'ਮੇਲੇ' ਲੱਗਦੇ ਰਹੇ।

ਉਤੋਂ-ਉਤੋਂ ਤਾਂ ਉਹ ਸਾਹਿਤਕਾਰਾਂ ਅਤੇ ਸਾਹਿਤ ਦੇ ਮਹੱਤਵ ਤੋਂ ਵੀ ਇਨਕਾਰੀ ਸੀ। ਉਹਦਾ ਮੱਤ ਸੀ ਕਿ ਭਾਸ਼ਾ ਦੀ ਤਰੱਕੀ ਵਿਚ ਸਾਹਿਤਕਾਰਾਂ ਨਾਲੋਂ ਵੱਧ ਯੋਗਦਾਨ ਭਾਸ਼ਾ ਵਿਗਿਆਨੀਆਂ ਦਾ ਹੁੰਦਾ ਹੈ। ਉਹ ਕਹਿੰਦਾ ਸੀ ਕਿ ਯੂਨੀਵਰਸਿਟੀ ਵਿਚ ਕੇਵਲ ਸਾਹਿਤ ਪੜ੍ਹਾਏ ਜਾਣ ਨਾਲ ਭਾਸ਼ਾ ਦਾ ਕੁਝ ਨਹੀਂ ਸੌਰਨ ਲੱਗਾ! ਇਸ ਲਈ ਭਾਸ਼ਾ ਵਿਗਿਆਨ ਦੀ ਪੜ੍ਹਾਈ ਲਾਜ਼ਮੀ ਹੈ; ਤੇ ਉਹਨੇ ਬੀ.ਏ. ਦੇ ਸਿਲੇਬਸਾਂ ਵਿਚ ਭਾਸ਼ਾ ਵਿਗਿਆਨ ਦਾ ਵਿਸ਼ਾ ਸ਼ਾਮਲ ਕਰਵਾ ਕੇ ਹੀ ਦਮ ਲਿਆ! ਪਰ ਜੇ ਹਕੀਕਤ ਵਿਚ ਸਾਹਿਤਕਾਰਾਂ ਪ੍ਰਤੀ ਉਹਦੇ ਨਜ਼ਰੀਏ ਨੂੰ ਦੇਖੀਏ ਤਾਂ ਇਹ ਪੁਆਰ ਹੀ ਸੀ ਜਿਸ ਨੇ ਆਪਣੇ ਕਾਰਜਕਾਲ ਵਿਚ ਸੰਤ ਸਿੰਘ ਸੇਖੋਂ ਅਤੇ ਡਾ. ਅਤਰ ਸਿੰਘ ਵਰਗੇ ਵਿਦਵਾਨਾਂ/ਸਾਹਿਤਕਾਰਾਂ ਨੂੰ ਪ੍ਰੋਫੈਸਰ ਐਮਿਰਿਟਸ ਵਰਗੇ ਅਹੁਦੇ ਦੇ ਕੇ ਸਨਮਾਨਿਤ ਕੀਤਾ। ਕਈ ਪ੍ਰਸਿੱਧ ਲੇਖਕਾਂ ਸੰਤੋਖ ਸਿੰਘ ਧੀਰ, ਹਰਨਾਮ ਦਾਸ ਸਹਿਰਾਈ, ਜਗਤਾਰ ਅਤੇ ਹੋਰ ਕਈਆਂ ਦੇ ਜੀਵਨ ਭਰ ਲਈ ਵਜ਼ੀਫੇ ਲਾ ਦਿੱਤੇ। ਸੰਤ ਸਿੰਘ ਸੇਖੋਂ ਤੋਂ ਬਾਅਦ ਜਦੋਂ ਡਾ. ਅਤਰ ਸਿੰਘ ਨੂੰ ਪ੍ਰੋਫੈਸਰ ਐਮਿਰਿਟਸ ਦੇ ਅਹੁਦੇ ਨਾਲ ਸਨਮਾਨਿਤ ਕਰਨਾ ਸੀ ਤਾਂ ਉਨ੍ਹੀਂ ਦਿਨੀਂ ਡਾ. ਅਤਰ ਸਿੰਘ ਪਾਰਕਿਨਸਨ ਦੀ ਬਿਮਾਰੀ ਨਾਲ ਬੁਰੀ ਤਰ੍ਹਾਂ ਪੀੜਤ ਸੀ। ਪੁਆਰ ਆਪ ਚੱਲ ਕੇ ਚੰਡੀਗੜ੍ਹ ਉਹਦੇ ਘਰ ਪੁੱਜਾ ਤੇ ਇਹ ਸਨਮਾਨ ਪ੍ਰਾਪਤ ਕਰਨ ਦੀ ਗੁਜ਼ਾਰਿਸ਼ ਕੀਤੀ।

ਇਹ ਸੀ ਸਾਹਿਤਕਾਰਾਂ ਪ੍ਰਤੀ ਉਹਦੀ ਹਕੀਕੀ ਆਦਰ-ਭਾਵਨਾ!

ਸਾਹਿਤਕਾਰਾਂ ਦੀ ਤਾਂ ਗੱਲ ਛੱਡੋ, ਉਹ ਤਾਂ ਸਵੇਰੇ ਉਠ ਕੇ ਰੋਜ਼ ਪਤਨੀ ਲਈ ਹੀ ਚਾਹ ਨਹੀਂ ਸੀ ਬਣਾਉਂਦਾ ਸਗੋਂ ਯੂਨੀਵਰਸਿਟੀ ਵਿਚ ਆਪਣੇ ਕਾਰਜਕਾਲ ਦੌਰਾਨ ਉਹ ਆਪਣੇ ਸੁਰੱਖਿਆ ਕਰਮੀਆਂ ਨੂੰ ਵੀ ਆਪਣੇ ਹੱਥੀਂ ਚਾਹ ਬਣਾ ਕੇ ਪਿਆਉਂਦਾ। ਅਤਿ ਦੇ ਖਰ੍ਹਵੇ ਤੇ ਕੌੜੇ ਸਮਝੇ ਜਾਣ ਵਾਲੇ ਬੰਦੇ ਅੰਦਰ ਸੰਵੇਦਨਸ਼ੀਲਤਾ ਦੀ ਅਜਿਹੀ ਨੁੱਕਰ ਵੀ ਸੀ।

ਸਾਹਿਤ ਤੇ ਸਾਹਿਤਕ 'ਮੇਲਿਆਂ' ਦੀ ਓਪਰੀ ਮੁਖਾਲਫਤ ਕਰਨ ਵਾਲਾ ਪੁਆਰ ਜ਼ਿੰਦਗੀ ਦੇ ਆਖਰੀ ਪੜਾਅ 'ਤੇ ਭਾਰਤ ਪੱਧਰੀ 'ਭਾਸ਼ਾ ਉਤਸਵ' ਕਰਵਾਉਣ ਦੇ ਸੁਪਨੇ ਲੈ ਰਿਹਾ ਸੀ। ਇਸ ਸੁਪਨੇ ਨੂੰ ਸਾਕਾਰ ਕਰਨ ਲਈ ਕੀਤੀ ਮੀਟਿੰਗ ਦਾ ਜ਼ਿਕਰ ਸ਼ੁਰੂ ਵਿਚ ਆ ਚੁੱਕਾ ਹੈ; ਤੇ ਇਸ ਉਤਸਵ ਨੂੰ ਕਰਾਵਾਉਣ ਦੀ ਲੋਚਾ ਪਿੱਛੇ ਜੈਪੁਰ ਦਾ 'ਸਾਹਿਤ ਉਤਸਵ' ਹੀ ਪ੍ਰੇਰਕ ਸੀ!

—-

ਡਾ. ਪੁਆਰ ਦੇ ਮਿਲਣਸਾਰ ਸੁਭਾਅ ਬਾਰੇ ਗੱਲ ਕਰਦਿਆਂ ਮੈਂ ਸ਼ੁਰੂ ਵਿਚ ਕਹਿ ਚੁੱਕਾ ਹਾਂ ਕਿ ਉਹ 'ਯਾਰਾਂ ਦਾ ਯਾਰ' ਵੀ ਸੀ! ਪਰ ਕਈ ਵਾਰ ਉਹਦੇ ਸੁਭਾਅ ਦੀਆਂ ਕਈ ਗੱਲਾਂ ਮੇਰੇ ਗੇੜ 'ਚ ਨਾ ਆਉਂਦੀਆਂ। ਉਹ ਜਿਸ ਨਾਲ ਇੱਕ ਵਾਰ ਨਾਰਾਜ਼ ਹੋ ਜਾਂਦਾ, ਉਸ ਬਾਰੇ ਅੰਦਰੋਂ ਰੋਸਾ ਨਾ ਗਵਾਉਂਦਾ। ਬਲਦੇਵ ਦੇ ਹਵਾਲੇ ਨਾਲ ਮੈਂ ਗੱਲ ਕਰ ਚੁੱਕਾ ਹਾਂ। ਰਘਬੀਰ ਸਿੰਘ ਸਿਰਜਣਾ ਨੂੰ ਉਹ 'ਸਿਰ 'ਤੇ ਚੁੱਕ ਕੇ' ਪੰਜਾਬੀ ਯੂਨੀਵਰਸਿਟੀ ਵਿਚ ਲੈ ਕੇ ਗਿਆ ਤੇ ਪ੍ਰੋਫੈਸਰ ਬਣਾ ਕੇ 'ਰਵਿੰਦਰ ਸਿੰਘ ਰਵੀ ਚੇਅਰ' ਦਾ ਮੁਖੀ ਬਣਾਇਆ ਪਰ ਪਤਾ ਨਹੀਂ ਬਾਅਦ ਵਿਚ ਉਹਦੇ ਨਾਲ ਕਿਸ ਗੱਲੋਂ ਨਾਰਾਜ਼ ਹੋ ਗਿਆ! ਜਦ ਕਦੀ ਰਘਬੀਰ ਸਿੰਘ ਦਾ ਜ਼ਿਕਰ ਚੱਲਦਾ ਤਾਂ ਮੇਰੇ ਵੱਲ ਇਸ਼ਾਰਾ ਕਰ ਕੇ ਵਿਅੰਗ ਨਾਲ ਕਹਿੰਦਾ, "ਇਹਨੂੰ ਪਤਾ ਹੋਊ, ਇਹਦਾ ਯਾਰ ਏ!"

ਵੇਦ ਅਗਨੀਹੋਤਰੀ ਡਾ. ਪੁਆਰ ਦਾ ਸ਼ਰਧਾਲੂ ਮਿੱਤਰ ਸੀ। ਪੰਜਾਬੀ ਭਾਸ਼ਾ ਅਕਾਦਮੀ ਨਾਲ ਸ਼ੁਰੂ ਤੋਂ ਜੁੜਿਆ ਰਹਿਣ ਵਾਲਾ। ਉਹਦਾ ਪੂਰਾ ਫਰਮਾ-ਬਰਦਾਰ! ਅਕਾਦਮੀ ਦਾ ਅਹੁਦੇਦਾਰ ਵੀ ਰਿਹਾ, 'ਲਾਲ ਕਿਤਾਬਾਂ' ਦਾ ਸਹਿ-ਲੇਖਕ ਵੀ ਰਿਹਾ ਪਰ ਉਹਦੀ ਮੌਤ 'ਤੇ ਹੋਏ ਸ਼ਰਧਾਂਜਲੀ ਸਮਾਗਮ ਵਿਚ ਜਦ ਪੁਆਰ ਨੂੰ ਅਗਨੀਹੋਤਰੀ ਬਾਰੇ ਕੁਝ ਸ਼ਬਦ ਬੋਲਣ ਲਈ ਕਿਹਾ ਤਾਂ ਉਹਨੇ ਬੋਲਣੋਂ ਇਨਕਾਰ ਕਰ ਦਿੱਤਾ! ਇਹ ਉਹੋ ਪੁਆਰ ਸੀ ਜਿਹੜਾ ਬੜੇ ਉਚੇਚ ਨਾਲ ਹਰ ਇਕ ਦੇ ਦੁੱਖ-ਸੁਖ ਵਿਚ ਸ਼ਾਮਲ ਹੁੰਦਾ ਸੀ!

ਮੇਰੀਆਂ ਦੋਵਾਂ ਧੀਆਂ ਦੇ ਵਿਆਹ 'ਤੇ ਉਹਨੇ ਹਾਜ਼ਰੀ ਭਰੀ। ਮੇਰੀ ਮਾਂ ਦੇ ਭੋਗ 'ਤੇ ਮੇਰੇ ਪਿੰਡ ਸੁਰ ਸਿੰਘ ਪਹੁੰਚ ਕੇ ਸ਼ਰਧਾਂਜਲੀ ਦਿੱਤੀ ਪਰ ਜਦ ਉਹ ਇੱਕ ਵਾਰ ਮੇਰੇ ਨਾਲ 'ਅੰਦਰੋਂ' ਨਾਰਾਜ਼ ਹੋ ਗਿਆ ਤਾਂ ਉਹਨੇ ਨਾਰਾਜ਼ਗੀ ਨਹੀਂ ਗਵਾਈ। ਪੁਆਰ ਦੀ ਧੀ ਦਾ ਵਿਆਹ ਸੀ। ਮੈਂ ਇਹ ਗੱਲ ਚਿਤਵ ਹੀ ਨਹੀਂ ਸਾਂ ਸਕਦਾ ਕਿ ਪੁਆਰ ਦੀ ਧੀ ਦਾ ਵਿਆਹ ਹੋਵੇ ਤੇ ਉਹ ਮੈਨੂੰ ਬੁਲਾਵੇ ਨਾ! ਪਰ ਇਹ ਜਾਣਦਿਆਂ ਹੋਇਆਂ ਵੀ ਕਿ ਮੈਂ ਉਨ੍ਹੀਂ ਦਿਨੀਂ ਜਲੰਧਰ ਹੀ ਹਾਂ, ਉਹਨੇ ਮੈਨੂੰ ਵਿਆਹ 'ਤੇ ਨਹੀਂ ਸੀ ਬੁਲਾਇਆ।

ਮੈਨੂੰ ਇਸ ਗੱਲ ਦੀ ਅੱਜ ਤੱਕ ਸਮਝ ਨਹੀਂ ਆਈ ਕਿ ਕੀ ਮੇਰੇ ਨਾਲ ਨਾਰਾਜ਼ਗੀ ਦਾ ਕਾਰਨ ਕੇਵਲ ਏਨਾ ਹੀ ਸੀ ਕਿ ਮੈਂ ਕੈਨੇਡਾ ਜਾਣ ਲੱਗਿਆਂ ਉਹਦੇ ਨਾਲ 'ਜਾਣ ਵਾਲੀ ਗੱਲ' ਸਾਂਝੀ ਨਹੀਂ ਸੀ ਕੀਤੀ ਜਾਂ ਕੋਈ ਹੋਰ ਕਾਰਨ ਵੀ ਸੀ! ਸੋਚਿਆ ਜਾਵੇ ਤਾਂ ਕਾਰਨ ਤਾਂ ਇਹ ਵੀ ਬੜਾ ਵਾਜਬ ਬਣਦਾ ਸੀ ਕਿ ਜਿਹੜਾ ਬੰਦਾ ਤੁਹਾਨੂੰ ਆਪਣੇ 'ਏਨਾ ਨੇੜੇ' ਸਮਝਦਾ ਹੋਵੇ, ਤੁਸੀਂ ਉਹਦੇ ਨਾਲ ਅਜਿਹਾ 'ਗੈਰਾਂ ਵਾਲਾ ਸਲੂਕ' ਕਰ ਕੇ ਉਹਦੇ ਮਾਣ ਨੂੰ ਸੱਟ ਮਾਰ ਦਿਓ!

ਇੱਕ ਹੋਰ ਗੱਲ ਯਾਦ ਆ ਗਈ। ਇੱਕ ਦਿਨ ਅਕਾਦਮੀ ਦੇ ਦਫਤਰ ਵਿਚ ਬੈਠੇ ਸਾਂ। ਪੁਆਰ ਕਹਿੰਦਾ, "ਫਲਾਣਾ ਮੈਨੂੰ ਕਹਿੰਦਾ ਕਿ 'ਅਮਕੇ' ਦੀ ਮਾਂ ਮਰ ਗਈ ਹੈ, ਉਹਦੇ ਭੋਗ 'ਤੇ ਨਹੀਂ ਜਾਣਾ?" ਮੈਂ ਕਿਹਾ, "ਕਿਉਂ? ਮਾਂ ਤਾਂ ਮੇਰੀ ਵੀ ਮਰੀ ਸੀ!"

ਕਹਿ ਨਹੀਂ ਸਕਦਾ ਕਿ ਉਤਲੇ ਪੈਰੇ ਵਿਚ ਕੀਤੀ ਗੱਲ ਦਾ ਉਸ ਤੋਂ ਉਤਲੇ ਪੈਰੇ ਵਿਚ ਕੀਤੀ ਗੱਲ ਨਾਲ ਕੋਈ ਤਾਲ-ਮੇਲ ਬੈਠਦਾ ਵੀ ਹੈ ਜਾਂ ਨਹੀਂ? ਹਾਂ, ਏਨਾ ਤਾਂ ਜ਼ਰੂਰ ਹੈ ਕਿ ਦੋਵਾਂ ਸੂਰਤਾਂ ਵਿਚ ਪੁਆਰ ਦੇ 'ਹੰਮੇ' ਨੂੰ ਠੇਸ ਪਹੁੰਚੀ ਸੀ।

ਇਸ ਨਾਰਾਜ਼ਗੀ ਤੋਂ ਬਾਅਦ ਜਿਵੇਂ ਪਿੱਛੇ ਜ਼ਿਕਰ ਆਇਆ ਹੈ, ਅਸੀਂ ਮਿਲਦੇ ਵੀ ਰਹੇ। ਇਕੱਠੇ ਵੀ ਹੁੰਦੇ ਰਹੇ। ਵਿਚਾਰ ਚਰਚਾ ਵੀ ਹੁੰਦੀ ਰਹੀ। ਕੋਈ ਖਾਸ ਕੰਮ ਹੁੰਦਾ ਤਾਂ ਕਦੀ-ਕਦੀ ਉਹ ਫੋਨ ਕਰ ਕੇ ਵੀ ਬੁਲਾ ਲੈਂਦਾ ਪਰ ਸਾਡਾ ਮਿਲਣ ਸਥਾਨ ਦੇਸ਼ ਭਗਤ ਯਾਦਗਾਰ ਹਾਲ ਹੀ ਹੁੰਦਾ! ਨਾ ਕਦੀ ਉਹ ਮੇਰੇ ਘਰ ਆਇਆ, ਨਾ ਮੈਂ ਉਹਦੇ ਵੱਲ ਗਿਆ।

'ਦੋਸਤੀ' ਤਾਂ ਬਣੀ ਰਹੀ ਪਰ ਸੁਰਜੀਤ ਪਾਤਰ ਦੇ ਕਹਿਣ ਵਾਂਗ, ਸਦਾ ਇਹ ਲੱਗਦਾ ਰਿਹਾ- "ਨਿੱਘ ਹੈ ਨਾ ਰੌਸ਼ਨੀ ਹੈ! ਇਹ ਕੇਹੀ ਦੋਸਤੀ ਹੈ!"

ਕੁਝ ਵੀ ਸੀ। ਪੁਆਰ ਦੀ ਦੋਸਤੀ ਦੀਆਂ ਵਰ੍ਹਿਆਂ 'ਤੇ ਫੈਲੀਆਂ ਉਹ ਚੰਗੀਆਂ ਤੇ ਚਾਨਣੀਆਂ ਯਾਦਾਂ ਵੀ ਮੇਰੇ ਚੇਤੇ ਵਿਚ ਅਕਸ ਨੇ ਜਦੋਂ ਸਾਡੀ ਦੋਸਤੀ ਵਿਚ ਨਿੱਘ ਵੀ ਸੀ ਤੇ ਰੌਸ਼ਨੀ ਵੀ। ਦੋਸਤੀ ਦਾ ਉਹ ਕੋਸਾ-ਕੋਸਾ ਨਿੱਘ ਤੇ ਨਿੰਮ੍ਹਾ-ਨਿੰਮਾ ਚਾਨਣ ਅੱਜ ਵੀ ਮੇਰੇ ਅੰਗ-ਸੰਗ ਹੈ!

—-

'ਭਾਸ਼ਾ ਉਤਸਵ' ਕਰਵਾਉਣ ਵਾਲੀ ਮੀਟਿੰਗ ਤੋਂ ਅਗਲੇ ਅਗਲੇਰੇ ਦਿਨ ਜਨਵਰੀ ਦੀ ਨਿੱਘੀ ਧੁੱਪ ਵਿਚ ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ ਵਿਚ ਧੁੱਪੇ ਕੁਰਸੀਆਂ 'ਤੇ ਬੈਠੇ ਸਾਂ। ਸ਼ਾਇਦ ਇਕ-ਦੋ ਜਣੇ ਹੋਰ ਵੀ ਸਨ। ਗੱਲ ਪੁਆਰ ਦੇ ਮੁਢਲੇ ਜੀਵਨ ਤੋਂ ਸ਼ੁਰੂ ਹੋਈ। ਉਹ ਰਓਂ ਵਿਚ ਸੀ। ਉਹ ਦੱਸ ਰਿਹਾ ਸੀ ਕਿ ਗਿਆਰਾਂ ਸਾਲਾਂ ਦਾ ਸੀ ਉਹ, ਜਦੋਂ ਦੇਸ਼ ਦੀ ਵੰਡ ਹੋਈ ਤੇ ਉਨ੍ਹਾਂ ਨੂੰ ਮਿੰਟਗੁਮਰੀ ਜ਼ਿਲ੍ਹੇ ਦੀ ਉਕਾੜਾ ਤਹਿਸੀਲ ਵਿਚ ਪੈਂਦੇ ਆਪਣੇ ਪਿੰਡ ਨੂੰ ਸਦੀਵੀ ਅਲਵਿਦਾ ਆਖ ਕੇ ਵੱਸਦੇ-ਰੱਸਦੇ ਘਰ-ਬਾਰ ਛੱਡ ਕੇ ਤੁਰਨਾ ਪਿਆ। ਕਿਵੇਂ ਉਨ੍ਹਾਂ ਦਾ ਲੰਮਾ ਕਾਫਲਾ ਹੌਲੀ-ਹੌਲੀ ਸਰਕਦਾ, ਜਾਨ ਬਚਾਉਂਦਾ ਭਾਰਤ ਪਹੁੰਚਿਆ। ਜਿਵੇਂ ਪਹਿਲਾਂ ਜ਼ਿਕਰ ਆ ਚੁੱਕਾ ਹੈ, ਕਿਵੇਂ ਘੋੜੀ 'ਤੇ ਸਵਾਰ (ਭਵਿੱਖ ਦਾ ਮੁੱਖ ਮੰਤਰੀ) ਬੇਅੰਤ ਸਿੰਘ ਹੱਥ ਵਿਚ ਬੰਦੂਕ ਲੈ ਕੇ ਕਾਫਲੇ ਦੀ ਰਾਖੀ ਲਈ ਕਾਫਲੇ ਦੇ ਅੰਗ-ਸੰਗ ਰਿਹਾ। ਕਿਵੇਂ ਵੰਡ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਪਹਿਲਾਂ ਅਲਾਵਲਪੁਰ ਤੇ ਫਿਰ ਪੱਕੇ ਤੌਰ 'ਤੇ ਲੱਧੇਵਾਲੀ ਆਣ ਕੇ ਵੱਸਿਆ।

ਗੱਲਾਂ ਲੰਮੀਆਂ ਚੱਲੀਆਂ। ਅਲਾਵਲਪੁਰ ਤੋਂ ਦਸਵੀਂ ਪਾਸ ਕਰ ਕੇ ਲਾਇਲਪੁਰ ਖਾਲਸਾ ਕਾਲਜ ਤੋਂ ਪੰਜਾਬੀ ਤੇ ਅੰਗਰੇਜ਼ੀ ਦੀ ਐਮ.ਏ. ਕਰਨ ਤੋਂ ਲੈ ਕੇ ਕੰਨਿਆ ਮਹਾਵਿਦਿਆਲਾ ਵਿਚ ਪਹਿਲੀ ਨਿਯੁਕਤੀ ਤੱਕ ਦਾ ਸਫਰ ਤੇ ਫੇਰ ਲਾਇਲਪੁਰ ਖਾਲਸਾ ਕਾਲਜ ਵਿਚ ਅਧਿਆਪਨ ਤੋਂ ਤੁਰਦੀ ਗੱਲ ਲੰਡਨ ਯੂਨੀਵਰਸਿਟੀ ਤੋਂ ਭਾਸ਼ਾ ਵਿਗਿਆਨ ਵਿਚ ਐਮ.ਲਿਟ. ਕਰਨ ਪਿੱਛੋਂ ਪੰਜਾਬੀ ਯੂਨੀਵਰਸਿਟੀ ਵਿਚ ਪ੍ਰਾ-ਅਧਿਆਪਕ ਲੱਗਣ ਤੱਕ ਚੱਲਦੀ ਹੋਈ, ਵਾਈਸ ਚਾਂਸਲਰ ਲੱਗਣ ਤੱਕ ਪਹੁੰਚੀ। ਵਿਚ-ਵਿਚ ਨਿੱਕੇ ਨਿੱਕੇ ਦਿਲਚਸਪ ਵੇਰਵੇ। ਕੁਝ ਅਣਸੁਣੀਆਂ ਗੱਲਾਂ।

ਮੈਂ ਕਿਹਾ, "ਡਾ. ਸਾਹਿਬ! ਆਪਣੀ ਸਵੈ-ਜੀਵਨੀ ਲਿਖੋ। ਤੁਹਾਡੇ ਸੰਘਰਸ਼ ਦੀ ਲੰਮੀ ਤੇ ਦਿਲਚਸਪ ਦਾਸਤਾਨ ਹੈ। ਜਿਵੇਂ ਡਾ. ਸਰਦਾਰਾ ਸਿੰਘ ਜੌਹਲ ਨੇ ਕਮਾਲ ਦੇ ਅਨੁਭਵ ਲਿਖੇ ਨੇ, ਤੁਹਾਡੀ ਜੀਵਨੀ ਵਿਚ ਵੀ ਬਹੁਤ ਕੁਝ ਅਜਿਹਾ ਹੋਵੇਗਾ ਜੋ ਨਵੀਂ ਪੀੜ੍ਹੀ ਦੇ ਬੱਚਿਆਂ ਲਈ ਪ੍ਰੇਰਨਾ ਦੇਣ ਵਾਲਾ ਹੋਵੇਗਾ।"

ਉਹ ਪੋਲਾ ਜਿਹਾ ਮੁਸਕਰਾਇਆ। ਕਿਸੇ ਹੋਰ ਨੇ ਵੀ ਮੇਰੀ ਹਾਮੀ ਭਰੀ।

ਉਹਦੀ ਚੁੱਪ ਨੂੰ ਰਜ਼ਾਮੰਦੀ ਸਮਝਦਿਆਂ ਮੈਂ ਕਿਹਾ, "ਬੱਸ ਅੱਜ ਤੋਂ ਸੋਚਣਾ ਤੇ ਮਨ ਵਿਚ ਤਰਤੀਬ ਦੇਣੀ ਸ਼ੁਰੂ ਕਰ ਦਿਓ, ਤੇ ਫਿਰ ਲਿਖਣਾ ਵੀ। ਮੈਂ ਅਗਲੇ ਹਫਤੇ ਤੁਹਾਨੂੰ ਪੁੱਛਣਾ ਹੈ ਕਿ ਤੁਸੀਂ ਪਹਿਲਾ ਚੈਪਟਰ ਲਿਖ ਲਿਆ ਹੈ ਕਿ ਨਹੀਂ।"

ਉਹ ਹੱਸ ਪਿਆ। ਲਗਭਗ ਸਵੈ-ਜੀਵਨੀ ਲਿਖਣਾ ਮੰਨ ਕੇ ਉਹ ਇਹ ਕਹਿੰਦਾ ਉਠਿਆ, "ਉਂਞ ਕੰਮ ਹੈ ਤਾਂ ਔਖਾ ਪਰ ਚਲੋ ਦੇਖਦੇ ਹਾਂ!"

ਪਰ ਅਗਲੇ ਹਫਤੇ ਨਾ ਮੈਂ ਪੁੱਛਿਆ ਤੇ ਨਾ ਉਹਨੇ ਦੱਸਿਆ ਕਿ ਉਹਨੇ ਪਹਿਲਾ ਚੈਪਟਰ ਲਿਖ ਲਿਆ ਹੈ!

ਤੇ ਫਿਰ ਕੋਵਿਡ-19 ਦਾ ਕਹਿਰ ਟੁੱਟ ਪਿਆ। ਮੇਲ-ਮੁਲਾਕਾਤਾਂ ਬੰਦ ਹੋ ਗਈਆਂ!

ਨਾ ਭਾਸ਼ਾ-ਉਤਸਵ ਹੋ ਸਕਿਆ ਤੇ ਨਾ ਹੀ ਸਵੈ-ਜੀਵਨੀ ਲਿਖੀ ਜਾ ਸਕੀ।

ਅਗਸਤ ਦੇ ਅੰਤ ਵਿਚ ਮੈਂ ਕੈਨੇਡਾ ਆ ਗਿਆ ਤੇ 15 ਅਕਤੂਬਰ (2020) ਨੂੰ ਉਹਦੇ ਸਦੀਵੀ ਵਿਛੋੜੇ ਦੀ ਖਬਰ ਆ ਗਈ। ਪੰਜਾਬੀ ਭਾਸ਼ਾ ਬਾਰੇ ਬਣਾਈਆਂ ਅਗਲੇਰੀਆਂ ਯੋਜਨਾਵਾਂ ਅਤੇ ਉਹਦੇ ਹੋਰ ਸੁਪਨੇ ਵੀ ਉਹਦੇ ਨਾਲ ਹੀ ਸੌਂ ਗਏ ਪਰ ਪੰਜਾਬੀ ਭਾਸ਼ਾ ਲਈ ਜੂਝਦਾ ਉਹ ਆਖਰੀ ਸਾਹਾਂ ਤੱਕ ਰਿਹਾ। 10 ਅਕਤੂਬਰ ਨੂੰ ਕੁੜੀਆਂ ਦੇ ਲਾਇਲਪੁਰ ਖਾਲਸਾ ਕਾਲਜ ਵਿਚ 'ਨਵੀਂ ਸਿੱਖਿਆ ਨੀਤੀ' ਬਾਰੇ ਹੋਏ ਸੈਮੀਨਾਰ ਦੀ ਉਹਨੇ ਪ੍ਰਧਾਨਗੀ ਕੀਤੀ। ਉਸ ਨੇ ਉਸ ਕੁ-ਨੀਤੀ ਦੀ ਨਿਖੇਧੀ ਕੀਤੀ ਜਿਸ ਵਿਚ ਸਿੱਖਿਆ ਦੀਆਂ ਪ੍ਰਾਈਵੇਟ ਦੁਕਾਨਾਂ ਦੇ ਖੁੱਲ੍ਹਣ, ਗਰੀਬਾਂ ਨੂੰ ਵਿਦਿਆ ਤੋਂ ਵਾਂਝੇ ਰੱਖਣ, ਸਰਕਾਰੀ ਸਰਪ੍ਰਸਤੀ ਵਾਲੀਆਂ ਸੰਸਥਾਵਾਂ ਵਿਚ ਨਵੀਂ ਭਰਤੀ ਕਰਨ ਦੀ ਥਾਂ ਅਧਿਆਪਕਾਂ ਨੂੰ ਠੇਕੇ 'ਤੇ ਰੱਖਣ ਦਾ ਚਲਨ ਭਾਰੂ ਹੋ ਜਾਣਾ ਸੀ!

ਪਿਛਲੇ ਦੋ-ਤਿੰਨ ਸਾਲ ਤੋਂ ਮੈਂ ਜਦ ਪੰਜਾਬ ਜਾਂਦਾ ਤਾਂ ਦੇਖਦਾ ਕਿ ਡਾ. ਪੁਆਰ ਦੇ ਜਿਸਮ ਵਿਚ ਪਹਿਲਾਂ ਵਾਲੀ ਫੁਰਤੀ ਨਜ਼ਰ ਨਾ ਆਉਂਦੀ। ਉਹ ਬੋਚ-ਬੋਚ ਕੇ ਕਦਮ ਧਰਦਾ ਲੱਗਦਾ। ਚਿਹਰੇ 'ਤੇ ਵੀ ਭਲ ਜਿਹੀ ਪਈ ਦਿਸਦੀ ਪਰ ਉਹਦਾ ਉਤਸ਼ਾਹ ਪਹਿਲਾਂ ਵਾਂਗ ਹੀ ਮਘਦਾ ਹੁੰਦਾ ਸੀ।

ਪਰ ਆਪਣੇ ਹਰ ਸਾਹ ਵਿਚ ਮਘਦਾ ਇਹ ਸੇਕ ਉਹ ਆਪਣੀ ਹਿੱਕ ਵਿਚ ਲੈ ਕੇ ਸਾਹ ਮੁੱਕ ਜਾਣ 'ਤੇ ਸਵਾਹ ਹੋ ਗਿਆ।

ਕੀ ਉਹਦੇ 'ਵਾਰਿਸ' ਇਸ ਸਵਾਹ ਵਿਚ ਪਈ ਕੋਈ ਚੰਗਿਆੜੀ ਲੱਭ ਕੇ ਉਹਨੂੰ ਉਸ ਵਾਂਗ ਮੁੜ ਮਘਾ ਸਕਣਗੇ!

ਮਘਾਉਣੀ ਤਾਂ ਚਾਹੀਦੀ ਹੈ! (ਸਮਾਪਤ)

# ਢਾਕਾ ਮੁਕਤੀ ਮਾਰਚ ਦੀ ਦਾਸਤਾਂ

ਲੈਫ. ਜਨ. ਐਸ.ਐਸ. ਮਹਿਤਾ

ਅੱਜਕੱਲ੍ਹ ਅਖੌਰਾ ਤੋਂ ਢਾਕਾ ਜਾਣ ਲਈ ਸੜਕ ਰਸਤੇ ਮਸਾਂ ਚਾਰ ਕੁ ਘੰਟੇ ਲੱਗਦੇ ਹਨ ਪਰ 50 ਸਾਲ ਪਹਿਲਾਂ ਸਾਨੂੰ ਉਥੇ ਪਹੁੰਚਣ ਵਿਚ ਉਥਲ ਪੁਥਲ ਭਰੇ ਪੂਰੇ 13 ਦਿਨ ਲੱਗ ਗਏ ਸਨ। ਇਸ ਮਾਰਚ ਨੇ ਦੱਖਣੀ ਏਸ਼ੀਆ ਦਾ ਨਕਸ਼ਾ ਬਦਲ ਦਿੱਤਾ ਸੀ ਤੇ ਆਪਣੇ ਦੇਸ਼ ਦਾ ਫੌਜੀ ਇਤਿਹਾਸ ਨਵੇਂ ਸਿਰਿਓਂ ਲਿਖਿਆ ਸੀ। ਅਖੌਰਾ ਵਿਚ ਦੁਸ਼ਮਣ ਦੀ ਕੁਲੀਨ 12 ਫਰੰਟੀਅਰ ਫੋਰਸ ਅਤੇ 12 ਆਜ਼ਾਦ ਕਸ਼ਮੀਰ ਦੀ ਟੁਕੜੀ ਤਾਇਨਾਤ ਸੀ ਤੇ ਉਸ ਦੀ ਮਦਦ ਲਈ ਟੈਂਕ, ਤੋਪਖਾਨਾ ਤੇ ਹਵਾਈ ਸੈਨਾ ਵੀ ਮੌਜੂਦ ਸੀ। ਇਹ ਉਸ ਦਾ ਮਜ਼ਬੂਤ ਗੜ੍ਹ ਸੀ ਜਿਸ ਨੂੰ ਤੋੜਨ ਲਈ 72 ਘੰਟੇ ਜ਼ਬਰਦਸਤ ਅਪਰੇਸ਼ਨ ਚੱਲਿਆ। ਬਾਅਦ ਵਿਚ ਉਨ੍ਹਾਂ ਦੇ ਜੋ ਵੀ ਸੈਨਿਕ ਬਚੇ, ਉਹ ਪਿਛਾਂਹ ਹਟ ਗਏ।

ਇਸ ਸ਼ਾਨਦਾਰ ਜਿੱਤ ਦਾ ਸਿਹਰਾ 311 ਮਾਊਨਟੇਨ ਬ੍ਰਿਗੇਡ ਗਰੁੱਪ ਦੇ ਸਿਰ ਬੱਝਦਾ ਹੈ ਜਿਸ ਦੀ ਕਮਾਂਡ ਬ੍ਰਿਗੇਡੀਅਰ ਆਰ.ਐਨ. ਮਿਸ਼ਰਾ ਕਰ ਰਹੇ ਸਨ। ਇਸ ਦੇ ਨਾਲ ਹੀ ਇਹ 4 ਗਾਰਡਜ਼ ਦੀ ਬੇਮਿਸਾਲ ਸਫਲਤਾ ਸੀ ਜਿਸ ਦੀ ਕਮਾਂਡ ਲੈਫਟੀਨੈਂਟ ਕਰਨਲ ਹਿੰਮਤ ਸਿੰਘ ਦੇ ਹੱਥ ਸੀ। ਉਨ੍ਹਾਂ ਨੇ ਦੁਸ਼ਮਣ ਦੀਆਂ ਪੰਕਤੀਆਂ ਵਿਚ ਘੁਸਪੈਠ ਬਣਾਈ ਅਤੇ ਉਨ੍ਹਾਂ ਦੇ ਨਾਲ ਕੰਪਨੀ ਦੀ ਅਗਵਾਈ ਕਰ ਰਹੇ ਮੇਜਰ ਚੰਦਰਕਾਂਤ ਸਿੰਘ ਦੁਸ਼ਮਣ ਦੀ ਪੈਦਲ ਸੈਨਾ ਅਤੇ ਟੈਂਕਾਂ ਦੇ ਹਮਲਿਆਂ ਦਾ ਡਟਵਾਂ ਜਵਾਬ ਦੇ ਰਹੇ ਸਨ।

ਨੌਜਵਾਨ ਮੇਜਰ ਦੇ ਤੌਰ 'ਤੇ ਮੈਂ 5 ਇੰਡਿਪੈਂਡੈਂਟ ਆਰਮਰਡ ਸਕੁਐਡਰਨ (63 ਕੈਵਲਰੀ) ਦੀ ਅਗਵਾਈ ਕਰ ਰਿਹਾ ਸੀ ਜਿਸ ਕੋਲ ਪੀਟੀ-76 ਟੈਂਕ ਸਨ। ਨਵੰਬਰ ਦੇ ਸ਼ੁਰੂ ਵਿਚ ਸਕੁਐਡਰਨ ਨੂੰ ਅਗਰਤਲਾ ਤੋਂ ਪੱਛਮ ਵੱਲ 63 ਕਿਲੋਮੀਟਰ ਦੂਰ ਕੋਮਿਲਾ ਦੀਆਂ ਲਾਲਮਈ ਪਹਾੜੀਆਂ ਦੇ ਪਿੱਛੇ ਘੁਸਪੈਠ ਕਰ ਰਹੀ 61 ਮਾਊਨਟੇਨ ਬ੍ਰਿਗੇਡ ਦੀ ਮਦਦ ਕਰਨ ਦਾ ਹੁਕਮ ਦਿੱਤਾ ਗਿਆ ਸੀ। ਅਸੀਂ ਅਪਰੇਸ਼ਨ ਨੂੰ ਸਿਰੇ ਚਾੜ੍ਹਨ ਲਈ ਹਰ ਤਰ੍ਹਾਂ ਦੀ ਰੇਕੀ ਤੇ ਤਾਲਮੇਲ ਦਾ ਅਭਿਆਸ ਕਰ ਲਿਆ ਸੀ ਪਰ 28 ਨਵੰਬਰ ਨੂੰ ਯੋਜਨਾ ਵਿਚ ਇਕ ਤਬਦੀਲੀ ਆ ਗਈ ਅਤੇ ਸਕੁਐਡਰਨ ਨੂੰ ਪਹਿਲੀ ਦਸੰਬਰ ਨੂੰ ਘੁਸਪੈਠ ਕਰਨ ਵਾਲੇ 4 ਗਾਰਡਜ਼ ਦੇ ਦਲ ਨਾਲ ਜਾਣ ਦਾ ਜ਼ਿੰਮਾ ਦੇ ਦਿੱਤਾ ਗਿਆ। ਸਾਡੇ ਕੋਲ ਰੇਕੀ ਕਰਨ ਅਤੇ ਰਾਹ ਵਿਚ ਦੁਸ਼ਮਣ ਵੱਲੋਂ ਵਿਛਾਈਆਂ ਔਕੜਾਂ ਦੀ ਜਾਣਕਾਰੀ ਹਾਸਲ ਕਰਨ ਦਾ ਸਮਾਂ ਨਹੀਂ ਸੀ। ਫਿਰ ਅਸੀਂ ਅਖੌਰਾ ਦੇ ਆਸਪਾਸ ਬਹੁਤ ਹੀ ਚਲਾਕੀ ਨਾਲ ਬਣਾਈ ਟੈਂਕ ਰੋਧੀ ਖੰਦਕ ਵਿਚ ਘਿਰ ਗਏ। ਸਾਡੇ ਨਾਲੋਂ ਅੱਗੇ 4 ਗਾਰਡਜ਼ ਦਾ ਦਲ ਚਿੱਕੜ 'ਚੋਂ ਅੱਗੇ ਵਧ ਰਿਹਾ ਸੀ। ਪੈਦਲ ਸੈਨਾ ਲਈ ਖੰਦਕ ਕੋਈ ਵੱਡਾ ਅੜਿੱਕਾ ਨਾ ਬਣ ਸਕੀ ਪਰ ਇਹ ਇਸ ਤਰ੍ਹਾਂ ਵਿਛਾਈ ਗਈ ਸੀ ਕਿ ਇਨਫੈਂਟਰੀ ਨੂੰ ਟੈਂਕਾਂ ਤੋਂ ਅਲੱਗ-ਥਲੱਗ ਕੀਤਾ ਜਾ ਸਕੇ।

ਰਾਤ ਭਰ ਦੁਸ਼ਮਣ ਦੇ ਤੋਪਖਾਨੇ ਦੀ ਭਾਰੀ ਗੋਲਾਬਾਰੀ ਝੱਲਦਿਆਂ ਅਤੇ ਅਗਲੇ ਦਿਨ ਦੁਸ਼ਮਣ ਦੇ ਸੈਬਰੇ ਜੈੱਟਾਂ ਦੀ ਬੰਬਾਰੀ ਦਾ ਮੁਕਾਬਲਾ ਕਰਦਿਆਂ, ਅਸੀਂ ਜਲਦੀ ਹੀ 18 ਰਾਜਪੂਤ ਦੀ ਮਦਦ 'ਤੇ ਪਹੁੰਚ ਗਏ। ਇਸ ਦੀ ਕਮਾਂਡ ਬਹਾਦਰ ਲੈਫਟੀਨੈਂਟ ਕਰਨਲ ਅਸ਼ੋਕ ਵਰਮਾ ਕਰ ਰਹੇ ਸਨ ਜਿਸ ਨੇ ਅਖੌਰਾ ਰੇਲਵੇ ਸਟੇਸ਼ਨ ਦੀ ਰਾਖੀ ਕਰ ਰਹੀ ਦੁਸ਼ਮਣ ਦੀ ਟੁਕੜੀ ਨੂੰ ਖਦੇੜ ਦਿੱਤਾ। ਇਸ ਤੋਂ ਪਹਿਲਾਂ ਲੈਫਟੀਨੈਂਟ ਕਰਨਲ ਪੀ.ਸੀ. ਸਾਹਨੀ ਦੀ ਅਗਵਾਈ ਹੇਠਲੀ 10 ਬਿਹਾਰ ਦੇ ਬਾਕਮਾਲ ਅਪਰੇਸ਼ਨ ਜਿਸ ਦੀ ਕਰਨਲ ਡੀ.ਐੱਸ. ਬਹਿਲ ਦੀ ਅਗਵਾਈ ਵਾਲੀ 65 ਮਾਊਨਟੇਨ ਅਤੇ ਬ੍ਰਿਗੇਡੀਅਰ ਜੰਗੀ ਬਾਵਾ ਦੀ ਕਮਾਂਡ ਵਾਲੀ 57 ਮਾਊਨਟੇਨ ਆਰਟਿਲਰੀ ਬ੍ਰਿਗੇਡ ਵੱਲੋਂ ਮਦਦ ਕੀਤੀ ਗਈ, ਸਦਕਾ ਦੁਸ਼ਮਣ ਦੇ ਛੱਕੇ ਛੁੱਟ ਗਏ। ਘੁਸਪੈਠ ਦੀ ਯੋਜਨਾ ਨਿਵੇਕਲੀ ਸੀ ਜੋ ਕਾਰਆਮਦ ਸਾਬਿਤ ਹੋਈ। ਸਾਡੇ ਲਈ ਇਸ ਤੋਂ ਵਧੀਆ ਸ਼ੁਰੂਆਤ ਨਹੀਂ ਹੋ ਸਕਦੀ ਸੀ।

ਅਖੌਰਾ ਦਾ ਗੜ੍ਹ ਡਿੱਗਣ ਤੋਂ ਬਾਅਦ ਪਾਕਿਸਤਾਨ ਦੀ 27 ਇਨਫੈਂਟਰੀ ਬ੍ਰਿਗੇਡ ਨੂੰ ਮੇਘਨਾ ਦਰਿਆ ਵੱਲ ਪਿਛਾਂਹ ਹਟਣਾ ਪਿਆ। ਟੈਂਕ ਸਕੁਐਡਰਨ ਤੇ 4 ਗਾਰਡਜ਼ ਤੇਜ਼ੀ ਨਾਲ ਅਗਾਂਹ ਵਧ ਰਹੀ ਸੀ। ਤਾਲਸ਼ਹਿਰ 'ਚ ਦੁਸ਼ਮਣ ਦੀਆਂ ਚੌਕੀਆਂ 'ਤੇ ਕਬਜ਼ੇ ਤੋਂ ਬਾਅਦ 4 ਗਾਰਡਜ਼ ਨੂੰ ਦੁਸ਼ਮਣ ਨਾਲ ਰਾਬਤਾ ਖਤਮ ਕਰਨ ਦਾ ਹੁਕਮ ਮਿਲਿਆ ਤੇ ਬ੍ਰਾਹਮਣਬਾੜੀਆ 'ਚ ਇਕੱਤਰ ਹੋਣ ਦਾ ਜ਼ਿੰਮਾ ਸੌਂਪਿਆ। ਪਿਛਾਂਹ ਹਟ ਰਹੇ ਦੁਸ਼ਮਣ ਨਾਲੋਂ ਸਿੱਧਾ ਰਾਬਤਾ ਤੋੜ ਕੇ ਉਸ ਨੂੰ ਘੇਰਾ ਤਾਂ ਪਾ ਲਿਆ, ਫਿਰ ਵੀ ਉਸ 'ਤੇ ਮੁਕੰਮਲ ਜਿੱਤ ਦਰਜ ਨਹੀਂ ਕੀਤੀ ਜਾ ਸਕੀ। ਇੱਥੇ ਹੀ ਤਜਰਬਾ ਤੇ ਫੌਜੀ ਨਿਰਣਾ ਕੰਮ ਆਇਆ। ਪੈਂਤੜੇ ਦੇ ਤੌਰ 'ਤੇ ਇਹ ਅਜੀਬ ਦਿਸ਼ਾ ਜਾਪਦੀ ਸੀ ਪਰ ਯੁੱਧਨੀਤਕ ਤੌਰ 'ਤੇ ਇੰਝ ਇਕ ਵੱਡੇ ਝਟਕੇ ਦਾ ਪਿੜ ਬੰਨ੍ਹਿਆ ਜਾ ਰਿਹਾ ਸੀ ਜੋ ਢਾਕਾ ਵਿਚ ਬੱਝਣਾ ਸੀ।



18 ਰਾਜਪੂਤ ਅਤੇ 10 ਬਿਹਾਰ ਨੇ ਪੁਲ ਵੱਲ ਆਪਣੀ ਨਿਰੰਤਰ ਪੇਸ਼ਕਦਮੀ ਜਾਰੀ ਰੱਖੀ। ਇਸ ਨਾਲ ਦੁਸ਼ਮਣ ਦੀ ਇਹ ਧਾਰਨਾ ਪੱਕੀ ਹੋ ਗਈ ਕਿ ਸਾਡਾ ਇਰਾਦਾ ਪੁਲ 'ਤੇ ਕਬਜ਼ਾ ਕਰਨ ਦਾ ਹੈ। ਦੋਵੇਂ ਬਟਾਲੀਅਨਾਂ ਮੇਘਨਾ ਦੇ ਪੁਲ 'ਤੇ 300 ਗਜ਼ ਤੱਕ ਅੰਦਰ ਚਲੀਆਂ ਗਈਆਂ। ਜਦੋਂ ਦੁਸ਼ਮਣ ਨਾਲ ਟਾਕਰਾ ਹੋ ਰਿਹਾ ਹੋਵੇ ਤਾਂ ਇਹੋ ਜਿਹੀ ਰਫਤਾਰ ਜ਼ਬਰਦਸਤ ਉਤਸ਼ਾਹ ਭਰਦੀ ਹੈ। ਇਹ ਇੰਝ ਹੀ ਸੀ। ਹਾਲਾਂਕਿ ਪੁਲ ਤੇ ਪੁਲੀਆਂ ਟੁੱਟਣ ਨਾਲ ਉਨ੍ਹਾਂ ਦੀ ਮੁੜ ਤਾਇਨਾਤੀ ਮਾਂਦ ਪੈ ਗਈ। ਸਾਡੇ ਦਸਤੇ ਜਲਦੀ ਹੀ ਤੋਪਖਾਨੇ ਦੀ ਰੇਂਜ ਤੋਂ ਪਾਰ ਚਲੇ ਗਏ ਤੇ ਨਾਲ ਹੀ ਸਾਡਾ ਫਾਰਵਰਡ ਏਅਰ ਕੰਟਰੋਲਰ ਫਲਾਇੰਗ ਅਫਸਰ ਸ਼ਾਹਿਦ ਜ਼ਖਮੀ ਹੋ ਗਿਆ ਤੇ ਉਸ ਦਾ ਸੰਚਾਰ ਯੰਤਰ ਬਰਬਾਦ ਹੋ ਗਿਆ। 18 ਰਾਜਪੂਤ ਵੱਲੋਂ ਫੌਰੀ ਮਦਦ ਦੀ ਪੁਕਾਰ ਸੁਣ ਕੇ ਮੇਰੀ ਸਕੁਐਡਰਨ 4 ਗਾਰਡਜ਼ ਤੋਂ ਵੱਖ ਹੋ ਕੇ ਲੜਾਈ ਵਿਚ ਆ ਗਈ। ਜਦੋਂ ਅਸੀਂ ਪਹੁੰਚੇ ਤਾਂ ਗਹਿਗੱਚ ਲੜਾਈ ਹੋ ਰਹੀ ਸੀ। ਦੁਸ਼ਮਣ ਦੇ ਬ੍ਰਿਗੇਡ ਕਮਾਂਡਰ ਨੇ ਇਨਫੈਂਟਰੀ ਤੇ ਟੈਂਕਾਂ ਨਾਲ ਇਕ ਵੱਡਾ ਹਮਲਾ ਬੋਲਿਆ ਜਿਸ ਦੀ ਐਂਟੀ ਟੈਂਕ ਗੰਨਾਂ ਨਾਲ ਮਦਦ ਕੀਤੀ ਜਾ ਰਹੀ ਸੀ। ਇਸ ਤੋਂ ਬਾਅਦ ਭਾਜੜ ਮੱਚ ਗਈ। ਇਸ ਹਮਲੇ ਵਿਚ ਮੇਰੀ ਸਕੁਐਡਰਨ ਦੇ ਤਿੰਨ ਟੈਂਕ ਨਸ਼ਟ ਹੋ ਗਏ। ਇਨ੍ਹਾਂ 'ਚੋਂ ਇਕ ਟੈਂਕ ਦੀ ਅਗਵਾਈ ਬਹਾਦਰ ਟਰੁਪ ਲੀਡਰ ਲੈਫਟੀਨੈਂਟ ਰਾਜਿੰਦਰ ਮੋਹਨ ਕਰ ਰਹੇ ਸਨ ਜਿਨ੍ਹਾਂ ਦੁਸ਼ਮਣ ਦੇ ਦੋ ਟੈਂਕਾਂ ਨੂੰ ਖਾਮੋਸ਼ ਕੀਤਾ ਸੀ। ਰਾਜਿੰਦਰ ਮੋਹਨ ਬਚ ਕੇ ਨਿਕਲ ਆਏ, ਪਰ ਉਹ ਝੁਲਸ ਗਏ। ਸਾਡੀ ਦੁਵੱਲੀ ਕਾਰਵਾਈ ਨਾਲ ਦੁਸ਼ਮਣ ਦਾ ਕੰਮ ਤਮਾਮ ਕਰ ਦਿੱਤਾ ਗਿਆ ਤੇ ਜਵਾਬੀ ਹਮਲਾ ਨਾਕਾਮ ਸਾਬਿਤ ਹੋਇਆ। ਪੁਲ 'ਤੇ ਕੁਝ ਪਾਕਿਸਤਾਨੀ ਫੌਜੀ ਮਾਰੇ ਗਏ ਅਤੇ ਬਾਕੀ ਦੇ ਬਚ ਕੇ ਦੌੜ ਗਏ ਜਦੋਂਕਿ ਕਿਸ਼ਤੀਆਂ ਵਿਚ ਸਵਾਰ ਕੁਝ ਹੋਰ ਕਾਬੂ ਆ ਗਏ। ਉਂਝ, ਸਾਡੀ ਪੇਸ਼ਕਦਮੀ ਦੀ ਸ਼ਿੱਦਤ ਕਰਕੇ ਅਤੇ ਮੇਘਨਾ ਦਰਿਆ ਦੇ ਪੁਲ 'ਤੇ ਕਬਜ਼ੇ ਤੋਂ ਰੋਕਥਾਮ ਵਜੋਂ ਪਾਕਿਸਤਾਨੀ ਫੌਜ ਦੀ 14 ਡਿਵੀਜ਼ਨ ਦੇ ਮੇਜਰ ਜਨਰਲ ਮਜੀਦ ਨੇ ਪੁਲ ਤੋੜਨ ਦਾ ਹੁਕਮ ਦੇ ਦਿੱਤਾ। ਪੁਲ ਦੇ ਦੂਜੇ ਪਾਸੇ ਆਪਣੇ ਦਸਤਿਆਂ ਨੂੰ ਛੱਡ ਕੇ ਪੁਲ ਤੋੜਨ ਦਾ ਹੁਕਮ ਦੇਣਾ ਦੁਸ਼ਮਣ ਦੇ ਖੇਮੇ ਅੰਦਰ ਫੈਲੀ ਘਬਰਾਹਟ ਦੀ ਕਹਾਣੀ ਬਿਆਨ ਕਰ ਰਿਹਾ ਸੀ।

ਪੁਲ ਉਡਾ ਦਿੱਤੇ ਜਾਣ ਨਾਲ ਸਾਡੇ ਕੋਰ ਕਮਾਂਡਰ ਲੈਫਟੀਨੈਂਟ ਜਨਰਲ ਸਗਤ ਸਿੰਘ ਸਾਹਮਣੇ ਇਕ ਅੜਿੱਕਾ ਪੈਦਾ ਹੋ ਗਿਆ। ਇਤਿਹਾਸ ਅਜਿਹੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ ਜਦੋਂ ਲੜਾਈ ਵਿਚ ਆਪਣੀ ਜਾਂ ਦੁਸ਼ਮਣ ਦੀ ਕਿਸੇ ਕਾਰਵਾਈ ਕਰਕੇ ਅਚਾਨਕ ਕੋਈ ਮੋੜ ਆ ਜਾਂਦਾ ਹੈ। ਆਪਣੀ ਕਾਰਵਾਈ ਨਾਲ ਤੁਹਾਨੂੰ ਨਵੇਂ ਸਿਰਿਓ ਸੋਚਣ ਦਾ ਮੌਕਾ ਮਿਲਦਾ ਹੈ ਜਦੋਂਕਿ ਦੁਸ਼ਮਣ ਦੀ ਕਾਰਵਾਈ ਕਾਰਨ ਦੌੜਨਾ ਪੈਂਦਾ ਹੈ। ਸਾਡੇ ਜੀ.ਓ.ਸੀ. ਪੇਸ਼ਕਦਮੀ ਰੋਕਣ ਦਾ ਫੈਸਲਾ ਕਰ ਕੇ ਆਪਣਾ ਮਿੱਥਿਆ ਕਾਰਜ ਪੂਰਾ ਕਰ ਕੇ ਆਰਾਮ ਕਰਨ ਦਾ ਰਾਹ ਚੁਣ ਸਕਦੇ ਸਨ, ਪਰ ਸਗਤ ਸਿੰਘ ਦਾ ਜ਼ਿੰਦਗੀ ਭਰ ਦਾ ਲੜਾਈ ਦਾ ਤਜਰਬਾ ਹੋਰ ਹੀ ਦੱਸ ਪਾਉਂਦਾ ਹੈ। ਇਸ ਨਾਲ ਉਨ੍ਹਾਂ ਅੰਦਰ ਨਵੀਂ ਚਿਣਗ ਪੈਦਾ ਹੋ ਗਈ। ਉਨ੍ਹਾਂ ਨੂੰ ਮੌਕਾ ਮਿਲ ਗਿਆ ਤੇ ਅੱਗੋਂ ਢਾਕਾ ਨਜ਼ਰ ਆ ਰਿਹਾ ਸੀ। ਉਹ ਜਾਣਦੇ ਸਨ ਕਿ ਇਹ ਰਣਨੀਤਕ ਖੇਤਰ ਦੀ ਧੁਰੀ ਸੀ ਹਾਲਾਂਕਿ ਇਹ ਉਨ੍ਹਾਂ ਦੇ ਸੌਂਪੇ ਹੋਏ ਕਾਰਜ ਤੋਂ ਪਰ੍ਹੇ ਸੀ। ਉਨ੍ਹਾਂ ਦੀਆਂ ਅੱਖਾਂ ਦੀ ਚਮਕ 'ਚੋਂ ਤਜਰਬੇ ਦੀ ਲੋਅ ਆ ਰਹੀ ਸੀ। ਬਾਅਦ ਵਿਚ ਉਨ੍ਹਾਂ ਬਿਆਨ ਕੀਤਾ ਕਿ ਕਿਵੇਂ ਉਹ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਦਿਲਚਸਪ ਦਿਨ ਸੀ। ਉਹ ਜਾਣਦੇ ਸਨ, ਵਡੇਰੀ ਯੋਜਨਾ ਵਿਚ ਢਾਕਾ ਦਾ ਕੀ ਮਤਲਬ ਹੈ। ਇੰਝ ਉਨ੍ਹਾਂ ਆਪਣੀ ਮਨ ਦੀ ਸੁਣੀ।

ਸਗਤ ਸਿੰਘ ਨੇ ਹਵਾਈ ਸੈਨਾ ਦੇ ਕਮਾਂਡਰ ਗਰੁੱਪ ਕੈਪਟਨ ਚੰਦਨ ਸਿੰਘ ਨਾਲ ਗੱਲ ਕੀਤੀ ਤੇ ਬਟਾਲੀਅਨ ਨੂੰ ਹੈਲੀਕਾਪਟਰਾਂ ਰਾਹੀਂ ਮੇਘਨਾ ਦਰਿਆ ਤੋਂ ਪਾਰ ਕਰਾਉਣ ਦਾ ਹੁਕਮ ਦਿੱਤਾ ਤਾਂ ਕਿ ਢਾਕਾ ਵੱਲ ਅੱਗੇ ਵਧਿਆ ਜਾ ਸਕੇ ਜਿਸ ਨੂੰ ਬਾਅਦ ਵਿਚ 'ਹੈਲੀਬ੍ਰਿਜ ਓਵਰ ਦਿ ਮੇਘਨਾ' ਦੇ ਨਾਂ ਨਾਲ ਯਾਦ ਕੀਤਾ ਗਿਆ। ਜ਼ਮੀਨ ਤੋਂ ਹੋਣ ਵਾਲੀ ਗੋਲੀਬਾਰੀ ਬਾਰੇ ਕੁਝ ਕੁ ਸੰਸੇ ਸਨ, ਪਰ ਚੰਦਨ ਸਿੰਘ ਨੇ ਜਵਾਬ ਦਿੱਤਾ "ਸਭ ਤੋਂ ਮੂਹਰੇ ਚੌਪਰ ਦੀ ਅਗਵਾਈ ਮੈਂ ਖੁਦ ਕਰਾਂਗਾ।" ਇਸ ਨਾਲ ਸਾਰੀ ਬਹਿਸ ਮੁੱਕ ਗਈ। 4 ਗਾਰਡਜ਼ ਨੂੰ ਹੈਲੀਲਿਫਟ ਕਰਨਾ ਹਵਾਈ ਸੈਨਾ ਲਈ ਇਕ ਸੁਨਹਿਰਾ ਪਲ ਸੀ। ਸਕੁਐਡਰਨ ਲੀਡਰ ਸੀ.ਐਸ. ਸੰਧੂ ਦੀ ਅਗਵਾਈ ਹੇਠ ਤੇ ਬਹਾਦਰ ਨੌਜਵਾਨ ਪਾਇਲਟਾਂ ਦੀ ਮਦਦ ਨਾਲ 110 ਹੈਲੀਕਾਪਟਰ ਯੂਨਿਟ ਨੇ ਕਮਾਲ ਦਾ ਕੰਮ ਕੀਤਾ। ਜਿਸ ਤਰ੍ਹਾਂ ਉਨ੍ਹਾਂ ਬਟਾਲੀਅਨ ਨੂੰ ਮੇਘਨਾ ਦਰਿਆ ਤੋਂ ਪਾਰ ਪਹੁੰਚਾਉਣ ਦਾ ਕਾਰਜ ਨਿਭਾਇਆ ਜਿਸ ਦੀ ਮਿਸਾਲ ਮਿਲਣੀ ਔਖੀ ਹੈ। ਇਸ ਤੋਂ ਬਾਅਦ ਮੈਨੂੰ ਆਪਣਾ ਟੈਂਕ ਮੇਘਨਾ ਤੋਂ ਪਾਰ ਕਰਾਉਣ ਦਾ ਹੁਕਮ ਮਿਲਿਆ। ਸੋਵੀਅਤ ਸੰਘ ਦੇ ਬਣੇ ਪੀਟੀ 76 ਟੈਂਕ ਅਮੂਮਨ 200-300 ਮੀਟਰ ਚੌੜੇ ਯੂਰਪ ਦੇ ਦਰਿਆ ਪਾਰ ਕਰਨ ਲਈ ਬਣਾਏ ਗਏ ਸਨ। ਦੂਜੇ ਬੰਨੇ ਮੇਘਨਾ ਇਕ ਸਮੁੰਦਰ ਵਾਂਗ ਸੀ ਅਤੇ ਮਘੀ ਹੋਈ ਲੜਾਈ ਦਰਮਿਆਨ ਜਦੋਂ ਇਸ ਨੂੰ ਪਾਰ ਕਰਨ ਦਾ ਹੁਕਮ ਮਿਲਿਆ ਤਾਂ ਮੈਨੂੰ ਜਾਪਿਆ ਜਿਵੇਂ ਮੈਂ ਕਿਸੇ ਸਾਗਰ ਵਿਚ ਪਹੁੰਚ ਗਿਆ ਹੋਵਾਂ। ਬਹਰਹਾਲ, ਮੇਰੇ ਜੀ.ਓ.ਸੀ. ਦਾ ਨਿਰਣਾ ਚਟਾਨ ਵਾਂਗ ਪੱਕਾ ਸੀ ਅਤੇ ਜਦੋਂ ਉਨ੍ਹਾਂ ਮੈਥੋਂ ਪੁੱਛਿਆ ਕਿ ਕੀ ਮੈਂ ਦਰਿਆ ਪਾਰ ਕਰ ਸਕਦਾ ਹਾਂ ਤਾਂ ਮੇਰਾ ਜਵਾਬ ਹਾਂ ਵਿਚ ਸੀ। ਉਂਝ, ਮੈਨੂੰ ਪਤਾ ਨਹੀਂ ਸੀ ਕਿ ਇਹ ਕਿਵੇਂ ਹੋਵੇਗਾ। ਮੈਂ ਅਜੇ ਸਿਖਾਂਦਰੂ ਸਾਂ ਅਤੇ ਇਸ ਲਈ ਰੱਬ ਦਾ ਸ਼ੁਕਰ ਵੀ ਹੈ! ਅਕਸਰ ਸਿਖਾਂਦਰੂ ਉਨ੍ਹਾਂ ਕਮਾਂਡਰਾਂ ਤੋਂ ਪ੍ਰੇਰਿਤ ਹੁੰਦੇ ਹਨ ਜੋ ਇਸ ਲਈ ਜਾਣੇ ਜਾਂਦੇ ਹਨ ਕਿ ਉਹ ਆਪਣੇ ਬਿਹਤਰੀਨ ਪ੍ਰਦਰਸ਼ਨ ਤੋਂ ਘੱਟ 'ਤੇ ਕਿਤੇ ਸੰਤੁਸ਼ਟ ਨਹੀਂ ਹੁੰਦੇ। ਮੇਰਾ ਜਵਾਬ ਬਣਦਾ ਸੀ 'ਯੈੱਸ ਸਰ' ਤੇ ਇਹੀ ਹੋਇਆ। ਮੇਘਨਾ ਦਰਿਆ ਵਿਚ ਵਗ ਰਹੇ ਪਾਣੀ ਦੀ ਰਫਤਾਰ ਕਾਫੀ ਤਿੱਖੀ ਸੀ। ਮੇਰਾ ਖਿਆਲ ਸੀ ਕਿ ਬੰਗਾਲ ਦੀ ਖਾੜੀ ਦੇ ਨੇੜੇ ਜਾ ਕੇ ਦਰਿਆਵਾਂ ਵਿਚ ਪਾਣੀ ਦੀ ਰਫਤਾਰ ਬਹੁਤ ਤੇਜ਼ ਹੋ ਜਾਂਦੀ ਹੈ ਜਿਸ ਦਾ ਸਾਹਮਣਾ ਕਰਨਾ ਪੀਟੀ 76 ਟੈਂਕਾਂ ਲਈ ਮੁਸ਼ਕਲ ਹੋ ਰਿਹਾ ਸੀ। ਜਦੋਂ ਸਾਹਮਣੇ ਵਾਲੇ ਕੰਢੇ 'ਤੇ ਦੁਸ਼ਮਣ ਬੈਠਾ ਹੋਵੇ ਤਾਂ ਟੈਂਕਾਂ ਨੂੰ ਜੁੜਵੇਂ ਰੂਪ ਵਿਚ ਪਾਰ ਕਰਨਾ ਪੈਂਦਾ ਹੈ। ਚੰਗੇ ਭਾਗੀਂ ਸਾਡੇ ਸਾਹਮਣੇ ਦੁਸ਼ਮਣ ਨਹੀਂ ਸੀ ਤੇ ਇਹ ਅੰਦਾਜ਼ਾ ਲਾ ਕੇ ਪਾਣੀ ਦੇ ਤੇਜ਼ ਵਹਾਓ ਕਾਰਨ ਸਾਨੂੰ ਕਾਫੀ ਅੱਗੇ ਜਾ ਕੇ ਦਰਿਆ 'ਚੋਂ ਬਾਹਰ ਨਿਕਲਣ ਦਾ ਰਸਤਾ ਮਿਲਣਾ ਸੀ। ਮੈਂ ਬੇਨਤੀ ਕੀਤੀ ਕਿ ਹੈਲੀਕਾਪਟਰ ਰਾਹੀਂ ਦਰਿਆ ਦੀ ਰੇਕੀ ਕਰਵਾਈ ਜਾਵੇ ਜੋ ਪ੍ਰਵਾਨ ਹੋ ਗਈ, ਪਰ ਮੇਰੀ ਤਸੱਲੀ ਨਾ ਹੋਣ 'ਤੇ ਦੂਜੀ ਉਡਾਣ ਭਰੀ ਗਈ। ਇਸ ਦੌਰਾਨ ਮੇਰੇ ਟਰੁਪ ਲੀਡਰ ਲੈਫਟੀਨੈਂਟ ਰਾਜ ਖਿੰਦਰੀ ਨੇ ਮੁਕਾਮੀ ਲੋਕਾਂ ਦੀ ਮਦਦ ਨਾਲ ਕੰਢੇ ਦਾ ਪਤਾ ਲਾ ਕੇ ਇਕ ਸਾਫ ਜਿਹੇ ਲਾਂਘੇ ਦਾ ਪਤਾ ਲਾ ਲਿਆ। ਸੌਰਟੀਆਂ ਸਦਕਾ ਮੈਂ ਦਰਿਆ ਵਿਚਲੇ ਕੁਝ ਛੋਟੇ ਟਾਪੂਆਂ ਦਾ ਪਤਾ ਲਾ ਲਿਆ ਜਿਨ੍ਹਾਂ 'ਤੇ ਅਸੀਂ ਥੋੜ੍ਹੀ ਦੇਰ ਰੁਕ ਸਕਦੇ ਸਾਂ। ਇਨ੍ਹਾਂ ਟਾਪੂਆਂ ਦੇ ਦਾਖਲੇ ਤੇ ਨਿਕਾਸੀ ਦੇ ਮੁਕਾਮਾਂ ਦਰਮਿਆਨ ਮੀਲਾਂ ਦਾ ਫਾਸਲਾ ਸੀ। ਮੇਰਾ ਖਿਆਲ ਸੀ ਕਿ ਅਸੀਂ ਇਕ ਤੋਂ ਬਾਅਦ ਦੂਜੇ ਟਾਪੂ 'ਤੇ ਅੱਗੇ ਵਧੀਏ, ਇੰਝ ਅਸੀਂ ਬਹੁਤ ਵਾਰ ਟਾਪੂ ਪਾਰ ਕਰਦੇ ਰਹੇ।

ਜ਼ਮੀਨੀ ਸਤਹਿ 'ਤੇ ਵਿਰੋਧ ਨੂੰ ਉਲੰਘਦਿਆਂ ਮੇਘਨਾ ਦਰਿਆ ਪਾਰ ਕਰਨਾ ਫੌਜੀ ਕਮਾਂਡਰਾਂ ਵੱਲੋਂ ਦੁਸ਼ਮਣ ਦੇ ਦਿਮਾਗ਼ ਨੂੰ ਪੜ੍ਹ ਕੇ ਵਰਤੀ ਗਈ ਯੁੱਧਨੀਤਕ ਪੈਂਤੜੇਬਾਜ਼ੀ ਦੇ ਕਮਾਲ ਦਾ ਨਮੂਨਾ ਸੀ। ਇਸ ਨਾਲ ਦੁਸ਼ਮਣ ਖੇਮੇ ਅੰਦਰ ਖਲਬਲੀ ਮੱਚ ਗਈ। ਸੁਰੱਖਿਆ ਨਿਜ਼ਾਮ ਵਿਚ ਉਪਰ ਤੋਂ ਲੈ ਕੇ ਹੇਠਾਂ ਤੱਕ ਹਰ ਕਿਸੇ ਨੂੰ ਢਾਕਾ 'ਤੇ ਕਬਜ਼ਾ ਹੋਣ ਦੇ ਆਸਾਰ ਨਜ਼ਰ ਆ ਰਹੇ ਸਨ। ਇਹ ਟੀਮ ਇੰਡੀਆ ਦਾ ਬਿਹਤਰੀਨ ਪ੍ਰਦਰਸ਼ਨ ਹੋ ਨਿਬੜਿਆ। ਇਸ ਨਾਲ ਟੁਕੜੀਆਂ, ਪੈਦਲ ਦਸਤੇ, ਟੈਂਕਾਂ ਦੇ ਦਸਤਿਆਂ ਤੇ ਗੰਨਾਂ- ਸਭ ਦਾ ਮੂੰਹ ਜੰਗ ਦੀ ਧੁਰੀ ਵੱਲ ਹੋ ਗਿਆ। ਇਸ ਤੋਂ ਇਲਾਵਾ, ਦਿੱਲੀ ਤੇ ਕੋਲਕਾਤਾ ਵਿਚ ਟੀਮਵਰਕ ਦੇ ਤੌਰ 'ਤੇ ਲੈਫਟੀਨੈਂਟ ਕਰਨਲ ਕੇ.ਐਸ. ਬਰਾੜ 'ਬੁਲਬੁਲ' ਦੀ ਅਗਵਾਈ ਹੇਠ 2 ਪੈਰਾ ਤੰਗੇਲ ਵਿਖੇ ਪੈਰਾਡਰੌਪ ਲਈ ਤਿਆਰ-ਬਰ-ਤਿਆਰ ਸਨ ਤੇ ਇਸ ਦੇ ਨਾਲ ਲੈਫਟੀਨੈਂਟ ਕਰਨਲ 'ਬੁਲਬੁਲ' ਦੀ ਅਗਵਾਈ ਹੇਠ 1 ਮਰਾਠਾ ਦੀ ਇਕ ਟੁਕੜੀ ਮੇਘਾਲਿਆ 'ਚ ਤੁਰਾ ਤੋਂ ਉਤਰਾਈ ਕਰ ਰਹੀ ਸੀ। ਜਲ ਸੈਨਾ ਕਰਾਚੀ 'ਤੇ ਮਿਜ਼ਾਈਲਾਂ ਦਾਗ ਰਹੀ ਸੀ ਜਿਸ ਲਈ ਪੇਟਿਆ ਕਲਾਸ, ਤੋਪਾਂ ਵਾਲੇ ਜੰਗੀ ਜਹਾਜ਼ ਦੀ ਮਦਦ ਲਈ ਜਾ ਰਹੀ ਸੀ। ਪੂਰਬੀ ਖਿੱਤੇ ਦੇ ਅੰਬਰ ਦੀ ਮਾਹਿਰ ਹਵਾਈ ਸੈਨਾ ਨੇ ਇਕ ਇਨਫੈਂਟਰੀ ਬਟਾਲੀਅਨ ਨੂੰ ਮੇਘਨਾ ਦਰਿਆ ਪਾਰ ਕਰਵਾਇਆ ਸੀ ਤੇ ਇਸ ਤੋਂ ਇਲਾਵਾ ਢਾਕਾ ਵਿਚ ਸਰਕਾਰ ਦੇ ਟਿਕਾਣੇ ਨੂੰ ਨਿਸ਼ਾਨਾ ਬਣਾ ਰਹੀ ਸੀ। ਢਾਕੇ ਵਿਚ ਇਸ ਵਿਸ਼ੇ 'ਤੇ ਸੋਚ ਵਿਚਾਰ ਹੋ ਰਹੀ ਸੀ ਕਿ ਪਾਕਿਸਤਾਨੀ ਫੌਜ ਆਖਰੀ ਹਰਬੇ ਦੇ ਤੌਰ 'ਤੇ ਲੜਦੀ ਰਹੇ ਜਾਂ ਫਿਰ ਆਤਮ ਸਮਰਪਣ ਕਰ ਦਿੱਤਾ ਜਾਵੇ। ਉਸ ਵੇਲੇ ਸਾਨੂੰ ਨਹੀਂ ਸੀ ਪਤਾ ਕਿ ਕਿਹੜੇ ਰਾਹ ਦੀ ਚੋਣ ਹੋਵੇਗੀ। ਦੁਸ਼ਮਣ ਟਿਕਾਣਿਆਂ 'ਤੇ ਪਰਚੇ ਸੁੱਟੇ ਜਾ ਰਹੇ ਸਨ ਜਿਸ ਵਿਚ ਪਾਕਿਸਤਾਨੀ ਫੌਜੀਆਂ ਨੂੰ ਹਥਿਆਰ ਸੁੱਟਣ ਲਈ ਪ੍ਰੇਰਿਆ ਗਿਆ ਸੀ ਕਿ 'ਜੇ ਉਹ ਸਤੇ ਹੋਏ ਪੂਰਬੀ ਪਾਕਿਸਤਾਨ ਦੇ ਬੰਗਾਲੀਆਂ ਦੇ ਹੱਥ ਚੜ੍ਹ ਗਏ ਤਾਂ ਉਨ੍ਹਾਂ ਦਾ ਹਸ਼ਰ ਬੁਰਾ ਹੋ ਸਕਦਾ ਹੈ'।

ਉਧਰ, ਮੇਜਰ ਜਨਰਲ ਜੈਕਬ ਕੋਲਕਾਤਾ ਵਿਚ ਆਤਮ ਸਮਰਪਣ ਦੀਆਂ ਸ਼ਰਤਾਂ ਤੈਅ ਕਰਨ ਬਾਰੇ ਗੱਲਬਾਤ ਵਿਚ ਰੁੱਝੇ ਹੋਏ ਸਨ। ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਕੋਲਕਾਤਾ ਵਿਖੇ ਆਪਣੇ ਹੈੱਡਕੁਆਰਟਰ ਵਿਚ ਮੌਜੂਦ ਸਨ, ਡੀ.ਜੀ.ਐਮ.ਓ. ਲੈਫਟੀਨੈਂਟ ਜਨਰਲ ਇੰਦਰ ਸਿੰਘ ਗਿੱਲ ਅਤੇ ਸੀ.ਓ.ਏ.ਐਸ. ਜਨਰਲ ਸੈਮ ਮਾਨਕਸ਼ਾਅ ਦੀਆਂ ਨਜ਼ਰਾਂ ਜੰਗ ਦੇ ਮੈਦਾਨ ਅਤੇ ਇਸ ਮੁਤੱਲਕ ਕੌਮਾਂਤਰੀ ਪ੍ਰਤੀਕਿਰਿਆ 'ਤੇ ਕੇਂਦਰਤ ਸਨ। ਉਹ ਬਾਖੂਬੀ ਜਾਣਦੇ ਸਨ ਕਿ ਸਮੇਂ ਦੀ ਕੀ ਅਹਿਮੀਅਤ ਹੈ।

ਖੁਫੀਆ ਏਜੰਸੀਆਂ ਅਤੇ ਕੂਟਨੀਤੀਵਾਨਾਂ ਨੇ ਯੂ.ਐਸ. ਸੈਵਨਥ ਫਲੀਟ ਨੂੰ ਬੰਗਾਲ ਦੀ ਖਾੜੀ ਵਿਚ ਤਾਇਨਾਤ ਕਰਨ ਦੀ ਨਿਕਸਨ-ਕਿਸਿੰਜਰ ਦੀ ਧਮਕੀ 'ਤੇ ਨਜ਼ਰਾਂ ਟਿਕਾ ਰੱਖੀਆਂ ਸਨ। ਅਗਸਤ 1971 ਵਿਚ ਸਹੀਬੰਦ ਹੋਈ ਭਾਰਤ-ਸੋਵੀਅਤ ਸੰਧੀ ਇਸ ਵੇਲੇ ਕਾਰਆਮਦ ਸਾਬਿਤ ਹੋਈ ਅਤੇ ਸੋਵੀਅਤ ਰੂਸ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਕਈ ਵਾਰ ਵੀਟੋ ਦਾ ਇਸਤੇਮਾਲ ਕਰ ਕੇ ਭਾਰਤ ਦੀ ਮਦਦ ਕੀਤੀ। ਸਾਡੇ ਸਫੀਰ ਵੀ ਸੰਯੁਕਤ ਰਾਸ਼ਟਰ ਵਿਚ ਭੁੱਟੋ ਵੱਲੋਂ ਕੀਤੇ ਜਾ ਰਹੇ ਭੰਡੀ ਪ੍ਰਚਾਰ ਦਾ ਮੁਕਾਬਲਾ ਕਰ ਰਹੇ ਸਨ। ਪੂਰਬੀ ਪਾਕਿਸਤਾਨ ਦੇ ਕਬਜ਼ੇ ਹੇਠ ਲਏ ਖੇਤਰਾਂ ਵਿਚ ਬੰਗਲਾਦੇਸ਼ੀਆਂ ਦੇ ਸੱਤਾ ਸੰਭਾਲਣ ਤੱਕ ਆਰਜ਼ੀ ਪ੍ਰਸ਼ਾਸਨਿਕ ਢਾਂਚਾ ਤਿਆਰ ਕਰਨ ਲਈ ਪ੍ਰਸ਼ਾਸਕ ਸਰਗਰਮ ਹੋ ਗਏ ਸਨ।

ਖੈਰ! ਮੁਕਤੀਬਾਹਿਨੀ ਨੇ ਚੱਕਰ ਚਲਾਈ ਰੱਖਿਆ ਜਿਸ ਨਾਲ ਸਾਡੇ ਹੱਕ ਵਿਚ ਮਾਹੌਲ ਬਣਦਾ ਚਲਿਆ ਗਿਆ। ਅੱਜਕੱਲ੍ਹ ਅਸੀਂ ਸੈਂਸਰਾਂ, ਰਡਾਰਾਂ, ਮਸਨੂਈ ਬੁੱਧੀ ਅਤੇ ਉਪਗ੍ਰਹਿਆਂ ਸਦਕਾ ਜੰਗ ਦੇ ਮੈਦਾਨ 'ਤੇ ਨਿਗਰਾਨੀ ਰੱਖਣ ਦੀਆਂ ਗੱਲਾਂ ਕਰਦੇ ਹਾਂ, ਪਰ 1971 ਵਿਚ ਮੁਕਤੀਬਾਹਿਨੀ ਦੇ ਰੂਪ ਵਿਚ ਹੀ ਜੰਗੀ ਮੈਦਾਨ ਦੀ ਪਾਰਦਰਸ਼ਤਾ/ਨਿਗਰਾਨੀ ਮਿਲਦੀ ਸੀ। ਉਨ੍ਹਾਂ ਦੀ ਮੌਜੂਦਗੀ ਅਤੇ ਨਿਆਈਂ ਕਾਜ਼ ਲਈ ਲੜਨ ਦੇ ਨਿਸ਼ਚੇ ਨੇ ਸਾਂਝੀ ਕਮਾਂਡ ਅੱਗੇ ਦੁਸ਼ਮਣ ਦੀ ਸ਼ਿਕਸਤ ਵਿਚ ਅਹਿਮ ਯੋਗਦਾਨ ਪਾਇਆ। ਸੰਸਦ ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦਿੱਤੇ ਭਾਸ਼ਣ: "ਢਾਕਾ ਆਜ਼ਾਦ ਮੁਲਕ ਦੀ ਆਜ਼ਾਦ ਰਾਜਧਾਨੀ ਬਣ ਗਿਆ ਹੈ" - ਨੇ ਵੀਹਵੀਂ ਸਦੀ ਵਿਚ ਸਭ ਔਕੜਾਂ ਦੇ ਬਾਵਜੂਦ ਨਸਲਘਾਤ ਖਿਲਾਫ ਸਭ ਤੋਂ ਸਫਲ ਮਾਨਵੀ ਦਖਲਅੰਦਾਜ਼ੀ ਨੂੰ ਰੇਖਾਂਕਤ ਕੀਤਾ ਸੀ।

'ਨਿਊ ਯੌਰਕ ਟਾਈਮਜ਼' ਅਖਬਾਰ ਦਾ ਪੁਲਿਟਜ਼ਰ ਇਨਾਮ ਜੇਤੂ ਪੱਤਰਕਾਰ ਸਿਡਨੀ ਸ਼ਾਨਬਰਗ ਸਾਡੇ ਨਾਲ ਹੀ ਢਾਕਾ ਪਹੁੰਚਿਆ ਸੀ ਤੇ ਉਸ ਨੇ ਲਿਖਿਆ ਸੀ: "ਮੈਂ ਫੌਜਾਂ ਦੇ ਗੋਡੇ ਮੁੱਢ ਬਹਿ ਕੇ ਸਰਾਹਨਾ ਕਰਨੀ ਪਸੰਦ ਨਹੀਂ ਕਰਦਾ। ਮੈਂ ਫੌਜਾਂ ਨੂੰ ਵੀ ਪਸੰਦ ਨਹੀਂ ਕਰਦਾ ਕਿਉਂਕਿ ਫੌਜਾਂ ਦਾ ਮਤਲਬ ਹੁੰਦਾ ਹੈ ਜੰਗਾਂ। ਪਰ ਇਹ ਫੌਜ (ਭਾਰਤੀ) ਕੁਝ ਖਾਸ ਹੈ। ਉਨ੍ਹਾਂ ਹਰ ਮੈਦਾਨ ਵਿਚ ਕਮਾਲ ਕਰ ਕੇ ਦਿਖਾਈ ਹੈ। ਇਸ ਦੇ ਮੱਥੇ ਕੋਈ ਕਾਲਾ ਧੱਬਾ ਨਹੀਂ ਲੱਗਿਆ... ਮੈਂ ਅਫਸਰਾਂ ਨਾਲ ਰਿਹਾ ਹਾਂ ਤੇ ਜਵਾਨਾਂ ਨਾਲ ਵੀ ਚੱਲਿਆ ਹਾਂ - ਉਨ੍ਹਾਂ ਸਾਰਿਆਂ ਦਾ ਕੋਈ ਸਾਨੀ ਨਹੀਂ ਹੈ। ਯਕੀਨਨ, ਇਨ੍ਹਾਂ 'ਚੋਂ ਕੁਝ ਸ਼ੁਰੂ-ਸ਼ੁਰੂ ਵਿਚ ਖੌਫਜ਼ਦਾ ਹੋਏ ਹੋਣਗੇ- ਆਖਰਕਾਰ ਉਹ ਵੀ ਇਨਸਾਨ ਹਨ ਪਰ ਮੈਂ ਕਦੇ ਕਿਸੇ ਜਵਾਨ ਨੂੰ ਡਰ ਕੇ ਪਿਛਾਂਹ ਹਟਦਾ ਨਹੀਂ ਦੇਖਿਆ। ਭਾਰਤੀ ਫੌਜ ਦਾ ਉਤਸ਼ਾਹ ਬੇਮਿਸਾਲ ਸੀ ਅਤੇ ਇਸ ਦਾ ਅਨੁਭਵ ਕਰ ਕੇ ਚੰਗਾ ਲੱਗਿਆ ਹੈ।"

# ਮਾਘੀ ਮੇਲਾ ਅਤੇ ਬਚਪਨ ਦੀਆਂ ਯਾਦਾਂ

ਬਚਪਨ ਵਿਚ ਜਿਸ ਦਿਨ ਮਾਘ ਦਾ ਪਹਿਲਾ ਦਿਨ ਹੁੰਦਾ ਸੀ, ਜਿਸ ਨੂੰ ਕਿ ਅਸੀਂ ਮਾਘੀ ਦਾ ਦਿਨ ਕਹਿੰਦੇ ਹਾਂ, ਸਾਡੇ ਲਈ ਵੀ ਕਾਫ਼ੀ ਖਾਸ ਦਿਨ ਹੁੰਦਾ ਸੀ।

ਇਕ ਰਾਤ ਪਹਿਲਾਂ ਲੋਹੜੀ ਮਨਾ ਕੇ ਬੱਚਿਆਂ ਨਾਲ ਖੂਬ ਮਸਤੀ ਖੌਰੂ ਕਰ ਕੇ ਸੁੱਤੇ ਹੁੰਦੇ ਤਾਂ ਦਾਦੀ ਨੇ ਪਤਾ ਨਹੀਂ ਕਿੰਨੇ ਸੁਵਖਤੇ ਕੇਸੀ ਇਸ਼ਨਾਨ ਕੀਤਾ ਹੁੰਦਾ। ਉਦੋਂ ਤਾਂ ਸਾਡੇ ਘਰ ਗੀਜ਼ਰ ਵੀ ਨਹੀਂ ਹੁੰਦੇ ਸਨ, ਪਾਣੀ ਵੀ ਚੁੱਲ੍ਹੇ ਉਪਰ ਅੱਗ ਬਾਲ ਕੇ ਗਰਮ ਕੀਤਾ ਜਾਂਦਾ ਸੀ। ਮਾਂ ਤੇ ਚਾਚੀ ਨੇ ਪਤਾ ਨਹੀਂ ਕਿੰਨੀ ਕੁ ਜਲਦੀ ਜਾਗ ਕੇ ਸਭ ਦੇ ਵਾਸਤੇ ਪਾਣੀ ਗਰਮ ਕੀਤਾ ਹੋਣਾ। ਇਸ ਗਰਮ ਪਾਣੀ ਨਾਲ ਖੁਦ ਵੀ ਨਹਾ ਲੈਂਦੀਆਂ ਤੇ ਬੱਚਿਆਂ ਭਾਵ ਸਾਨੂੰ ਵੀ ਨੁਹਾ ਦਿੰਦੀਆਂ। ਅਸੀਂ ਹਾਲੇ ਰਜਾਈ ਵਿਚ ਸੁਤੇ ਹੁੰਦੇ ਸਾਂ ਕਿ ਸਾਡੀ ਦਾਦੀ ਨੇ ਮੁੱਠੀਆਂ ਵਿਚ ਪੈਸੇ ਦੇ ਦੇਣੇ, ਜਿਸ ਨੂੰ ਕਿ ਸਰਘੀ ਕਿਹਾ ਜਾਂਦਾ ਸੀ। ਉਨ੍ਹਾਂ 5 ਰੁਪਿਆਂ ਦੀ ਕੀਮਤ ਅੱਜ ਦੇ ਲੱਖਾਂ ਰੁਪਇਆਂ ਤੋਂ ਵੀ ਵੱਧ ਲਗਦੀ ਹੈ। ਪੈਸੇ ਮਿਲਣ ਦੀ ਖੁਸ਼ੀ ਵਿਚ ਨੀਂਦ ਹੀ ਉੱਡ ਜਾਣੀ ਅਤੇ ਅਸੀਂ ਵੀ ਝੱਟ ਉੱਠ ਖੜ੍ਹਨਾ।

ਦਾਦੇ ਦਾਦੀ ਨੇ ਕਹਿਣਾ ਕਿ ਅੱਜ ਮਾਘੀ ਵਾਲੇ ਦਿਨ ਜਿਹੜਾ ਜਿੰਨਾ ਸੁਵਖਤੇ ਨਹਾਵੇਗਾ ਉਸ ਨੂੰ ਉੱਨੇ ਕਿਲੋ ਸੋਨਾ ਮਿਲੇਗਾ। ਖੈਰ ਉਦੋਂ ਸੋਨੇ ਦਾ ਤਾਂ ਕੋਈ ਲਾਲਚ ਨਹੀਂ ਹੁੰਦਾ ਸੀ। ਉਦੋਂ ਤਾਂ ਖੁਸ਼ੀ ਹੁੰਦੀ ਸੀ ਮਾਘੀ ਦੇ ਮੇਲੇ 'ਤੇ ਜਾਣ ਦੀ। ਅਸੀਂ ਸਾਰੇ ਪਰਿਵਾਰ ਨੇ ਜੀਪ 'ਤੇ ਸਵਾਰ ਹੋ ਕੇ ਮੇਲੇ ਜਾਣਾ ਜਾਂ ਕਈ ਵਾਰ ਪਿੰਡ ਦੇ ਲੋਕ ਵੀ ਮੇਲੇ ਜਾਣ ਵਾਸਤੇ ਆ ਜਾਂਦੇ ਤਾਂ ਡੈਡੀ ਹੋਰਾਂ ਨੇ ਟਰਾਲੀ ਜੋੜ ਲੈਣੀ ਤੇ ਫਿਰ ਟਰਾਲੀ 'ਚ ਬੈਠ ਕੇ ਸਭ ਨੇ ਤੜਕੇ ਮੇਲੇ ਨੂੰ ਤੁਰ ਪੈਣਾ। ਹਨੇਰੇ ਵਿਚ ਉਪਰੋ ਧੁੰਦ ਤੇ ਠਾਰੀ ਟਰਾਲੀਆਂ 'ਚ ਬਹਿ ਜਾਣਾ, ਪਰ ਪਤਾ ਨਹੀਂ ਬਚਪਨ ਵਿਚ ਕਿਹੋ ਜਿਹੇ ਸਾਂ ਕਿ ਕਦੇ ਠੰਢ ਵੀ ਮਹਿਸੂਸ ਨਹੀਂ ਸੀ ਹੁੰਦੀ। ਰਸਤੇ ਵਿਚ ਜਗ੍ਹਾ-ਜਗ੍ਹਾ ਲੰਗਰ ਲੱਗੇ ਹੁੰਦੇ ਸਨ। ਚਾਹ, ਪਕੌੜੇ, ਗਜਰੇਲਾ ਖਾ-ਖਾ ਸਾਹ ਨਾ ਆਉਣਾ, ਠੰਢ ਕਿਥੋਂ ਲੱਗਣੀ ਸੀ। ਮੂੰਹ ਸੋਜਲਾ ਜਿਹਾ ਹੁੰਦੇ ਮੱਥਾ ਟੇਕ ਕੇ ਵਾਪਸ ਮੁੜ ਪੈਂਦੇ ਤੇ ਸੂਰਜ ਦੇ ਨਿਕਲਣ ਤੋਂ ਵੀ ਪਹਿਲਾਂ ਵਾਪਸ ਘਰ ਪੁੱਜ ਜਾਂਦੇ। ਇਸ ਦਿਨ ਦੀ ਧਾਰਮਿਕ ਯਾਤਰਾ ਕਰ ਕੇ ਖੁਦ ਨੂੰ ਆਪਣਾ ਆਪ ਸਚਮੁੱਚ ਸੁੱਚਾ ਜਿਹਾ ਜਾਪਦਾ ਹੁੰਦਾ ਸੀ।


ਪਤਾ ਨਹੀਂ ਉਹ ਦਿਨ ਹੁਣ ਕਿੱਧਰ ਗਏ ਹਨ, ਰਲ ਮਿਲ ਕੇ ਮੇਲੇ ਜਾਣ ਵਾਲੇ ਉਹ ਦਿਨ ਅੱਜ ਵੀ ਬਹੁਤ ਯਾਦ ਆਉਂਦੇ ਨੇ।

*-ਰਾਜਨਦੀਪ ਕੌਰ*
*ਫੋਨ: 62393-26166*

# ਜਦੋਂ ਗੁਰਬਚਨ ਸਿੰਘ ਰੰਧਾਵਾ ਦੀ ਗੁੱਡੀ ਚੜ੍ਹੀ

## ਅਥਲੈਟਿਕਸ ਵਿਚ ਦੋ ਦਿਨਾਂ ਵਿਚ ਚਾਰ ਰਿਕਾਰਡ ਤੋੜੇ...

*ਗੁਰਬਚਨ ਸਿੰਘ ਰੰਧਾਵਾ ਭਾਰਤੀ ਅਥਲੈਟਿਕਸ ਦਾ ਬੜਾ ਦਮਦਾਰ ਅਥਲੀਟ ਹੋਇਆ ਹੈ। ਹਾਲ ਹੀ ਵਿਚ ਖੇਡ ਲੇਖਕ ਨਵਦੀਪ ਸਿੰਘ ਗਿੱਲ ਨੇ ਉਸ ਦੇ ਜੀਵਨ ਅਤੇ ਖੇਡਾਂ ਨੂੰ ਆਧਾਰ ਬਣਾ ਕੇ ਕਿਤਾਬ ਛਪਵਾਈ ਹੈ। ਇਸ ਕਿਤਾਬ ਦਾ ਨਾਂ 'ਉਡਣਾ ਬਾਜ਼: ਓਲੰਪੀਅਨ ਗੁਰਬਚਨ ਸਿੰਘ ਰੰਧਾਵਾ' ਰੱਖਿਆ ਹੈ ਜੋ ਪਿਛਲੇ ਦਿਨੀਂ ਚੰਡੀਗੜ੍ਹ ਵਿਚ ਰਿਲੀਜ਼ ਕੀਤੀ ਗਈ। ਦਿਲਚਸਪ ਕਿੱਸਿਆਂ ਨਾਲ ਭਰਪੂਰ ਇਸ ਕਿਤਾਬ ਵਿਚੋਂ ਇਹ ਲੇਖ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ।*



1960 ਦੀਆਂ ਰੋਮ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਤੋਂ ਬਾਅਦ ਗੁਰਬਚਨ ਸਿੰਘ ਰੰਧਾਵਾ ਦਾ ਹੌਸਲਾ ਸੱਤਵੇਂ ਅਸਮਾਨ 'ਤੇ ਸੀ। ਓਲੰਪਿਕਸ ਦੇ ਤਜਰਬੇ ਨੇ ਉਸ ਨੂੰ ਵੱਡੇ ਈਵੈਂਟਾਂ ਵਿਚ ਹਿੱਸਾ ਲੈਣ ਲਈ ਤਿਆਰ ਕਰ ਦਿੱਤਾ ਸੀ। ਭਾਰਤ ਵਿਚ ਡਿਕੈਥਲਨ ਦੇ ਨਾਲ-ਨਾਲ 110 ਮੀਟਰ ਹਰਡਲਜ਼, ਜੈਵਲਿਨ ਥਰੋਅ ਤੇ ਉਚੀ ਛਾਲ ਵਿਚ ਉਸ ਦੇ ਮੁਕਾਬਲੇ ਦਾ ਕੋਈ ਅਥਲੀਟ ਨਹੀਂ ਸੀ। ਅਥਲੈਟਿਕਸ ਦੇ ਕੌਮੀ ਮੁਕਾਬਲੇ ਅਤੇ ਆਲ ਇੰਡੀਆ ਪੁਲਿਸ ਖੇਡਾਂ ਵਿਚ ਉਸ ਦਾ ਕੋਈ ਸਾਨੀ ਨਹੀਂ ਸੀ। ਉਸ ਦਾ ਅਗਲਾ ਨਿਸ਼ਾਨਾ ਹੁਣ 1962 ਦੀਆਂ ਜਕਾਰਤਾ ਏਸ਼ਿਆਈ ਖੇਡਾਂ ਸੀ। ਏਸ਼ਿਆਈ



**ਨਵਦੀਪ ਸਿੰਘ ਗਿੱਲ**
ਫੋਨ: +91-97800-36216

ਖੇਡਾਂ ਵਿਚ ਉਸ ਨੇ ਪਹਿਲੀ ਵਾਰ ਹਿੱਸਾ ਲੈਣਾ ਸੀ ਜਿਸ ਵਿਚ ਤਮਗੇ ਦਾ ਸਭ ਤੋਂ ਮਜ਼ਬੂਤ ਦਾਅਵੇਦਾਰ ਸੀ।

ਜਕਾਰਤਾ ਏਸ਼ਿਆਈ ਖੇਡਾਂ ਤੋਂ ਸਵਾ ਮਹੀਨਾ ਪਹਿਲਾ ਬੰਗਲੌਰ ਵਿਖੇ ਭਾਰਤੀ ਅਥਲੈਟਿਕਸਾ ਟੀਮ ਦੇ ਟਰਾਇਲ ਸਨ। ਗੁਰਬਚਨ ਸਿੰਘ ਰੰਧਾਵਾ ਚੰਗੇ ਖਿਡਾਰੀ ਵਾਂਗ ਇਨ੍ਹਾਂ ਟਰਾਇਲਾਂ ਵਿਚ ਪੂਰੀ ਗੰਭੀਰਤਾ ਤੇ ਇਕਾਗਰਤਾ ਨਾਲ ਹਿੱਸਾ ਲੈ ਰਿਹਾ ਸੀ। ਡਿਕੈਥਲਨ ਦਾ ਈਵੈਂਟ 16 ਤੇ 17 ਜੁਲਾਈ ਸੀ। ਸਾਉਣ ਦਾ ਮਹੀਨਾ ਹਾਲੇ ਚੜ੍ਹਿਆ ਹੀ ਸੀ ਕਿ ਗੁਰਬਚਨ ਵੀ ਟਰੈਕ ਤੇ ਫੀਲਡ ਵਿਚ ਸਾਉਣ ਦੇ ਛਰਾਟਿਆਂ ਵਾਂਗੂ ਵਰ੍ਹਿਆਂ। ਦੋ ਦਿਨਾਂ ਵਿਚ ਉਸ ਨੇ ਚਾਰ ਨਵੇਂ ਕੌਮੀ ਰਿਕਾਰਡ ਬਣਾ ਕੇ ਖੇਡ ਹਲਕਿਆਂ ਵਿਚ ਤਰਥੱਲੀ ਮਚਾ ਦਿੱਤੀ। ਗੁਰਬਚਨ ਦੀ ਇਹ ਪ੍ਰਾਪਤੀ ਅਸਾਧਾਰਨ ਸੀ ਜਿਹੜੀ ਸ਼ਾਇਦ ਹੀ ਵਿਸ਼ਵ ਦੇ ਕਿਸੇ ਅਥਲੀਟ ਨੇ ਹਾਸਲ ਕੀਤੀ ਹੋਵੇ ਕਿਉਂਕਿ ਇਹ ਰਿਕਾਰਡ ਅਥਲੈਟਿਕਸ ਦੀਆਂ ਤਿੰਨੋਂ ਵੰਨਗੀਆਂ- ਦੌੜਾਂ, ਥਰੋਆਂ ਤੇ ਛਾਲਾਂ ਵਿਚ ਬਣਾਏ ਗਏ ਸਨ। ਤਿੰਨੇ ਤਰ੍ਹਾਂ ਦੀਆਂ ਵੰਨਗੀਆਂ ਵਿਚ ਇਕ ਅਥਲੀਟ ਦਾ ਇੰਨਾ ਪ੍ਰਪੱਕ ਹੋਣਾ ਸੁਖਾਲੀ ਗੱਲ ਨਹੀਂ।

ਗੁਰਬਚਨ ਸਿੰਘ ਰੰਧਾਵਾ ਨੇ ਪਹਿਲਾ ਰਿਕਾਰਡ ਦੌੜਾਂ ਵਿਚ 110 ਮੀਟਰ ਹਰਡਲਜ਼ ਈਵੈਂਟ ਵਿਚ ਬਣਾਇਆ ਜਿੱਥੇ ਉਸ ਦਾ ਸਮਾਂ 14.3 ਸਕਿੰਟ ਸੀ। ਦੂਜਾ ਰਿਕਾਰਡ ਥਰੋਆਂ ਵਿਚ ਜੈਵਲਿਨ ਸੁੱਟਣ ਵਿਚ ਬਣਾਇਆ। ਉਸ ਨੇ 210 ਫੁੱਟ ਸਾਢੇ ਤਿੰਨ ਇੰਚ ਜੈਵਲਿਨ ਸੁੱਟੀ। ਤੀਜਾ ਰਿਕਾਰਡ ਛਾਲਾਂ ਵਿਚੋਂ ਉਚੀ ਛਾਲ ਵਿਚ ਪੂਰੇ ਸਾਢੇ ਛੇ ਫੁੱਟ ਦੀ ਛਾਲ ਲਗਾ ਕੇ ਬਣਾਇਆ। ਚੌਥਾ ਰਿਕਾਰਡ ਡਿਕੈਥਲਨ ਵਿਚ 6912 ਅੰਕਾਂ ਨਾਲ ਬਣਾਇਆ ਸੀ। ਜਕਾਰਤਾ ਏਸ਼ਿਆਈ ਖੇਡਾਂ ਲਈ ਉਸ ਨੇ ਨਾ ਸਿਰਫ ਡਿਕੈਥਲਨ ਬਲਕਿ 110 ਮੀਟਰ ਹਰਡਲਜ਼ ਤੇ ਜੈਵਲਿਨ ਥਰੋਅ ਵਿਚ ਵੀ ਕੁਆਲੀਫਾਈ ਹੋ ਕੇ ਤੀਹਰੀ ਟਿਕਟ ਕਟਾਈ। ਉਹ ਇਕੱਲਾ ਅਥਲੀਟ ਸੀ ਜਿਹੜਾ ਤਿੰਨ ਈਵੈਂਟਸ ਲਈ ਕੁਆਲੀਫਾਈ ਹੋਇਆ।

ਬੰਗਲੌਰ ਵਿਚ ਬਣਾਏ ਇਨ੍ਹਾਂ ਰਿਕਾਰਡਾਂ ਦੀ ਤਫਸੀਲ ਵਿਚ ਜਾਣਕਾਰੀ ਦਿੰਦਾ ਹੋਇਆ ਉਹ ਦੱਸਦਾ ਹੈ ਕਿ ਪਹਿਲੇ ਦਿਨ ਲੰਬੀ ਛਾਲ ਵਿਚ ਉਸ ਨੇ ਦੂਜੀ ਕੋਸ਼ਿਸ਼ ਦੌਰਾਨ 6.85 ਮੀਟਰ ਛਾਲ ਲਗਾਈ। ਇੰਨੀ ਛਾਲ ਤੋਂ ਉਹ ਸੰਤੁਸ਼ਟ ਨਹੀਂ ਸੀ। ਸ਼ਾਟਪੁੱਟ ਈਵੈਂਟ ਵਿਚ ਉਸ ਨੇ 11.64 ਮੀਟਰ ਗੋਲਾ ਸੁੱਟਿਆ ਜਿਸ ਨੂੰ ਉਹ ਬਹੁਤ ਮਾੜੀ ਥਰੋਅ ਮੰਨਦਾ ਸੀ। ਉਚੀ ਛਾਲ 1.93 ਮੀਟਰ ਲਗਾਈ ਜੋ ਉਸ ਦੀ ਆਪਣੀ ਬੈਸਟ ਛਾਲ ਤੋਂ 9 ਸੈਂਟੀਮੀਟਰ ਘੱਟ ਸੀ। ਪਹਿਲੇ ਦਿਨ ਦੀ ਸਮਾਪਤੀ ਉਤੇ ਇਕ ਵਾਰ ਤਾਂ ਉਸ ਨੂੰ ਆਪਣੇ ਪ੍ਰਦਰਸ਼ਨ 'ਤੇ ਤਸੱਲੀ ਨਹੀਂ ਸੀ। ਉਹ ਏਸ਼ਿਆਈ ਖੇਡਾਂ ਲਈ ਤਿਆਰੀ ਨੂੰ ਨਾਕਾਫੀ ਸਮਝ ਰਿਹਾ ਸੀ ਪਰ 3920 ਅੰਕਾਂ ਨਾਲ ਥੋੜ੍ਹਾ ਹੌਸਲਾ ਜ਼ਰੂਰ ਸੀ।

ਦੂਜੇ ਦਿਨ ਗੁਰਬਚਨ ਸਿੰਘ ਰੰਧਾਵਾ ਨੇ ਪੋਲ ਵਾਲਟ ਵਿਚ 3.40 ਮੀਟਰ ਦੀ ਛਾਲ ਲਗਾਈ। ਜੈਵਲਿਨ ਥਰੋਅ ਉਸ ਨੇ ਪੂਰੇ ਜ਼ੋਰ ਨਾਲ ਸੁੱਟੀ ਅਤੇ 64.09 ਮੀਟਰ ਦੀ ਥਰੋਅ ਨਾਲ ਨਵਾਂ ਕੌਮੀ ਰਿਕਾਰਡ ਬਣਾਇਆ। ਉਸ ਦਿਨ ਗੁਰਬਚਨ ਸਿੰਘ ਰੰਧਾਵਾ ਵੱਲੋਂ ਸੁੱਟੀਆਂ ਤਿੰਨੇ ਥਰੋਆਂ ਕੌਮੀ ਰਿਕਾਰਡ ਨਾਲੋਂ ਬਿਹਤਰ ਸਨ। ਦੂਜੇ ਦਿਨ 2992 ਅੰਕ ਬਟੋਰ ਕੇ ਉਸ ਨੇ ਆਪਣੇ ਕੁੱਲ ਅੰਕਾਂ ਦੀ ਗਿਣਤੀ 6912 ਕੀਤੀ ਜੋ ਨਵਾਂ ਕੌਮੀ ਰਿਕਾਰਡ ਸੀ। ਇਸ ਤਰ੍ਹਾਂ ਨਵੇਂ ਨੈਸ਼ਨਲ ਰਿਕਾਰਡ ਨਾਲ ਉਸ ਨੂੰ ਆਪਣੇ ਪ੍ਰਦਰਸ਼ਨ 'ਤੇ ਤਸੱਲੀ ਹੋਈ ਅਤੇ ਰਹਿੰਦਾ ਸਵਾ ਮਹੀਨਾ ਸਾਰਾ ਧਿਆਨ ਏਸ਼ਿਆਈ ਖੇਡਾਂ ਉਤੇ ਕੇਂਦਰਿਤ ਕੀਤਾ।



*ਖੱਬਿਓਂ: ਅਜਮੇਰ ਸਿੰਘ, ਬੀ.ਵੀ. ਸੱਤਿਆਨਾਰਾਇਣ, ਗੁਰਬਚਨ ਸਿੰਘ ਰੰਧਾਵਾ, ਮਿਲਖਾ ਸਿੰਘ ਤੇ ਕੈਨੇਥ ਪਾਵੇਲ 1964 ਵਿਚ ਬਰਲਿਨ ਦੇ ਓਲੰਪਿਕ ਸਟੇਡੀਅਮ ਵਿਚ ਦੋ ਜਰਮਨ ਅਥਲੀਟਾਂ ਨਾਲ ਅਤੇ (ਸੱਜੇ) ਗੁਰਬਚਨ ਸਿੰਘ ਰੰਧਾਵਾ ਭਾਰਤ ਦੇ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਨਾਲ।*

### ਰੋਮ ਓਲੰਪਿਕਸ ਦਾ ਬੇਬੀ ਓਲੰਪੀਅਨ

1960 ਦੀਆਂ ਰੋਮ ਓਲੰਪਿਕਸ ਲਈ ਚੁਣੀ ਗਈ ਭਾਰਤੀ ਅਥਲੈਟਿਕ ਟੀਮ ਵਿਚ ਗੁਰਬਚਨ ਸਿੰਘ ਰੰਧਾਵਾ ਸਭ ਤੋਂ ਛੋਟੀ ਉਮਰ ਦਾ ਅਥਲੀਟ ਸੀ। ਉਸ ਨੂੰ 'ਬੇਬੀ ਆਫ ਇੰਡੀਅਨ ਕਾਂਟਿਨਜੈਂਟ' ਦਾ ਨਾਂ ਦਿੱਤਾ ਗਿਆ। ਓਲੰਪੀਅਨ ਬਣਨਾ ਹਰ ਖਿਡਾਰੀ ਦਾ ਸੁਫਨਾ ਹੁੰਦਾ ਹੈ। ਛੋਟੀ ਉਮਰੇ ਖੇਡ ਮੈਦਾਨ ਵਿਚ ਪੈਰ ਪਾਉਂਦਿਆਂ ਇਹ ਸੁਫਨੇ ਹਰ ਖਿਡਾਰੀ ਪਾਲਦਾ ਹੈ ਪਰ ਇਸ ਨੂੰ ਪੂਰਾ ਕਰਨਾ ਹਰ ਇਕ ਦੇ ਵੱਸ ਦਾ ਰੋਗ ਨਹੀਂ ਹੁੰਦਾ। ਓਲੰਪਿਕ ਪਿੰਡ (ਓਲੰਪਿਕਸ ਵਾਲੇ ਸ਼ਹਿਰ ਵਿਚ ਖਿਡਾਰੀਆਂ ਦਾ ਰੈਣ-ਬਸੇਰਾ) ਵਿਚ ਪਹੁੰਚ ਕੇ ਹਰ ਖਿਡਾਰੀ ਵੱਖਰਾ ਆਨੰਦ ਮਹਿਸੂਸ ਕਰਦਾ ਹੈ।

ਇਟਲੀ ਦੀ ਰਾਜਧਾਨੀ ਰੋਮ ਵਿਖੇ 17ਵੀਆਂ ਓਲੰਪਿਕ ਖੇਡਾਂ 25 ਅਗਸਤ ਤੋਂ 11 ਸਤੰਬਰ, 1960 ਦਰਮਿਆਨ ਹੋਈਆਂ ਸਨ ਜਿਨ੍ਹਾਂ ਵਿਚ 83 ਮੁਲਕਾਂ ਦੇ 5338 ਖਿਡਾਰੀਆਂ ਨੇ ਹਿੱਸਾ ਲਿਆ। ਇਨ੍ਹਾਂ ਵਿਚੋਂ 4727 ਪੁਰਸ਼ ਅਤੇ 611 ਮਹਿਲਾਵਾਂ ਸਨ। ਚਾਰ ਵਰ੍ਹਿਆਂ ਬਾਅਦ ਆਉਣ ਵਾਲੇ ਖੇਡਾਂ ਦੇ ਇਸ ਮਹਾਂਕੁੰਭ ਵਿਚ ਕੁੱਲ ਦੁਨੀਆ ਦੀ ਵਸੋਂ ਵਿਚੋਂ ਮੁੱਠੀ ਭਰ ਖਿਡਾਰੀਆਂ ਵਿਚੋਂ ਗੁਰਬਚਨ ਸਿੰਘ ਰੰਧਾਵਾ ਖੁਸ਼ਕਿਸਮਤ ਖਿਡਾਰੀ ਸੀ। ਉਸ ਦੀ ਉਮਰ ਹਾਲੇ 21 ਸਾਲ ਦੀ ਸੀ। ਓਲੰਪਿਕ ਖੇਡਾਂ ਕਿਸੇ ਵੀ ਖਿਡਾਰੀ ਦਾ ਆਖਰੀ ਅਤੇ ਸਿਖਰਲਾ ਨਿਸ਼ਾਨਾ ਹੁੰਦਾ ਹੈ।

ਭਾਰਤ ਵਿਚ ਇਸ ਨਿਸ਼ਾਨੇ 'ਤੇ ਪੁੱਜਣ ਤੋਂ ਪਹਿਲਾਂ ਖਿਡਾਰੀ ਲਈ ਕੌਮਾਂਤਰੀ ਪੱਧਰ 'ਤੇ ਏਸ਼ਿਆਈ ਖੇਡਾਂ, ਰਾਸ਼ਟਰਮੰਡਲ ਖੇਡਾਂ ਜਿਹੇ ਟੂਰਨਾਮੈਂਟ ਪੜਾਅ ਹੁੰਦੇ ਹਨ ਪਰ ਗੁਰਬਚਨ ਸਿੰਘ ਰੰਧਵਾ ਦੇ ਕੇਸ ਵਿਚ ਇਹ ਕਹਾਣੀ ਵੱਖਰੀ ਸੀ। ਨੈਸ਼ਨਲ ਚੈਂਪੀਅਨ ਬਣਨ ਦੇ ਪਹਿਲੇ ਹੀ ਸਾਲ ਉਸ ਨੇ ਓਲੰਪਿਕ ਖੇਡਾਂ ਵਿਚ ਹਾਜ਼ਰੀ ਲਗਾ ਲਈ। ਏਸ਼ਿਆਈ ਤੇ ਰਾਸ਼ਟਰਮੰਡਲ ਖੇਡਾਂ ਵਿਚ ਉਸ ਨੇ ਬਾਅਦ ਵਿਚ ਹਿੱਸਾ ਲਿਆ। ਇੰਝ ਕਹਿ ਲਵੋ ਕਿ ਦਸਵੀਂ ਪਾਸ ਕਰਨ ਤੋਂ ਬਾਅਦ ਉਸ ਨੇ ਸਿੱਧਾ ਹੀ ਪੀਐਚ.ਡੀ. ਕਰ ਲਈ; ਗਰੈਜੂਏਸ਼ਨ, ਪੋਸਟ-ਗਰੈਜੂਏਸ਼ਨ ਬਾਅਦ ਵਿਚ ਕੀਤੀ।

ਰੋਮ ਵਿਖੇ ਭਾਰਤੀ ਖੇਡ ਦਲ ਦੀ ਅਥਲੈਟਿਕਸ ਟੀਮ ਵਿਚ ਮਿਲਖਾ ਸਿਘ ਨੇ 400 ਮੀਟਰ ਦੌੜ ਵਿਚ ਪੁਰਾਣੇ ਓਲੰਪਿਕ ਰਿਕਾਰਡ ਨਾਲੋਂ ਬਿਹਰਤ ਸਮਾਂ ਕੱਢਦਿਆਂ ਚੌਥਾ ਸਥਾਨ ਹਾਸਲ ਕੀਤਾ ਜੋ ਬਹੁਤ ਵੱਡੀ ਪ੍ਰਾਪਤੀ ਸੀ। ਓਲੰਪਿਕ ਫਾਈਨਲ ਦੌੜਨ ਅਤੇ ਚੌਥਾ ਸਥਾਨ ਹਾਸਲ ਕਰਨ ਵਾਲਾ ਮਿਲਖਾ ਸਿੰਘ ਪਹਿਲਾ ਭਾਰਤੀ ਅਥਲੀਟ ਬਣਿਆ। ਮਿਲਖਾ ਸਿੰਘ ਦੀ ਉਹ ਦੌੜ ਅੱਜ ਵੀ ਭਾਰਤੀ ਖੇਡ ਇਤਿਹਾਸ, ਖਾਸ ਕਰਕੇ ਅਥਲੈਕਟਿਕਸ ਦੇ ਚੋਣਵੇਂ ਈਵੈਂਟਾਂ ਵਿਚੋਂ ਇਕ ਹੈ। ਇਸ ਦੌੜ ਬਾਰੇ ਕਈ ਦੰਦ-ਕਥਾਵਾਂ ਵੀ ਪ੍ਰਚੱਲਿਤ ਹਨ। ਗੁਰਬਚਨ ਸਿੰਘ ਰੰਧਾਵਾ ਨੇ ਇਹ ਇਤਿਹਾਸਕ ਦੌੜ ਓਲੰਪਿਕ ਸਟੇਡੀਅਮ ਵਿਚ ਬੈਠ ਕੇ ਦੇਖੀ ਸੀ। ਮਿਲਖਾ ਸਿੰਘ ਦੀ ਦੌੜ ਦਾ ਇਕ-ਇਕ ਪਲ ਅੱਜ ਵੀ ਉਸ ਦੇ ਚੇਤਿਆਂ ਵਿਚ ਵਸਿਆ ਹੋਇਆ ਹੈ ਅਤੇ ਉਹ ਅਕਸਰ ਸੋਚਦਾ ਹੈ ਕਿ ਜੇਕਰ ਉਸ ਦਿਨ ਮਿਲਖਾ ਸਿੰਘ ਤਮਗਾ ਜਿੱਤ ਜਾਂਦਾ ਤਾਂ ਭਾਰਤੀ ਅਥਲੈਟਿਕਸ ਨੇ ਬਹੁਤ ਵੱਡੀ ਕਰਵਟ ਲੈਣੀ ਸੀ। ਇਸ ਦੌੜ ਦੇ ਅੱਖੀਂ ਡਿੱਠੇ ਗਵਾਹ ਗੁਰਬਚਨ ਸਿੰਘ ਰੰਧਾਵਾ ਨੇ ਇਸ ਦੌੜ ਦੀ ਅਸਲ ਕਹਾਣੀ ਵੀ ਦੱਸੀ ਜਿਸ ਨੇ ਕਈ ਤਰ੍ਹਾਂ ਦੀਆਂ ਦੰਦ ਕਥਾਵਾਂ ਨੂੰ ਵਿਰਾਮ ਲਗਾਇਆ। ਇਸ ਦਾ ਜ਼ਿਕਰ ਅਗਾਂਹ ਜਾ ਕੇ ਕਰਾਂਗੇ।




*ਗੁਰਬਚਨ ਸਿੰਘ ਰੰਧਾਵਾ ਬਾਰੇ ਲਿਖੀ ਨਵਦੀਪ ਸਿੰਘ ਗਿੱਲ ਦੀ ਕਿਤਾਬ 'ਉੱਡਣਾ ਬਾਜ਼' ਦਾ ਮੁਖੜਾ।*

ਅਥਲੈਟਿਕਸ ਟੀਮ ਵਿਚ ਬੀ.ਵੀ. ਸੱਤਿਆਨਰਾਇਣ ਅਤੇ ਵਿਰਸਾ ਸਿੰਘ ਨੇ ਲੰਬੀ ਛਾਲ ਤੇ ਉਚੀ ਛਾਲ, ਰਣਜੀਤ ਭਾਟੀਆ ਨੇ ਮੈਰਾਥਨ ਤੇ 5000 ਮੀਟਰ ਦੌੜ, ਲਾਲ ਚੰਦ ਤੇ ਜਗਮਾਲ ਸਿੰਘ ਨੇ ਮੈਰਾਥਨ ਅਤੇ ਜਗਮੋਹਨ ਸਿੰਘ ਨੇ 110 ਮੀਟਰ ਹਰਡਲਜ਼ ਦੌੜ ਵਿਚ ਹਿੱਸਾ ਲਿਆ। ਜ਼ੋਰਾ ਸਿੰਘ ਤੇ ਅਜੀਤ ਸਿੰਘ ਪੈਦਲ ਤੇ ਟੀ.ਆਰ. ਜੋਸ਼ੀ ਨੇ 100 ਮੀਟਰ ਵਿਚ ਹਿੱਸਾ ਲਿਆ। ਰੋਮ ਵਿਚ ਅਥਲੀਟਸ ਵਿਲੇਜ਼ ਵਿਖੇ ਗੁਰਬਚਨ ਸਿੰਘ ਰੰਧਾਵਾ ਜਗਮੋਹਨ ਨਾਲ ਹੀ ਚਿਪਕਿਆ ਰਹਿੰਦਾ। ਉਸ ਨੂੰ ਡਰ ਸੀ ਕਿ ਕਿਧਰੇ ਉਹ ਖੇਡਾਂ ਦੇ ਮਹਾਂਕੁੰਭ ਵਿਚ ਗੁੰਮ ਹੀ ਨਾ ਹੋ ਜਾਵੇ। ਓਲੰਪਿਕਸ ਦੌਰਾਨ ਟੀਮ ਦੇ ਕੋਚ ਵਿਨਸੈਂਟ ਰੀਲ ਨੇ ਗੁਰਬਚਨ ਨੂੰ 1936 ਦੀਆਂ ਬਰਲਿਨ ਖੇਡਾਂ ਦੇ ਹੀਰੋ ਮਹਾਨ ਅਥਲੀਟ ਜੈਸੀ ਓਵਨਸ, ਡਿਕੈਥਲਨ ਦੇ ਸਟਾਰ ਰਾਫੇਰ ਜੌਹਨਸਨ ਤੇ ਉਚੀ ਛਾਲ ਦੇ ਵਿਸ਼ਵ ਰਿਕਾਰਡ ਹੋਲਡਰ ਜੌਹਨ ਥੌਮਸ ਨਾਲ ਮਿਲਾਇਆ। ਵੱਡੇ ਅਥਲੀਟਾਂ ਨੂੰ ਮਿਲ ਕੇ ਉਸ ਨੂੰ ਬਹੁਤ ਖੁਸ਼ ਹੋਈ। ਟਰੇਨਿੰਗ ਲਈ ਭਾਰਤੀਆਂ ਨੂੰ ਵੱਖਰਾ ਪ੍ਰੈਕਟਿਸ ਸਥਾਨ ਮਿਲਿਆ ਸੀ ਜਦੋਂਕਿ ਅਮਰੀਕੀ ਅਥਲੀਟਾਂ ਨੂੰ ਵੱਖਰਾ। ਗੁਰਬਚਨ ਦੇ ਦਿਲ ਵਿਚ ਹਮੇਸ਼ਾ ਅਮਰੀਕੀ ਅਥਲੀਟਾਂ ਨੂੰ ਪ੍ਰੈਕਟਿਸ ਕਰਦਿਆਂ ਦੇਖਣ ਦੀ ਤਾਂਘ ਹੁੰਦੀ ਸੀ। ਉਹ ਅਤੇ ਜਗਮੋਹਨ ਅਮਰੀਕੀਆਂ ਨੂੰ ਟਰੇਨਿੰਗ ਕਰਦਿਆਂ ਦੇਖਣ ਉਚੇਚੇ ਤੌਰ ਉਤੇ ਉਨ੍ਹਾਂ ਦੇ ਪ੍ਰੈਕਟਿਸ ਸਥਾਨ ਜਾਂਦੇ।

ਗੁਰਬਚਨ ਅਤੇ ਰਾਫੇਰ ਜੌਹਨਸਨ ਡਿਕੈਥਲਨ ਦੀ 100 ਈਵੈਂਟ ਦੀ ਇਕੋ ਹੀਟ ਵਿਚ ਦੌੜੇ ਸਨ। ਗੁਰਬਚਨ ਦੇ ਅੱਜ ਵੀ ਚੇਤੇ ਹੈ ਕਿ ਉਨ੍ਹਾਂ ਦੋਵਾਂ ਦੀ ਤਸਵੀਰ 'ਦਿ ਟ੍ਰਿਬਿਊਨ' ਅਖਬਾਰ ਵਿਚ ਛਪੀ ਸੀ। ਇਹ ਤਸਵੀਰ ਮੈਂ 'ਦਿ ਟ੍ਰਿਬਿਊਨ' ਲਾਇਬ੍ਰੇਰੀ ਚੰਡੀਗੜ੍ਹ ਵਿਚੋਂ ਲੈ ਕੇ ਆਇਆ ਜਿਸ ਵਿਚ 174 ਨੰਬਰ ਚੈਸਟ ਨੰਬਰ ਵਾਲਾ ਗੱਭਰੂ ਗੁਰਬਚਨ ਸਿੰਘ ਜੂੜੇ 'ਤੇ ਚਿੱਟਾ ਰੁਮਾਲ ਬੰਨ੍ਹੀਂ ਜੌਹਨਸਨ ਦੇ ਸੱਜੇ ਪਾਸੇ ਦੌੜ ਪੂਰੀ ਕਰ ਰਿਹਾ ਹੈ। ਇਹੋ ਜੌਹਨਸ਼ਨ ਸੀ ਜਿਸ ਨੇ ਅੱਗੇ ਜਾ ਕੇ 8392 ਅੰਕਾਂ ਦੇ ਨਵੇਂ ਓਲੰਪਿਕ ਰਿਕਾਰਡ ਨਾਲ ਡਿਕੈਥਲਨ ਵਿਚ ਸੋਨ ਤਮਗਾ ਜਿੱਤਿਆ। ਡਿਕੈਥਲਨ ਦੇ ਉਚੀ ਛਾਲ ਈਵੈਂਟ ਵਿਚ ਗੁਰਬਚਨ ਨੇ 30 ਅਥਲੀਟਾਂ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ। ਆਪਣੀ ਪਹਿਲੀ ਓਲੰਪਿਕਸ ਦੀ ਇਹ ਉਸ ਦੀ ਸਭ ਤੋਂ ਸੁਖਦ ਅਤੇ ਸੁਖਾਵੀਂ ਯਾਦ ਸੀ। ਉਸ ਨੇ 1.90 ਮੀਟਰ ਛਾਲ ਲਗਾ ਕੇ 90 ਅੰਕ ਹਾਸਲ ਕੀਤੇ।

110 ਮੀਟਰ ਹਰਡਲਜ਼ ਦੀ ਜ਼ਿਆਦਾ ਤਿਆਰੀ ਨਾ ਹੋਣ ਕਰਕੇ ਉਹ ਡਿਕੈਥਲਨ ਦੇ ਇਸ ਛੇਵੇਂ ਈਵੈਂਟ ਵਿਚ ਚੰਗਾ ਨਾ ਕਰ ਸਕਿਆ ਜਿਸ ਤੋਂ ਬਾਅਦ ਉਸ ਨੂੰ ਡਿਕੈਥਲਨ ਅੱਧ ਵਿਚਕਾਰ ਛੱਡਣੀ ਪਈ। ਉਦੋਂ ਤੱਕ ਉਸ ਨੇ ਛੇ ਈਵੈਂਟਾਂ (100 ਮੀਟਰ, ਲੰਬੀ ਛਾਲ, ਸ਼ਾਟਪੁੱਟ, ਉਚੀ ਛਾਲ, 400 ਮੀਟਰ ਤੇ 110 ਮੀਟਰ ਹਰਡਲਜ਼ ਦੌੜ) ਵਿਚ ਹਿੱਸਾ ਲੈ ਕੇ 4106 ਅੰਕ ਬਟੋਰੇ ਸਨ ਅਤੇ ਉਹ 27 ਅਥਲੀਟਾਂ ਵਿਚੋਂ 18ਵੇਂ ਨੰਬਰ 'ਤੇ ਚੱਲ ਰਿਹਾ ਸੀ। ਰੋਮ ਓਲੰਪਿਕਸ ਉਸ ਲਈ ਵੱਡੇ ਮੁਕਾਬਲਿਆਂ ਦੇ ਲਿਹਾਜ਼ ਨਾਲ ਤਜਰਬੇ ਲਈ ਵਧੀਆ ਮੰਗ ਜ਼ਰੂਰ ਹੋ ਨਿਬੜਿਆ ਜਿੱਥੇ ਉਸ ਨੂੰ ਦੁਨੀਆ ਦੇ ਵੱਡੇ ਖਿਡਾਰੀਆਂ ਦੀ ਸੰਗਤ ਮਾਨਣ ਅਤੇ ਉਨ੍ਹਾਂ ਨੂੰ ਨੇੜਿਓ ਤੱਕਣ ਦਾ ਮੌਕਾ ਮਿਲਿਆ। ਓਲੰਪਿਕ ਖੇਡਾਂ ਵਿਚ ਪਹਿਲੀ ਵਾਰ ਉਸ ਨੇ ਵੱਡੇ ਕੌਮਾਂਤਰੀ ਖੇਡ ਮੁਕਾਬਲੇ ਦਾ ਹਿੱਸਾ ਲੈਣ ਦਾ ਤਜਰਬਾ ਹਾਸਲ ਕੀਤਾ ਜੋ ਅੱਗੇ ਜਾ ਕੇ ਉਸ ਦੀਆਂ ਖੇਡ ਪ੍ਰਾਪਤੀਆਂ ਲਈ ਬਹੁਤ ਕੰਮ ਆਇਆ।

ਭਾਰਤੀ ਖੇਡ ਦਲ ਵਿਚ ਅਥਲੀਟਾਂ ਤੋਂ ਇਲਾਵਾ ਹਾਕੀ ਤੇ ਫੁਟਬਾਲ ਦੀ ਟੀਮ ਅਤੇ ਵਿਅਕਤੀਗਤ ਖੇਡਾਂ ਵਿਚ ਨਿਸ਼ਾਨੇਬਾਜ਼ ਤੇ ਪਹਿਲਵਾਨ ਵੀ ਸਨ। ਹਾਕੀ ਵਿਚ ਭਾਰਤੀ ਟੀਮ ਲਗਾਤਾਰ ਛੇ ਸੋਨ ਤਮਗੇ ਜਿੱਤਣ ਤੋਂ ਬਾਅਦ ਰੋਮ ਵਿਖੇ ਖੇਡਣ ਆਈ ਸੀ ਪਰ ਇਥੇ ਭਾਰਤ ਦੀ ਸੋਨ ਤਮਗਾ ਮੁਹਿੰਮ ਨੂੰ ਫਾਈਨਲ ਵਿਚ ਪਾਕਿਸਤਾਨ ਨੇ ਬਰੇਕਾਂ ਲਗਾਈਆਂ। ਭਾਰਤੀ ਹਾਕੀ ਟੀਮ ਨੇ ਚਾਂਦੀ ਦਾ ਤਮਗਾ ਜਿੱਤਿਆ ਜੋ ਰੋਮ ਵਿਖੇ ਭਾਰਤੀ ਖੇਡ ਦਲ ਵੱਲੋਂ ਜਿੱਤਿਆ ਇਕਲੌਤਾ ਤਮਗਾ ਸੀ।

ਫੁਟਬਾਲ ਵਿਚ ਭਾਰਤੀ ਟੀਮ 1956 ਦੀਆਂ ਮੈਲਬਰਨ ਓਲੰਪਿਕ ਖੇਡਾਂ ਵਿਚ ਸੈਮੀ ਫਾਈਨਲ ਖੇਡਣ ਤੋਂ ਬਾਅਦ ਰੋਮ ਵਿਖੇ ਪਹਿਲੇ ਦੌਰ ਵਿਚੋਂ ਬਾਹਰ ਹੋ ਗਈ। ਭਾਰਤ ਨੇ ਇਕ ਡਰਾਅ ਮੈਚ ਖੇਡਿਆ ਜੋ ਫਰਾਂਸ ਨਾਲ ਸੀ। ਮੈਚ ਦਾ ਸਕੋਰ 1-1 ਰਿਹਾ ਸੀ।

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

*ਅਦਾਕਾਰ ਬਲਰਾਜ ਸਾਹਨੀ (1913-1973) ਲਿਖਾਰੀ ਵੀ ਸੀ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਅਸੀਂ ਉਸ ਦੀ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।*

# ਕੰਮਕਾਰ ਦਾ ਮੁਢਲਾ ਦੌਰ

1930 ਵਿਚ ਮੇਰੀ ਜ਼ਿੰਦਗੀ ਨੇ ਇਤਿਹਾਸਕ ਮੋੜ ਖਾਧਾ। ਮੈਂ ਪਿੰਡੀ ਛੱਡ ਕੇ ਲਾਹੌਰ ਗੌਰਮਿੰਟ ਕਾਲਜ ਬੀ.ਏ. ਵਿਚ ਦਾਖਲ ਹੋਇਆ। ਏਸੇ ਸਾਲ ਫਿਲਮਾਂ ਨੇ ਵੀ ਖਾਮੋਸ਼ੀ ਦਾ ਦਾਮਨ ਛਡ ਕੇ ਬੋਲਣ ਦੇ ਯੁੱਗ ਵਿਚ ਪ੍ਰਵੇਸ਼ ਕੀਤਾ। ਅਚਾਨਕ ਖਬਰ ਉੱਡੀ ਕਿ 'ਆਲਮ ਆਰਾ' ਨਾਂ ਦੀ ਪਹਿਲੀ 'ਟਾਕੀ' ਫਿਲਮ ਕੈਪੀਟਲ ਸਿਨੇਮਾ ਵਿਚ ਵਿਖਾਈ ਜਾ ਰਹੀ ਹੈ ਜਿਸ ਵਿਚ ਪ੍ਰਿਥਵੀ ਰਾਜ ਕਪੂਰ ਅਤੇ ਜਗਦੀਸ਼ ਸੇਠੀ ਕੰਮ ਕਰ ਰਹੇ ਹਨ। ਮੈਂ ਬੜੇ ਚਾਅ ਨਾਲ ਵੇਖਣ ਗਿਆ। ਭੀੜਾਂ ਦਾ ਕੋਈ ਅੰਤ ਨਹੀਂ ਸੀ।

ਏਸੇ ਸਿਨੇਮਾ ਵਿਚ ਇਕ ਹਫਤਾ ਪਹਿਲਾਂ ਜਦੋਂ ਮੈਂ ਜੀਨ ਹਾਰਲੋ (ਉਸ ਜ਼ਮਾਨੇ ਦੀ ਮਾਰਲਿਨ ਮੁਨਰੋ ਜੋ ਮਾਰਲਿਨ ਵਾਂਗ ਹੀ ਭਰੀ ਜੁਆਨੀ ਵਿਚ ਬੇਮੌਤ ਮੋਈ ਸੀ) ਦੀ ਪਿਕਚਰ 'ਹੈਲਜ਼ ਏਂਜਲਸ' ਦਾ ਟਿਕਟ ਖਰੀਦ ਰਿਹਾ ਸਾਂ, ਮੈਨੂੰ ਖਬਰ ਮਿਲੀ ਕਿ ਅੰਦਰ ਸਾਡੀ ਰਾਵਲਪਿੰਡੀ ਵਾਲੀ ਫਿਲਮ 'ਅਬਲਾ' ਦਾ ਪ੍ਰਾਈਵੇਟ ਸ਼ੋਅ ਹੋ ਰਿਹਾ ਹੈ, ਤੇ ਇਮਤਿਆਜ਼ ਅਲੀ ਤਾਜ ਅਤੇ ਅਹਿਮਦ ਸ਼ਾਹ ਬੁਖਾਰੀ ਵਰਗੇ ਪਾਰਖੂ ਵੇਖਣ ਆਏ ਹੋਏ ਹਨ। ਬੁਖਾਰੀ ਮੇਰੇ ਪ੍ਰੋਫੈਸਰ ਸਨ। ਕੁਝ ਮਿੰਟਾਂ ਬਾਅਦ ਸ਼ੋਅ ਖਤਮ ਹੋਇਆ ਤਾਂ ਮੈਂ ਬੁਖਾਰੀ ਸਾਹਬ ਕੋਲੋਂ ਬੜੇ ਦਾਈਏ ਨਾਲ ਅੱਗੇ ਵਧ ਕੇ ਰਾਏ ਪੁਛੀ। ਉਹ ਬੜੇ ਉਦਾਸ ਹੋ ਕੇ ਕਹਿਣ ਲਗੇ, "ਟੈਕਨੀਕਲ ਲਿਹਾਜ਼ ਤੋਂ ਇਹ ਫਿਲਮ ਚੰਗੀ ਤੋਂ ਚੰਗੀ ਅਮਰੀਕਨ ਫਿਲਮ ਦਾ ਮੁਕਾਬਲਾ ਕਰ ਸਕਦੀ ਹੈ। ਕਿਤਨੇ ਅਫਸੋਸ ਦੀ ਗੱਲ ਹੈ ਕਿ ਬਣਾਉਣ ਵਾਲਿਆਂ ਨੂੰ ਇਤਨਾ ਰੁਪਿਆ ਖਰਚ ਕਰਨ ਵੇਲੇ ਇਸ ਗੱਲ ਦਾ ਖਿਆਲ ਨਹੀਂ ਆਇਆ ਕਿ ਖਾਮੋਸ਼ ਫਿਲਮਾਂ ਦਾ ਜ਼ਮਾਨਾ ਖਤਮ ਹੋ ਰਿਹਾ ਹੈ।"

ਲਾਲਾ ਹਰੀ ਰਾਮ ਸੇਠੀ ਉਸ ਫਿਲਮ ਕਾਰਨ ਬਰਬਾਦ ਹੋ ਗਏ ਪਰ ਉਸ ਵੇਲੇ ਮੈਨੂੰ ਇਸ ਗੱਲ ਦਾ ਰੰਜ ਨਹੀਂ ਸੀ ਸਗੋਂ ਅਭਿਮਾਨ ਮਹਿਸੂਸ ਹੁੰਦਾ ਸੀ ਕਿ ਅਖੀਰ ਰਾਵਲਪਿੰਡੀ ਵਾਲਿਆਂ ਨੇ ਵਲੈਤ ਵਾਲਿਆਂ ਦੀ ਬਰਾਬਰੀ ਕਰਕੇ ਵਿਖਾ ਹੀ ਦਿਤੀ।

ਏਸ ਤੋਂ ਉਲਟ 'ਆਲਮ ਆਰਾ' ਟੈਕਨੀਕਲ ਲਿਹਾਜ਼ ਤੋਂ ਇਕ ਨਿਹਾਇਤ ਘਟੀਆ ਫਿਲਮ ਸੀ ਪਰ ਉਸ ਦੇ ਬਣਾਉਣ ਵਾਲੇ ਮਾਲਾਮਾਲ ਹੋ ਗਏ। ਫਿਲਮ ਲਾਈਨ ਵਿਚ ਅਜਿਹੇ ਹਨੇਰ ਰੋਜ਼ ਹੁੰਦੇ ਹਨ। ਘਟੀਆ ਫਿਲਮਾਂ ਕਾਮਯਾਬ ਹੋ ਜਾਂਦੀਆਂ ਹਨ, ਵਧੀਆ ਫੇਲ੍ਹ ਪਰ ਉਦੋਂ ਮੈਨੂੰ ਇਨ੍ਹਾਂ ਗੱਲਾਂ ਦਾ ਕੁਝ ਨਹੀਂ ਸੀ ਪਤਾ। ਤੇ ਨਾ ਹੀ ਇਸ ਗੱਲ ਦਾ ਪਤਾ ਸੀ ਕਿ ਤਕਨੀਕ ਸ਼ਬਦ ਦਾ ਫਿਲਮਾਂ ਦੇ ਸੰਪਰਕ ਵਿਚ ਠੀਕ ਠੀਕ ਕੀ ਅਰਥ ਹੁੰਦਾ ਹੈ।

ਲਾਹੌਰ ਵਿਚ ਮੈਂ ਘਰ ਦੇ ਅੰਕੁਸ਼ ਤੋਂ ਆਜ਼ਾਦ ਸਾਂ ਕਿਉਂਕਿ ਹੋਸਟਲ ਵਿਚ ਰਹਿੰਦਾ ਸਾਂ। ਹੁਣ ਫਿਲਮਾਂ ਵੇਖਣ ਤੋਂ ਮੈਨੂੰ ਕੋਈ ਰੋਕ ਨਹੀਂ ਸੀ ਸਕਦਾ। ਹਫਤੇ ਵਿਚ ਘੱਟੋ-ਘੱਟ ਤਿੰਨ ਅਮਰੀਕੀ ਫਿਲਮਾਂ ਤਾਂ ਜ਼ਰੂਰ ਵੇਖ ਛਡਦਾ, ਤੇ ਉਨ੍ਹਾਂ ਦਾ ਅਸਰ ਮੇਰੀ ਚੇਤਨਾ ਉੱਪਰ ਦਿਨੋ-ਦਿਨ ਬੜਾ ਗੰਭੀਰ ਹੁੰਦਾ ਜਾ ਰਿਹਾ ਸੀ ਪਰ ਅਜੇ ਵੀ ਫਿਲਮ ਐਕਟਰ ਬਣਨ ਦਾ ਖਿਆਲ ਮੇਰੇ ਮਨ ਵਿਚ ਕਦੇ ਤੀਬਰਤਾ ਨਾਲ ਨਹੀਂ ਸੀ ਉਠਦਾ। ਜੇ ਐਕਟਰ ਬਣਨਾ ਹੋਵੇ ਤਾਂ ਬੰਦਾ ਹਾਲੀਵੁਡ ਜਾ ਕੇ ਬਣੇ, ਹਿੰਦੁਸਤਾਨੀ ਫਿਲਮਾਂ ਵਿਚ ਪੈ ਕੇ ਆਪਣੇ ਆਪ ਨੂੰ ਕਿਉਂ ਖਰਾਬ ਕਰੇ?

ਐਮ.ਏ. ਵਿਚ ਪੁਜਦਿਆਂ ਮੇਰੀ ਸਾਹਿਤਕ ਸੂਝ ਕਾਫੀ ਨਿੱਖਰ ਚੁਕੀ ਸੀ। ਗੌਰਮਿੰਟ ਕਾਲਜ ਦੀ ਨਾਟਕ ਮੰਡਲੀ ਵਿਚ ਵੀ ਮੈਂ ਮੂੰਹ ਮਾਰਨ ਲੱਗ ਪਿਆ ਸਾਂ ਜਿਸ ਦੇ ਰੂਹੇ-ਰਵਾਂ ਬੁਖਾਰੀ ਸਾਹਬ ਸਨ। ਉਨ੍ਹਾਂ ਦੇ ਸਾਥੀ ਪ੍ਰੋਫੈਸਰ ਜੀ.ਡੀ. ਸੋਂਧੀ, ਈਸ਼ਵਰ ਚੰਦਰ ਨੰਦਾ, ਅਤੇ ਇਮਤਿਆਜ਼ ਅਲੀ ਤਾਜ ਵੀ ਦੇਸ਼-ਵਿਆਪੀ ਸ਼ੁਹਰਤ ਦੇ ਮਾਲਕ ਸਨ। ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਯਥਾਰਥਵਾਦੀ ਨਾਟ ਅਤੇ ਅਭਿਨਯ ਕਲਾ ਦੀਆਂ ਮੁਢਲੀਆਂ ਕਦਰਾਂ ਸਿਧਾਂਤਕ ਤੌਰ ਉਤੇ ਅੰਗਰੇਜ਼ੀ ਸਾਹਿਤ ਦੇ ਐਮ.ਏ. ਦੇ ਅਧਿਐਨ ਨੇ ਅਤੇ ਅਮਲੀ ਤੌਰ ਉਤੇ ਗੌਰਮਿੰਟ ਕਾਲਜ ਲਾਹੌਰ ਦੀ ਡਰਾਮੈਟਿਕ ਸੁਸਾਇਟੀ ਨੇ ਹੀ ਪਹਿਲੋ-ਪਹਿਲ ਮੈਨੂੰ ਸਿਖਾਈਆਂ। ਜਦੋਂ ਟੀਚੇ ਸਪਸ਼ਟ ਹੋ ਜਾਣ ਤਾਂ ਬਾਕੀ ਖੇਡ ਲਗਨ ਅਤੇ ਮਿਹਨਤ ਹੀ ਰਹਿ ਜਾਂਦੀ ਹੈ। ਕਦੇ ਨਾ ਕਦੇ ਠੇਕਰਾਂ ਖਾਂਦਾ ਇਨਸਾਨ ਉਨ੍ਹਾਂ ਟੀਚਿਆਂ ਤੀਕ ਅਪੜ ਹੀ ਜਾਂਦਾ ਹੈ। ਮੈਂ ਆਪਣੇ ਉਪਰੋਕਤ ਬਜ਼ੁਰਗਾਂ ਦੀ ਯਾਦ ਨੂੰ ਸਲਾਮ ਭੇਜਦਾ ਹਾਂ ਜਿਨ੍ਹਾਂ ਨੇ ਆਰਟ ਵਿਚ ਮੈਨੂੰ ਸਰਬੋਤਮ ਟੀਚਿਆਂ ਦੇ ਦਰਸ਼ਨ ਕਰਾਏ। ਫੇਰ ਇਕ ਹੋਰ ਧਮਾਕਾ ਹੋਇਆ। ਕਲਕੱਤੇ ਨਿਊ ਥੇਟਰਜ਼ ਤੋਂ ਬਣ ਕੇ ਆਈ 'ਪੂਰਨ ਭਗਤ' ਨਾਮਕ ਫਿਲਮ ਲਾਹੌਰ ਮੈਕਲੋਡ ਰੋਡ ਦੇ ਇਕ ਸਿਨੇਮਾ ਵਿਚ ਨਸ਼ਰ ਹੋਈ। ਇਸ ਫਿਲਮ ਨੇ ਮੇਰੇ ਵਰਗੇ ਪੜ੍ਹੇ ਲਿਖੇ, ਅੰਗਰੇਜ਼-ਪ੍ਰਸਤ, ਪੰਜਾਬੀ ਨੌਜਵਾਨਾਂ ਦੀ ਜ਼ਿੰਦਗੀ ਵਿਚ ਤੂਫਾਨ ਜਿਹਾ ਲੈ ਆਉਂਦਾ। ਸਾਨੂੰ ਹਿੰਦੁਸਤਾਨੀ ਫਿਲਮਾਂ ਬਾਰੇ ਆਪਣਾ ਨਜ਼ਰੀਆ ਇਕਦਮ ਬਦਲਣਾ ਪੈ ਗਿਆ।

'ਪੂਰਨ ਭਗਤ' ਮੈਂ ਕੋਈ ਛੇ ਵਾਰੀ ਵੇਖੀ, ਨਾ ਸਿਰਫ ਆਪ ਵੇਖੀ ਸਗੋਂ ਕਿਤਨੇ ਹੋਰ ਲੋਕਾਂ ਨੂੰ ਨਾਲ ਖਿੱਚ-ਖਿੱਚ ਕੇ ਲੈ ਗਿਆ। ਕੱਲ੍ਹ ਤੀਕਰ ਅਸੀਂ ਭਾਰਤੀ ਸੰਸਕ੍ਰਿਤੀ ਦੇ ਨਿਖੇਧੀ ਕਰਨ ਵਾਲੇ ਅਤੇ ਦੁਸ਼ਮਣ ਸਾਂ, ਅਜ ਕੱਟੜ ਦੇਸ਼-ਭਗਤ ਬਣ ਗਏ।

ਪੂਰਨ ਭਗਤ, ਦੇਵਦਾਸ, ਚੰਡੀਦਾਸ... ਇਕ ਤੋਂ ਬਾਅਦ ਇਕ ਸਿਖਰਾਂ ਛੋਂਹਦੇ ਸ਼ਾਹਕਾਰ... ਸਹਿਗਲ ਦਾ ਪ੍ਰਗਟ ਹੋਣਾ... ਪ੍ਰਭਾਤ ਫਿਲਮ ਕੰਪਨੀ ਦੀਆਂ ਫਿਲਮਾਂ, ਦੁਨੀਆ ਨਾ ਮਾਨੇ, ਅੰਮ੍ਰਿਤ ਮੰਥਨ, ਆਦਮੀ... ਪਰ ਮੇਰਾ ਖਿਆਲ ਨਹੀਂ ਕਿ ਵਲੈਤੀ ਫਿਲਮਾਂ ਲਈ ਮੇਰਾ ਸ਼ੌਕ ਫੇਰ ਵੀ ਕਿਸੇ ਮਿਕਦਾਰ ਵਿਚ ਘਟਿਆ ਹੋਵੇ। ਹਿੰਦੀ ਫਿਲਮਾਂ ਹਾਲਾਂ ਵੀ ਮੇਰੇ ਮਨ-ਇੱਛਤ ਮਿਆਰਾਂ ਤੋਂ ਬਹੁਤ ਨੀਵੀਆਂ ਸਨ। ਉਨ੍ਹਾਂ ਵਿਚ ਜ਼ਿੰਦਗੀ ਨੂੰ ਹੂ-ਬ-ਹੂ ਜ਼ਿੰਦਗੀ ਦੇ ਰੰਗਾਂ ਵਿਚ ਪੇਸ਼ ਕਰਨ ਦੀ ਯੋਗਤਾ ਹਾਲੇ ਵੀ ਨਹੀਂ ਸੀ ਆਈ।

ਕਾਲਜ ਦਾ ਦੌਰ ਖਤਮ ਹੋਇਆ। ਜੀਵਨ ਦੇ ਅਖਾੜੇ ਵਿਚ ਉਤਰਨ ਦਾ ਵੇਲਾ ਆਇਆ। ਪੈਦਿਆਂ ਹੀ ਬੜੀਆਂ ਪੁੱਠੀਆਂ ਮਾਰਾਂ ਖਾਧੀਆਂ! ਨਕਸੀਰ ਵਗਣ ਲਗ ਪਈ। ਮੂੰਹ-ਮੱਥਾ ਸੁੱਜ ਗਿਆ, ਬਾਂਹ ਰੁਮਾਲ ਵਿਚ ਟੰਗਣੀ ਪਈ। ਸ਼ਾਇਰ ਨੇ ਨਜ਼ਾਰਾ ਬੜੇ ਸੁਹਣੇ ਲਫਜ਼ਾਂ ਵਿਚ ਬੰਨ੍ਹਿਆ ਹੈ-

'ਇਕਬਾਲ' ਤੇਰੇ ਇਸ਼ਕ ਨੇ ਸਭ ਬਲ ਦੀਏ ਨਿਕਾਲ

ਮੁਦਤ ਸੇ ਆਰਜ਼ੂ ਥੀ ਕਿ ਸੀਧਾ ਕਰੇ ਕੋਈ!

---

ਵੇਖਿਆ ਕਿ ਐਮ.ਏ. ਦੀ ਡਿਗਰੀ ਦਾ ਜਿਹੜਾ ਫਤਕਾ ਹੱਥ ਵਿਚ ਲਈ ਫਿਰਦੇ ਹਾਂ, ਕਾਰੋਬਾਰੀ ਦੁਨੀਆ ਵਿਚ ਉਸ ਦਾ ਮੁੱਲ ਦੇ ਕੌਡੀ ਵੀ ਨਹੀਂ ਸੀ। ਆਪਣੀ ਗੋਰੀ ਰੰਗਤ ਜਿਸ ਦਾ ਅਸੀਂ ਠੰਡੀ ਸੜਕ ਉਪਰ ਇਤਨੇ ਠਾਠ ਨਾਲ ਵਿਖਾਲਾ ਕਰਦੇ ਹੁੰਦੇ ਸਾਂ, ਹਾਕਮਾਂ ਦੀਆਂ ਨਜ਼ਰਾਂ ਵਿਚ ਸਾਨੂੰ ਹੋਰ ਵੀ ਜ਼ਿਆਦਾ 'ਕਾਲਾ ਆਦਮੀ' ਬਣਾਉਂਦੀ ਸੀ। ਪਿਤਾ ਜੀ ਦੇ ਕਹਿਣ ਉਤੇ ਆਪਣਾ ਘਰ ਦਾ ਬਣਿਆ ਬਣਾਇਆ ਕਪੜੇ ਦਾ ਕਾਰ-ਵਿਹਾਰ ਸਾਂਭਿਆ ਪਰ ਬਹੁਤੇ ਦਿਨ ਨਹੀਂ। ਕਪੜਾ ਵੇਚਣ ਵਾਲਿਆਂ ਦੀ ਦੁਨੀਆ ਬੜੀ ਹੋਰ ਤਰ੍ਹਾਂ ਦੀ ਹੁੰਦੀ ਹੈ। ਐਮ.ਏ. ਪਾਸ ਆਦਮੀ ਲਈ ਉਸ ਵਿਚ ਖੁਭਣਾ ਬੜਾ ਮੁਸ਼ਕਿਲ ਹੈ।

1936 ਦਾ ਸਾਲ ਸੀ ਸ਼ੈਦ। ਮੈਂ ਘਰੋਂ ਨੱਠ ਕੇ ਕਲਕੱਤੇ ਜਾ ਵੜਿਆ। ਪੰਡਤ ਸੁਦਰਸ਼ਨ ਜੀ ਦਾ ਦਰ ਜਾ ਖੜਕਾਇਆ। ਉਹ ਉਦੋਂ ਨਿਊ ਥੇਟਰਜ਼ ਦੀਆਂ ਚਿੱਤਰ-ਕਥਾਵਾਂ ਲਿਖਿਆ ਕਰਦੇ ਸਨ। ਮੈਂ ਉਨ੍ਹਾਂ ਤੋਂ ਪੁਛਿਆ ਕਿ ਮੇਰੇ ਫਿਲਮਾਂ ਵਿਚ ਦਾਖਲ ਹੋਣ ਬਾਰੇ ਉਨ੍ਹਾਂ ਦੀ ਕੀ ਰਾਏ ਹੈ।

ਉਨ੍ਹਾਂ ਥੋੜ੍ਹਾ ਜਿਹਾ ਮੈਨੂੰ ਗਲਤ ਸਮਝਿਆ। ਉਨ੍ਹਾਂ ਸਮਝਿਆ ਕਿ ਮੈਂ ਵੀ ਉਨ੍ਹਾਂ ਅਣਪੜ੍ਹ ਨੌਜਵਾਨਾਂ ਵਿਚੋਂ ਹਾਂ ਜਿਹੜੇ ਫਿਲਮਾਂ ਖਾਤਰ ਘਰ-ਬਾਰ ਛੱਡ ਕੇ ਨੱਠ ਤੁਰਦੇ ਹਨ। ਵਾਸਤਵ ਵਿਚ, ਮੈਂ ਸੰਜੀਦਗੀ ਨਾਲ ਜੀਵਨ ਵਿਚ ਰਾਹ ਟੋਲ ਰਿਹਾ ਸਾਂ। ਮੇਰੀ ਗੱਲ ਸੁਣਦਿਆਂ ਹੀ ਉਹ ਆਵੇਸ਼ ਵਿਚ ਆ ਗਏ ਅਤੇ ਫਿਲਮ ਲਾਈਨ ਬਾਰੇ ਮੈਨੂੰ ਇਕ ਡਰਾਉਣਾ ਜਿਹਾ ਲੈਕਚਰ ਸੁਣਾਉਣਾ ਸ਼ੁਰੂ ਕਰ ਦਿਤਾ ਜੋ ਇੰਜ ਜਾਪਿਆ, ਉਨ੍ਹਾਂ ਅਜਿਹੇ ਮੌਕਿਆਂ ਲਈ ਪਹਿਲਾਂ ਤੋਂ ਤਿਆਰ ਕੀਤਾ ਹੋਇਆ ਸੀ। ਉਹ ਮੇਰੇ ਪਿਤਾ ਜੀ ਨੂੰ ਜਾਣਦੇ ਸਨ, ਤੇ ਇਹ ਠੀਕ ਗੱਲ ਸੀ ਕਿ ਪਿਤਾ ਜੀ ਕਿਸੇ ਸੂਰਤ ਵੀ ਮੈਨੂੰ ਫਿਲਮਾਂ ਵਿਚ ਪੈਣ ਦੀ ਇਜਾਜ਼ਤ ਨਹੀਂ ਸਨ ਦੇ ਸਕਦੇ। ਫੇਰ ਜੇ ਮੈਂ ਸਚਮੁਚ ਫਿਲਮਾਂ ਵਿਚ ਆ ਵੜਿਆ, ਤੇ ਆਪਣੀ ਜ਼ਿੰਦਗੀ ਬਰਬਾਦ ਕਰ ਲਈ - ਜਿਸ ਦੀ ਇਸ ਲਾਈਨ ਵਿਚ ਕਾਮਯਾਬ ਹੋਣ ਨਾਲੋਂ ਕਿਤੇ ਵਧ ਸੰਭਾਵਨਾ ਸੀ - ਤਾਂ ਦੋਸ਼ ਸਾਰਾ ਮੇਰੇ ਪਿਤਾ ਜੀ ਉਨ੍ਹਾਂ ਉਤੇ ਨਾ ਪਾ ਦੇਣਗੇ! ਉਹ ਡਰ ਗਏ ਸਨ।

ਕੁਝ ਦਿਨ ਲਾਵਾਰਸੀ ਦੇ ਆਲਮ ਵਿਚ ਕਲਕੱਤੇ ਸ਼ਹਿਰ ਦੀਆਂ ਗਲੀਆਂ ਕੱਛ ਕੇ ਮੈਂ ਵਾਪਸ ਰਾਵਲਪਿੰਡੀ ਪੁਜ ਗਿਆ। ਇਕ ਸਾਲ ਹੋਰ ਬੀਤ ਗਿਆ। ਜ਼ਿੰਦਗੀ ਦੀ ਖਹੁਰੀ ਰਗੜ ਨੇ ਬਦਨ ਉਤੇ ਕੁਝ ਹੋਰ ਝਰੀਟਾਂ ਪਾਈਆਂ। ਆਕੜ ਹੋਰ ਵੀ ਬਹੁਤ ਸਾਰੀ ਭੱਜ-ਟੁੱਟ ਗਈ। ਏਸੇ ਦੌਰਾਨ ਸ਼ਾਦੀ ਵੀ ਹੋ ਗਈ। ਪਿੰਡੀ ਫੇਰ ਦਿਲ ਹੁੱਸੜ ਪਿਆ। ਫੇਰ ਕਲਕੱਤੇ ਉਠ ਦੌੜਿਆ। ਫੇਰ ਪੰਡਤ ਸੁਦਰਸ਼ਨ ਜੀ ਦਾ ਦਰ ਜਾ ਖੜਕਾਇਆ।

ਉਨ੍ਹਾਂ ਇਸ ਵਾਰੀ ਮਿਲਦਿਆਂ ਸਾਰ ਢੇਰ ਅਸੀਸਾਂ ਸ਼ੁਰੂ ਕਰ ਦਿਤੀਆਂ। ਤਾਰੀਫਾਂ ਦੇ ਪੁਲ ਬੰਨ੍ਹ ਦਿਤੇ। ਆਪਣੀ ਧਰਮ ਪਤਨੀ ਜੀ ਨੂੰ ਬੁਲਾ ਕੇ ਦਸਿਆ ਕਿ ਮੈਂ ਹੀ ਉਹ ਨੌਜਵਾਨ ਸਾਂ ਜਿਸ ਦੀ ਉਹ ਉਸ ਅਗੇ ਇਤਨੀ ਵਾਰੀ ਤਾਰੀਫ ਕਰ ਚੁੱਕੇ ਸਨ - ਉਹ ਇਕੋ-ਇਕ ਨੌਜਵਾਨ ਜਿਸ ਨੇ ਉਨ੍ਹਾਂ ਦੀ ਨਸੀਹਤ ਉਤੇ ਅਮਲ ਕਰ ਕੇ ਫਿਲਮਾਂ ਦਾ ਇਰਾਦਾ ਝੱਟ ਛੱਡ ਦਿਤਾ ਸੀ। ਉਨ੍ਹਾਂ ਮੇਰੀ ਪਤਨੀ ਦੀ ਖਾਤਰ ਤਵਜੋ ਕੀਤੀ, ਮੇਰੇ ਘਰ ਵਾਲਿਆਂ ਦਾ ਹਾਲ-ਹਵਾਲ ਪੁਛਣਾ ਸ਼ੁਰੂ ਕਰ ਦਿਤਾ।

"ਹੁਣ ਤੂੰ ਕੀ ਕਰਦਾ ਹੈਂ ਬੇਟਾ?" ਉਨ੍ਹਾਂ ਦੀ ਪਤਨੀ ਨੇ ਪੁਛਿਆ।

ਇਸ ਹਾਲਤ ਵਿਚ ਮੈਂ ਕਿਵੇਂ ਕਹਿ ਸਕਦਾ ਸਾਂ ਕਿ ਦਰਅਸਲ ਮੈਂ ਫਿਲਮਾਂ ਦਾ ਖਿਆਲ ਛੱਡਿਆ ਨਹੀਂ ਸਗੋਂ ਇਸ ਵਾਰੀ ਮੂੰਹ ਪਾੜ ਕੇ ਉਨ੍ਹਾਂ ਦੀ ਮਦਦ ਮੰਗਣ ਆਇਆ ਹਾਂ।

"ਬਿਜ਼ਨੈਸ।" ਮੈਂ ਜੁਆਬ ਦਿਤਾ, ਅਤੇ ਅਸੀਂ ਦੋਵੇਂ ਮੀਆਂ-ਬੀਵੀ ਉੱਠ ਕੇ ਚਲੇ ਆਏ। ਕੁਝ ਸਮਾਂ ਹੋਰ ਲੰਘ ਗਿਆ, ਤੇ ਤਰ੍ਹਾਂ ਤਰ੍ਹਾਂ ਦੀ ਭਟਕਣਾ ਕਰਦਿਆਂ ਜਿਸ ਦਾ ਸਾਹਿਤ ਅਤੇ ਰਾਜਨੀਤੀ ਨਾਲ ਫਿਲਮਾਂ ਤੋਂ ਕਿਤੇ ਜ਼ਿਆਦਾ ਤਅੱਲਕ ਹੈ, ਮੈਨੂੰ ਅਗਿਯੇਅ ਅਤੇ ਹਜ਼ਾਰੀ ਪ੍ਰਸਾਦ ਦਿਵੇਦੀ ਜੀ ਦੇ ਰਸੂਖ ਨਾਲ ਸ਼ਾਂਤੀ ਨਿਕੇਤਨ ਵਿਚ ਨੌਕਰੀ ਮਿਲ ਗਈ। ਇਸ ਤਰ੍ਹਾਂ ਮੇਰਾ ਸਵੈਮਾਣ ਜੋ ਲਗਭਗ ਉਦੋਂ ਤਕ ਸਾਰੇ ਦਾ ਸਾਰਾ ਨਸ਼ਟ ਹੋ ਚੁੱਕਿਆ ਸੀ, ਇਕਦਮ ਸਾਰੇ ਦਾ ਸਾਰਾ ਵਾਪਸ ਆ ਗਿਆ - ਸੂਦ ਸਣੇ। ਤਨਖਾਹ ਤਾਂ ਕੇਵਲ ਪੰਜਾਹ ਰੁਪਏ ਮਾਹਵਾਰ ਸੀ ਪਰ ਗੁਰੂ ਦੇਵ ਟੈਗੋਰ ਦੇ ਨਾਂ ਸਦਕਾ (ਉਦੋਂ ਉਹ ਜ਼ਿੰਦਾ ਸਨ) ਸ਼ਾਂਤੀ ਨਿਕੇਤਨ ਦੀ ਅਧਿਆਪਕੀ ਕਿਸੇ ਵੱਡੀ ਤੋਂ ਵੱਡੀ ਯੂਨੀਵਰਸਿਟੀ ਦੀ ਪ੍ਰੋਫੈਸਰੀ ਤੋਂ ਵੀ ਵੱਧ ਮਾਣ ਰੱਖਦੀ ਸੀ। ਜਦੋਂ ਅਸੀਂ ਪੂਜਾ ਦੀਆਂ ਛੁੱਟੀਆਂ ਵਿਚ ਰਾਵਲਪਿੰਡੀ ਪਹੁੰਚੇ ਤਾਂ ਲਗਭਗ ਸਾਰੇ ਦਾ ਸਾਰਾ ਸ਼ਹਿਰ ਫੁੱਲਾਂ ਦੇ ਹਾਰ ਫੜ ਕੇ ਸਟੇਸ਼ਨ ਉਤੇ ਸਾਡੇ ਸੁਆਗਤ ਲਈ ਪਹੁੰਚਿਆ ਹੋਇਆ ਸੀ।

ਸ਼ਾਂਤੀ ਨਿਕੇਤਨ ਵਿਚ ਗੁਜ਼ਾਰੇ ਦਿਨ ਬੜੇ ਅਨਮੋਲ ਸਨ। ਮੇਰੀ ਪਤਨੀ ਦਮਯੰਤੀ (ਦਮੋ) ਨੂੰ ਵੀ ਸਵੈ-ਵਿਕਾਸ ਦੇ ਐਸੇ ਅਵਸਰ ਨਸੀਬ ਹੋ ਗਏ ਜੋ ਰਾਵਲਪਿੰਡੀ ਦੇ ਤੰਗ ਦਾਇਰੇ ਵਿਚ ਉਸ ਲਈ ਅ-ਕਲਪਿਤ ਸਨ। ਏਥੇ ਹੀ ਉਸ ਨੇ ਬੀ.ਏ. ਕੀਤਾ, ਅਤੇ ਹੋਰ ਅਨੇਕ ਤਰ੍ਹਾਂ ਦੀਆਂ ਸਰਗਰਮੀਆਂ ਵਿਚ ਭਾਗ ਲਿਆ। ਅਸੀਂ ਦੋਵੇਂ ਬੜੇ ਸੰਤੁਸ਼ਟ ਸਾਂ।

ਇਕ ਦੋ ਵਾਰੀ ਜਦੋਂ ਛੁੱਟੀਆਂ ਵਿਚ ਕਲਕੱਤੇ ਗਏ ਤਾਂ ਆਪਣੇ ਫਿਲਮਾਂ ਵਾਲੇ ਮਿੱਤਰਾਂ ਦੇ ਵੀ ਦਰਸ਼ਨ ਕੀਤੇ। ਪ੍ਰਿਥਵੀ ਰਾਜ ਕਪੂਰ ਦਮੋ ਦੇ ਵਡੇ ਵੀਰ ਦੇ ਬੜੇ ਡੂੰਘੇ ਦੋਸਤ ਸਨ। ਅਸੀਂ ਪ੍ਰਿਥਵੀ ਰਾਜ ਜੀ ਦੇ ਘਰ ਗਏ। ਬੜੇ ਪਿਆਰ ਨਾਲ ਮਿਲੇ ਉਹ। ਹੁਣ ਵੀ ਜਦੋਂ ਮਿਲ ਬੈਠਦੇ ਹਾਂ, ਇਸ ਮਿਲਣੀ ਦਾ ਜ਼ਿਕਰ ਉਹ ਬੜੇ ਪਿਆਰ ਭਰੇ ਸ਼ਬਦਾਂ ਵਿਚ ਕਰਦੇ ਹਨ। ਰਾਜ ਕਪੂਰ ਉਦੋਂ ਬਾਰਾਂ ਕੁ ਵਰ੍ਹਿਆਂ ਦਾ ਮਨਮੋਹਣਾ ਬਾਲਕ ਸੀ।

ਪ੍ਰਿਥਵੀ ਅਤੇ ਜਗਦੀਸ਼ ਭਾਪਾ ਸਾਨੂੰ ਨਿਊ ਥੇਟਰ ਸ਼ੂਟਿੰਗ ਵਿਖਾਣ ਵੀ ਲੈ ਗਏ। ਸਹਿਗਲ ਅਤੇ ਲੀਲਾ ਦੇਸਾਈ ਦੀ ਸ਼ੂਟਿੰਗ ਚੱਲ ਰਹੀ ਸੀ। 'ਪ੍ਰੈਜ਼ੀਡੈਂਟ' ਸੀ ਨਾਂ ਸ਼ੈਦ ਫਿਲਮ ਦਾ। ਨਿਤਿਨ ਬੋਸ ਡਾਇਰੈਕਟ ਕਰ ਰਹੇ ਸਨ। ਸਹਿਗਲ ਸੈਟ ਦੀ ਦੀਵਾਰ ਪਿਛੇ ਲੁਕ ਕੇ ਸਿਗਰਟ ਦਾ ਕਸ਼ ਮਾਰ ਆਂਦੇ ਸਨ, ਹਾਲਾਂਕਿ ਸੈਟ ਉਤੇ ਸਿਗਰਟ ਪੀਣ ਦੀ ਮਨਾਹੀ ਸੀ ਪਰ ਸਹਿਗਲ ਨੂੰ ਰੋਕਣ ਦੀ ਜੁਰਅਤ ਕੌਣ ਕਰ ਸਕਦਾ ਸੀ? ਸਹਿਗਲ ਨੂੰ ਨਹੀਂ ਸੀ ਪਤਾ, ਧੂੰਆਂ ਬਾਹਰ ਵਾਲਿਆਂ ਨੂੰ ਦਿਸ ਜਾਂਦਾ ਹੈ। ਉਹ ਆਪਣੀ ਥਾਂ ਚਲਾਕ ਬਣੇ ਹੋਏ ਸਨ, ਨਿਤਿਨ ਬੋਸ ਆਪਣੀ ਥਾਂ।

ਕਿਸ ਨੂੰ ਖਿਆਲ ਆ ਸਕਦਾ ਸੀ ਕਿ ਇਕ ਦਿਨ ਦਮੋ ਪ੍ਰਿਥਵੀ ਰਾਜ ਜੀ ਦੇ ਨਾਲ 'ਦੀਵਾਰ' ਵਿਚ ਮੁੱਖ ਰੋਲ ਕਰੇਗੀ। ਮੈਂ ਲੀਲਾ ਦੇਸਾਈ ਦੀ ਫਿਲਮ 'ਕਾਬੁਲੀਵਾਲਾ' ਵਿਚ ਪਠਾਣ ਬਣਾਂਗਾ, ਜਾਂ ਅਮੀਯ ਚਕਰਵਰਤੀ ਦੇ ਮਰਨ ਪਿਛੋਂ ਨਿਤਿਨ ਬੋਸ 'ਕਠਪੁਤਲੀ' ਮੁਕੰਮਲ ਕਰਨਗੇ!

ਇਕ ਹੋਰ ਮਜ਼ੇਦਾਰ ਘਟਨਾ ਵੀ ਵਰਣਨ ਯੋਗ ਹੈ। ਦਮੋ ਨੇ ਅਗਲੇ ਦਿਨ ਕਿਹਾ, "ਅਸਲ ਮਿਲਣ ਲਾਇਕ ਬੰਦਾ ਤਾਂ ਬਰੂਆ ਹੈ, ਉਸ ਨੂੰ ਮਿਲੇ ਬਗੈਰ ਟੁਰ ਜਾਣ ਵਿਚ ਕੀ ਸੁਆਦ?"

ਸੋ ਅਗਲੇ ਦਿਨ ਪੁੱਛਦੇ ਪੁੱਛਾਂਦੇ ਅਸੀਂ ਪੀ.ਸੀ. ਬਰੂਆ ਦੇ ਮਕਾਨ 'ਤੇ ਜਾ ਪੁੱਜੇ। ਉਸ ਦੇ ਸਕੱਤਰ ਨੇ ਪੁੱਛ ਗਿੱਛ ਕਰਨ ਦੀ ਕੋਸ਼ਿਸ਼ ਕੀਤੀ ਪਰ ਅਸਾਂ ਉਹਨੂੰ ਗੌਲਿਆ ਹੀ ਨਾ ਅਤੇ ਸਿੱਧੇ ਜਾ ਕੇ ਬੈਠਕ ਵਿਚ ਕੁਰਸੀਆਂ ਉਤੇ ਬਹਿ ਗਏ। ਬੈਠਕ ਕਿਤਾਬਾਂ ਨਾਲ ਭਰੀ ਪਈ ਸੀ। ਮੈਨੂੰ ਯਾਦ ਆਂਦਾ ਹੈ ਕਿ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦਾ ਪੂਰਾ ਸੈਟ ਪਿਆ ਹੋਇਆ ਸੀ। ਅਸੀਂ ਖੂਬ ਪ੍ਰਭਾਵਤ ਹੋਏ।

ਉੱਪਰ ਜਾ ਕੇ ਸਕੱਤਰ ਨੇ ਅਵੱਸ਼ ਦੱਸਿਆ ਹੋਵੇਗਾ ਕਿ ਅਸੀਂ ਸ਼ਾਂਤੀ ਨਿਕੇਤਨ ਤੋਂ ਆਏ ਸਾਂ। ਸ਼ੈਦ ਇਸੇ ਕਰਕੇ ਬਰੂਆ ਸਾਹਬ ਨੇ ਸਾਨੂੰ ਚੰਦ ਮਿੰਟਾਂ ਲਈ ਮਿਲਣਾ ਮੰਜ਼ੂਰ ਕਰ ਲਿਆ, ਭਾਵੇਂ ਉਸ ਦਿਨ ਉਨ੍ਹਾਂ ਦੀ ਪਤਨੀ ਦੀ ਤਬੀਅਤ ਠੀਕ ਨਹੀਂ ਸੀ।

ਪਤਨੀ? ਕੌਣ? ਜਮੁਨਾ? ਅਸੀਂ ਜਾਣਨ ਲਈ ਤਰਲੋਮੱਛੀ ਹੋ ਰਹੇ ਸਾਂ ਪਰ ਪੁੱਛਣ ਦੀ ਹਿੰਮਤ ਕਿਸ ਕੋਲ ਸੀ? ਬਰੂਆ ਆਏ। ਬੜੇ ਥੱਕੇ ਲਗ ਰਹੇ ਸਨ, ਜਿਵੇਂ ਸਾਰੀ ਰਾਤ ਨਾ ਸੁੱਤੇ ਹੋਣ। ਵੇਖਣ ਲਗ ਪਏ ਸਾਡੇ ਵਲ ਸੁਆਲੀਆਂ ਅਦਾ ਨਾਲ। ਹੋਰ ਤਾਂ ਕੁਝ ਸੁਝਿਆ ਨਹੀਂ, ਅਸਾਂ ਉਨ੍ਹਾਂ ਦੀਆਂ ਫਿਲਮਾਂ ਉਪਰ ਤਬਸਰੇ ਸ਼ੁਰੂ ਕਰ ਦਿਤੇ, ਜਿਵੇਂ ਆਪਣੀ ਫਿਲਮੀ ਕਾਬਲੀਅਤ ਦੀ ਧਾਂਕ ਬਿਠਾ ਰਹੇ ਹੋਈਏ। 'ਮੁਕਤੀ' ਵਿਚ ਉਹ ਸੀਨ ਇੰਜ ਕਿਉਂ ਨਾ ਬਣਾਇਆ। 'ਮੰਜ਼ਿਲ' ਵਿਚ ਉਸ ਪਾਰਟ ਲਈ ਜੇ ਉਸ ਦੀ ਥਾਂ ਉਸ ਕਲਾਕਾਰ ਨੂੰ ਲੈ ਲੈਂਦੇ?...

ਬਰੂਆ ਚੁਪਚਾਪ ਸੁਣਦੇ ਰਹੇ। ਇਹੋ ਜਿਹੇ ਕਮਲਿਆਂ ਨਾਲ ਪਹਿਲੀ ਵਾਰ ਵਾਹ ਨਹੀਂ ਸੀ ਪਿਆ ਉਨ੍ਹਾਂ ਦਾ। ਅਖੀਰ ਜਦੋਂ ਅਸਾਂ ਬੋਲਣਾ ਬੰਦ ਕੀਤਾ ਤਾਂ ਉਹ ਕਾਫੀ ਚਿਰ, ਦੇਵ ਦਾਸ ਦੇ ਕਿਰਦਾਰ ਵਾਂਗ, ਖਾਮੋਸ਼ ਬੈਠੇ ਰਹੇ। ਫੇਰ ਬੋਲੇ, "ਤੁਸੀਂ ਫਿਲਮਾਂ ਵਿਚ ਕੰਮ ਕਰਨਾ ਚਾਹੁੰਦੇ ਹੋ, ਹੈ ਨਾ?"

ਅਜਿਹੇ ਬੇਬਾਕ ਸਵਾਲ ਲਈ ਅਸੀਂ ਤਿਆਰ ਨਹੀਂ ਸਾਂ।


"ਹਾਂ ਹਾਂ, ਕਿਉਂ ਨਹੀਂ!" ਮੈਥੋਂ ਪਹਿਲਾਂ ਹੀ ਸ਼ਰਾਰਤ ਨਾਲ ਹੱਸ ਕੇ ਦਮੋ ਨੇ ਕਹਿ ਛਡਿਆ।


"ਚੰਗੀ ਗੱਲ ਹੈ। ਕਲ੍ਹ ਸਵੇਰੇ ਦਸ ਵਜੇ ਤੁਸੀਂ ਸਟੂਡੀਓ ਆ ਜਾਣਾ।"

ਅਤੇ ਇਹ ਕਹਿ ਕੇ ਬਰੂਆ ਨੇ ਸਾਨੂੰ ਰੁਖਸਤ ਕਰ ਦਿੱਤਾ। ਸਾਰਾ ਦਿਨ ਅਸੀਂ ਹਵਾ ਵਿਚ ਉਡਦੇ ਰਹੇ। ਫਿਲਮਾਂ ਦੇ ਪਹਿਲੇ ਨੰਬਰ ਦੇ ਡਾਇਰੈਕਟਰ ਨੇ ਸਾਨੂੰ ਫਿਲਮੀ ਅਦਾਕਾਰ ਬਣਨ ਦੀ ਆਪ ਆਪਣੇ ਮੂੰਹੋਂ ਦਾਅਵਤ ਦਿਤੀ ਸੀ!! ਉਦੋਂ ਸਾਨੂੰ ਨਹੀਂ ਸੀ ਪਤਾ ਕਿ ਡਾਇਰੈਕਟਰ 'ਡਫਰਾਣ' ਲਈ ਜਾਣ ਬੁੱਝ ਕੇ ਇੰਜ ਕਰਦੇ ਹਨ। ਬਹੁਤ ਮੁਮਕਿਨ ਹੈ, ਜੇ ਅਸੀਂ ਅਗਲੇ ਦਿਨ ਸੱਚਮੁੱਚ ਸਟੂਡੀਓ ਜਾ ਵੜਦੇ ਤਾਂ ਬਰੂਆ ਸਾਨੂੰ ਮਿਲਣ ਤੋਂ ਹੀ ਇਨਕਾਰ ਕਰ ਦੇਂਦੇ ਪਰ ਇਕ ਗਲੋਂ ਮੈਨੂੰ ਯਕੀਨ ਹੁੰਦਾ ਹੈ ਕਿ ਬਰੂਆ ਨੇ 'ਡਫਰਾਇਆ' ਨਹੀਂ ਸੀ ਕਿਉਂਕਿ ਬਾਅਦ ਵਿਚ ਜਦੋਂ ਵੀ ਸ਼ਾਂਤੀ ਨਿਕੇਤਨ ਮੇਰਾ ਤੇ ਦਮੋ ਦਾ ਕੋਈ ਮਾੜਾ ਮੋਟਾ ਝਗੜਾ ਹੋ ਜਾਂਦਾ, ਉਹ ਮੈਨੂੰ ਡਰਾਣ ਲਈ ਬਰੂਆ ਦਾ ਆਪਣੇ ਹੱਥੀਂ ਲਿਖਿਆ ਖਤ ਕੱਢ ਕੇ ਵਿਖਾ ਦੇਂਦੀ। ਇਸ ਵਿਚ ਬਰੂਆ ਨੇ ਉਹਨੂੰ ਫੇਰ ਵਿਸ਼ਵਾਸ ਦਿਵਾਇਆ ਸੀ ਕਿ ਉਹ ਉਹਨੂੰ ਆਪਣੀ ਅਗਲੀ ਫਿਲਮ ਲਈ ਇਕ ਪ੍ਰਮੁਖ ਰੋਲ ਦੇਣ ਲਈ ਤਿਆਰ ਹਨ।

ਫੇਰ ਇਕ ਦਿਨ ਸ਼ਾਂਤੀ ਨਿਕੇਤਨ ਤੋਂ ਅਸੀਂ ਸੇਵਾਗਰਾਮ ਜਾ ਪਹੁੰਚੇ। ਉਥੇ ਫਿਲਮਾਂ ਦੇ ਖਿਆਲ ਤੋਂ ਉੱਕਾ ਹੀ ਦੂਰ ਹੋ ਗਏ। ਮੇਰੀਆਂ ਕਹਾਣੀਆਂ ਹੁਣ ਹਿੰਦੀ ਪਤ੍ਰਿਕਾਵਾਂ ਵਿਚ ਆਮ ਛਪਣ ਲੱਗ ਪਈਆਂ ਸਨ ਅਤੇ ਉਮਰ ਦੇ ਹਿਸਾਬ ਨਾਲ ਜ਼ਰੂਰਤ ਤੋਂ ਕੁਝ ਵਧ ਸ਼ੁਹਰਤ ਹਾਸਲ ਹੋ ਗਈ ਸੀ। ਸੰਸਾਰ ਵਿਚ ਵੀ ਬੜੀਆਂ ਜ਼ਬਰਦਸਤ ਤਬਦੀਲੀਆਂ ਹੋ ਰਹੀਆਂ ਸਨ। ਦੂਸਰੀ ਵਡੀ ਲਾਮ ਦਾ ਮੁੱਢ ਬੱਝ ਰਿਹਾ ਸੀ। ਹਿਟਲਰ ਤੇ ਮੁਸੋਲਿਨੀ ਦੀਆਂ ਫੌਜਾਂ ਯੂਰਪ ਵਿਚ ਦਗੜ ਦਗੜ ਕਰ ਰਹੀਆਂ ਸਨ। ਸੁਭਾਸ਼ ਬੋਸ ਦੇ ਪ੍ਰਧਾਨ ਚੁਣੇ ਜਾਣ ਪਿਛੋਂ ਗਾਂਧੀ ਜੀ ਨੇ ਉਹਨੂੰ ਅਸਤੀਫਾ ਦੇਣ ਉਤੇ ਮਜਬੂਰ ਕਰ ਦਿੱਤਾ ਸੀ ਜਿਸ ਕਰ ਕੇ ਸਾਰੇ ਮੁਲਕ ਵਿਚ ਬੇਚੈਨੀ ਫੈਲੀ ਹੋਈ ਸੀ। ਸੇਵਾਗਰਾਮ ਅਸੀਂ ਨਿਤ ਜਵਾਹਰ ਲਾਲ ਨਹਿਰੂ, ਵੱਲਭ ਭਾਈ ਪਟੇਲ, ਮੌਲਾਨਾ ਆਜ਼ਾਦ ਅਤੇ ਹੋਰ ਕਿਤਨੇ ਹੀ ਦੇਸ਼ ਦੇ ਵੱਡੇ-ਵੱਡੇ ਲੀਡਰਾਂ ਦੇ ਦਰਸ਼ਨ ਕਰਦੇ। ਇਕ ਵਾਰ ਦਮੋ ਨੇ ਆਪਣੇ ਹੱਥ ਨਾਲ ਚਾਹ ਬਣਾ ਕੇ ਸਰ ਸਟੈਫੋਰਡ ਕ੍ਰਿਪਸ ਅਤੇ ਜਵਾਹਰ ਲਾਲ ਨੂੰ ਪਿਲਾਈ ਸੀ। ਡਾਕਟਰ ਜ਼ਾਕਿਰ ਹੁਸੈਨ ਸਾਡੇ ਤਾਲੀਮੀ ਸੰਘ ਦੇ ਪ੍ਰਧਾਨ ਸਨ ਜਿਸ ਵਿਚ ਮੈਂ ਕੰਮ ਕਰਦਾ ਸਾਂ। ਅਜਿਹੇ ਕੇਂਦਰੀ ਅਤੇ ਮਹੱਤਵਪੂਰਨ ਵਾਤਾਵਰਣ ਵਿਚ ਰਹਿੰਦਿਆਂ ਜਦੋਂ ਕਸਤੂਰਬਾ, ਮੀਰਾਬੇਨ ਅਤੇ ਆਸ਼ਾਬੇਨ ਵਰਗੀਆਂ ਹਸਤੀਆਂ ਨਾਲ ਸਾਡਾ ਰੋਜ਼ ਦਾ ਉਠਣਾ ਬੈਠਣਾ ਸੀ, ਭਲਾ ਫਿਲਮਾਂ ਜਿਹੀ ਬੇਮਤਲਬ ਚੀਜ਼ ਵਲ ਸਾਡਾ ਧਿਆਨ ਕਿਵੇਂ ਜਾ ਸਕਦਾ ਸੀ?

ਵੇਖਦਿਆਂ-ਵੇਖਦਿਆਂ ਦੂਸਰੀ ਆਲਮੀ ਜੰਗ ਛਿੜ ਪਈ। ਇਕਦਮ ਮੇਰੇ ਜੀਵਨ ਇਤਿਹਾਸ ਨੇ ਵੀ ਫੇਰ ਇਕ ਪਲਟਾ ਖਾਧਾ ਅਤੇ ਦਮੋ ਤੇ ਮੈਂ ਬੀ.ਬੀ.ਸੀ. ਲੰਦਨ ਵਿਚ ਐਨਾਉਂਸਰ ਦਾ ਕੰਮ ਕਰਨ ਲਈ ਸੇਵਾਗਰਾਮ ਨੂੰ ਅਲਵਿਦਾ ਕਹਿ ਕੇ ਯੂਰਪ ਦੀਆਂ ਉਡਾਰੀਆਂ ਮਾਰ ਗਏ। ***(ਚੱਲਦਾ)***





**ਖੱਬਿਓਂ: ਫਿਲਮ 'ਆਲਮ ਆਰਾ' ਤੇ ਫਿਲਮ 'ਪੂਰਨ ਭਗਤ' ਦੇ ਪੋਸਟਰ ਅਤੇ ਅਦਾਕਾਰ-ਫਿਲਮਸਾਜ਼ ਪੀ.ਸੀ. ਬਰੂਆ।**


# ਅਮਰੀਕੀ ਬੈਂਕ ਦੀ ਵਿਆਜ ਨੀਤੀ ਦਾ ਭਾਰਤ 'ਤੇ ਅਸਰ

**ਮਾਨਵ**
**ਫੋਨ: +91-98888-08188**

ਪਿਛਲੇ ਸਾਲ ਦਸੰਬਰ ਦੇ ਦੂਜੇ ਹਫਤੇ ਅਮਰੀਕਾ ਦੀ ਰਿਕਾਰਡ ਮਹਿੰਗਾਈ ਦਾ ਮੁੱਦਾ ਛਾਇਆ ਰਿਹਾ। ਨਵੰਬਰ 2021 ਦੇ ਅੰਕੜਿਆਂ ਮੁਤਾਬਿਕ, ਅਮਰੀਕਾ ਵਿਚ ਮਹਿੰਗਾਈ ਦਰ 40 ਸਾਲਾਂ ਦਾ ਰਿਕਾਰਡ ਤੋੜ ਕੇ 6.8% ਨੂੰ ਛੋਹ ਗਈ, ਖਾਸਕਰ ਤੇਲ ਕੀਮਤਾਂ 58% ਤੱਕ ਵਧ ਗਈਆਂ। ਡੇਢ ਸਾਲ ਪਹਿਲਾਂ, ਮਈ 2020 ਵਿਚ ਇਹ ਦਰ 0.1% ਸੀ। ਦਸੰਬਰ ਮਹੀਨੇ ਹੀ ਭਾਰਤ ਦੇ ਵਿੱਤ ਮਹਿਕਮੇ ਨੇ ਦਾਅਵਾ ਕੀਤਾ ਕਿ ਭਾਰਤ ਦਾ ਅਰਥਚਾਰਾ ਤੇਜ਼ੀ ਨਾਲ਼ ਮੁੜ ਉਭਾਰ ਤੇ ਹੈ। ਕੀ ਇਨ੍ਹਾਂ ਦੋਹਾਂ ਖਬਰਾਂ ਵਿਚ ਕੋਈ ਸੰਬੰਧ ਹੈ? ਕੀ ਅਮਰੀਕਾ ਵਿਚ ਮਹਿੰਗਾਈ ਦਰ ਅਤੇ ਉਥੋਂ ਦੇ ਕੇਂਦਰੀ ਬੈਂਕ ਦੀ ਨੀਤੀ ਦਾ ਸੰਸਾਰ ਦੇ ਬਾਕੀ ਮੁਲਕਾਂ (ਸਣੇ ਭਾਰਤ) ਉੱਤੇ ਕੋਈ ਅਸਰ ਪੈਣ ਵਾਲ਼ਾ ਹੈ?

ਅਮਰੀਕਾ ਤੋਂ ਜਾਰੀ ਆਰਥਿਕ ਅੰਕੜਿਆਂ ਨੂੰ ਪੂਰੇ ਸੰਸਾਰ ਦੇ ਮਾਹਰ ਗਹੁ ਨਾਲ਼ ਦੇਖਦੇ ਹਨ ਕਿਉਂਕਿ ਸੰਸਾਰ ਵਪਾਰ ਦਾ ਪੰਜਵਾਂ ਹਿੱਸਾ ਇਕੱਲੇ ਅਮਰੀਕਾ ਦਾ ਹੈ ਅਤੇ ਵੱਡੀ ਗਿਣਤੀ ਮੁਲਕ ਆਪਣੇ ਰਾਖਵੇਂ ਵਿਦੇਸ਼ੀ ਮੁਦਰਾ ਦੇ ਭੰਡਾਰ ਡਾਲਰ ਵਿਚ ਹੀ ਰੱਖਦੇ ਹਨ। ਇਸ ਲਈ ਅਜਿਹੇ ਸਮੇਂ ਅਮਰੀਕਾ ਵਿਚ ਮਹਿੰਗਾਈ ਦਰ ਦਾ ਵਧਣਾ, ਜਦ ਇਸ ਦਾ ਅਰਥਚਾਰਾ ਪਿਛਲੇ ਸਾਲ ਦੇ ਲੌਕਡਾਊਨ ਤੋਂ ਨਾ ਉੱਭਰਿਆ ਹੋਵੇ, ਮਾਹਰਾਂ ਲਈ ਚਿੰਤਾਜਨਕ ਹੈ। ਪਿਛਲੇ ਸਾਲ 2.1 ਕਰੋੜ ਲੋਕਾਂ ਦੀ ਨੌਕਰੀ ਛੁੱਟ ਗਈ ਸੀ ਜਿਨ੍ਹਾਂ ਵਿਚੋਂ ਬਹੁਤੇ ਅਜੇ ਵੀ ਬੇਰੁਜ਼ਗਾਰ ਹਨ।

ਲੌਕਡਾਊਨ ਕਾਰਨ ਲੋਕਾਂ ਦੀ ਤਨਖਾਹ (ਤੇ ਖਰੀਦਦਾਰੀ) ਇੱਕਦਮ ਡਿੱਗ ਪਈ ਜਿਸ ਮਗਰੋਂ ਸਰਮਾਏਦਾਰਾਂ ਨੇ ਆਪਣਾ ਮਾਲ ਵੇਚਣ ਲਈ ਕੀਮਤਾਂ ਹੇਠਾਂ ਸੁੱਟੀਆਂ ਪਰ ਡਿੱਗਦੀਆਂ ਕੀਮਤਾਂ ਦੇ ਮੱਦੇਨਜ਼ਰ, ਆਮ ਕਰਕੇ ਲੋਕ ਆਪਣੀ ਖਰੀਦਦਾਰੀ ਸੀਮਤ ਰੱਖਦੇ ਹਨ, ਇਸ ਆਸ ਵਿਚ ਕਿ ਕੀਮਤਾਂ ਅਜੇ ਹੋਰ ਹੇਠਾਂ ਆਉਣਗੀਆਂ। ਇਸ ਸੂਰਤ ਵਿਚ ਕੀਮਤਾਂ ਦੇ ਬਿਲਕੁਲ ਹੇਠਾਂ ਆਉਣ ਦੇ ਦੌਰ ਤੋਂ ਬਚਣ ਲਈ ਅਮਰੀਕਾ ਅਤੇ ਸੰਸਾਰ ਦੇ ਹੋਰ ਕੇਂਦਰੀ ਬੈਂਕਾਂ ਨੇ ਵਿਆਜ ਦਰਾਂ ਬਿਲਕੁਲ ਹੇਠਾਂ ਸੁੱਟ ਦਿੱਤੀਆਂ ਤਾਂ ਜੋ ਲੋਕਾਂ ਤੇ ਸਰਮਾਏਦਾਰਾਂ ਨੂੰ ਸਸਤੇ ਤੋਂ ਸਸਤੇ ਕਰਜ਼ੇ ਮੁਹੱਈਆ ਹੋ ਸਕਣ। ਅੰਕੜੇ ਮੁਤਾਬਕ, ਇਸ ਨੀਤੀ ਤਹਿਤ ਸੰਸਾਰ ਦੇ ਵੱਡੇ ਕੇਂਦਰੀ ਬੈਂਕਾਂ ਨੇ ਪਿਛਲੇ ਡੇਢ ਸਾਲ ਵਿਚ 32 ਖਰਬ ਡਾਲਰ ਵਿੱਤੀ ਬਾਜ਼ਾਰ ਵਿਚ ਝੋਕਿਆ; ਭਾਵ, 80 ਕਰੋੜ ਡਾਲਰ ਪ੍ਰਤੀ ਘੰਟੇ ਦੇ ਹਿਸਾਬ ਨਾਲ਼ ਪਿਛਲੇ ਵੀਹ ਮਹੀਨਿਆਂ ਵਿਚ ਪੈਸਾ ਬਾਜ਼ਾਰ ਵਿਚ ਜਾਰੀ ਕੀਤਾ। ਸੁਭਾਵਿਕ ਹੀ ਇਸ ਦਾ ਵੱਡਾ ਹਿੱਸਾ ਉੱਪਰਲੀ ਦਸ ਕੁ ਫੀਸਦੀ ਵਸੋਂ ਕੋਲ ਗਿਆ ਜਿਸ ਨੇ ਇਸ ਨੂੰ ਸ਼ੇਅਰ ਬਾਜ਼ਾਰਾਂ ਦੀ ਸੱਟੇਬਾਜ਼ੀ ਵਿਚ ਖਪਾਇਆ। ਇਸੇ ਕਰਕੇ ਸ਼ੇਅਰ ਬਾਜ਼ਾਰਾਂ ਦੇ ਸਰਮਾਇਆਕਰਨ (ਕੰਪਨੀਆਂ ਦੇ ਕੁੱਲ ਸ਼ੇਅਰ ਗੁਣਾ ਇੱਕ ਸ਼ੇਅਰ ਦੀ ਕੀਮਤ) ਵਿਚ ਮਾਰਚ 2020 ਤੋਂ ਹੁਣ ਤੱਕ 60 ਖਰਬ ਡਾਲਰ ਦਾ ਵਾਧਾ ਹੋ ਚੁੱਕਾ ਹੈ। ਅਜਿਹਾ ਗੁਬਾਰਾ ਇਤਿਹਾਸ ਵਿਚ ਪਹਿਲੀ ਵਾਰੀ ਦੇਖਣ ਵਿਚ ਆਇਆ, ਉਹ ਵੀ ਉਦੋਂ ਜਦ ਅਸਲ ਅਰਥਚਾਰੇ ਵਿਚ ਗਿਰਾਵਟ ਦਾ ਦੌਰ ਹੈ। ਇਸ ਨੇ ਕਿਰਤੀਆਂ ਦੀ ਹਾਲਤ ਇੱਕਦਮ ਹੇਠਾਂ ਲੈ ਆਂਦੀ।



ਹੁਣ ਮਹਿੰਗਾਈ ਵਧਣ ਕਾਰਨ ਅਮਰੀਕਾ ਦੇ ਕੇਂਦਰੀ ਬੈਂਕ (ਫੈਡਰਲ ਰਿਜ਼ਰਵ) ਨੇ ਸਸਤੇ ਕਰਜ਼ੇ ਦੀ ਨੀਤੀ ਬਦਲਣ ਦਾ ਫੈਸਲਾ ਕੀਤਾ ਹੈ। ਅਮਰੀਕਾ ਵਿਚ ਘਟੀਆਂ ਵਿਆਜ ਦਰਾਂ ਦਾ ਇੱਕ ਸਿੱਟਾ ਇਹ ਹੋਇਆ ਕਿ ਸਸਤੇ ਕਰਜ਼ਿਆਂ ਕਾਰਨ ਇਹ ਸਾਰੀ ਮੁਦਰਾ ਭਾਰਤ ਵਰਗੇ ਮੁਲਕਾਂ ਵਿਚ ਝੋਕੀ ਗਈ ਜਿੱਥੇ ਵਿਆਜ ਦਰਾਂ ਮੁਕਾਬਲਤਨ ਕਾਫੀ ਜ਼ਿਆਦਾ ਸਨ। ਅਪਰੈਲ 2020 ਤੋਂ ਮਾਰਚ 2021, ਇੱਕ ਸਾਲ ਦੇ ਅੰਦਰ ਅੰਦਰ ਨਿਵੇਸ਼ ਦਾ ਰਿਕਾਰਡ ਤੋੜਦਿਆਂ ਵਿਦੇਸ਼ੀ ਸੰਸਥਾਈ ਨਿਵੇਸ਼ਕਾਂ ਨੇ ਭਾਰਤ ਦੇ ਸ਼ੇਅਰਾਂ ਵਿਚ 37 ਅਰਬ ਡਾਲਰ ਦਾ ਨਿਵੇਸ਼ ਕੀਤਾ ਪਰ ਜਿਉਂ ਹੀ ਅਕਤੂਬਰ ਮਹੀਨੇ ਅਮਰੀਕਾ ਵਿਚ ਕੇਂਦਰੀ ਬੈਂਕ ਨੇ ਨੀਤੀ ਬਦਲਣ ਦੇ ਇਸ਼ਾਰੇ ਦਿੱਤੇ, ਵਿਦੇਸ਼ੀ ਨਿਵੇਸ਼ਕਾਂ ਨੇ ਆਪਣੇ ਸ਼ੇਅਰ ਵੇਚ ਕੇ ਅਮਰੀਕੀ ਸ਼ੇਅਰ ਬਾਜ਼ਾਰਾਂ ਦਾ ਰੁਖ਼ ਸ਼ੁਰੂ ਕਰ ਦਿੱਤਾ। ਇਸੇ ਲਈ ਭਾਰਤ ਦਾ ਸ਼ੇਅਰ ਬਾਜ਼ਾਰ ਵੀ 18 ਅਕਤੂਬਰ ਨੂੰ ਸਿਖਰ ਛੋਹਣ ਮਗਰੋਂ ਪਿਛਲੇ ਢਾਈ ਮਹੀਨਿਆਂ ਤੋਂ ਢਲਾਨ ਵੱਲ ਹੈ। ਸੈਂਸੈਕਸ ਦੀ ਹਾਲਤ ਭਾਵੇਂ ਘਰੇਲੂ ਨਿਵੇਸ਼ਕਾਂ ਤੇ ਵੀ ਨਿਰਭਰ ਹੈ ਪਰ ਅਮਰੀਕਾ ਦੇ ਕੇਂਦਰੀ ਬੈਂਕ ਦੀ ਵਿਆਜ ਨੀਤੀ ਨੇ ਵੀ ਇਸ ਵਿਚ ਅਹਿਮ ਭੂਮਿਕਾ ਅਦਾ ਕਰਨੀ ਹੈ। ਜੇ ਅਮਰੀਕਾ ਵਿਚ ਵਿਆਜ ਦਰਾਂ ਵਧੀਆਂ ਤਾਂ ਭਾਰਤ ਦੇ ਰਿਜ਼ਰਵ ਬੈਂਕ ਦੀ ਨੀਤੀ ਤੇ ਵੀ ਇਸ ਦਾ ਅਸਰ ਪੈ ਸਕਦਾ ਹੈ, ਇਹ ਵੀ ਮਹਿੰਗਾਈ ਦੇ ਮੱਦੇਨਜ਼ਰ ਵਿਆਜ ਦਰਾਂ ਵਧਾਉਣ ਦਾ ਐਲਾਨ ਕਰ ਸਕਦਾ ਹੈ।

ਜੇ ਵਿਦੇਸ਼ੀ ਨਿਵੇਸ਼ਕ ਭਾਰਤ ਵਿਚੋਂ ਪੈਸਾ ਖਿੱਚਦੇ ਹਨ, ਜਿਸ ਦੀ ਅਮਰੀਕਾ ਵਿਚ ਵਿਆਜ ਦਰਾਂ ਵਧਣ ਮਗਰੋਂ ਪੂਰੀ ਸੰਭਾਵਨਾ ਹੈ ਤਾਂ ਵਿਦੇਸ਼ੀ ਮੁਦਰਾ ਦੇ ਵਾਧੂ ਭੰਡਾਰਾਂ ਦੇ ਜਿਹੜੇ ਦਾਅਵੇ ਮੋਦੀ ਸਰਕਾਰ ਕਰ ਰਹੀ ਸੀ, ਉਨ੍ਹਾਂ ਦੀ ਹਵਾ ਲਾਜ਼ਮੀ ਨਿੱਕਲੇਗੀ। ਵਿਦੇਸ਼ੀ ਮੁਦਰਾ ਭੰਡਾਰ ਰਾਹੀਂ ਭਾਰਤ ਸਰਕਾਰ ਆਪਣਾ ਭੁਗਤਾਨ-ਸੰਤੁਲਨ ਕਾਇਮ ਰੱਖਦੀ ਹੈ; ਭਾਵ, ਬਾਹਰੋਂ ਆਉਂਦੀਆਂ ਦਰਾਮਦਾਂ ਦੇ ਭੁਗਤਾਨ ਲਈ ਇਹ ਭੰਡਾਰ ਚਾਹੀਦਾ ਹੁੰਦਾ ਹੈ। ਹੁਣ ਜੇ ਨਿਵੇਸ਼ਕ ਰੁਪਈਏ ਛੱਡ ਵਾਪਸ ਭੱਜਦੇ ਹਨ ਤਾਂ ਲਾਜ਼ਮੀ ਭਾਰਤ ਦਾ ਰੁਪਈਆ ਡਿੱਗੇਗਾ ਜਿਸ ਦਾ ਸਿੱਧਾ ਅਸਰ ਦਰਾਮਦ ਕੀਤੀਆਂ ਜਿਣਸਾਂ ਦੀਆਂ ਕੀਮਤਾਂ, ਖ਼ਾਸਕਰ ਤੇਲ ਕੀਮਤਾਂ ਦੇ ਵਾਧੇ ਵਿਚ ਨਿੱਕਲੇਗਾ। ਅਗਾਂਹ ਦਰਾਮਦਾਂ ਦਾ ਖਰਚਾ ਵਧਣ ਦਾ ਸਾਰਾ ਬੋਝ ਸਰਕਾਰ ਲੋਕਾਂ ਤੇ ਤੇਲ ਕੀਮਤਾਂ ਵਧਾਉਣ ਦੇ ਰੂਪ ਵਿਚ ਪਾਵੇਗੀ ਜਿਹੜਾ ਅੱਗੇ ਹੋਰਾਂ ਵਸਤਾਂ ਦੀ ਕੀਮਤ ਵਧਾਵੇਗਾ; ਮਤਲਬ, ਭਾਰਤੀ ਅਰਥਚਾਰੇ ਦੀ ਮੌਜੂਦਾ ਤੋਰ ਨੇ ਇਸ ਨੂੰ ਮਾਰੂ ਚੱਕਰ ਵਿਚ ਪਾ ਦਿੱਤਾ ਹੈ, ਇਸ ਦਾ ਸਭ ਤੋਂ ਬੁਰਾ ਅਸਰ ਕਿਰਤੀਆਂ ਤੇ ਪੈ ਰਿਹਾ ਹੈ।

ਭਾਰਤ ਵਿਚ ਨਵੰਬਰ ਮਹੀਨੇ ਥੋਕ ਮਹਿੰਗਾਈ ਦਰ ਤਿੰਨ ਦਹਾਕਿਆਂ ਦੇ ਰਿਕਾਰਡ ਪੱਧਰ ਨੂੰ ਛੋਹਦਿਆਂ 14.2% ਨੂੰ ਪਹੁੰਚ ਗਈ। ਇਸ ਵਿਚ ਵੱਡਾ ਹਿੱਸਾ ਤੇਲ ਤੇ ਧਾਤ ਕੀਮਤਾਂ ਵਿਚ ਵਾਧੇ ਨੇ ਪਾਇਆ। ਇਨ੍ਹਾਂ ਦੇ ਵਧਣ ਨਾਲ਼ ਸਨਅਤੀ ਵਸਤਾਂ ਦੀਆਂ ਕੀਮਤਾਂ ਵੀ ਵਧੀਆਂ। ਇਸ ਦੇ ਬਾਵਜੂਦ ਭਾਰਤੀ ਹਾਕਮ ਬੇਪਰਵਾਹ ਨੇ ਸਗੋਂ ਉਹ ਖਪਤਕਾਰ ਮਹਿੰਗਾਈ ਦਰ ਦਾ ਹਵਾਲਾ ਦਿੰਦੇ ਹਨ ਜਿਹੜੀ ਅਜੇ 4.9% ਹੈ। ਆਖਰ ਥੋਕ ਤੇ ਖਪਤਕਾਰ ਮਹਿੰਗਾਈ ਦਰ ਵਿਚਾਲੇ ਐਨਾ ਪਾੜਾ ਕਿਉਂ? ਕਾਰਨ ਇਹ ਕਿ ਖਪਤਕਾਰ ਮਹਿੰਗਾਈ ਦਰ ਦਾ ਹਿੱਸਾ ਅਨਾਜ (ਜਿਹੜਾ ਥੋਕ ਮਹਿੰਗਾਈ ਦਰ ਵਿਚ ਨਹੀਂ ਗਿਣਿਆ ਜਾਂਦਾ) ਕੀਮਤਾਂ ਪਿਛਲੇ ਇੱਕ ਸਾਲ ਦੇ ਮੁਕਾਬਲੇ 1.9% ਦੀ ਰਫਤਾਰ ਨਾਲ਼ ਹੀ ਵਧੀਆਂ ਹਨ। ਉਂਜ ਇਹ ਵੀ ਛਲਾਵਾ ਹੈ। ਹਰ ਗਾਹਕ ਕਹੇਗਾ ਕਿ ਸਬਜ਼ੀਆਂ ਫਲਾਂ ਦੀਆਂ ਕੀਮਤਾਂ ਪਿਛਲੇ ਇੱਕ ਸਾਲ ਵਿਚ ਬੇਹੱਦ ਵਧੀਆਂ ਹਨ; ਫਿਰ ਇਹ ਸੂਚਕ ਵਿਚ ਕਿਉਂ ਨਹੀਂ ਝਲਕਦੀਆਂ? ਕਿਉਂਕਿ ਇਹ ਇਸ ਤੋਂ ਪਿਛਲੇ ਸਾਲ ਬੇਹੱਦ ਤੇਜ਼ੀ ਨਾਲ਼ ਵਧੀਆਂ ਸਨ; ਅਪਰੈਲ ਤੋਂ ਨਵੰਬਰ 2020 ਦੌਰਾਨ ਇਹ 9.9% ਤੱਕ ਵਧੀਆਂ।

ਦੂਜਾ, ਇੱਕ-ਡੇਢ ਸਾਲ ਤੋਂ ਤੁਰਤ ਪੈਰੀਂ ਖਪਤ ਦਾ ਸਮਾਨ ਬਣਾਉਣ ਵਾਲ਼ੀਆਂ ਕੰਪਨੀਆਂ (ਮੋਟੇ ਤੌਰ ਤੇ ਕਰਿਆਨੇ ਦਾ ਸਮਾਨ) ਨੇ ਕੀਮਤਾਂ ਸਥਿਰ ਰੱਖੀਆਂ ਸਨ ਪਰ ਹੁਣ ਇਨ੍ਹਾਂ ਨੇ ਵੀ ਤੇਜ਼ੀ ਨਾਲ਼ ਕੀਮਤਾਂ ਵਿਚ ਵਾਧਾ ਸ਼ੁਰੂ ਕਰ ਦਿੱਤਾ ਹੈ, ਜਾਂ ਆਪਣੇ ਪੈਕਟਾਂ ਦੇ ਮਾਪ ਘਟਾ ਦਿੱਤੇ ਹਨ। ਤੀਜਾ, ਦੂਰਸੰਚਾਰ ਕੰਪਨੀਆਂ ਤੇ ਸੇਵਾ ਖੇਤਰ ਦੀਆਂ ਕੰਪਨੀਆਂ ਨੇ ਵੀ ਆਪਣੇ ਰੇਟ ਵਧਾਉਣੇ ਸ਼ੁਰੂ ਕਰ ਦਿੱਤੇ ਹਨ। ਕਿਹਾ ਜਾ ਸਕਦਾ ਹੈ ਕਿ ਆਉਣ ਵਾਲ਼ੇ ਮਹੀਨਿਆਂ ਵਿਚ ਭਾਰਤ ਅੰਦਰ ਪਰਚੂਨ ਮਹਿੰਗਾਈ ਵਧੇਗੀ।

ਸੋ ਸਾਡੇ ਸਾਹਮਣੇ ਆ ਰਿਹਾ ਇਹ ਸਮੁੱਚਾ ਘਟਨਾਕ੍ਰਮ ਅਸਲ ਵਿਚ ਸਰਮਾਏਦਾਰਾ ਪ੍ਰਬੰਧ ਅਧੀਨ ਸੰਸਾਰੀਕਰਨ ਦੇ ਨਤੀਜੇ ਦਿਖਾ ਰਿਹਾ ਹੈ। 1970ਵਿਆਂ ਵਿਚ ਸੋਨ ਮਾਨਕ ਟੁੱਟਣ ਮਗਰੋਂ ਕੇਂਦਰੀ ਬੈਂਕਾਂ ਤੇ ਨਵੀਂ ਮੁਦਰਾ ਛਾਪਣ ਦੀ ਕੁੰਡੀ ਹਟ ਗਈ। ਇਹੀ ਦੌਰ ਸੰਸਾਰੀਕਰਨ ਦੀਆਂ ਨੀਤੀਆਂ ਦੀ ਸ਼ੁਰੂਆਤ ਦਾ ਦੌਰ ਵੀ ਹੈ। ਕੇਂਦਰੀ ਬੈਂਕਾਂ ਨੇ ਆਰਥਿਕ ਸੰਕਟਾਂ ਤੋਂ ਉਭਰਨ ਵਾਸਤੇ ਸਮੇਂ ਸਮੇਂ ਵਿਆਜ ਦਰਾਂ ਘਟਾ ਕੇ ਨਵੀਂ ਮੁਦਰਾ ਜਾਰੀ ਕੀਤੀ ਪਰ ਸਰਮਾਏਦਾਰਾ ਪ੍ਰਬੰਧ ਦੀ ਇਸ ਨੀਤੀ ਨੇ ਨਵੇਂ (ਤੇ ਵੱਡੇ) ਵਿੱਤੀ ਬੁਲਬੁਲਿਆਂ ਨੂੰ ਜਨਮ ਦਿੱਤਾ ਤੇ ਨਾਲ਼ੇ ਹੁਣ ਮਹਿੰਗਾਈ ਦਾ ਬੋਝ ਵੀ ਆਮ ਲੋਕਾਂ ਸਿਰ ਲੱਦ ਦਿੱਤਾ ਹੈ।

# ਅਮਰੀਕਾ ਅਤੇ ਸੰਸਾਰ ਸ਼ਾਂਤੀ

**ਤਜਿੰਦਰ**
**ਫੋਨ: +91-98155-87807**

ਅਰਬ ਮੁਲਕਾਂ ਉੱਪਰ ਬਣੀਆਂ ਹਾਲੀਵੁੱਡ ਫਿਲਮਾਂ, ਵੀਡਿਓ ਗੇਮਾਂ ਅਤੇ ਮੀਡੀਆ ਦੇ ਹੋਰਨਾਂ ਮਾਧਿਅਮਾਂ ਰਾਹੀਂ ਇਹ ਬਿਰਤਾਂਤ ਆਮ ਹੀ ਪੇਸ਼ ਕੀਤਾ ਜਾਂਦਾ ਹੈ ਕਿ ਅਰਬ ਮੁਲਕਾਂ ਦੀ ਲੋਕਾਈ ਫਿਰਕੂ ਕੱਟੜਪੰਥੀਆਂ, ਤਾਨਾਸ਼ਾਹਾਂ ਦੇ ਰਾਜ ਵਿਚ ਪਿਸ ਰਹੀ ਹੈ ਤੇ ਅਮਰੀਕੀ ਫੌਜ ਇਨ੍ਹਾਂ ਕੱਟੜਪੰਥੀ ਤਾਕਤਾਂ ਅਤੇ ਤਾਨਾਸ਼ਾਹਾਂ ਵਿਰੁੱਧ 'ਜਮਹੂਰੀਅਤ' ਦੀ ਕਾਇਮੀ ਲਈ ਲੜ ਰਹੀ ਹੈ। ਅਮਰੀਕਾ ਨੂੰ ਅਰਬ ਮੁਲਕਾਂ ਦੀ 'ਵਿਚਾਰੀ' ਲੋਕਾਈ ਲਈ ਬਹੁੜੇ ਆਧੁਨਿਕ ਹਥਿਆਰਾਂ ਵਾਲ਼ੇ ਮਸੀਹੇ ਵਜੋਂ ਪੇਸ਼ ਕੀਤਾ ਜਾਂਦਾ ਹੈ ਜਿਸ ਦੀ ਗੈਰ-ਹਾਜ਼ਰੀ ਦਾ ਮਤਲਬ ਹੋਵੇਗਾ, ਇਨ੍ਹਾਂ ਖਿੱਤਿਆਂ ਵਿਚ ਮੱਧ-ਯੁਗੀ ਬਰਬਰਤਾ ਦਾ ਫੈਲਣਾ, ਤੇ ਜਿਸ ਦਾ ਸ਼ਿਕਾਰ ਨਾ ਸਿਰਫ ਇਥੋਂ ਦੀ ਲੋਕਾਈ ਹੋਵੇਗੀ ਸਗੋਂ ਇਹ ਬਰਬਰਤਾ ਪੱਛਮ ਦੀ ਜਮਹੂਰੀ ਸੱਭਿਅਤਾ ਤੇ ਸੰਸਾਰ ਅਮਨ ਲਈ ਵੀ ਖਤਰਨਾਕ ਹੋਵੇਗੀ।

ਪਿਛਲੀ ਤਕਰੀਬਨ ਅੱਧੀ ਸਦੀ ਤੋਂ ਘੜੇ ਅਤੇ ਮੀਡੀਆ ਰਾਹੀਂ ਪ੍ਰਚਾਰੇ ਇਸ ਬਿਰਤਾਂਤ ਰਾਹੀਂ ਵੱਡੇ ਪੱਧਰ ਤੇ ਇਸਲਾਮੀ ਦਿੱਖ ਨੂੰ ਦਹਿਸ਼ਤਗਰਦ ਦੇ ਸਮਾਨਾਂਤਰ ਲੋਕਾਂ ਦੀ ਚੇਤਨਾ ਦਾ ਹਿੱਸਾ ਬਣਾ ਦਿੱਤਾ ਗਿਆ ਹੈ। ਹਕੀਕਤ ਇਹ ਹੈ ਕਿ ਜਿਸ ਇਸਲਾਮੀ ਕੱਟੜਤਾ ਤੇ ਦਹਿਸ਼ਤਗਰਦੀ ਵਿਰੁੱਧ ਅਮਰੀਕਾ ਵਰਗੀਆਂ ਸਾਮਰਾਜੀ ਤਾਕਤਾਂ ਲੜਨ ਦਾ ਦਾਅਵਾ ਕਰਦੀਆਂ ਹਨ, ਉਸ ਨੂੰ ਪਾਲਣ ਪੋਸਣ ਵਾਲ਼ੀਆਂ ਵੀ ਅਮਰੀਕਾ ਵਰਗੀਆਂ ਤਾਕਤਾਂ ਹੀ ਹਨ। ਜਿੱਥੇ ਇੱਕ ਪਾਸੇ ਲੁੱਟ ਲਈ ਇਨ੍ਹਾਂ ਸਾਮਰਾਜੀਆਂ ਦੁਆਰਾ ਫੈਲਾਏ ਫਿਰਕੂ ਜ਼ਹਿਰ ਦਾ ਸੰਤਾਪ ਭੋਗਣ ਲਈ ਅਰਬ ਮੁਲਕਾਂ ਦੀ ਲੋਕਾਈ ਸਰਾਪੀ ਹੋਈ ਹੈ, ਦੂਜੇ ਪਾਸੇ 'ਦਹਿਸ਼ਤਗਰਦੀ ਵਿਰੁੱਧ ਜੰਗ' ਤੇ 'ਸੰਸਾਰ ਸ਼ਾਤੀ' ਲਈ ਅਮਰੀਕਾ ਵਰਗੀਆਂ ਤਾਕਤਾਂ ਦੁਆਰਾ ਥੋਪੀਆਂ ਜੰਗਾਂ ਨੇ ਵੀ ਆਮ ਲੋਕਾਈ ਦਾ ਵੱਡੇ ਪੱਧਰ ਤੇ ਕਤਲੇਆਮ ਕੀਤਾ ਹੈ। ਅਕਸਰ ਮੀਡੀਆ ਵਿਚ ਇਸਲਾਮੀ ਕੱਟੜਪੰਥੀਆਂ ਦੀ ਬਰਬਰਤਾ ਦੀ ਤਾਂ ਚਰਚਾ ਹੁੰਦੀ ਹੈ ਪਰ ਇਨ੍ਹਾਂ ਨੂੰ ਪੈਦਾ ਕਰਨ ਵਾਲ਼ੇ, ਸੂਟ-ਬੂਟ ਵਾਲ਼ੇ ਪੱਛਮ ਦੇ ਉਨ੍ਹਾਂ ਹਾਕਮਾਂ ਦੀ ਬਰਬਰਤਾ ਉੱਪਰ 'ਜਮਹੂਰੀਅਤ ਤੇ ਸੰਸਾਰ ਸ਼ਾਤੀ' ਦਾ ਪਰਦਾ ਪਾ ਦਿੱਤਾ ਜਾਂਦਾ ਹੈ। ਸਮੇਂ ਸਮੇਂ ਅਖੌਤੀ ਜਮਹੂਰੀਅਤ ਤੇ ਸੰਸਾਰ ਅਮਨ ਦੇ ਇਨ੍ਹਾਂ ਆਪੂੰ ਬਣੇ ਠੇਕੇਦਾਰਾਂ ਦੇ ਜੰਗੀ ਅਪਰਾਧਾਂ ਦੇ ਘਿਨਾਉਣੇ ਤੱਥ ਲੋਕਾਂ ਸਾਹਮਣੇ ਨਸ਼ਰ ਹੁੰਦੇ ਰਹੇ ਹਨ। ਅਜਿਹੇ ਹੀ ਜੰਗੀ ਅਪਰਾਧਾਂ ਦਾ ਖੁਲਾਸਾ ਪਿਛਲੇ ਦਿਨੀਂ 'ਨਿਊ ਯਾਰਕ ਟਾਈਮਜ਼' ਵਿਚ ਛਾਪੀਆਂ ਜਾ ਰਹੀਆਂ ਰਿਪੋਰਟਾਂ ਵਿਚ ਹੋਇਆ ਹੈ।

ਅਮਰੀਕੀ ਬੰਬਾਂ ਨਾਲ ਇਰਾਕ ਅਤੇ ਸੀਰੀਆ ਵਿਚ ਕੀਤੇ ਕਤਲੇਆਮ ਸੰਬੰਧੀ ਪੱਤਰਕਾਰ ਅਜ਼ਮਤ ਖਾਨ ਦੁਆਰਾ ਪੈਂਟਾਗਨ ਤੋਂ ਹਾਸਲ ਕੀਤੀਆਂ 1311 ਰਿਪੋਰਟਾਂ ਅਤੇ ਇਨ੍ਹਾਂ ਹਮਲਿਆਂ ਦੇ ਪੀੜਤਾਂ ਨਾਲ਼ ਕੀਤੀਆਂ ਮੁਲਾਕਾਤਾਂ ਦੇ ਆਧਾਰ ਤੇ ਦੋ ਲੇਖ 'ਨਿਊ ਯੌਰਕ ਟਾਈਮਜ਼' ਵਿਚ ਲਿਖੇ ਗਏ ਹਨ। 'ਨਿਊ ਯਾਰਕ ਟਾਈਮਜ਼' ਦੁਆਰਾ ਪੈਂਟਾਗਨ ਦੀਆਂ ਇਨ੍ਹਾਂ ਰਿਪੋਰਟਾ ਵਿਚੋਂ ਹੁਣ ਤੱਕ ਸੈਂਕੜੇ ਰਿਪੋਰਟ 22 ਦਸੰਬਰ ਨੂੰ ਆਪਣੀ ਵੈੱਬਸਾਈਟ ਉੱਪਰ ਜਨਤਕ ਕੀਤੀਆਂ ਗਈਆਂ ਹਨ।

ਸੀਰੀਆ ਅਤੇ ਇਰਾਕ ਵਿਚ ਅਮਰੀਕੀ ਹਵਾਈ ਹਮਲੇ ਦੌਰਾਨ ਮਾਰੇ ਗਏ ਆਮ ਨਾਗਰਿਕਾਂ ਬਾਰੇ ਪੈਂਟਾਗਨ ਦੁਆਰਾ 2014-2018 ਦੌਰਾਨ 2,866 ਰਿਪੋਰਟ ਜਾਰੀ ਕੀਤੀਆਂ ਗਈਆਂ ਸਨ ਪਰ ਇਨ੍ਹਾਂ ਵਿਚੋਂ ਦਰਜਨ ਦੇ ਲਗਭਗ ਰਿਪੋਰਟ ਹੀ ਜਨਤਕ ਕੀਤੀਆਂ ਗਈਆਂ ਸਨ। ਪੰਜ ਸਾਲ ਦੀ ਕਾਨੂੰਨੀ ਲੜਾਈ ਤੋਂ ਬਾਅਦ ਹੁਣ ਇਨ੍ਹਾਂ ਵਿਚੋਂ 1311 ਰਿਪੋਰਟ 'ਨਿਊ ਯਾਰਕ ਟਾਈਮਜ਼' ਨੂੰ ਦਿੱਤੀਆਂ ਗਈਆਂ ਹਨ। ਪੈਂਟਾਗਨ ਦੀਆਂ ਇਨ੍ਹਾਂ ਰਿਪੋਰਟਾਂ ਵਿਚ (ਜੋ ਪਹਿਲਾਂ ਗੁਪਤ ਸਨ) ਹਵਾਈ ਹਮਲੇ ਦੌਰਾਨ ਮਾਰੇ ਗਏ ਹਜ਼ਾਰਾਂ ਨਿਰਦੋਸ਼ ਲੋਕਾਂ ਦੀ ਮੌਤ ਦਾ ਸੱਚ ਕਬੂਲਿਆ ਗਿਆ ਹੈ। ਪੱਤਰਕਾਰ ਅਜ਼ਮਤ ਖਾਨ ਦੁਆਰਾ ਇਨ੍ਹਾਂ ਰਿਪੋਰਟਾਂ ਦੇ ਆਧਾਰ ਤੇ ਇਰਾਕ ਅਤੇ ਸੀਰੀਆ ਵਿਚ ਹਮਲਿਆਂ ਦੀਆਂ 100 ਥਾਵਾਂ ਤੇ ਜਾ ਕੇ ਪੀੜਤਾਂ ਨਾਲ ਮੁਲਾਕਾਤਾਂ ਕਰਕੇ ਰਿਪੋਰਟ ਵਿਚਲੇ ਤੱਥਾਂ ਦੀ ਪੜਤਾਲ ਕੀਤੀ ਗਈ ਹੈ। ਉਸ ਨੂੰ ਆਪਣੀ ਪੜਤਾਲ ਵਿਚ ਇਹ ਪਤਾ ਲੱਗਾ ਹੈ ਕਿ ਹਵਾਈ ਹਮਲਿਆਂ ਦੌਰਾਨ ਹੋਈਆਂ ਬਹੁਤ ਸਾਰੀਆਂ ਮੌਤਾਂ ਨੂੰ ਤਾਂ ਪੂਰੀ ਤਰ੍ਹਾਂ ਅੱਖੋਂ ਓਹਲੇ ਹੀ ਕਰ ਦਿੱਤਾ ਗਿਆ ਹੈ ਤੇ ਜਿੱਥੇ ਕਿਤੇ ਆਮ ਲੋਕਾਂ ਦੀ ਮੌਤ ਨੂੰ ਮੰਨਿਆ ਵੀ ਗਿਆ ਹੈ, ਉਥੇ ਇਸ ਦੀ ਗਿਣਤੀ ਕਾਫੀ ਘੱਟ ਹੈ।

19 ਜੁਲਾਈ 2016 ਨੂੰ ਅਮਰੀਕੀ ਫੌਜ ਦੁਆਰਾ ਸੀਰੀਆ ਦੇ ਤੋਖਾਰ ਇਲਾਕੇ ਉੱਤੇ ਇਹ ਕਹਿ ਕੇ ਬੰਬ ਸੁੱਟਿਆ ਗਿਆ ਕਿ ਉੱਥੇ ਆਈ.ਐਸ.ਆਈ.ਐਸ. (ਇਸਲਾਮਿਕ ਸਟੇਟ) ਦੇ ਤਿੰਨ ਟਿਕਾਣੇ ਹਨ। ਇਸ ਹਮਲੇ ਤੋਂ ਬਾਅਦ ਦਾਅਵਾ ਕੀਤਾ ਗਿਆ ਕਿ ਇਸਲਾਮਿਕ ਸਟੇਟ ਦੇ 85 ਦਹਿਸ਼ਤਗਰਦਾਂ ਨੂੰ ਮਾਰ ਦਿੱਤਾ ਗਿਆ ਹੈ ਪਰ ਪੱਤਰਕਾਰ ਅਜ਼ਮਤ ਖਾਨ ਦੀ ਪੜਤਾਲ ਅਨੁਸਾਰ ਅਮਰੀਕੀ ਫੌਜ ਨੇ ਇਸ ਹਮਲੇ ਦੌਰਾਨ ਉਨ੍ਹਾਂ ਘਰਾਂ ਉੱਪਰ ਬੰਬ ਸੁੱਟੇ ਜੋ ਲੜਾਈ ਦੇ ਮੋਰਚੇ ਤੋਂ ਬਹੁਤ ਜ਼ਿਆਦਾ ਦੂਰ ਸਨ, ਜਿੱਥੇ ਕਿਸਾਨ ਅਤੇ ਉਨ੍ਹਾਂ ਦੇ ਪਰਿਵਾਰ ਵਾਲ਼ੇ ਤੇ ਹੋਰ ਸਥਾਨਕ ਲੋਕ ਬੰਬਾਂ ਤੇ ਗੋਲ਼ੀਆਂ ਤੋਂ ਬਚਣ ਲਈ ਰਾਤ ਗੁਜ਼ਾਰਨ ਲਈ ਠਹਿਰੇ ਸਨ। 85 ਦਸ਼ਿਤਗਰਦਾਂ ਦੀ ਬਜਾਇ ਅਸਲ ਵਿਚ ਅਮਰੀਕੀ ਬੰਬਾਂ ਨੇ 120 ਤੋਂ ਵੱਧ ਆਮ ਲੋਕਾਂ ਦਾ ਕਤਲ ਕਰ ਦਿੱਤਾ।

ਪੱਤਰਕਾਰ ਅਜ਼ਮਤ ਖਾਨ ਨੇ ਆਮ ਨਾਗਰਿਕਾਂ ਦੀਆਂ ਅਜਿਹੀਆਂ ਹਜ਼ਾਰਾਂ ਮੌਤਾਂ ਤੋਂ ਪਰਦਾ ਚੁੱਕਿਆ ਹੈ ਜਿਨ੍ਹਾਂ ਵਿਚ ਬਹੁਤ ਸਾਰੇ ਮਸੂਮ ਬੱਚੇ ਵੀ ਸ਼ਾਮਲ ਹਨ। ਪੈਂਟਾਗਨ ਦੀਆਂ ਰਿਪੋਰਟਾਂ ਅਨੁਸਾਰ ਕੁੱਲ ਹਵਾਈ ਹਮਲਿਆਂ ਵਿਚੋਂ 27 ਫੀਸਦੀ ਹਮਲਿਆਂ ਵਿਚ ਬੱਚਿਆਂ ਦੀ ਮੌਤ ਹੋਈ ਜਾਂ ਉਹ ਜ਼ਖਮੀ ਹੋਏ ਹਨ। ਪੱਤਰਕਾਰ ਅਜ਼ਮਤ ਖਾਨ ਦੀ ਪੜਤਾਲ ਅਨੁਸਾਰ 27 ਨਹੀਂ ਸਗੋਂ 67 ਫੀਸਦੀ ਹਮਲਿਆਂ ਵਿਚ ਬੱਚੇ ਨਿਸ਼ਾਨਾ ਬਣੇ ਹਨ।

ਇਹ ਨਹੀਂ ਕਿ ਅਮਰੀਕੀ ਫੌਜ ਦੇ ਹਵਾਈ ਹਮਲਿਆਂ ਵਿਚ ਨਿਰਦੋਸ਼ ਨਾਗਰਿਕਾਂ ਦਾ ਮਾਰਿਆ ਜਾਣਾ ਕੋਈ ਗਲਤੀ ਕਾਰਨ ਸੀ ਜਾਂ ਹਮਲੇ ਵਿਚ ਆਮ ਨਾਗਰਿਕਾਂ ਦੇ ਮਾਰੇ ਜਾਣ ਬਾਰੇ ਫੌਜ ਦੇ ਅਧਿਕਾਰੀ ਅਣਜਾਣ ਸਨ। ਪੈਂਟਾਗਨ ਦੀਆਂ ਰਿਪਰੋਟਾਂ ਵਿਚ ਖੁਦ ਕਬੂਲਿਆ ਗਿਆ ਹੈ ਕਿ ਇਹ ਜਾਣਕਾਰੀ ਹੁੰਦੇ ਹੋਏ ਵੀ ਕਿ ਇਸ ਵਿਚ ਆਮ ਨਾਗਰਿਕ, ਇਥੋਂ ਤੱਕ ਕਿ ਬੱਚੇ ਵੀ ਮਾਰੇ ਜਾਣਗੇ, ਅਮਰੀਕੀ ਫੌਜ ਦੁਆਰਾ ਜਾਣ ਬੁੱਝ ਕੇ ਬੰਬ ਸੁੱਟੇ ਗਏ। ਇਸ ਤੋਂ ਘਿਨਾਉਣਾ ਅਤੇ ਬਰਬਰ ਕੀ ਹੋ ਸਕਦਾ ਹੈ ਕਿ ਅਮਰੀਕੀ ਫੌਜ ਦੇ ਅਫਸਰਾਂ ਲਈ ਇਹ ਆਮ ਲੋਕ ਸਿਰਫ ਹਿਸਾਬ ਦੀ ਗਿਣਤੀ ਹੈ ਤੇ ਇਹ ਮੰਨ ਕੇ ਚੱਲਿਆ ਜਾਂਦਾ ਹੈ ਕਿ ਹਮਲੇ ਵਿਚ ਆਮ ਲੋਕ ਵੀ ਮਾਰੇ ਜਾਣਗੇ। ਇਸ ਕਤਲੇਆਮ ਲਈ ਅਮਰੀਕੀ ਫੌਜ ਨੇ ਇੱਕ ਹਿਸਾਬ ਦਾ ਫਾਰਮੂਲਾ ਵੀ ਤਿਆਰ ਕੀਤਾ ਹੈ ਜਿਸ ਰਾਹੀਂ ਪੱਛਮ ਦੇ ਇਨ੍ਹਾਂ ਬਰਬਰਾਂ ਦੁਆਰਾ ਹਿਸਾਬ ਲਗਾਇਆ ਜਾਂਦਾ ਹੈ ਕਿ ਇੱਕ ਖਾਸ ਨਿਸ਼ਾਨੇ ਪਿੱਛੇ ਉਹ ਕਿੰਨੇ ਮਾਸੂਮ ਲੋਕਾਂ ਦੀ ਬਲੀ ਦੇ ਸਕਦੇ ਹਨ ਤੇ ਜੇ ਗਿਣਤੀ 6-10 ਦੇ ਵਿਚਕਾਰ ਹੈ, ਭਾਵੇਂ ਉਹ ਬੱਚੇ ਹਨ ਤਾਂ ਇਹ ਅਮਰੀਕੀ ਫੌਜ ਲਈ ਆਮ ਗੱਲ ਹੈ।

20 ਮਾਰਚ 2017 ਨੂੰ ਸੀਰੀਆ ਦੇ ਤਬਕਾ ਵਿਚ ਸੰਘਣੀ ਆਬਾਦੀ ਵਾਲ਼ੇ ਇਲਾਕੇ ਵਿਚ ਫੈਕਟਰੀ ਉੱਪਰ ਬੰਬ ਸੁੱਟਿਆ ਗਿਆ। ਬੰਬ ਸੁੱਟਣ ਤੋਂ ਪਹਿਲਾਂ 'ਟਾਰਗੇਟ ਐਂਗੇਜ਼ਮੈਂਟ ਅਥਾਰਿਟੀ' ਦੁਆਰਾ ਹਿਸਾਬ ਲਗਾਇਆ ਗਿਆ ਤੇ ਚਿਤਾਵਨੀ ਦਿੱਤੀ ਗਈ ਕਿ ਇਸ ਵਿਚ ਮਾਰੇ ਜਾਣ ਵਾਲ਼ੇ ਆਮ ਲੋਕਾਂ ਦੀ ਗਿਣਤੀ 'ਸਹਿਣਯੋਗ' ਗਿਣਤੀ ਤੋਂ ਜ਼ਿਆਦਾ ਹੈ ਪਰ ਇਸ ਦੇ ਬਾਵਜੂਦ ਹਮਲਾ ਕਰਨ ਦਾ ਫੈਸਲਾ ਕੀਤਾ ਗਿਆ। ਇਸ ਹਮਲੇ ਵਿਚ ਬੱਚਿਆਂ ਸਮੇਤ ਘੱਟੋ-ਘੱਟ 10 ਆਮ ਲੋਕ ਮਾਰੇ ਗਏ।

ਆਮ ਨਾਗਰਿਕਾਂ ਨੂੰ ਮਾਰਨ ਦੀ ਚੋਣ ਸਿਰਫ ਸੰਭਾਵੀ ਔਸਤ ਮੌਤਾਂ ਦਾ ਹੀ ਮਸਲਾ ਨਹੀਂ ਹੈ। ਪੈਂਟਾਗਨ ਦੀਆਂ ਰਿਪੋਰਟ ਇਸ ਤੱਥ ਨੂੰ ਵੀ ਉਜਾਗਰ ਕਰਦੀਆਂ ਹਨ ਕਿ ਅਮਰੀਕੀ ਫੌਜ ਦੁਆਰਾ ਡਰੋਨ ਕੈਮਰੇ ਰਾਹੀਂ ਸਕਰੀਨ ਉੱਪਰ ਸਾਫ ਸਾਫ ਬੱਚਿਆਂ ਨੂੰ ਦੇਖਣ ਤੋਂ ਬਾਅਦ ਵੀ ਬੰਬ ਸੁੱਟੇ ਗਏ। ਇੱਕ ਜਗ੍ਹਾ ਛੱਤ ਉੱਪਰ ਖੇਡ ਰਹੇ ਬੱਚਿਆਂ ਉੱਪਰ ਬੰਬ ਸੁੱਟਿਆ ਗਿਆ, ਇਸ ਹਮਲੇ ਵਿਚ ਬੱਚਿਆਂ ਸਮੇਤ 11 ਨਿਰਦੋਸ਼ ਲੋਕ ਮਾਰੇ ਗਏ ਜਦਕਿ ਉੱਥੇ ਇਸਲਾਮਿਕ ਸਟੇਟ ਦਾ ਕੋਈ ਨਾਂ ਨਿਸ਼ਾਨ ਵੀ ਨਹੀਂ ਸੀ। ਬਗਦਾਦ ਦੇ ਰਿਹਾਇਸ਼ੀ ਇਲਾਕੇ ਉੱਤੇ ਬੰਬ ਸੁੱਟੇ ਗਏ ਤੇ 70 ਨਿਰਦੋਸ਼ ਲੋਕਾਂ ਨੂੰ ਕਤਲ ਕਰ ਦਿੱਤਾ ਗਿਆ। ਇਸ ਹਮਲੇ ਵਿਚ ਬਚੀ ਔਰਤ ਨੇ ਪੱਤਰਕਾਰ ਅਜ਼ਮਤ ਖਾਨ ਨੂੰ ਦੱਸਿਆ ਕਿ ਉਸ ਦੇ 3, 12 ਅਤੇ 13 ਸਾਲਾਂ ਦੇ ਤਿੰਨ ਬੱਚੇ ਇਸ ਹਮਲੇ ਵਿਚ ਮਾਰੇ ਗਏ ਹਨ। ਸਫੈਦ ਝੋਲੇ ਜਿਨ੍ਹਾਂ ਬਾਰੇ ਇਹ ਕਿਹਾ ਗਿਆ ਕਿ ਇਹ ਬੰਬ ਹਨ, ਬਾਰੇ ਬਾਅਦ ਵਿਚ ਪਤਾ ਲੱਗਾ ਕਿ ਇਹ ਝੋਲ਼ੇ ਅਸਲ ਵਿਚ ਰੂੰ ਦੀਆਂ ਪੰਡਾਂ ਸਨ। ਫੈਕਟਰੀ ਉੱਪਰ ਹਵਾਈ ਬੰਬ ਸੁੱਟਿਆ ਗਿਆ ਜਿਸ ਵਿਚ 9 ਮਜ਼ਦੂਰ ਮਾਰੇ ਗਏ।

ਇੱਕ ਆਦਮੀ ਨੂੰ ਹਵਾਈ ਹਮਲੇ ਰਾਹੀਂ ਮਾਰ ਦਿੱਤਾ ਗਿਆ ਜਿਸ ਬਾਰੇ ਕਿਹਾ ਗਿਆ ਕਿ ਉਹ ਕੋਈ 'ਅਣਜਾਣ ਭਾਰੀ ਚੀਜ਼' ਖਿੱਚ ਰਿਹਾ ਸੀ; ਅਸਲ ਵਿਚ ਇਹ ਆਦਮੀ ਆਪਣੇ ਮਾਰੇ ਗਏ ਬੱਚੇ ਦੀ ਲਾਸ਼ ਧਰੀਕ ਰਿਹਾ ਸੀ।

ਉਪਰੋਕਤ ਖੁਲਾਸੇ ਵਿਚ ਜਿੰਨੇ ਤੱਥ ਸਾਹਮਣੇ ਆਏ ਹਨ, ਇਹ ਬਰਾਕ ਓਬਾਮਾ, ਡੋਨਲਡ ਟਰੰਪ ਅਤੇ ਫੌਜੀ ਕਮਾਂਡਰਾਂ ਵਿਰੁੱਧ ਜੰਗੀ ਅਪਰਾਧਾਂ ਦਾ ਮੁਕੱਦਮਾ ਚਲਾਉਣ ਲਈ ਕਾਫੀ ਹਨ ਪਰ ਇਸ ਤੋਂ ਘਿਨਾਉਣਾ ਮਜ਼ਾਕ ਹੋਰ ਕੀ ਹੋ ਸਕਦਾ ਹੈ ਕਿ ਉਲਟਾ ਓਬਾਮਾ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਾਲ ਨਿਵਾਜਿਆ ਗਿਆ!

ਮੱਧ ਪੂਰਬ ਵਿਚ ਅਮਰੀਕਾ ਦੁਆਰਾ ਕੀਤੇ ਹਜ਼ਾਰਾਂ ਲੋਕਾਂ ਦੇ ਕਤਲੇਆਮ ਜਿਸ ਦਾ ਕਬੂਲਨਾਮਾ ਪੈਂਟਾਗਨ ਦੀਆਂ ਰਿਪੋਰਟਾਂ ਵਿਚ ਦਰਜ ਹੈ, ਕੋਈ ਤਕਨੀਕੀ ਗਲਤੀ ਦਾ ਨਤੀਜਾ ਨਹੀਂ ਸਗੋਂ ਇਨ੍ਹਾਂ ਰਿਪੋਰਟਾਂ ਦਾ ਹਰ ਤੱਥ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਅਮਰੀਕਾ ਆਪਣੇ ਯੁੱਧਨੀਤਕ ਮਕਸਦ ਦੇ ਵਿਚਕਾਰ ਆਉਣ ਵਾਲ਼ੇ ਕਿਸੇ ਨੂੰ ਵੀ, ਭਾਵੇਂ ਉਹ ਬੱਚੇ ਹੀ ਕਿਉਂ ਨਾ ਹੋਣ, ਦੀ ਬਲੀ ਦੇ ਸਕਦਾ ਹੈ। ਇਨ੍ਹਾਂ ਦਸਤਵੇਜ਼ਾਂ ਅਤੇ ਪੱਤਰਕਾਰ ਅਜ਼ਮਤ ਖਾਨ ਦੁਆਰਾ ਕੀਤੀ ਪੜਤਾਲ ਅਮਰੀਕਾ ਦੇ 'ਸੰਸਾਰ ਅਮਨ' ਅਤੇ 'ਦਹਿਸ਼ਤਗਰਦੀ ਵਿਰੁੱਧ ਜੰਗ' ਦੇ ਬੁਰਕੇ ਨੂੰ ਲੀਰੋ-ਲੀਰ ਕਰ ਦਿੰਦੇ ਹਨ। ਇਹ ਸਿਰਫ ਅਮਰੀਕਾ ਦੁਆਰਾ ਇਰਾਕ ਅਤੇ ਸੀਰੀਆ ਵਿਚ 2014-2018 ਦੌਰਾਨ ਇਸਲਾਮਿਕ ਸਟੇਟ 'ਵਿਰੁੱਧ' ਜੰਗ ਦੌਰਾਨ ਕੀਤੇ ਆਮ ਲੋਕਾਂ ਦੇ ਕਤਲੇਆਮ ਦੇ ਅੰਕੜੇ ਹਨ; ਪੂਰੇ ਮੱਧ-ਪੂਰਬੀ ਖਿੱਤੇ ਵਿਚ ਅਮਰੀਕੀ ਫੌਜਾਂ ਨੇ ਕਿੰਨੇ ਲੋਕਾਂ ਦੀ ਬਲੀ ਦਿੱਤੀ ਹੋਵੇਗੀ, ਇਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।